ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 12 | Issue 26 | 06 July 2022 to 12 July 2022 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਜ਼ਹਿਰੀਲੀ ਫਿਰਕੂ ਭਾਸ਼ਾ ਤੇ ਫਿਰਕੂ ਮੀਡੀਆ ਦੇ ਵਿਰੋਧ ਵਿਚ ਆਈ ਸੁਪਰੀਮ ਕੋਰਟ

## ✪ ਕਿਹਾ ਕਿ ਦੇਸ਼ ਵਿਚ ਫੈਲੀ ਅਸ਼ਾਂਤੀ ਲਈ ਨੂਪੁਰ ਸ਼ਰਮਾ ਜ਼ਿੰਮੇਵਾਰ ✪ ਪੈ.ਗੰਬਰ ਮਹੁੰਮਦ ਸਾਹਿਬ 'ਤੇ ਟਿੱਪਣੀ ਮਾਮਲੇ ਵਿਚ ਪਾਈ ਝਾੜ, ਕਿਹਾ, ਪੂਰੇ ਦੇਸ਼ ਤੋਂ ਮੁਆਫ਼ੀ ਮੰਗੇ ਨੂਪੁਰ ✪ ਜੱਜਾਂ ਉਪਰ ਸੋਸ਼ਲ ਮੀਡੀਆ 'ਤੇ ਭਗਵੇਂ ਫਾਸ਼ੀਵਾਦੀ ਹਮਲੇ, ਸੁਪਰੀਮ ਕੋਰਟ ਔਖੀ

**ਨਵੀਂ ਦਿੱਲੀ/ਏ.ਟੀ.ਨਿਊਜ਼ :-** ਸੁਪਰੀਮ ਕੋਰਟ ਨੇ ਪੈਗੰਬਰ 'ਤੇ ਕੀਤੀ ਟਿੱਪਣੀ ਮਾਮਲੇ ਵਿਚ ਭਾਜਪਾ ਤੋਂ ਮੁਅੱਤਲ ਆਗੂ ਨੂਪੁਰ ਸ਼ਰਮਾ ਨੂੰ ਝਾੜ ਪਾਉਂਦਿਆਂ ਕਿਹਾ ਕਿ ਉਸ ਦੀਆਂ ਟਿੱਪਣੀਆਂ ਨੇ ਦੇਸ਼ ਭਰ ਵਿਚ ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾ ਦਿੱਤਾ ਹੈ। ਦੇਸ਼ ਵਿਚ ਜੋ ਵੀ ਕੁਝ ਹੋ ਰਿਹਾ ਹੈ, ਉਸ ਦੇ ਲਈ ਉਹ (ਨੂਪੁਰ ਸ਼ਰਮਾ) ਜ਼ਿੰਮੇਵਾਰ ਹੈ। ਅਦਾਲਤ ਨੇ ਕਿਹਾ ਕਿ ਉਸ ਨੇ ਆਪਣੇ ਬਿਆਨ ਨਾਲ ਦੇਸ਼ ਦੀ ਸੁਰੱਖਿਆ ਲਈ ਖ਼ਤਰਾ ਪੈਦਾ ਕੀਤਾ ਹੈ। ਸਰਬਉੱਚ ਅਦਾਲਤ ਨੇ ਨੂਪੁਰ ਨੂੰ ਟੀ. ਵੀ. 'ਤੇ ਆ ਕੇ ਦੇਸ਼ ਤੋਂ ਮੁਆਫ਼ੀ ਮੰਗਣ ਲਈ ਕਿਹਾ। ਅਦਾਲਤ ਨੇ ਵਿਵਾਦਿਤ ਬਹਿਸ ਵਿਖਾਉਣ ਵਾਲੇ ਟੀ. ਵੀ. ਚੈਨਲ ਅਤੇ ਦਿੱਲੀ ਪੁਲਿਸ ਦੇ ਢਿੱਲੇ-ਮੱਠੇ ਰਵੱਈਏ 'ਤੇ ਵੀ ਸਵਾਲ ਉਠਾਏ । ਜਸਟਿਸ ਸੂਰਯਕਾਂਤ ਨੇ ਕਿਹਾ ਕਿ ਜਦੋਂ ਤੁਸੀ ਦੂਜਿਆਂ ਦੇ ਖ਼ਿਲਾਫ਼ ਐਫ਼. ਆਈ. ਆਰ. ਦਰਜ ਕਰਦੇ ਹੋ ਤਾਂ ਉਨਾਂ ਨੂੰ ਫ਼ੌਰਨ ਗ੍ਰਿਫ਼ਤਾਰ ਕਰ ਲਿਆ ਜਾਂਦਾ ਹੈ, ਪਰ ਜਦੋਂ ਇਹ ਤੁਹਾਡੇ ਖ਼ਿਲਾਫ਼ ਹੁੰਦਾ ਹੈ ਤਾਂ ਕਿਸੇ ਨੇ ਤੁਹਾਨੂੰ ਹੱਥ ਲਾਉਣ ਦੀ ਹਿੰਮਤ ਨਹੀਂ ਕੀਤੀ । ਸੁਪਰੀਮ ਕੋਰਟ ਨੇ ਨੂਪੁਰ ਸ਼ਰਮਾ ਨੂੰ ਹੇਠਲੀ ਅਦਾਲਤ ਦੀ ਥਾਂ 'ਤੇ ਸਿੱਧੇ ਸੁਪਰੀਮ ਕੋਰਟ ਪਹੁੰਚ ਕਰਨ 'ਤੇ ਵੀ ਝਾੜ ਪਾਈ। ਸੁਣਵਾਈ ਦੌਰਾਨ ਅਦਾਲਤ ਨੇ ਉਦੈਪੁਰ ਹਤਿਆਕਾਂਡ ਦਾ ਵੀ ਜ਼ਿਕਰ ਕੀਤਾ, ਜਿਸ ਵਿਚ ਦੋ ਨੌਜਵਾਨਾਂ ਵਲੋਂ ਇਕ ਦਰਜ਼ੀ ਦਾ ਕਤਲ ਕੀਤਾ ਗਿਆ, ਜਿਸ ਨੇ ਸੋਸ਼ਲ ਮੀਡੀਆ 'ਤੇ ਨੂਪੁਰ ਸ਼ਰਮਾ ਦੀ ਹਮਾਇਤ ਕੀਤੀ ਸੀ। ਅਦਾਲਤ ਨੇ ਕਿਹਾ ਕਿ ਨੂਪੁਰ ਨੇ ਆਪਣੀ ਬਦਜ਼ੁਬਾਨੀ ਦੇ ਨਾਲ ਗ਼ੈਰ ਜ਼ਿੰਮੇਵਾਰਾਨਾ ਗੱਲਾਂ ਬਿਨਾਂ ਉਸ ਦੇ ਅੰਜਾਮ ਦੀ ਪਰਵਾਹ ਕੀਤਾ ਬਗ਼ੈਰ ਕਹੀਆਂ ਹਨ। ਸੁਪਰੀਮ ਕੋਰਟ ਨੇ ਨੂਪੁਰ ਵਲੋਂ ਮੰਗੀ ਮੁਆਫ਼ੀ 'ਤੇ ਵੀ ਸਵਾਲ ਉਠਾਉਂਦਿਆਂ ਕਿਹਾ ਕਿ ਨੂਪੁਰ ਨੇ ਟੀ. ਵੀ. 'ਤੇ ਧਰਮ ਵਿਸ਼ੇਸ਼ ਦੇ ਖ਼ਿਲਾਫ਼ ਉਕਸਾਉਣ ਵਾਲੀ ਟਿੱਪਣੀਆਂ ਕੀਤੀਆਂ ਜਿਸ ਤੋਂ ਬਾਅਦ ਉਸ ਨੇ ਸ਼ਰਤਾਂ ਦੇ ਨਾਲ ਮੁਆਫ਼ੀ ਮੰਗੀ, ਉਹ ਵੀ ਉਸ ਸਮੇਂ ਜਦੋਂ ਲੋਕਾਂ ਦਾ ਗੁੱਸਾ ਭੜਕ ਚੁੱਕਾ ਸੀ । ਸੁਪਰੀਮ ਕੋਰਟ ਨੇ ਪੈਗੰਬਰ ਦੇ ਖ਼ਿਲਾਫ਼ ਕੀਤੀਆਂ ਟਿੱਪਣੀਆਂ ਨੂੰ ਸਸਤੇ



ਪ੍ਰਚਾਰ, ਸਿਆਸੀ ਏਜੰਡੇ ਜਾਂ ਨਾਪਾਕ ਸਰਗਰਮੀਆਂ ਲਈ ਕੀਤੀਆਂ ਟਿੱਪਣੀਆਂ ਦੱਸਦਿਆਂ ਕਿਹਾ ਕਿ ਅਜਿਹੇ ਲੋਕ ਧਾਰਮਿਕ ਹੋ ਹੀ ਨਹੀਂ ਸਕਦੇ ਅਤੇ ਸਿਰਫ਼ ਭੜਕਾਉਣ ਲਈ ਅਜਿਹੀਆਂ ਟਿੱਪਣੀਆਂ ਕੀਤੀਆਂ ਜਾਂਦੀਆਂ ਹਨ। ਨੂਪੁਰ ਸ਼ਰਮਾ ਵਲੋਂ ਪੇਸ਼ ਹੋਏ ਵਕੀਲ ਮਨਿੰਦਰ ਸਿੰਘ ਨੇ ਕਿਹਾ ਕਿ ਉਸ ਨੇ ਆਪਣੇ ਬਿਆਨ 'ਤੇ ਮੁਆਫ਼ੀ ਵੀ ਮੰਗੀ ਹੈ ਅਤੇ ਇਸ ਨੂੰ ਵਾਪਸ ਵੀ ਲਿਆ ਹੈ। ਇਸ 'ਤੇ ਅਦਾਲਤ ਨੇ ਕਿਹਾ ਕਿ ਮੁਆਫ਼ੀ ਮੰਗਣ ਲਈ ਤਦ ਤੱਕ ਬਹੁਤ ਦੇਰ ਹੋ ਚੁੱਕੀ ਸੀ। ਉਸ ਦੇ ਨਾਲ ਹੀ ਅਦਾਲਤ ਨੇ ਨੂਪੁਰ ਦੇ ਖ਼ਿਲਾਫ਼ ਦਰਜ ਮਾਮਲਿਆਂ ਨੂੰ ਦਿੱਲੀ ਤਬਦੀਲ ਕਰਨ ਤੋਂ ਇਨਕਾਰ ਕਰ ਦਿੱਤਾ ਹੈ । ਜ਼ਿਕਰਯੋਗ ਹੈ ਕਿ ਨੂਪੁਰ ਦੇ ਖ਼ਿਲਾਫ਼ ਦਿੱਲੀ, ਕੋਲਕਾਤਾ, ਬਿਹਾਰ, ਪੁਣੇ ਸਮੇਤ ਕਈ ਥਾਵਾਂ 'ਤੇ ਮਾਮਲੇ ਦਰਜ ਹਨ। ਨੂਪੁਰ ਨੇ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕਰ ਕੇ ਸਭ ਨੂੰ ਦਿੱਲੀ ਤਬਦੀਲ ਕਰਨ ਦੀ ਮੰਗ ਕੀਤੀ ਸੀ, ਜਿਸ ਨੂੰ ਅਦਾਲਤ ਨੇ ਖਾਰਜ ਕਰ ਦਿੱਤਾ, ਜਿਸ ਤੋਂ ਬਾਅਦ ਨੂਪੁਰ ਨੇ ਪਟੀਸ਼ਨ ਵਾਪਸ ਲੈ ਲਈ।

### ਸੋਸ਼ਲ ਮੀਡੀਆ ਉਪਰ ਜੱਜਾਂ 'ਤੇ ਭਗਵੇਂ ਫਾਸ਼ੀਵਾਦੀ ਹਮਲੇ

ਸੁਪਰੀਮ ਕੋਰਟ ਦੇ ਬੈਂਚ ਵਿੱਚ ਜੱਜ ਜਸਟਿਸ ਜੇਬੀ ਪਰਦੀਵਾਲਾ ਦੇ ਨਾਲ ਸੁਪਰੀਮ ਕੋਰਟ ਦੇ ਇੱਕ ਹੋਰ ਜੱਜ ਉਪਰੋਕਤ ਬੈਂਚ ਦੇ ਮੈਂਬਰ ਸਨ। ਦੋਵਾਂ ਜੱਜਾਂ ਨੂੰ ਸਾਬਕਾ ਭਾਜਪਾ ਆਗੂ ਖਿਲਾਫ਼ ਕੀਤੀਆਂ ਟਿੱਪਣੀਆਂ ਕਾਰਨ ਸੋਸ਼ਲ ਮੀਡੀਆ ਉੱਪਰ ਨਿੱਜੀ ਹਮਲਿਆਂ ਦਾ ਸਾਹਮਣਾ ਕਰਨਾ ਪਿਆ ਸੀ। ਜਸਟਿਸ ਪਰਦੀਵਾਲਾ ਨੇ ਇਹ ਟਿੱਪਣੀਆਂ ਰਾਮ ਮਨੋਹਰ ਲੋਹੀਆ ਯੂਨੀਵਰਿਸਟੀ ਵਿੱਚ ਇੱਕ ਵਰਚੁਅਲ ਮਾਧਿਅਮ ਰਾਹੀ ਦਿੱਤੇ ਇੱਕ ਕੁੰਜੀਵੱਤ ਭਾਸ਼ਣ ਵਿੱਚ ਕੀਤੀਆਂ। ਸੰਬੋਧਨ ਦੌਰਾਨ ਜਸਟਿਸ ਪਰਦੀਵਾਲਾ ਦੀਆਂ ਮੁੱਖ ਟਿੱਪਣੀਆਂ ਸੋਸ਼ਲ ਅਤੇ ਡਿਜੀਟਲ ਮੀਡੀਆ ਨੂੰ ਬੁਨਿਆਦੀ ਤੌਰ 'ਤੇ ਜੱਜਾਂ ਦੇ ਫ਼ੈਸਲਿਆਂ ਦੀ ਉਸਾਰੂ ਆਲੋਚਨਾ ਕਰਨ ਦੀ ਥਾਂ, ਜੱਜਾਂ ਬਾਰੇ ਨਿੱਜੀ ਰਾਇ ਜ਼ਾਹਰ ਕਰਨ ਲਈ ਵਰਤਿਆ ਜਾਂਦਾ ਹੈ। ਇਹ ਨਿਆਂਇਕ ਸੰਸਥਾ ਨੂੰ ਨੁਕਸਾਨ ਪਹੁੰਚਾ ਰਿਹਾ ਹੈ ਅਤੇ ਇਸ ਦੇ ਸਨਮਾਨ ਨੂੰ ਢਾਹ ਲਾ ਰਿਹਾ ਹੈ। ਫ਼ੈਸਲਿਆਂ ਨੂੰ ਠੀਕ ਕਰਨ ਦਾ ਕੰਮ ਪਦਕ੍ਰਮ ਵਿੱਚ ਉੱਪਰਲੀਆਂ ਅਦਾਲਤਾਂ ਦਾ ਹੈ ਨਾ ਕਿ ਸੋਸ਼ਲ ਮੀਡੀਆ ਦਾ। ਉਨਾਂ ਨੇ ਕਿਹਾ ਕਿ ਸਰਕਾਰ ਨੂੰ ਸੁਣਵਾਈ ਅਧੀਨ ਸੰਵੇਦਨਸ਼ੀਲ ਮਾਮਲਿਆਂ ਵਿੱਚ ਸੋਸ਼ਲ ਅਤੇ ਡਿਜੀਟਲ ਮੀਡੀਆ ਨੂੰ ਰੈਗੂਲੇਟ ਕਰਨ ਬਾਰੇ ਸੋਚਣਾ ਚਾਹੀਦਾ ਹੈ।ਉਨਾਂ ਨੇ ਕਾਨੂੰਨ ਦੇ ਰਾਜ ਨੂੰ ਬਹਾਲ ਰੱਖਣ ਵਿੱਚ ਮੀਡੀਆ ਦੀ ਭੂਮਿਕਾ ਬਾਰੇ ਖੁੱਲ ਕੇ ਗੱਲ ਕੀਤੀ। ਉਨਾਂ ਨੇ ਕਿਹਾ ਕਿ ਟਰਾਇਲ ਅਦਾਲਤਾਂ ਵਿੱਚ ਹੋਣੇ ਚਾਹੀਦੇ ਹਨ ਅਤੇ ਡਿਜੀਟਲ ਮੀਡੀਆ ਦੁਆਰਾ ਕੀਤੇ ਜਾਂਦੇ ਟਰਾਇਲ ਨਿਆਂ ਪਾਲਿਕਾ ਵਿੱਚ ਗੈਰ-ਜ਼ਰੂਰੀ ਦਖਲ ਹੈ। ਅਦਾਲਤ ਨੇ ਇਹ ਜਾਨਣਾ ਚਾਹਿਆ ਕਿ ਟੀਵੀ ਚੈਨਲ ਦਾ ਏਜੰਡਾ ਚਲਾਉਣ ਤੋਂ ਇਲਾਵਾ ਇਸ ਮਾਮਲੇ 'ਤੇ ਚਰਚਾ ਕਰਨ ਦਾ ਕੀ ਮਤਲਬ ਹੈ ਜੋ ਕਿ ਅਦਾਲਤ ਵਿੱਚ ਵਿਚਾਰਅਧੀਨ ਹੈ। ਯਾਦ ਰਹੇ ਕਿ ਭਾਜਪਾ ਦੀ ਹੁਣ ਸਸਪੈਂਡ ਹੋ ਚੁੱਕੀ ਕੌਮੀ ਬੁਲਾਰਾ ਨੂਪੁਰ ਸ਼ਰਮਾ ਨੇ 26 ਮਈ ਨੂੰ ਇੱਕ ਟੀਵੀ ਸ਼ੋਅ ਦੌਰਾਨ ਪੈਗੰਬਰ ਮੁਹੰਮਦ ਖਿਲਾਫ਼ ਕਥਿਤ ਟਿੱਪਣੀ ਕੀਤੀ ਸੀ ਉਸ ਦੇ ਵਾਇਰਲ ਹੋਣ ਤੋਂ ਬਾਅਦ ਕਈ ਦੇਸ਼ਾਂ ਨੇ ਸਖ਼ਤ ਪ੍ਰਤੀਕ੍ਰਿਆ ਦਿੱਤੀ ਸੀ। ਕਤਰ, ਸਾਊਦੀ ਅਰਬ, ਕੁਵੈਤ, ਬਹਿਰੀਨ, ਸੰਯੁਕਤ ਅਰਬ ਅਮੀਰਾਤ ਸਣੇ ਕਈ ਮੁਲਕਾਂ ਨੇ ਤਲਖ਼ ਸ਼ਬਦਾਂ ਵਿੱਚ ਆਪਣੀ ਨਾਰਾਜ਼ਗੀ ਜ਼ਾਹਿਰ ਕੀਤੀ ਅਤੇ ਕਈ ਮੁਲਕਾਂ ਨੇ ਭਾਰਤੀ ਰਾਜਦੂਤਾਂ ਨੂੰ ਵੀ ਤਲਬ ਕੀਤਾ ਸੀ।

### ਟਿੱਪਣੀ ਦੇ ਸਮਰਥਨ 'ਚ ਆਈ ਬਾਰ ਐਸੋਸੀਏਸ਼ਨ

ਆਲ ਇੰਡੀਆ ਬਾਰ ਐਸੋਸੀਏਸ਼ਨ ਨੇ ਨੂਪੁਰ ਸ਼ਰਮਾ ਦੀ ਪਟੀਸ਼ਨ 'ਤੇ ਸੁਪਰੀਮ ਕੋਰਟ ਦੇ ਇਕ ਬੈਂਚ ਵਲੋਂ ਕੀਤੀਆਂ ਟਿੱਪਣੀਆਂ ਨੂੰ ਕੱਢਣ ਦੀ ਮੰਗ ਨੂੰ ਖ਼ਾਰਜ ਕਰਦਿਆਂ ਸਰਵਉੱਚ ਅਦਾਲਤ ਨੂੰ ਇਕ ਪੱਤਰ ਲਿਖ ਕੇ ਸੁਪਰੀਮ ਕੋਰਟ ਵਲੋਂ ਨੂਪੁਰ ਸ਼ਰਮਾ ਸੰਬੰਧੀ ਕੀਤੀਆਂ ਟਿੱਪਣੀਆਂ ਦਾ ਸਮਰਥਨ ਕੀਤਾ ਹੈ। ਐਸੋਸੀਏਸ਼ਨ ਦੇ ਚੇਅਰਮੈਨ ਆਦਿਸ਼ ਅਗਰਵਾਲਾ ਨੇ ਚੀਫ਼ ਜਸਟਿਸ ਐਨ. ਵੀ. ਰਮੰਨਾ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਜੋ ਵੀ ਪਟੀਸ਼ਨ ਸੁਪਰੀਮ ਕੋਰਟ ਦੀ ਟਿੱਪਣੀ ਖ਼ਿਲਾਫ਼ ਦਾਖ਼ਲ ਕੀਤੀ ਜਾ ਰਹੀ ਹੈ, ਉਸ ਨੂੰ ਖ਼ਾਰਜ ਕੀਤਾ ਜਾਣਾ ਚਾਹੀਦਾ ਹੈ। ਉਨਾਂ ਕਿਹਾ ਕਿ ਸੁਪਰੀਮ ਕੋਰਟ ਨੇ ਸਹੀ ਸਮੇਂ 'ਤੇ ਇਹ ਟਿੱਪਣੀਆਂ ਕੀਤੀਆਂ ਹਨ। ਉਨਾਂ ਕਿਹਾ ਕਿ ਜੋ ਹਾਲਾਤ ਬਣ ਰਹੇ ਹਨ, ਉਸ 'ਤੇ ਸੁਪਰੀਮ ਕੋਰਟ ਚੁੱਪ ਨਹੀਂ ਰਹਿ ਸਕਦੀ।

### ਸਾਬਕਾ ਜੱਜਾਂ ਵੱਲੋਂ ਨੂਪੁਰ ਸ਼ਰਮਾ ਖ਼ਿਲਾਫ਼ ਸੁਪਰੀਮ ਕੋਰਟ ਦੀਆਂ ਟਿੱਪਣੀਆਂ ਦੀ ਆਲੋਚਨਾ

ਸਾਬਕਾਂ ਜੱਜਾਂ ਅਤੇ ਅਫ਼ਸਰਸ਼ਾਹਾਂ ਦੇ ਇਕ ਸਮੂਹ ਨੇ ਸੁਪਰੀਮ ਕੋਰਟ ਕੋਲੋਂ ਮੰਗ ਕੀਤੀ ਕਿ ਅਦਾਲਤ ਮੁਅੱਤਲ ਤਰਜ਼ਮਾਨ ਨੂਪੁਰ ਸ਼ਰਮਾ ਖ਼ਿਲਾਫ਼ ਕੀਤੀਆਂ ਆਪਣੀਆਂ ਟਿੱਪਣੀਆਂ ਵਾਪਸ ਲਵੇ। ਇਸ ਸਮੂਹ ਨੇ ਦੋਸ਼ ਲਗਾਇਆ ਕਿ ਅਦਾਲਤ ਨੇ ਆਪਣੀ 'ਲਛਮਣ ਰੇਖਾ' ਪਾਰ ਕੀਤੀ ਹੈ ਅਤੇ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੀ ਨਿਆਂ ਪ੍ਰਣਾਲੀ 'ਤੇ ਕਦੇ ਨਾ ਮਿਟਣ ਵਾਲਾ ਦਾਗ ਲਾ ਦਿੱਤਾ ਹੈ।ਇਹ ਟਿੱਪਣੀਆਂ ਨਿਆਂਇਕ ਆਦੇਸ਼ ਦਾ ਹਿੱਸਾ ਨਹੀਂ ਹਨ ਅਤੇ ਉਨਾਂ ਨੂੰ ਨਿਆਂਇਕ ਯੋਗਤਾ ਤੇ ਨਿਰਪੱਖਤਾ ਦੇ ਆਧਾਰ 'ਤੇ ਕਿਸੇ ਵੀ ਤਰਾਂ ਉਚਿਤ ਨਹੀਂ ਠਹਿਰਾਇਆ ਜਾ ਸਕਦਾ ਹੈ।

ਬਾਕੀ ਸਫ਼ਾ 30 'ਤੇ

# ਸਿਟੀ ਆਫ਼ ਟੋਰਾਂਟੋ ਨੇ ਵਾਪਸ ਲਿਆ ਸਿੱਖ ਵਿਰੋਧੀ ਫ਼ੈਸਲਾ

## ਸਿੱਖ ਸਕਿਓਰਟੀ ਗਾਰਡ ਹੁਣ ਦਾੜ੍ਹੀ ਸਮੇਤ ਕਰਨਗੇ ਕੰਮ

**ਕੈਨੇਡਾ/ਏ.ਟੀ.ਨਿਊਜ਼ :-** ਸਿਟੀ ਆਫ਼ ਟੋਰਾਂਟੋ ਨੇ ਸੰਵੇਦਨਸ਼ੀਲ ਥਾਵਾਂ 'ਤੇ ਕੋਵਿਡ ਮਹਾਂਮਾਰੀ ਦੇ ਵਧਦੇ ਖ਼ਤਰੇ ਕਾਰਨ ਬੀਤੇ ਦਿਨੀਂ ਲਿਆ ਕਲੀਨ ਸ਼ੇਵ ਸਕਿਓਰਟੀ ਗਾਰਡਾਂ ਦੀ ਭਰਤੀ ਦਾ ਫ਼ੈਸਲਾ ਵਾਪਸ ਲੈ ਲਿਆ ਹੈ। ਇਸ ਫ਼ੈਸਲੇ ਤੋਂ ਬਾਅਦ ਸਿੱਖ ਸਕਿਓਰਟੀ ਗਾਰਡ ਹੁਣ ਦਾੜ੍ਹੀ ਸਮੇਤ ਕੰਮ ਕਰ ਸਕਣਗੇ। ਜ਼ਿਕਰਯੋਗ ਹੈ ਕਿ ਇਹ ਛੋਟ ਧਾਰਮਿਕ ਆਧਾਰ 'ਤੇ ਦਿੱਤੀ ਗਈ ਹੈ। ਟੋਰਾਂਟੋ ਪ੍ਰਸ਼ਾਸਨ ਨੇ ਵਿਸ਼ਵ ਸਿੱਖ ਸੰਗਠਨ ਦੀ ਅਪੀਲ ਤੋਂ ਬਾਅਦ ਪ੍ਰਾਈਵੇਟ ਕੰਟਰੈਕਟਰ ਨੂੰ ਨਿਯਮ ਬਦਲਣ ਦੇ ਹੁਕਮ ਜਾਰੀ ਕੀਤੇ ਹਨ।

ਸਿਟੀ ਆਫ਼ ਟੋਰਾਂਟ ਨੇ ਕਿਹਾ ਹੈ ਕਿ ਜਿਹੜੇ ਮੁਲਾਜ਼ਮ ਧਾਰਮਿਕ ਆਧਾਰ 'ਤੇ ਦਾੜ੍ਹੀ ਨਹੀਂ ਕਟਵਾ ਸਕਦੇ, ਉਹ ਦਾੜ੍ਹੀ ਸਮੇਤ ਹੀ ਕੰਮ ਕਰ ਸਕਦੇ ਹਨ। ਸਿਟੀ ਦੇ 'ਕਲੀਨ ਸ਼ੇਵ' ਸਕਿਓਰਟੀ ਗਾਰਡਾਂ ਦੀ ਭਰਤੀ ਦੇ ਫ਼ੈਸਲੇ ਨਾਲ ਤਕਰੀਬਨ ੧੦੦ ਸਕਿਓਰਟੀ ਗਾਰਡਾਂ ਨੂੰ ਪ੍ਰਾਈਵੇਟ ਕੰਟਰੈਕਟਰਾਂ ਵੱਲੋਂ ਹੋਰ ਜਗਾ ਤਬਦੀਲ ਕੀਤਾ ਗਿਆ ਸੀ ਜਾਂ ਕੰਮ ਤੋਂ ਹਟਾ ਦਿੱਤਾ ਗਿਆ ਸੀ ਜਿਸ ਤੋਂ ਬਾਅਦ ਵਿਸ਼ਵ ਸਿੱਖ ਸੰਗਠਨ ਵੱਲੋਂ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਇਸ ਮਾਮਲੇ 'ਵਿਚ ਦਖ਼ਲ ਦੇਣ ਦੀ ਅਪੀਲ ਕੀਤੀ ਸੀ।

# 84 ਸਿੱਖ ਕਤਲੇਆਮ ਦੇ ਇਕ ਮਾਮਲੇ ਵਿਚ ਸੱਜਣ ਕੁਮਾਰ ਦੀ ਜ਼ਮਾਨਤ 'ਤੇ ਰੋਕ

**ਨਵੀਂ ਦਿੱਲੀ/ਏ.ਟੀ.ਨਿਊਜ਼ :-** ਦਿੱਲੀ ਹਾਈਕੋਰਟ ਨੇ 1984 ਸਿੱਖ ਵਿਰੋਧੀ ਕਤਲੇਆਮ ਤੋਂ ਬਾਅਦ ਹੱਤਿਆ ਦੇ ਇਕ ਮਾਮਲੇ ਵਿਚ ਕਾਂਗਰਸ ਦੇ ਸਾਬਕਾ ਆਗੂ ਸੱਜਣ ਕੁਮਾਰ ਨੂੰ ਜ਼ਮਾਨਤ ਦੇਣ ਦੇ ਹੁਕਮ 'ਤੇ ਰੋਕ ਲਗਾ ਦਿੱਤੀ ਹੈ, ਜਿਸ 'ਚ ਮੁਕੱਦਮਾ ਜਾਰੀ ਹੈ। ਦੱਸਣਯੋਗ ਹੈ ਕਿ ਸੱਜਣ ਕੁਮਾਰ ਕਤਲੇਆਮ ਤੋਂ ਬਾਅਦ ਹੱਤਿਆ ਦੇ ਇਕ ਹੋਰ ਮਾਮਲੇ ਵਿਚ ਪਹਿਲਾਂ ਹੀ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ।ਜਸਟਿਸ ਯੋਗੇਸ਼ ਖੰਨਾ ਨੇ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਵਲੋਂ ਪਾਈ ਪਟੀਸ਼ਨ 'ਤੇ ਸੱਜਣ ਕੁਮਾਰ ਨੂੰ ਨੋਟਿਸ ਜਾਰੀ ਕਰਕੇ ਉਸ ਦਾ ਜਵਾਬ ਮੰਗਿਆ ਹੈ। ਐਸ.ਆਈ.ਟੀ. ਨੇ ਆਪਣੀ ਪਟੀਸ਼ਨ 'ਚ ਸਰਸਵਤੀ ਵਿਹਾਰ ਪੁਲਿਸ ਥਾਣੇ ਵਿਚ ਦਰਜ ਦੰਗੇ ਅਤੇ ਹੱਤਿਆ ਦੇ ਮਾਮਲੇ ਵਿਚ ਜ਼ਮਾਨਤ



ਦੇਣ ਨੂੰ ਚੁਣੌਤੀ ਦਿੱਤੀ ਸੀ। ਕੇਂਦਰ ਸਰਕਾਰ ਦੇ ਸਟੈਂਡਿੰਗ ਵਕੀਲ ਅਜੈ ਦਿਗਪਾਲ ਰਾਹੀਂ ਕਤਲੇਆਮ ਦੇ ਮਾਮਲੇ ਦੀ ਜਾਂਚ ਕਰ ਰਹੀ ਐਸ.ਆਈ.ਟੀ. ਨੇ ਕਿਹਾ ਕਿ ਸੱਜਣ ਕੁਮਾਰ ਇਕ ਘਿਨਾਉਣੇ ਅਪਰਾਧ ਵਿਚ ਸ਼ਾਮਿਲ ਸੀ ਅਤੇ ਕੁਝ ਅਹਿਮ ਗਵਾਹਾਂ ਤੋਂ ਪੁੱਛਗਿੱਛ ਕੀਤੀ ਜਾਣੀ ਅਜੇ ਬਾਕੀ ਹੈ ਅਤੇ ਜੇ ਉਸ ਨੂੰ ਰਿਹਾਅ ਕਰ ਦਿੱਤਾ ਜਾਂਦਾ ਹੈ ਤਾਂ ਇਹ ਸਬੂਤਾਂ ਨਾਲ ਛੇੜਛਾੜ ਕਰ ਸਕਦਾ ਹੈ। ਅਦਾਲਤ ਨੇ ਆਪਣੇ ਆਦੇਸ਼ 'ਚ ਕਿਹਾ ਕਿ ਉਪਰੋਕਤ ਨੂੰ ਧਿਆਨ 'ਚ ਰੱਖਦਿਆਂ ਹੇਠਲੀ ਅਦਾਲਤ ਦੇ 27 ਅਪ੍ਰੈਲ ਦੇ ਆਦੇਸ਼ 'ਤੇ ਰੋਕ ਰਹੇਗੀ। ਅਦਾਲਤ ਨੇ 15 ਜੁਲਾਈ ਤੱਕ ਸੱਜਣ ਕੁਮਾਰ ਤੋਂ ਜਵਾਬ ਮੰਗਿਆ ਹੈ। ਦੱਸਣਯੋਗ ਹੈ ਕਿ ਪਟੀਸ਼ਨ 'ਚ ਹੇਠਲੀ ਅਦਾਲਤ ਦੇ 27 ਅਪ੍ਰੈਲ ਦੇ ਆਦੇਸ਼ ਨੂੰ ਰੱਦ ਕਰਨ ਦੀ ਮੰਗ ਕੀਤੀ ਗਈ ਸੀ, ਜਿਸ ਵਿਚ ਸੱਜਣ ਕੁਮਾਰ ਨੂੰ ਜ਼ਮਾਨਤ ਦਿੱਤੀ ਗਈ ਸੀ।

# ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਕੱਲ ਡਾ. ਗੁਰਪ੍ਰੀਤ ਕੌਰ ਨਾਲ ਵਿਆਹ ਦੇ ਬੰਧਨ ਵਿੱਚ ਬੱਝਣਗੇ

**ਅੰਮ੍ਰਿਤਸਰ ਟਾਈਮਜ਼/ ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਆਪਣੀ ਪਹਿਲੀ ਪਤਨੀ ਤੋਂ ਤਲਾਕ ਲੈਣ ਤੋਂ ਛੇ ਸਾਲ ਬਾਅਦ ਵੀਰਵਾਰ ਨੂੰ ਚੰਡੀਗੜ੍ਹ ਵਿੱਚ ਡਾਕਟਰ ਗੁਰਪ੍ਰੀਤ ਕੌਰ ਨਾਲ ਵਿਆਹ ਦੇ ਬੰਧਨ ਵਿੱਚ ਬੱਝਣ ਲਈ ਤਿਆਰ ਹਨ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ,



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਵਿਆਹ ਇੱਕ ਨਿਜੀ ਸਮਾਰੋਹ ਵਿੱਚ ਹੋਵੇਗਾ ਅਤੇ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਦੇ ਵੀ ਸਮਾਗਮ ਵਿੱਚ ਸ਼ਾਮਲ ਹੋਣ ਦੀ ਸੰਭਾਵਨਾ ਹੈ।

ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਟਵੀਟ ਕੀਤਾ, "ਮੇਰੇ ਮੁੱਖ ਮੰਤਰੀ ਭਗਵੰਤ ਮਾਨ ਜੀ ਨੂੰ ਵਿਆਹੁਤਾ ਜੀਵਨ ਦੀਆਂ ਬਹੁਤ ਬਹੁਤ ਮੁਬਾਰਕਾਂ। ਮੈਂ ਉਨਾਂ ਦੋਵਾਂ ਨੂੰ ਪਿਆਰ, ਸਤਿਕਾਰ ਅਤੇ ਸਾਥ ਦੀ ਜ਼ਿੰਦਗੀ ਭਰ ਦੀ ਕਾਮਨਾ ਕਰਦਾ ਹਾਂ। "

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**



**PROPERTY ADDRESS: 27022 RIVER ROADM, NEWMAN CA 95360.**



RANJIT SINGH
(Lic: 01922089)

# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਸੰਸਦ ਵਿਚ ਪੰਥਕ ਮੁੱਦਿਆਂ ਨੂੰ ਪਹਿਲ ਦੇ ਆਧਾਰ 'ਤੇ ਚੁੱਕਾਂਗੇ: ਸਿਮਰਨਜੀਤ ਮਾਨ

## ਨਵੇਂ ਬਣੇ ਲੋਕ ਸਭਾ ਮੈਂਬਰ ਸ੍ਰੀ ਦਰਬਾਰ ਸਾਹਿਬ ਹੋਏ ਨਤਮਸਤ



**ਅੰਮ੍ਰਿਤਸਰ:** ਨਵੇਂ ਸੰਸਦ ਮੈਂਬਰ ਬਣੇ ਸਿਮਰਨਜੀਤ ਸਿੰਘ ਮਾਨ ਨੇ ਅੱਜ ਸ੍ਰੀ ਦਰਬਾਰ ਸਾਹਿਬ ਵਿੱਚ ਨਤਮਸਤਕ ਹੋ ਕੇ ਗੁਰੂ ਘਰ ਦਾ ਸ਼ੁਕਰਾਨਾ ਕੀਤਾ। ਉਨ੍ਹਾਂ ਕਿਹਾ ਕਿ ਉਹ ਸੰਸਦ ਵਿੱਚ ਸਿੱਖ ਮੁੱਦਿਆਂ ਨੂੰ ਪਹਿਲ ਦੇ ਆਧਾਰ 'ਤੇ ਉਭਾਰਨਗੇ। ਉਨ੍ਹਾਂ ਕਿਹਾ ਕਿ ਮਰਹੂਮ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਕਤਲ ਕਰਨ ਵਾਲੇ ਨੂੰ ਤਾਂ ਰਿਹਾਅ ਕਰ ਦਿੱਤਾ ਗਿਆ ਪਰ ਬੰਦੀ ਸਿੱਖ ਜਿਨ੍ਹਾਂ ਨੇ ਅਜਿਹਾ ਕੁਝ ਨਹੀਂ ਕੀਤਾ, ਨੂੰ ਹੁਣ ਤੱਕ ਰਿਹਾਅ ਨਹੀਂ ਕੀਤਾ ਜਾ ਰਿਹਾ। ਉਹ ਦਹਾਕਿਆਂ ਤੋਂ ਜੇਲਾਂ ਵਿੱਚ ਬੰਦ ਹਨ ਅਤੇ ਸਜ਼ਾ ਵੀ ਪੂਰੀ ਕਰ ਚੁੱਕੇ ਹਨ। ਉਹ ਇਸ ਮਾਮਲੇ ਨੂੰ ਪ੍ਰਮੁੱਖਤਾ ਨਾਲ ਸੰਸਦ ਵਿੱਚ ਚੁੱਕਣਗੇ। ਇਸ ਸਬੰਧ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਬਣਾਈ ਗਈ ਇੱਕ ਸਾਂਝੀ ਕਮੇਟੀ ਵਿੱਚ ਸ਼ਮੂਲੀਅਤ ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਉਨ੍ਹਾਂ ਖ਼ਿਲਾਫ਼ ਚੋਣ ਵਿੱਚ ਉਮੀਦਵਾਰ ਖੜਾ ਕਰ ਦਿੱਤਾ ਸੀ ਅਤੇ ਅਜਿਹੀ ਸਥਿਤੀ ਵਿਚ ਉਹ ਅਜਿਹੀ ਕਮੇਟੀ ਦੇ ਮੈਂਬਰ ਵਜੋਂ ਮੀਟਿੰਗ ਵਿਚ ਸ਼ਾਮਲ ਨਹੀਂ ਹੋ ਸਕਦੇ। ਉਨ੍ਹਾਂ ਕਿਹਾ ਕਿ ਪਿਛਲੇ ਗਿਆਰਾਂ ਸਾਲਾਂ ਤੋਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲਟਕ ਰਹੀਆਂ ਹਨ ਪਰ ਕੇਂਦਰ ਸਰਕਾਰ ਵੱਲੋਂ ਇਹ ਚੋਣਾਂ ਨਹੀਂ ਕਰਵਾਈਆਂ ਜਾ ਰਹੀਆਂ। ਉਹ ਸੰਸਦ ਵਿੱਚ ਇਹ ਚੋਣਾਂ ਜਲਦੀ ਕਰਵਾਉਣ ਦੀ ਮੰਗ ਰੱਖਣਗੇ। ਇਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਅਤੇ ਦੀਪ ਸਿੱਧੂ ਦੇ ਕਤਲ ਮਾਮਲਿਆਂ ਦੀ ਕੌਮਾਂਤਰੀ ਪੱਧਰ 'ਤੇ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸੰਸਦ ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ ਕੇਂਦਰੀ ਯੂਨੀਵਰਸਿਟੀ ਬਣਾਉਣ ਦਾ ਵਿਰੋਧ ਅਤੇ ਪੰਜਾਬ ਨਾਲ ਸਬੰਧਤ ਹੋਰ ਮਸਲੇ ਵੀ ਚੁੱਕੇ ਜਾਣਗੇ। ਸੰਸਦ ਮੈਂਬਰ ਬਣਨ ਮਗਰੋਂ ਖ਼ਾਲਿਸਤਾਨ ਸਬੰਧੀ ਆਪਣੀ ਮੰਗ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਮੰਗ ਦੀ ਗੱਲ ਚੱਲਦੀ ਰਹੇਗੀ। ਬੇਅਦਬੀ ਮਾਮਲਿਆਂ ਸਬੰਧੀ ਇਕ ਜਾਂਚ ਰਿਪੋਰਟ ਬਾਰੇ ਉਨ੍ਹਾਂ ਕਿਹਾ ਕਿ ਇਸ ਵਿਚ ਬਰਗਾੜੀ, ਬਹਿਬਲ ਕਲਾਂ, ਕੋਟਕਪੂਰਾ ਆਦਿ ਮਾਮਲਿਆਂ ਬਾਰੇ ਕੁਝ ਵੀ ਸਪਸ਼ਟ ਨਹੀਂ ਕੀਤਾ ਗਿਆ।

# ਬੰਦੀ ਸਿੱਖ ਭਾਈ ਗੁਰਦੀਪ ਸਿੰਘ ਖੇੜਾ ਨੂੰ ਦਿਲ ਦੇ ਰੋਗ ਦੇ ਇਲਾਜ ਲਈ ਪੀਜੀਆਈ ਲਿਆਂਦਾ



ਹਸਪਤਾਲ ਅੰਮ੍ਰਿਤਸਰ ਵਿਖੇ ਜ਼ੇਰੇ ਇਲਾਜ ਭਾਈ ਗੁਰਦੀਪ ਸਿੰਘ ਖੇੜਾ ਦਾ ਹਾਲ ਜਾਣਨ ਪੁੱਜੇ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ। ਨਾਲ ਪ੍ਰੋ: ਬਲਜਿੰਦਰ ਸਿੰਘ ਤੇ ਹੋਰ। ਤਸਵੀਰ : ਨਿਰਮਲ ਸਟੂਡੀਓ

**ਅੰਮ੍ਰਿਤਸਰ/ਏ.ਟੀ.ਨਿਊਜ਼ :-** ਬੰਦੀ ਸਿੱਖ ਭਾਈ ਗੁਰਦੀਪ ਸਿੰਘ ਖੇੜਾ ਨੂੰ ਦਿਲ ਦੇ ਰੋਗ ਦੇ ਇਲਾਜ ਲਈ ਪੀਜੀਆਈ ਚੰਡੀਗੜ੍ਹ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ। ਉਨ੍ਹਾਂ ਦੇ ਦਿਲ ਦੀ ਇਕ ਨਾੜੀ ਦੋ ਥਾਵਾਂ ਤੋਂ ਨੁਕਸਾਨੀ ਹੋਈ ਹੈ, ਜਿਸ ਲਈ ਸਰਜਰੀ ਦੀ ਲੋੜ ਦੱਸੀ ਗਈ ਹੈ। ਇਹ ਖੁਲਾਸਾ ਉਨ੍ਹਾਂ ਦੇ ਦਿਲ ਦੇ ਕੀਤੇ ਗਏ ਟੈਸਟਾਂ ਤੋਂ ਹੋਇਆ ਸੀ। ਬੀਤੇ ਦਿਨ ਦਿਲ ਅਤੇ ਪੇਟ ਵਿੱਚ ਤੇਜ਼ ਦਰਦ ਦੀ ਸ਼ਿਕਾਇਤ ਕਾਰਨ ਉਨ੍ਹਾਂ ਨੂੰ ਗੁਰੂ ਨਾਨਕ ਦੇਵ ਹਸਪਤਾਲ ਦੇ ਐਮਰਜੈਂਸੀ ਵਾਰਡ ਵਿੱਚ ਭੇਜਿਆ ਗਿਆ ਸੀ। ਉਹ ਲਗਭਗ ਤਿੰਨ ਦਹਾਕਿਆਂ ਤੋਂ ਜੇਲ ਵਿੱਚ ਬੰਦ ਹਨ। ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਪ੍ਰਧਾਨ ਮੰਤਰੀ ਵੱਲੋਂ ਜਿਨ੍ਹਾਂ 9 ਸਿੱਖ ਬੰਦੀਆਂ ਦੀ ਰਿਹਾਈ ਦਾ ਐਲਾਨ ਕੀਤਾ ਗਿਆ ਸੀ, ਉਨ੍ਹਾਂ ਵਿੱਚ ਭਾਈ ਖੇੜਾ ਦਾ ਨਾਂ ਵੀ ਸ਼ਾਮਲ ਸੀ।

# ਭਾਈ ਬਲਵਿੰਦਰ ਸਿੰਘ ਜਟਾਣਾ ਦੀ ਤਸਵੀਰ ਅਜਾਇਬ ਘਰ ਵਿਚ ਲਗਾਉਣ ਦਾ ਫ਼ੈਸਲਾ



**ਅੰਮ੍ਰਿਸਰ :** ਸ਼੍ਰੋਮਣੀ ਕਮੇਟੀ ਦੀ ਅੰਤ੍ਰਿਗ ਕਮੇਟੀ ਮੀਟਿੰਗ ਵਿਚ ਵਿਰੋਧੀ ਧਿਰ ਦੇ ਆਗੂ ਭਾਈ ਗੁਰਪ੍ਰੀਤ ਸਿੰਘ ਰੰਧਾਵਾ ਨੇ ਸਵਾਲ ਖੜ੍ਹੇ ਕੀਤੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਜੋ ਬੀਬੀ ਕਮਲਜੀਤ ਕੌਰ ਰਾਜੋਆਣਾ ਦੀ 10 ਲੱਖ ਰੁਪਏ ਦੀ ਸਹਾਇਤਾ ਕੀਤੀ ਗਈ ਹੈ, ਉਸ ਦੀ ਬਜਾਏ ਬੰਦੀ ਸਿੰਘ ਦੇ ਪਰਿਵਾਰਾਂ ਦੀ ਮਾਲੀ ਮਦਦ ਕੀਤੀ ਜਾਣੀ ਚਾਹੀਦੀ ਸੀ। ਕਿਸੇ ਹੋਰ ਬੰਦੀ ਸਿੰਘ ਦੀ ਭੈਣ ਜਾਂ ਪਰਿਵਾਰ ਦੇ ਮੈਂਬਰ ਦੀ ਸਹਾਇਤਾ ਇਸੇ ਤਰਜ਼ 'ਤੇ ਕਦੇ ਸ਼੍ਰੋਮਣੀ ਕਮੇਟੀ ਵੱਲੋਂ ਕੀਤੀ ਗਈ ਹੋਵੇ, ਸਬੰਧੀ ਜਾਣਕਾਰੀ ਦੇਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਭਾਈ ਬਲਵਿੰਦਰ ਸਿੰਘ ਜਟਾਣਾ ਦੀ ਤਸਵੀਰ ਅਜਾਇਬ ਘਰ ਵਿਚ ਲਗਾਉਣ ਦਾ ਫ਼ੈਸਲਾ ਕੀਤਾ ਗਿਆ। ਇਕ ਪਾਸੇ ਭਾਈ ਜਟਾਣਾ ਨੂੰ ਸ਼ਹੀਦ ਮੰਨਦੇ ਹੋਏ ਸ਼੍ਰੋਮਣੀ ਕਮੇਟੀ ਵੱਲੋਂ ਲਗਾਈ ਗਈ ਤਸਵੀਰ ਸਵਾਗਤਯੋਗ ਕਦਮ ਹੈ ਪਰ ਦੂਜੇ ਪਾਸੇ ਭਾਈ ਜਟਾਣਾ ਦੇ ਪਰਿਵਾਰ ਨੂੰ ਸ਼ਹੀਦ ਕਰਵਾਉਣ ਵਾਲੇ ਚਰਚਿਤ ਪੁਲਿਸ ਅਫਸਰ ਸੁਮੇਧ ਸੈਣੀ ਨੂੰ ਬਾਦਲ ਦਲ ਵੱਲੋਂ ਪੰਜਾਬ ਦਾ ਡੀਜੀਪੀ ਲਾਇਆ ਗਿਆ, ਸਿੱਖ ਪੰਥ ਇਸ ਨੂੰ ਕਿਸ ਲਿਹਾਜ਼ ਨਾਲ ਦੇਖੇ।

# ਆਪ ਸਰਕਾਰ ਵਲੋਂ ਬੋਰਡ ਪੰਜਾਬੀ ਵਿਚ ਲਿਖਣ ਲਈ ਹੁਕਮ ਜਾਰੀ

**ਚੰਡੀਗੜ/ਏ.ਟੀ.ਨਿਊਜ਼ :-** ਜਦੋਂ ਵੀ ਪੰਜਾਬ 'ਚ ਨਵੀਂ ਸਰਕਾਰ ਹੋਂਦ ਵਿਚ ਆਉਂਦੀ ਹੈ, ਬਣਦਿਆਂ ਸਾਰ ਇਕ ਵਾਰੀ ਤਾਂ ਪੰਜਾਬੀ ਭਾਸ਼ਾ ਪ੍ਰਤੀ ਆਪਣਾ ਮੋਹ ਦਿਖਾਉਂਦਿਆਂ ਪੰਜਾਬੀ ਵਿਚ ਕੰਮ ਕਰਨ ਲਈ ਤੇ ਸਾਰੇ ਬੋਰਡਾਂ ਉੱਪਰ ਪੰਜਾਬੀ ਵਿਚ ਨਾਂਅ ਲਿਖਣ ਦੇ ਹੁਕਮ ਜਾਰੀ ਕਰਦੀ ਹੈ ਤੇ ਪੰਜਾਬੀ 'ਚ ਹੋ ਰਹੇ ਕੰਮ ਕਾਜ ਨੂੰ ਚੈੱਕ ਕਰਨ ਲਈ ਸਰਕਾਰ ਵਲੋਂ ਰਾਜ ਪੱਧਰੀ ਤੇ ਜ਼ਿਲ੍ਹਾ ਪੱਧਰੀ ਭਾਸ਼ਾ ਵਿਕਾਸ ਕਮੇਟੀਆਂ ਵੀ ਬਣਾਈਆਂ ਜਾਂਦੀਆਂ ਹਨ ਪਰ ਕੁਝ ਸਮੇਂ ਬਾਅਦ ਇਨ੍ਹਾਂ ਹੁਕਮਾਂ ਨੂੰ ਅਮਲੀਜਾਮਾ ਨਹੀਂ ਪਹਿਨਾਇਆ ਜਾਂਦਾ, ਜਿਸ ਕਰਕੇ ਵੱਖ-ਵੱਖ ਪੰਜਾਬੀ ਸਾਹਿਤ ਸੰਸਥਾਵਾਂ ਮੰਗ ਕਰਦਿਆਂ ਧਰਨੇ ਰੋਸ ਮੁਜ਼ਾਹਰੇ ਵੀ ਕਰਦੀਆਂ ਹਨ ਪਰ ਪਰਨਾਲਾ ਉੱਥੇ ਦਾ ਉੱਥੇ ਹੀ ਰਹਿੰਦਾ ਹੈ। ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਨੇ ਪੰਜਾਬ ਵਿਧਾਨ ਸਭਾ ਵਿਚ ਵੀ ਪੰਜਾਬੀ ਪ੍ਰਤੀ ਬਿਆਨ ਦਿੱਤਾ ਤੇ ਹੁਣ ਪੰਜਾਬ ਸਰਕਾਰ ਦੇ ਪ੍ਰਮੁੱਖ ਸਕੱਤਰ ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ ਸ੍ਰੀ ਕ੍ਰਿਸ਼ਨ ਕੁਮਾਰ ਆਈ.ਏ.ਐਸ ਵਲੋਂ ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁਖੀਆਂ ਨੂੰ ਪੱਤਰ ਲਿਖ ਕੇ ਪੰਜਾਬ ਰਾਜ ਦੇ ਸਮੂਹ ਸਰਕਾਰੀ ਦਫ਼ਤਰਾਂ, ਵਿਭਾਗਾਂ, ਅਦਾਰਿਆਂ, ਸਰਕਾਰੀ ਅਤੇ ਗੈਰ ਸਰਕਾਰੀ ਵਿੱਦਿਅਕ ਅਦਾਰਿਆਂ, ਬੋਰਡਾਂ, ਨਿਗਮਾਂ, ਵਿੱਦਿਅਕ ਸੰਸਥਾਵਾਂ, ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ, ਸੁਸਾਇਟੀ ਐਕਟ, ਫ਼ੈਕਟਰੀ ਐਕਟ ਤਹਿਤ ਰਜਿਸਟਰਡ ਵਪਾਰਕ ਅਦਾਰਿਆਂ ਆਦਿ ਦੇ ਨਾਮ ਅਤੇ ਸੜਕਾਂ ਦੇ ਨਾਮ, ਪੱਟੀਆਂ, ਮੀਲ ਪੱਥਰ, ਸਾਈਨ ਬੋਰਡ ਪੰਜਾਬੀ ਭਾਸ਼ਾ ਵਿਚ ਲਿਖੇ ਜਾਣ ਸੰਬੰਧੀ ਸਭ ਤੋਂ ਪਹਿਲਾਂ ਉੱਪਰ ਪੰਜਾਬੀ ਭਾਸ਼ਾ (ਗੁਰਮੁਖੀ ਲਿੱਪੀ) ਲਿਖਣ ਲਈ ਕਿਹਾ ਗਿਆ ਹੈ।ਹੁਣ ਦੇਖਣਾ ਹੋਵੇਗਾ ਕਿ ਇਸ ਪੱਤਰ 'ਤੇ ਕਿੰਨਾ ਕੁ ਅਮਲ ਕੀਤਾ ਜਾਂਦਾ ਹੈ, ਇਹ ਸਮਾਂ ਹੀ ਦੱਸੇਗਾ।

# ਅਸ਼ੋਕ ਬਾਂਸਲ ਮਾਨਸਾ ਦੀ ਕਿਤਾਬ 'ਮਿੱਟੀ ਨੂੰ ਫਰੋਲ ਜੋਗੀਆ' ਫਰਿਜ਼ਨੋ ਵਿਖੇ ਲੋਕ ਅਰਪਣ

## 'ਨਾਮਵਰ ਸਾਹਿੱਤਕਾਰਾਂ, ਗਾਇਕਾ, ਗੀਤਕਾਰਾਂ, ਪੱਤਰਕਾਰਾਂ ਅਤੇ ਸਹਿਯੋਗੀਆਂ ਨੇ ਬੰਨੇ ਰੰਗ'

**ਫਰਿਜ਼ਨੋ (ਕੈਲੀਫੋਰਨੀਆਂ)/ ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ :** ਬੀਤੇ ਦਿਨੀਂ 'ਮਾਛੀਕੇ ਐਂਡ ਧਾਲੀਆਂ ਮੀਡੀਆ ਗਰੁੱਪ ਫਰਿਜ਼ਨੋ' ਵੱਲੋਂ ਪੰਜਾਬੀ ਮਾਂ ਬੋਲੀ ਦੇ ਸਪੂਤ ਅਸ਼ੋਕ ਬਾਂਸਲ ਮਾਨਸਾ ਦੀ ਪੰਜਾਬੀ ਗੀਤਕਾਰੀ ਨੂੰ ਸਮਰਪਿਤ ਕਿਤਾਬ 'ਮਿੱਟੀ ਨੂੰ ਫਰੋਲ ਜੋਗੀਆ' ਨੂੰ ਸਥਾਨਕ ਵਿਸਟਰਨ ਟਰੱਕਿੰਗ ਵਾਲੇ ਮਿੰਟੂ ਉੱਪਲੀ ਦੇ ਦਫਤਰ ਵਿਖੇ ਖੁੱਲੇ ਸਮਾਗਮ ਰਾਹੀਂ ਲੋਕ ਅਰਪਣ ਕੀਤੀ ਗਈ। ਇਹ 207 ਸਫ਼ਿਆਂ ਦੀ ਪੁਸਤਕ ਗੁੱਡ-ਵਿੱਲ ਪਬਲੀਕੇਸ਼ਨ ਮਾਨਸਾ ਵੱਲੋਂ ਪ੍ਰਕਾਸ਼ਤ ਕੀਤੀ ਗਈ ਹੈ। ਉੱਘੇ ਗੀਤਕਾਰ ਬਾਬੂ ਸਿੰਘ ਮਾਨ ਨੇ ਇੱਕ ਕਵਿਤਾ ਦੇ ਰੂਪ ਵਿੱਚ ਅਸ਼ੋਕ ਬਾਂਸਲ ਮਾਨਸਾ ਲਈ ਬਹੁਤ ਪਿਆਰੇ ਸ਼ਬਦ ਲਿਖੇ ਹਨ। ਜੋ ਕਿਤਾਬ ਦੇ ਪਿਛਲੇ ਪੰਨੇ 'ਤੇ ਉੱਕਰੇ, ਕਿਤਾਬ ਨੂੰ ਹੋਰ ਵੀ ਚਾਰਚੰਨ ਲਾਉਂਦੇ ਹਨ। ਇਸ ਕਿਤਾਬ ਵਿੱਚ ਅਜ਼ਾਦੀ ਤੋਂ ਪਹਿਲਾਂ ਦੇ ਉਨਾਂ ਵੀਹ ਗੀਤਕਾਰਾਂ ਦੀ ਜ਼ਿੰਦਗੀ ਦਰਜ ਕੀਤੀ ਗਈ ਹੈ, ਜਿਹੜੇ ਗੁੰਮਨਾਮ ਹੋ ਗਏ ਸਨ। ਇਸ ਪੁਸਤਕ ਨੂੰ ਐਨੇ ਰੌਚਿਕ ਢੰਗ ਨਾਲ ਲਿਖਿਆ ਗਿਆ ਹੈ ਕਿ ਪਾਠਕ ਦਾ ਜੀਅ ਕਰਦਾ ਇੱਕੋ ਬੈਠਕ ਵਿੱਚ ਪੜਕੇ ਉੱਠਾਂ। ਇਸ ਸਮਾਗਮ ਵਿੱਚ ਜਿੱਥੇ ਸ਼ਹਿਰ ਦੇ ਪਤਵੰਤੇ ਸੱਜਣਾਂ ਦੀ ਭਰਵੀ ਹਾਜ਼ਰੀ ਰਹੀ, ਓਥੇ ਦੂਰ ਦੁਰਾਡੇ ਤੋਂ ਗਾਇਕਾਂ, ਗੀਤਕਾਰਾਂ, ਪੱਤਰਕਾਰਾਂ, ਲੇਖਕਾਂ ਅਤੇ ਰੇਡੀਓ ਹੋਸਟਾਂ ਨੇ ਵੀ ਸ਼ਮੂਲੀਅਤ ਕਰਕੇ ਪ੍ਰੋਗਰਾਮ ਨੂੰ ਸਫਲ ਬਣਾਇਆ। ਪ੍ਰੋਗਰਾਮ ਦੀ ਸ਼ੁਰੂਆਤ ਪੱਤਰਕਾਰ ਨੀਟਾ ਮਾਛੀਕੇ ਨੇ ਅਸ਼ੋਕ ਬਾਂਸਲ ਮਾਨਸਾ ਦੀ ਕਿਤਾਬ 'ਮਿੱਟੀ ਨੂੰ ਫਰੋਲ ਜੋਗੀਆ' 'ਤੇ ਪੰਛੀ ਝਾਤ ਪਵਾਉਂਦਿਆਂ ਸਭਨਾਂ ਨੂੰ ਨਿੱਘਾ ਜੀ ਆਇਆ ਆਖਕੇ ਕੀਤੀ। ਇਸ ਉਪਰੰਤ ਦਿਲਾਵਰ ਚਾਹਲ, ਰਣਜੀਤ ਗਿੱਲ (ਜੱਗਾ), ਸ਼ਾਇਰ ਹਰਜਿੰਦਰ ਕੰਗ, ਸਾਧੂ ਸਿੰਘ ਸੰਘਾ, ਸੰਤੋਖ ਮਿਨਹਾਸ, ਐਚ. ਐਸ. ਭਜਨ ਅਤੇ ਪੱਤਰਕਾਰ ਕੁਲਵੰਤ ਉੱਭੀ ਧਾਲੀਆਂ ਆਦਿ ਨੇ ਕਿਤਾਬ ਸਬੰਧੀ ਆਪਣੇ ਵਿਚਾਰ ਰੱਖੇ। ਇਸ ਉਪਰੰਤ ਅਸ਼ੋਕ ਬਾਂਸਲ ਮਾਨਸਾ ਨੇ ਆਏ ਸਮੂਹ ਮਹਿਮਾਨਾਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਕਿਸ ਤਰਾਂ ਉਨਾਂ ਦੀ ਜ਼ਿੰਦਗੀ ਦੇ ਵੀਹ ਸਾਲ ਦੀ ਖੋਜ ਤੋਂ ਬਾਅਦ ਇਹ ਕਿਤਾਬ ਹੋਂਦ ਵਿੱਚ ਆਈ। ਉਨਾਂ ਦੱਸਿਆ ਬਹੁਤ ਸਾਰੇ ਗੀਤ ਜਿਨਾਂ ਨੂੰ ਲੋਕ, ਲੋਕ-ਗੀਤ ਹੀ ਸਮਝਦੇ ਰਹੇ, ਮੈਂ ਉਨਾਂ ਗੀਤਾਂ ਦੇ ਰਚਣਹਾਰਾਂ ਨੂੰ ਸਬੂਤਾਂ ਸਮੇਤ ਲੱਭਕੇ ਇਸ ਕਿਤਾਬ ਵਿੱਚ ਅੰਕਿਤ ਕੀਤਾ ਹੈ। ਉਨਾਂ ਕਿਹਾ ਕਿ ਹਰ ਇੱਕ ਉਸ ਪੰਜਾਬੀ ਨੂੰ ਇਹ ਕਿਤਾਬ ਜ਼ਰੂਰ ਪੜਨੀ ਚਾਹੀਦੀ ਹੈ, ਜਿਸਦਾ ਪੰਜਾਬੀ ਸੰਗੀਤ ਨਾਲ ਥੋੜ੍ਹਾ ਬਹੁਤ ਵੀ ਵਾਹ ਵਾਸਤਾ ਹੈ। ਇਸ ਉਪਰੰਤ ਸੌਂਗੀ ਕਿੰਗ ਸ. ਚਰਨਜੀਤ ਸਿੰਘ ਬਾਠ, ਪੀਸੀਏ ਮੈਂਬਰ, ਇੰਡੋ ਯੂਐਸਏ ਹੈਰੀਟੇਜ ਫਰਿਜ਼ਨੋ ਦੇ ਮੈਂਬਰ, ਗੁੱਲੂ ਬਰਾੜ, ਹਾਕਮ ਸਿੰਘ ਢਿੱਲੋਂ, ਮਿੰਟੂ ਉੱਪਲੀ, ਜੱਸੀ ਸਟੋਨ ਟਰੱਕਿੰਗ, ਐਚ. ਐਸ.



ਭਜਨ, ਸ਼੍ਰੋਮਣੀ ਕਮੇਟੀ ਮੈਂਬਰ ਜੁਗਰਾਜ ਸਿੰਘ ਦੌਧਰ ਅਤੇ ਰਾਜ ਧਾਲੀਵਾਲ ਆਦਿਕ ਸੱਜਣਾਂ ਨੇ ਪਤਵੰਤਿਆਂ ਦੀ ਹਾਜ਼ਰੀ ਵਿੱਚ ਇਹ ਕਿਤਾਬ ਲੋਕ ਅਰਪਣ ਕੀਤੀ ਗਈ। ਇਸ ਸਮੇਂ ਫੇਸਬੁੱਕ ਆਦਿਕ ਸੋਸ਼ਲ ਮੀਡੀਏ ਰਾਹੀਂ ਚਲ ਰਹੇ ਲਾਈਵ ਪ੍ਰਸਾਰਨ ਨਾਲ ਦੁਨੀਆ ਭਰ ਤੋਂ ਬਹੁਤ ਸਾਰੇ ਪੰਜਾਬੀ ਸੰਗੀਤ ਪ੍ਰੇਮੀ ਜੁੜੇ ਹੋਏ ਸਨ। ਜਿਨਾਂ ਚੱਲਦੇ ਪ੍ਰੋਗਰਾਮ ਦੌਰਾਨ ਫ਼ੋਨ ਰਾਹੀਂ ਹਾਜ਼ਰੀ ਭਰਦੇ ਹੋਏ ਇਸ ਮਹਾਨ ਕਾਰਜ ਲਈ ਜਿੱਥੇ ਅਸ਼ੋਕ ਬਾਂਸਲ ਮਾਨਸਾ ਨੂੰ ਵਧਾਈ ਦਿੱਤੀ ਗਈ, ਉੱਥੇ ਅਜਿਹੇ ਕਾਰਜ ਨੂੰ ਸਹੀ ਢੰਗ ਨਾਲ ਕਰਾਉਣ ਦੀ ਸਲਾਹੁਣਾ ਵੀ ਕੀਤੀ। ਅਖੀਰ ਵਿਚ ਪੰਜਾਬੀ ਗਾਇਕੀ ਦਾ ਖੁੱਲਾ ਅਖਾੜਾ ਚੱਲਿਆ ਜਿਸ ਵਿੱਚ ਗਾਇਕ ਅਵਤਾਰ ਗਰੇਵਾਲ, ਬਾਈ ਸੁਰਜੀਤ ਮਾਛੀਵਾੜਾ, ਅਮਨਜੋਤ ਸਿੰਘ, ਪੱਪੀ ਭਦੌੜ, ਗੋਗੀ ਸੰਧੂ, ਐਚ. ਐਸ. ਭਜਨ, ਕਮਲਜੀਤ ਸਿੰਘ, ਮਾਸਟਰ ਅਮਨਜੋਤ ਸਿੰਘ, ਨਿਰਮਲ ਨਿੰਮਾ ਅਤੇ ਗੁੱਲੂ ਬਰਾੜ ਆਦਿ ਨੇ ਆਪਣੇ ਗੀਤਾਂ ਦੀ ਅਜਿਹੀ ਛਹਿਬਰ ਲਾਈ ਕਿ ਹਰ ਕੋਈ ਅੱਸ਼ ਅੱਸ਼ ਕਰ ਉੱਠਿਆ। ਇਸ ਸਮਾਗਮ ਲਈ ਚਾਹ ਪਕੌੜਿਆ ਦਾ ਲੰਗਰ ਨਿਊ ਇੰਡੀਆ ਸਵੀਟ ਵਾਲੇ ਜਸਵਿੰਦਰ ਸਿੰਘ ਵੱਲੋਂ ਫ੍ਰੀ ਲਾਇਆ ਗਿਆ। ਪੱਪੀ ਭਦੌੜ ਅਤੇ ਮੀਕੇ ਦੀਆਂ ਸੰਗੀਤਕ ਧੁੰਨਾਂ ਨੇ ਪ੍ਰੋਗਰਾਮ ਨੂੰ ਚਰਮ ਸੀਮਾ ਤੱਕ ਪਹੁੰਚਾਇਆ। ਅਖੀਰ ਵਿੱਚ ਅਸ਼ੋਕ ਬਾਂਸਲ ਮਾਨਸਾ ਨੂੰ ਸਨਮਾਨ ਚਿੰਨ ਨਾਲ ਸਨਮਾਨਿਆ ਗਿਆ। ਅੰਤ 'ਚ ਮੋਗਾ ਮੀਟ ਦੇ ਸੁਆਦਿਸ਼ਟ ਖਾਣੇ ਨਾਲ ਅਮਿੱਟ ਪੈੜਾਂ ਛੱਡਦਾ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ।

# ਬੱਸਾਂ ਤੋਂ ਭਿੰਡਰਾਂਵਾਲੇ ਦੀ ਤਸਵੀਰ ਉਤਾਰਨ ਦਾ ਮਾਮਲਾ ਭਖਿਆ

## ਡੀਜੀਪੀ ਵਲੋਂ ਸੰਤ ਭਿੰਡਰਾਂਵਾਲਿਆਂ ਦੀਆਂ ਤਸਵੀਰਾਂ ਬੱਸਾਂ ਤੋਂ ਹਟਾਉਣ ਦੇ ਹੁਕਮ

**ਮਾਨਸਾ/ਏ.ਟੀ.ਨਿਊਜ਼** :- ਪੰਜਾਬ ਵਿੱਚ ਪੈਪਸੂ ਰੋਡਵੇਜ਼ ਟਰਾਂਸਪੋਰਟ ਕਾਰਪੋਰੇਸ਼ਨ (ਪੀਆਰਟੀਸੀ) ਦੀਆਂ ਬੱਸਾਂ ਉਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਫੋਟੋ ਲਾਉਣ ਦਾ ਮਾਮਲਾ ਭੱਖ ਗਿਆ ਹੈ। ਇਸ ਸਬੰਧੀ ਡੀਜੀਪੀ ਨੇ ਰਾਜ ਦੇ ਸਾਰੇ ਸੀਨੀਅਰ ਕਪਤਾਨ ਪੁਲਿਸ ਨੂੰ ਪੱਤਰ ਲਿਖ ਕੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀਆਂ ਤਸਵੀਰਾਂ ਨੂੰ ਬੱਸਾਂ ਤੋਂ ਹਟਾਉਣ ਦੇ ਹੁਕਮ ਜਾਰੀ ਕਰ ਦਿੱਤੇ ਹਨ। ਦੂਜੇ ਪਾਸੇ ਇਨਾਂ ਹੁਕਮਾਂ ਦੇ ਖਿਲਾਫ਼ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ (ਅੰਮ੍ਰਿਤਸਰ) ਮੈਦਾਨ ਵਿੱਚ ਉਤਰ ਆਇਆ ਹੈ।

ਪ੍ਰਾਪਤ ਵੇਰਵਿਆਂ ਮੁਤਾਬਕ ਨਵੀਆਂ ਬੱਸਾਂ 'ਤੇ ਡਰਾਈਵਰਾਂ ਨੇ ਧੁੱਪ ਤੋਂ ਬਚਾਅ ਲਈ ਸ਼ੀਸ਼ਿਆਂ 'ਤੇ ਕਈ ਤਰਾਂ ਦੀ ਲੈਮੀਲੇਸ਼ਨ ਕਰਵਾਈ ਹੋਈ ਹੈ ਤੇ ਕਈਆਂ ਨੇ ਲੈਮੀਨੇਸ਼ਨ ਕਰਵਾਉਣ ਵੇਲੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਤਸਵੀਰ ਲਗਵਾ ਲਈ ਸੀ।



ਪੁਲਿਸ ਵੱਲੋਂ ਲਿਖੇ ਗਏ ਪੱਤਰ ਮੁਤਾਬਕ ਪੀਆਰਟੀਸੀ ਦੇ ਬਰਨਾਲਾ ਤੇ ਬਠਿੰਡਾ ਡਿੱਪੂ ਦੀਆਂ ਕੁਝ ਬੱਸਾਂ ਦੇ ਨੰਬਰ ਲਿਖ ਕੇ ਉਕਤ ਤਸਵੀਰਾਂ ਨੂੰ ਤੁਰੰਤ ਹਟਾਉਣ ਦੇ ਆਦੇਸ਼ ਜਾਰੀ ਕੀਤੇ ਗਏ ਹਨ। ਇਹ ਵੀ ਪਤਾ ਲੱਗਾ ਹੈ ਕਿ ਅਜਿਹੀਆਂ ਤਸਵੀਰਾਂ ਬਰਨਾਲਾ ਅਤੇ ਬਠਿੰਡਾ ਡਿੱਪੂ ਤੋਂ ਇਲਾਵਾ ਫਰੀਦਕੋਟ, ਸੰਗਰੂਰ, ਬੁਢਲਾਡਾ, ਪਟਿਆਲਾ ਅਤੇ ਚੰਡੀਗੜ ਦੀਆਂ ਵੀ ਕਈ ਬੱਸਾਂ ਉਪਰ ਲੱਗਣ ਦੇ ਮਾਮਲੇ ਸਾਹਮਣੇ ਆਏ ਹਨ। ਇਸ ਪੱਤਰ ਮਗਰੋਂ ਕਈ ਡਿੱਪੂਆਂ ਦੇ ਪ੍ਰਬੰਧਕਾਂ ਨੇ ਅਜਿਹੀਆਂ ਤਸਵੀਰਾਂ ਨੂੰ ਤੁਰੰਤ ਹਟਾਉਣ ਦੀ ਕਾਰਵਾਈ ਆਰੰਭ ਕਰ ਦਿੱਤੀ ਹੈ। ਅਕਾਲੀ ਦਲ (ਅ) ਦੇ ਕੌਮੀ ਜਨਰਲ ਸਕੱਤਰ ਜਸਕਰਨ ਸਿੰਘ ਕਾਹਨ ਸਿੰਘ ਵਾਲਾ ਅਤੇ ਕਿਸਾਨ ਯੂਨੀਅਨ (ਅ) ਦੇ ਸਕੱਤਰ ਸੁਖਚੈਨ ਸਿੰਘ ਅਤਲਾ ਨੇ ਪੁਲਿਸ ਵਿਭਾਗ ਦੇ ਇਨਾਂ ਹੁਕਮਾਂ ਦੀ ਨਿਖੇਧੀ ਕਰਦਿਆਂ ਕਿਹਾ ਕਿ ਸੰਤ ਭਿੰਡਰਾਂਵਾਲੇ ਅਤੇ ਹੋਰ ਸਮਰਥਕਾਂ ਦੀਆਂ ਤਸਵੀਰਾਂ ਨੂੰ ਇਤਰਾਜ਼ਯੋਗ ਦੱਸਣ ਦੀ ਕਾਰਵਾਈ ਬੇਹੱਦ ਨਿੰਦਣਯੋਗ ਹੈ।

# ਭ੍ਰਿਸ਼ਟਾਚਾਰ ਮਾਮਲੇ 'ਚ ਗ੍ਰਿ੍ਫ਼ਤਾਰ 'ਸਾਧੂ ਸਿੰਘ ਧਰਮਸੋਤ' ਦੀਆਂ ਵਧੀਆਂ ਮੁਸ਼ਕਲਾਂ

## ਪਤਨੀ ਦੇ ਨਾਮ ਪਲਾਟ ਦਾ ਘਪਲਾ, ਜਨ ਪ੍ਰਤੀਨਿਧ ਐਕਟ ਤਹਿਤ ਕਾਰਵਾਈ ਦੀ ਤਲਵਾਰ ਲਟਕੀ

**ਚੰਡੀਗੜ/ਏ.ਟੀ.ਨਿਊਜ਼** :- ਪੰਜਾਬ ਦੇ ਸਾਬਕਾ ਜੰਗਲਾਤ ਮੰਤਰੀ ਮੰਤਰੀ ਸਾਧੂ ਸਿੰਘ ਧਰਮਸੋਤ ਦੀਆਂ ਮੁਸ਼ਕਲਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਗ੍ਰਿਫ਼ਤਾਰ ਸਾਧੂ ਸਿੰਘ ਧਰਮਸੋਤ ਖ਼ਿਲਾਫ਼ ਵੀ ਜਨ ਪ੍ਰਤੀਨਿਧ ਐਕਟ ਤਹਿਤ ਕਾਰਵਾਈ ਦੀ ਤਲਵਾਰ ਲਟਕ ਗਈ ਹੈ। ਇਹ ਤਲਵਾਰ ਧਰਮਸੋਤ ਖ਼ਿਲਾਫ਼ ਚੱਲ ਰਹੀ ਵਿਜੀਲੈਂਸ ਜਾਂਚ ਦੌਰਾਨ ਸਾਹਮਣੇ ਆਏ ਤੱਥਾਂ ਦੇ ਆਧਾਰ 'ਤੇ ਵਿਜੀਲੈਂਸ ਬਿਊਰੋ ਵੱਲੋਂ ਚੋਣ ਕਮਿਸ਼ਨ ਨੂੰ ਭੇਜੀ ਗਈ ਚਿੱਠੀ ਕਾਰਨ ਲਟਕੀ ਹੈ। ਚੋਣ ਕਮਿਸ਼ਨ ਦੇ ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਚੋਣ ਕਮਿਸ਼ਨ ਨੂੰ ਭੇਜੀ ਚਿੱਠੀ ਵਿਚ ਕਿਹਾ ਗਿਆ ਹੈ ਕਿ ਜਾਂਚ 'ਚ ਸਾਹਮਣੇ ਆਇਆ ਹੈ ਕਿ ਸਾਧੂ ਸਿੰਘ ਦੀ ਪਤਨੀ ਸ਼ੀਲਾ ਦੇਵੀ ਦੇ ਨਾਮ 'ਤੇ ਚੰਡੀਗੜ ਦੇ ਨਾਲ ਮੋਹਾਲੀ ਦੇ ਸੈਕਟਰ 80 ਵਿਚ ਪਲਾਟ ਨੰਬਰ-27 ਖ਼ਰੀਦਿਆ ਸੀ।

ਇਹ ਰਿਹਾਇਸ਼ੀ ਪਲਾਟ 500 ਵਰਗ ਗਜ਼ ਦਾ ਸੀ, ਜੋ ਮਈ 2021 ਵਿਚ ਖ਼ਰੀਦਿਆ ਗਿਆ



ਸੀ ਅਤੇ ਗਮਾਡਾ ਦੇ ਰਿਕਾਰਡ ਅਨੁਸਾਰ ਇਹ ਪਲਾਟ 9 ਜੂਨ 2021 ਨੂੰ ਸਾਧੂ ਸਿੰਘ ਧਰਮਸੋਤ ਦੀ ਪਤਨੀ ਸ਼ੀਲਾ ਦੇਵੀ ਦੇ ਨਾਂ ਤਬਦੀਲ ਕਰ ਦਿੱਤਾ ਗਿਆ ਸੀ। ਸ਼ੀਲਾ ਦੇਵੀ ਨੇ 2 ਮਾਰਚ 2022 ਨੂੰ ਇਕ ਅਰਜ਼ੀ ਰਾਹੀਂ ਰਾਜ ਕੁਮਾਰ ਅਤੇ ਕਸ਼ਮੀਰ ਸਿੰਘ ਦੇ ਨਾਂ 'ਤੇ ਗਮਾਡਾ ਤੋਂ ਉਕਤ 500 ਵਰਗ ਗਜ ਦਾ ਪਲਾਟ ਟਰਾਂਸਫਰ ਕਰਨ ਦੀ ਮੰਗ ਕੀਤੀ ਸੀ। ਚਿੱਠੀ 'ਚ ਕਿਹਾ ਗਿਆ ਹੈ ਕਿ ਸਾਧੂ ਸਿੰਘ ਧਰਮਸੋਤ ਵੱਲੋਂ 31 ਜਨਵਰੀ 2022 ਨੂੰ ਨਾਭਾ ਵਿਧਾਨ ਸਭਾ ਹਲਕੇ ਤੋਂ ਚੋਣ ਲੜਨ ਲਈ ਆਪਣਾ ਨਾਮਜ਼ਦਗੀ ਪੱਤਰ ਦਾਖ਼ਲ ਕੀਤਾ ਗਿਆ ਸੀ ਅਤੇ ਉਕਤ ਨਾਮਜ਼ਦਗੀ ਪੱਤਰ ਨਾਲ ਨੱਥੀ ਕੀਤੇ ਹਲਫ਼ਨਾਮੇ ਵਿਚ ਦਿੱਤੀ ਜਾਣਕਾਰੀ ਵਿਚ ਉਨਾਂ ਕੋਲ ਆਪਣੀ ਜਾਇਦਾਦ ਦੱਸੀ ਗਈ ਹੈ। ਉਕਤ 500 ਵਰਗ ਗਜ਼ ਦੇ ਪਲਾਟ ਦੀ ਜਾਣਕਾਰੀ ਸਾਂਝੀ ਕਰਦੇ ਹੋਏ ਇਸ ਦਾ ਕਿਤੇ ਵੀ ਜ਼ਿਕਰ ਨਹੀਂ ਕੀਤਾ ਗਿਆ ਜੋ ਕਿ ਲੋਕ ਪ੍ਰਤੀਨਿਧਤਾ ਐਕਟ ਦੀ ਧਾਰਾ 125ਏ ਤਹਿਤ ਅਪਰਾਧ ਹੈ। ਵਿਜੀਲੈਂਸ ਬਿਊਰੋ ਵੱਲੋਂ ਚੋਣ ਕਮਿਸ਼ਨ ਨੂੰ ਅਪੀਲ ਕੀਤੀ ਗਈ ਹੈ ਕਿ ਮੁਲਜ਼ਮਾਂ ਖ਼ਿਲਾਫ਼ ਜਨ ਪ੍ਰਤੀਨਿਧ ਐਕਟ ਤਹਿਤ ਕਾਰਵਾਈ ਕੀਤੀ ਜਾਵੇ।

# ਨਕਲੀ ਸੌਦਾ ਸਾਧ ਦੇ ਮਾਮਲੇ ਵਿਚ ਹਾਈਕੋਰਟ ਵਲੋਂ ਪ੍ਰੇਮੀਆਂ ਦੀ ਪਟੀਸ਼ਨ ਖ਼ਾਰਜ

## ਕਿਹਾ ਇਹ ਕੋਈ ਫ਼ਿਲਮ ਨਹੀਂ ਚੱਲ ਰਹੀ

**ਚੰਡੀਗੜ/ਏ.ਟੀ.ਨਿਊਜ਼** :- ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਦੇ ਅਸਲੀ-ਨਕਲੀ ਹੋਣ ਵਾਲੀ ਪਟੀਸ਼ਨ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਖ਼ਾਰਜ ਕਰ ਦਿੱਤੀ ਹੈ। ਸੁਣਵਾਈ ਦੌਰਾਨ ਹਾਈਕੋਰਟ ਨੇ ਪਟੀਸ਼ਨ ਦਾਇਰ ਕਰਨ ਵਾਲੇ ਡੇਰਾ ਪ੍ਰੇਮੀਆਂ ਨੂੰ ਝਾੜ ਲਗਾਈ ਤੇ ਕਿਹਾ ਕਿ ਇਹ ਕੋਈ ਫ਼ਿਲਮ ਨਹੀਂ ਚੱਲ ਰਹੀ ਹੈ। ਹਾਈਕੋਰਟ ਅਜਿਹੇ ਮਾਮਲਿਆਂ ਦੀ ਸੁਣਵਾਈ ਲਈ ਨਹੀਂ ਹੈ। ਲੱਗਦਾ ਹੈ ਕਿ ਤੁਸੀਂ ਕੋਈ ਫਿਕਸ਼ਨਲ (ਕਾਲਪਨਿਕ) ਮੂਵੀ ਦੇਖ ਲਈ ਹੈ। ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਡੇਰੇ ਦੇ ਕੁਝ ਪੈਰੋਕਾਰਾਂ ਨੇ ਹਾਈਕੋਰਟ ਵਿਚ ਪਟੀਸ਼ਨ ਦਾਖ਼ਲ ਕਰਕੇ ਸ਼ੱਕ ਜਤਾਇਆ ਸੀ ਕਿ ਪੈਰੋਲ 'ਤੇ ਬਾਹਰ ਆਇਆ ਡੇਰਾ ਮੁਖੀ ਅਸਲੀ ਨਹੀਂ ਹੈ। ਦੂਜੇ ਪਾਸੇ ਡੇਰੇ ਦੇ ਪ੍ਰਬੰਧਕਾਂ ਨੇ ਇਸ ਨੂੰ ਸ਼ਰਧਾਲੂਆਂ ਨੂੰ ਗੁੰਮਰਾਹ ਕਰਨ ਦੀ ਸਾਜਿਸ਼ ਕਰਾਰ ਦਿੱਤਾ। ਪਟੀਸ਼ਨ ਵਿਚ ਕਿਹਾ ਗਿਆ ਸੀ ਕਿ ਜੇਲ ਤੋਂ ਪੈਰੋਲ 'ਤੇ ਬਾਹਰ ਆਏ ਡੇਰਾ ਮੁਖੀ ਵਿਚ ਕਾਫ਼ੀ ਬਦਲਾਅ ਵੇਖੇ ਗਏ ਹਨ। ਪਟੀਸ਼ਨ ਮੁਤਾਬਿਕ ਡੇਰਾ ਮੁਖੀ ਨੂੰ ਕੁਝ ਦਿਨ ਪਹਿਲਾਂ ਉਸ ਦੇ ਜਾਣਕਾਰ ਮਿਲੇ ਸਨ, ਪਰ ਉਹ ਉਸ ਨੂੰ ਪਛਾਣ ਨਹੀਂ ਸਕੇ। ਪਟੀਸ਼ਨ ਵਿਚ ਇਹ ਵੀ ਕਿਹਾ ਗਿਆ ਸੀ ਕਿ ਅਸਲੀ ਡੇਰਾ ਮੁਖੀ ਨੂੰ ਅਗਵਾ ਕਰਨ ਤੋਂ ਬਾਅਦ ਨਕਲੀ ਨੂੰ ਲੋਕਾਂ ਸਾਹਮਣੇ ਲਿਆਂਦਾ ਗਿਆ ਹੈ। ਅਸ਼ੋਕ ਕੁਮਾਰ ਅਤੇ ਡੇਰੇ ਦੇ 18 ਹੋਰਨਾਂ ਪੈਰੋਕਾਰਾਂ ਨੇ ਪਟੀਸ਼ਨ ਦਾਖ਼ਲ ਕਰਕੇ ਮਾਮਲੇ ਦੀ ਜਾਂਚ ਕਰਨ ਦੇ ਨਿਰਦੇਸ਼ ਜਾਰੀ ਕਰਨ ਦੀ ਮੰਗ ਕੀਤੀ ਸੀ।

# ਅਜ਼ਾਦੀ ਦਿਨ 'ਤੇ ਪਰੇਡ ਵਿਚ ਗੋਲੀਬਾਰੀ 6 ਦੀ ਮੌਤ, 24 ਜ਼ਖਮੀ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ** :- ਅਮਰੀਕਾ ਦੀ ਅਜ਼ਾਦੀ ਦੇ ਮਨਾਏ ਜਾਂਦੇ ਜਸ਼ਨਾਂ ਦੌਰਾਨ ਸ਼ਿਕਾਗੋ ਦੇ ਹਾਈਲੈਂਡ ਪਾਰਕ 'ਚ ਅਜ਼ਾਦੀ ਪਰੇਡ ਵਿਚ ਹੋਈ ਗੋਲੀਬਾਰੀ ਦੌਰਾਨ ਘੱਟੋ ਘੱਟ ਛੇ ਲੋਕਾਂ ਦੀ ਮੌਤ ਹੋ ਗਈ ਅਤੇ 24 ਜ਼ਖਮੀ ਹੋ ਗਏ। ਪੁਲਿਸ ਦੋਸ਼ੀ ਦੀ ਭਾਲ ਕਰ ਰਹੀ ਹੈ, ਜਿਸ ਨੇ **ਕਿਸੇ ਬਿਲਡਿੰਗ ਦੀ ਛੱਤ ਤੋਂ ਗੋਲੀਬਾਰੀ ਕੀਤੀ ਤੇ ਇਸ ਘਟਨਾ ਨੂੰ ਅੰਜਾਮ ਦਿੱਤਾ.**



ਲੇਕ ਕਾਉਂਟੀ ਮੇਜਰ ਕ੍ਰਾਈਮ ਟਾਸਕ ਫੋਰਸ ਦੇ ਬੁਲਾਰੇ ਕ੍ਰਿਸਟੋਫਰ ਕੋਵੇਲੀ ਨੇ ਇਕ ਨਿਊਜ਼ ਕਾਨਫਰੰਸ ਵਿਚ ਕਿਹਾ ਕਿ ਬੰਦੂਕਧਾਰੀ ਨੇ ਇਕ ਰਾਈਫਲ ਦੀ ਵਰਤੋਂ ਕਰਦੇ ਹੋਏ ਛੱਤ ਤੋਂ ਪਰੇਡ ਕਰਨ ਵਾਲਿਆਂ ਉਤੇ ਗੋਲੀਬਾਰੀ ਕੀਤੀ ਜੋ ਘਟਨਾ ਸਥਾਨ ਤੋਂ ਬਰਾਮਦ ਕੀਤੀ ਗਈ ਹੈ। ਕੋਵੇਲੀ ਨੇ ਕਿਹਾ ਕਿ ਪੁਲਿਸ ਦਾ ਮੰਨਣਾ ਹੈ ਕਿ ਸਿਰਫ ਇੱਕ ਵਿਅਕਤੀ ਸੀ। ਪੁਲਿਸ ਨੇ ਮ੍ਰਿਤਕਾਂ ਜਾਂ ਜ਼ਖਮੀਆਂ ਬਾਰੇ ਅਜੇ ਤੱਕ ਕੋਈ ਵੇਰਵਾ ਜਾਰੀ ਨਹੀਂ ਕੀਤਾ, ਜਿਨਾਂ ਨੂੰ ਲਾਗਲੇ ਹਸਪਤਾਲਾਂ 'ਚ ਭਰਤੀ ਕਰਵਾਇਆ ਗਿਆ ਹੈ।

ਇਹ ਪਰੇਡ ਸਵੇਰੇ 10 ਵਜੇ ਦੇ ਕਰੀਬ ਸ਼ੁਰੂ ਹੋਈ ਪਰ ਗੋਲੀ ਚੱਲਣ ਤੋਂ ਬਾਅਦ 10 ਮਿੰਟ ਬਾਅਦ ਇਸ ਨੂੰ ਅਚਾਨਕ ਰੋਕ ਦਿੱਤਾ ਗਿਆ। ਗੋਲੀਬਾਰੀ ਤੋਂ ਬਾਅਦ ਸੈਂਕੜੇ ਪਰੇਡ ਕਰਨ ਵਾਲੇ ਅਤੇ ਦੇਖਣ ਵਾਲੇ ਕੁਰਸੀਆਂ, ਬੇਬੀ ਸਟ੍ਰੋਲਰ, ਆਲੀਸ਼ਾਨ ਖਿਡੌਣੇ, ਸਾਈਕਲ ਅਤੇ ਕੰਬਲ ਛੱਡ ਕੇ ਪਰੇਡ ਤੋਂ ਭੱਜ ਗਏ। ਹਫੜਾ-ਦਫੜੀ ਵਿਚ ਇੱਥੇ ਸ਼ਾਮਿਲ ਲੋਕ ਆਪਣੇ ਪਰਿਵਾਰਾਂ ਤੋਂ ਵੱਖ ਹੋ ਗਏ, ਉਨਾਂ ਦੀ ਭਾਲ ਕਰ ਰਹੇ ਸਨ। ਲੋਕਾਂ ਨੇ ਆਪਣੀਆਂ ਗੱਡੀਆਂ ਛੱਡੀਆਂ, ਆਪਣੇ ਬੱਚਿਆਂ ਨੂੰ ਫੜ ਕੇ ਇਧਰ ਉਧਰ ਭੱਜਣ ਲੱਗੇ। ਵੱਖ-ਵੱਖ ਹੋਰ ਵੇਰਵੇ ਅਜੇ ਆਉਣੇ ਬਾਕੀ ਹਨ।

# ਪੰਜਾਬ ਵਿਚ ਫਸਾਦ ਕਰਨ ਵਾਲੇ ਸ਼ਿਵ ਸੈਨਾ ਆਗੂ ਹਰੀਸ਼ ਸਿੰਗਲਾ ਨੂੰ ਮਿਲੀ ਜ਼ਮਾਨਤ

**ਪਟਿਆਲਾ/ਏ.ਟੀ.ਨਿਊਜ਼** :- ਇੱਥੇ ਸ਼ਿਵ ਸੈਨਾ ਬਾਲ ਠਾਕਰੇ ਦੇ ਸੂਬਾਈ ਮੀਤ ਪ੍ਰਧਾਨ ਹਰੀਸ਼ ਸਿੰਗਲਾ ਨੂੰ ਜ਼ਮਾਨਤ ਮਿਲਣ ਕਾਰਨ ਜੇਲ ਵਿੱਚੋਂ ਰਿਹਾਅ ਕਰ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਇੱਥੇ ਖਾਲਿਸਤਾਨ ਦੇ ਵਿਰੋਧ ਵਿਚ ਸ਼ਿਵ ਸੈਨਾ ਵਲੋਂ ਮਾਰਚ ਕੱਢੇ ਜਾਣ ਦੇ ਐਲਾਨ ਦੌਰਾਨ 29 ਅਪ੍ਰੈਲ ਨੂੰ



ਪੰਥਕ ਜਥੇਬੰਦੀਆਂ ਦਾ ਸ਼ਿਵ ਸੈਨਾ ਨਾਲ ਟਕਰਾਅ ਹੋਇਆ ਸੀ। ਇਸ ਦੌਰਾਨ ਖਾਲਿਸਤਾਨ ਵਿਰੋਧੀ ਮਾਰਚ ਕੱਢਣ ਵਾਲੇ ਸ਼ਿਵ ਸੈਨਾ ਬਾਲ ਠਾਕਰੇ ਦੇ ਸੂਬਾਈ ਮੀਤ ਪ੍ਰਧਾਨ ਹਰੀਸ਼ ਸਿੰਗਲਾ ਸਮੇਤ ਹੋਰਨਾਂ ਖ਼ਿਲਾਫ਼ ਵੀ ਕੇਸ ਦਰਜ ਕੀਤੇ ਗਏ ਸਨ, ਜਿਸ ਤਹਿਤ ਉਹ ਸਵਾ ਦੋ ਮਹੀਨਿਆਂ ਤੋਂ ਪਟਿਆਲਾ ਜੇਲ ਵਿਚ ਬੰਦ ਸੀ। ਹੁਣ ਸਿੰਗਲਾ ਨੂੰ ਰਿਹਾਅ ਕਰ ਦਿੱਤਾ ਗਿਆ।

# ਜਨਤਕ ਵੰਡ ਪ੍ਰਣਾਲੀ ਸਿਸਟਮ ਵਿਚ 20 ਰਾਜਾਂ ਦੀ ਸੂਚੀ ਅਨੁਸਾਰ ਪੰਜਾਬ 19ਵੇਂ ਨੰਬਰ 'ਤੇ

**ਨਵੀਂ ਦਿੱਲੀ/ਏ.ਟੀ.ਨਿਊਜ਼** :-ਖੁਰਾਕ ਸੁਰੱਖਿਆ ਕਾਨੂੰਨ ਨੂੰ ਲਾਗੂ ਕਰਨ ਵਾਲਾ ਪਹਿਲਾ ਰਾਜ ਪੰਜਾਬ ਮੌਜੂਦਾ ਸਮੇਂ ਵਿਚ 'ਪ੍ਰਭਾਵੀ' ਹੋਣ ਦੇ ਟੈਗ ਤੋਂ ਖੁੰਝਿਆ ਨਜ਼ਰ ਆ ਰਿਹਾ ਹੈ। ਇਸ ਅਮਲ ਵਿਚ ਜੋ ਅਮਲ ਸਭ ਤੋਂ ਜ਼ਿਆਦਾ ਸਵਾਲੀਆ ਘੇਰੇ 'ਚ ਨਜ਼ਰ ਆ ਰਿਹਾ ਹੈ, ਉਹ ਪੰਜਾਬ ਦੀ ਜਨਤਕ ਵੰਡ ਜਾਂ ਡਲਿਵਰੀ ਪ੍ਰਣਾਲੀ ਹੈ। ਡਲਿਵਰੀ ਸਿਸਟਮ ਵਿਚ 20 ਰਾਜਾਂ ਦੀ ਸੂਚੀ ਵਿਚ ਪੰਜਾਬ 19ਵੇਂ ਨੰਬਰ 'ਤੇ ਹੈ ਅਤੇ ਰਾਸ਼ਟਰੀ ਖੁਰਾਕ ਸੁਰੱਖਿਆ ਕਾਨੂੰਨ ਭਾਵ ਐਨ. ਐਫ਼. ਐਸ. ਏ. ਲਾਗੂ ਕਰਨ ਦੇ 22 ਰਾਜਾਂ ਦੀ ਸੂਚੀ ਵਿਚ ਉਹ 11ਵੇਂ ਨੰਬਰ 'ਤੇ ਹੈ, ਜਦਕਿ ਦੋਵਾਂ ਅਮਲਾਂ ਨੂੰ ਇਕੱਠੇ ਕਰਕੇ ਤਿਆਰ ਕੀਤੀ ਵਿਆਪਕ ਸੂਚੀ ਵਿਚ 20 ਰਾਜਾਂ ਦੀ ਸੂਚੀ ਵਿਚ ਪੰਜਾਬ 16ਵੇਂ ਸਥਾਨ 'ਤੇ ਹੈ। ਇਹ ਅੰਕੜੇ ਕੇਂਦਰ ਸਰਕਾਰ ਵਲੋਂ ਬੀਤੇ ਮੰਗਲਵਾਰ ਨੂੰ ਦਿੱਲੀ ਵਿਚ ਖੁਰਾਕ ਅਤੇ ਪੋਸ਼ਣ ਸੁਰੱਖਿਆ 'ਤੇ ਹੋਈ ਰਾਸ਼ਟਰੀ ਕਾਨ.ਫਰੰਸ ਵਿਚ ਜਾਰੀ ਸੂਬਿਆਂ ਦੀ ਰੈਂਕਿੰਗ ਦੌਰਾਨ ਪੇਸ਼ ਕੀਤੇ ਗਏ। ਖਪਤਕਾਰ ਮਾਮਲਿਆਂ, ਅਨਾਜ ਅਤੇ ਜਨਤਕ ਵੰਡ ਬਾਰੇ ਮੰਤਰੀ ਪਿਊਸ਼ ਗੋਇਲ ਨੇ ਰਾਸ਼ਟਰੀ ਖੁਰਾਕ ਸੁਰੱਖਿਆ ਕਾਨੂੰਨ ਅਤੇ ਜਨਤਕ ਵੰਡ ਪ੍ਰਣਾਲੀ ਸੰਬੰਧੀ ਰਾਜਾਂ ਵਲੋਂ ਮੁਹੱਈਆ ਕਰਵਾਏ ਅੰਕੜਿਆਂ ਦੇ ਆਧਾਰ 'ਤੇ ਇਹ ਸੂਚੀ ਜਾਰੀ ਕੀਤੀ। ਰਾਸ਼ਟਰੀ ਖੁਰਾਕ ਕਾਨੂੰਨ ਲਾਗੂ ਕਰਨ ਸੰਬੰਧੀ ਰਾਜਾਂ ਵਿਚ ਓਡੀਸ਼ਾ ਪਹਿਲੇ, ਉੱਤਰ ਪ੍ਰਦੇਸ਼ ਦੂਜੇ ਅਤੇ ਆਂਧਰਾ ਪ੍ਰਦੇਸ਼ ਤੀਜੇ ਸਥਾਨ 'ਤੇ ਰਿਹਾ, ਜਦਕਿ ਪੰਜਾਬ 16ਵੇਂ, ਹਰਿਆਣਾ 17ਵੇਂ ਅਤੇ ਦਿੱਲੀ 18ਵੇਂ ਨੰਬਰ 'ਤੇ ਰਿਹਾ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**
Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਬੇਅਦਬੀ ਕਾਂਡ ਸੰਬੰਧੀ 'ਸਿਟ' ਦੀ ਰਿਪੋਰਟ ਹੋਈ ਜਨਤਕ

## ✪ ਰਿਪੋਰਟ ਵਿਚ ਡੇਰਾ ਸਿਰਸਾ ਮੁਖੀ ਤੇ ਕਈ ਹੋਰ ਸਾਜ਼ਿਸ਼ਘਾੜੇ ਕਰਾਰ ✪ ਬਾਦਲਾਂ ਨੂੰ ਬਚਾ ਰਹੀ ਹੈ ਸਰਕਾਰ : ਖਹਿਰਾ ✪ ਮੁੱਖ ਮੰਤਰੀ ਨੇ 467 ਸਫ਼ਿਆਂ ਦੀ ਜਾਂਚ ਰਿਪੋਰਟ ਸਿੱਖ ਆਗੂਆਂ ਨੂੰ ਸੌਂਪੀ ✪ ੨੯ ਜੁਲਾਈ ਨੂੰ ਹੋਵੇਗੀ ਫਰੀਦਕੋਟ ਅਦਾਲਤ ਵਿੱਚ ਸੁਣਵਾਈ

**ਚੰਡੀਗੜ/ਏ.ਟੀ.ਨਿਊਜ਼ :-** ਪੰਜਾਬ ਦੇ ਫਰੀਦਕੋਟ ਜ਼ਿਲੇ ਦੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਅਤੇ ਬਰਗਾੜੀ ਵਿੱਚ ਸਾਲ 2015 ਵਿਚ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਲਈ ਗਠਿਤ ਵਿਸ਼ੇਸ਼ ਜਾਂਚ ਟੀਮ (ਸਿਟ) ਨੇ ਇਨਾਂ ਘਟਨਾਵਾਂ ਲਈ ਡੇਰਾ ਸਿਰਸਾ ਮੁਖੀ ਤੇ ਕਈ ਹੋਰ ਡੇਰਾ ਪ੍ਰੇਮੀਆਂ ਨੂੰ ਕਥਿਤ ਸਾਜ਼ਿਸ਼ਕਾਰ ਕਰਾਰ ਦਿੱਤਾ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਚੰਡੀਗੜ ਸਥਿਤ ਉਨਾਂ ਦੀ ਸਰਕਾਰੀ ਰਿਹਾਇਸ਼ 'ਤੇ ਕੇਸ ਦੀ ਪੈਰਵੀ ਕਰ ਰਹੀਆਂ ਸਿੱਖ ਜਥੇਬੰਦੀਆਂ ਮੇਜਰ ਸਿੰਘ ਪੰਡੋਰੀ, ਚਮਕੌਰ ਸਿੰਘ, ਭਾਈ ਰੂਪਾ, ਰੇਸ਼ਮ ਸਿੰਘ ਖੁਖਰਾਣਾ ਤੇ ਬਲਦੇਵ ਸਿੰਘ ਜੋਗੇਵਾਲਾ ਨੂੰ ਰਿਪੋਰਟ ਦੀਆਂ ਕਾਪੀਆਂ ਸੌਂਪ ਦਿੱਤੀਆਂ ਹਨ। ਉੱਜ ਫ਼ਰੀਦਕੋਟ ਦੀ ਅਦਾਲਤ ਵਿੱਚ ਉਕਤ ਮਾਮਲੇ ਦੀ ਅਗਲੀ ਸੁਣਵਾਈ 29 ਜੁਲਾਈ ਨੂੰ ਰੱਖੀ ਗਈ ਹੈ। ਉਸੇ ਦਿਨ ਮੁਲਜ਼ਮਾਂ 'ਤੇ ਦੋਸ਼ ਆਇਦ ਕੀਤੇ ਜਾਣਗੇ। ਇਹ ਰਿਪੋਰਟ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਨਿਰਦੇਸ਼ 'ਤੇ 4 ਅਪ੍ਰੈਲ 2021 ਨੂੰ ਆਈਜੀ ਐਸਪੀਐਸ ਪਰਮਾਰ ਦੀ ਅਗਵਾਈ ਹੇਠ ਬਣਾਈ 5 ਮੈਂਬਰੀ ਟੀਮ ਨੇ ਤਿਆਰ ਕੀਤੀ ਹੈ। ਟੀਮ ਨੇ ਇਕ ਸਾਲ ਪੁੱਛ-ਪੜਤਾਲ ਕਰਨ ਉਪਰੰਤ 467 ਸਫ਼ਿਆਂ ਦੀ ਰਿਪੋਰਟ ਤਿਆਰ ਕੀਤੀ ਹੈ। ਰਿਪੋਰਟ ਵਿੱਚ ਬੇਅਦਬੀ ਦੀਆਂ ਘਟਨਾਵਾਂ ਲਈ ਡੇਰਾ ਸਿਰਸਾ ਮੁਖੀ ਅਤੇ ਕਈ ਡੇਰਾ ਪ੍ਰੇਮੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਹੈ। ਚੇਤੇ ਰਹੇ ਕਿ ਸਾਲ 2015 ਵਿੱਚ ਫਰੀਦਕੋਟ ਜ਼ਿਲੇ ਦੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਵਿੱਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਚੋਰੀ ਹੋਣ, ਹੱਥ ਲਿਖਤ ਪੋਸਟਰ ਚਿਪਕਾਉਣ ਨਾਲ ਸਬੰਧਿਤ ਘਟਨਾਵਾਂ ਅਤੇ ਬਰਗਾੜੀ ਵਿੱਚ ਗੁਰਦੁਆਰੇ ਦੇ ਬਾਹਰ ਅਤੇ ਪਿੰਡ ਦੀਆਂ ਗਲੀਆਂ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਪੱਤਰੇ ਖਿੱਲਰੇ ਮਿਲੇ ਸਨ। ਸਿਟ ਦੀ ਰਿਪੋਰਟ ਅਨੁਸਾਰ ਉਕਤ ਮਾਮਲਿਆਂ ਵਿੱਚ ਮੁਲਜ਼ਮ ਸੁਖਜਿੰਦਰ ਸਿੰਘ ਸੰਨੀ, ਸ਼ਕਤੀ ਸਿੰਘ, ਬਲਜੀਤ ਸਿੰਘ, ਰਣਦੀਪ ਸਿੰਘ, ਰਣਜੀਤ ਸਿੰਘ, ਨਿਸ਼ਾਨ ਸਿੰਘ, ਨਰਿੰਦਰ ਸ਼ਰਮਾ ਅਤੇ ਡੇਰਾ ਮੁਖੀ ਗੁਰਮੀਤ ਸਿੰਘ ਰਾਮ ਰਹੀਮ ਸ਼ਾਮਲ ਹਨ। ਜਦੋਂ ਕਿ ਘਟਨਾ ਵਿੱਚ ਕਥਿਤ ਤੌਰ 'ਤੇ ਸ਼ਾਮਲ ਡੇਰਾ ਪੈਰੋਕਾਰ ਹਰਸ਼ ਧੂਰੀ, ਪ੍ਰਦੀਪ ਕਲੇਰ ਅਤੇ ਸੰਦੀਪ ਬਰੇਟਾ ਅਜੇ ਤੱਕ ਪੁਲਿਸ ਦੀ ਗ੍ਰਿਫ਼ਤ ਤੋਂ ਬਾਹਰ ਹਨ। ਪੁਲੀਸ ਜਾਂਚ ਟੀਮ ਨੇ ਰਿਪੋਰਟ ਵਿੱਚ ਕਿਹਾ ਕਿ ਇਨਾਂ ਘਟਨਾਵਾਂ ਪਿਛਲਾ ਮਕਸਦ ਫਿਲਮ 'ਐਮਐੱਸਜੀ-2' ਨਾਲ ਜੁੜਿਆ ਹੋਇਆ ਸੀ। ਡੇਰੇ ਦੇ ਪੈਰੋਕਾਰ ਰਾਮ ਰਹੀਮ ਦੀ ਫਿਲਮ ਰਿਲੀਜ਼ ਨਾ ਹੋਣ ਕਰਕੇ ਨਾਰਾਜ਼ ਚੱਲ ਰਹੇ ਸਨ, ਜਿਸ ਕਰਕੇ ਬੇਅਦਬੀ ਦੀਆਂ ਉਪਰੋਕਤ ਘਟਨਾਵਾਂ ਨੂੰ ਅੰਜਾਮ ਦਿੱਤਾ ਗਿਆ।

### 'ਜਾਂਚ ਦੌਰਾਨ ਡੇਰਾ ਮੁਖੀ ਸਹਿਯੋਗ ਦੇਣ ਤੋਂ ਇਨਕਾਰੀ ਰਿਹਾ'

ਐੱਸਆਈਟੀ ਦੀ ਟੀਮ ਨੇ ਹਰਿਆਣਾ ਦੇ ਰੋਹਤਕ ਦੀ ਸੁਨਾਰੀਆ ਜੇਲ ਵਿੱਚ ਵੱਖ ਵੱਖ ਕੇਸਾਂ ਤਹਿਤ ਸਜ਼ਾ ਕਟ ਰਹੇ ਸੌਦਾ ਸਾਧ ਗੁਰਮੀਤ ਰਾਮ ਰਹੀਮ ਸਿੰਘ ਕੋਲੋਂ ਉਥੇ ਜਾ ਕੇ ਵੀ ਪੁੱਛ-ਪੜਤਲ ਕੀਤੀ ਸੀ, ਪਰ ਡੇਰਾ ਮੁਖੀ ਨੇ ਜਾਂਚ ਵਿੱਚ ਸਹਿਯੋਗ ਦੇਣ ਤੋਂ ਇਨਕਾਰੀ ਸੀ। ਬੇਅਦਬੀ ਮਾਮਲਿਆਂ ਦੀ ਜਾਂਚ ਲਈ ਕਈ ਟੀਮਾਂ ਦਾ ਗਠਨ ਕੀਤਾ ਗਿਆ ਸੀ। ਸੀਬੀਆਈ ਨੇ ਵੀ ਜਾਂਚ ਕੀਤੀ, ਜੋ ਕਿਸੇ ਤਣ ਪੱਤਣ ਨਹੀਂ ਲੱਗ ਸਕੀ। ਸੀਬੀਆਈ ਨੂੰ ਉਦੋਂ ਡੇਰਾ ਸਿਰਸਾ ਦੀ ਸ਼ਮੂਲੀਅਤ ਦਾ ਕੋਈ ਸਬੂਤ ਨਹੀਂ ਮਿਲਿਆ ਸੀ। ਕੇਂਦਰੀ ਏਜੰਸੀ ਨੇ ਅਦਾਲਤ ਵਿੱਚ ਕਲੋਜ਼ਰ ਰਿਪੋਰਟ ਤੱਕ ਦਾਇਰ ਕਰ ਦਿੱਤੀ ਸੀ। ਜਦੋਂ ਕਿ ਸਿਟ ਨੇ ਆਪਣੀ ਜਾਂਚ ਰਿਪੋਰਟ ਵਿੱਚ ਸੀਬੀਆਈ ਵੱਲੋਂ ਕੀਤੀ ਜਾਂਚ ਦੇ ਦਾਅਵਿਆਂ ਦਾ ਖੰਡਨ ਕੀਤਾ ਹੈ। ਇਹ ਰਿਪੋਰਟ ਪਹਿਲਾਂ ਫਰੀਦਕੋਟ ਦੀ ਅਦਾਲਤ ਵਿੱਚ ਚਾਲਾਨ ਦੇ ਰੂਪ ਵਿੱਚ ਪੇਸ਼ ਕੀਤੀ ਜਾ ਚੁੱਕੀ ਹੈ।

### ਰਿਪੋਰਟ ਬਾਰੇ ਸਵਾਲ ਉੱਠੇ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਦੋ ਜੁਲਾਈ ਨੂੰ ਚੰਡੀਗੜ ਵਿਖੇ ਆਪਣੀ ਸਰਕਾਰੀ ਰਿਹਾਇਸ਼ ਉੱਪਰ ਸਿੱਖ ਧਾਰਮਿਕ ਆਗੂਆਂ ਨੂੰ ਬੇਅਦਬੀ ਕੇਸਾਂ ਦੀ ਜਾਂਚ ਰਿਪੋਰਟ ਦਿੱਤੀ ਗਈ। ਹਾਲਾਂਕਿ ਗੁਰੂ ਗ੍ਰੰਥ ਸਾਹਿਬ ਬੇਅਦਬੀ ਕਾਂਡ ਦੀ ਰਿਪੋਰਟ ਆਉਣ ਤੋਂ ਬਾਅਦ ਇਸ ਰਿਪੋਰਟ ਉੱਪਰ ਹੀ ਕਈ ਤਰਾਂ ਦੇ ਸਵਾਲ ਖੜੇ ਹੋਣ ਲੱਗੇ ਹਨ।ਇਹ ਪਿਛਲੇ 7 ਸਾਲਾਂ ਦੌਰਾਨ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਬੇਅਦਬੀ ਕਾਂਡ ਨਾਲ ਸਬੰਧਤ ਕਿਸੇ ਜਾਂਚ ਰਿਪੋਰਟ ਨੂੰ ਜਨਤਕ ਕੀਤਾ ਗਿਆ ਹੋਵੇ। ਹੈਰਾਨੀ ਦੀ ਗਲ ਇਹ ਹੈ ਕਿ ਇਸ ਰਿਪੋਰਟ ਵਿੱਚ ਬਹਿਬਲ ਕਲਾਂ ਅਤੇ ਕੋਟਕਪੂਰਾ ਵਿਖੇ ਵਾਪਰੇ ਗੋਲੀ ਕਾਂਡ ਦੀਆਂ ਘਟਨਾਵਾਂ ਵਿੱਚ ਕੀ ਕਾਰਵਾਈ ਹੋਈ, ਉਸ ਸਬੰਧੀ ਵੇਰਵਾ ਦਰਜ ਨਹੀਂ ਹੈ। ਰਿਪੋਰਟ ਸਿਰਫ਼ ਜੂਨ 2015 ਵਿੱਚ ਫ਼ਰੀਦਕੋਟ ਦੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰਦੁਆਰੇ ਵਿੱਚੋਂ ਚੋਰੀ ਹੋਏ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਬਾਰੇ ਹੋਈ ਕਾਰਵਾਈ ਬਾਰੇ ਹੀ ਹੈ। ਇਨਾਂ ਘਟਨਾਵਾਂ ਕਾਰਨ ਫਰੀਦਕੋਟ ਵਿੱਚ ਰੋਸ ਪ੍ਰਦਰਸ਼ਨ ਹੋਇਆ ਸੀ। ਅਕਤੂਬਰ ੨੦੧੫ ਵਿੱਚ ਪ੍ਰਦਰਸ਼ਨਕਾਰੀਆਂ 'ਤੇ ਪੁਲਿਸ ਗੋਲੀਬਾਰੀ ਵਿੱਚ, ਬਹਿਬਲ ਕਲਾਂ ਵਿੱਚ ਦੋ ਵਿਅਕਤੀ ਵੀ ਮਾਰੇ ਗਏ ਸਨ ਜਦਕਿ ਫਰੀਦਕੋਟ ਦੇ ਕੋਟਕਪੂਰਾ ਵਿੱਚ ਕੁਝ ਲੋਕ ਜ਼ਖਮੀ ਹੋ ਗਏ ਸਨ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਪਾਸਿਓਂ ਬਰਗਾੜੀ ਕਾਂਡ ਦੀ ਜਾਂਚ ਰਿਪੋਰਟ ਹਾਸਲ ਕਰਨ ਵਾਲਿਆਂ ਵਿੱਚ ਸ਼ਾਮਲ ਧਾਰਮਿਕ ਸਿੱਖ ਆਗੂ ਅਮਰੀਕ ਸਿੰਘ ਅਜਨਾਲਾ ਨੇ ਕਿਹਾ ਹੈ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਮੌਜੂਦਾ ਸਰਕਾਰ ਨੇ ਪਹਿਲੀ ਵਾਰ ਕਿਸੇ ਅਜਿਹੀ ਰਿਪੋਰਟ ਨੂੰ ਜਨਤਕ ਕੀਤਾ ਹੈ। 467 ਸਫ਼ਿਆਂ ਦੀ ਇਹ ਲੰਮੀ-ਚੌੜੀ ਰਿਪੋਰਟ ਹੈ ਅਤੇ ਇਸ ਉੱਪਰ ਕਿਸੇ ਵੀ ਕਿਸਮ ਦੀ ਟਿੱਪਣੀ ਅਸੀਂ ਇਸ ਨੂੰ ਪੂਰਨ ਤੌਰ ਉੱਪਰ ਵਾਚਣ ਮਗਰੋਂ ਹੀ ਕਰਨ ਦੇ ਸਮਰੱਥ ਹੋ ਸਕਾਂਗੇ। ਉਨਾਂ ਕਿਹਾ ਕਿ ਇਸ ਵਿੱਚ ਬਹਿਬਲ ਕਲਾਂ ਗੋਲੀ ਕਾਂਡ ਅਤੇ ਕੋਟਕਪੂਰਾ ਗੋਲੀ ਕਾਂਡ ਦਾ ਕੋਈ ਜ਼ਿਕਰ ਨਹੀਂ ਹੈ।ਅਮਰੀਕ ਸਿੰਘ ਅਜਨਾਲਾ ਨੇ ਕਿਹਾ ਕਿ ਪਿਛਲੇ ਸੱਤ ਵਰਿਆਂ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਸੰਦਰਭ ਵਿੱਚ ਸਮੇਂ ਦੀਆਂ ਸਰਕਾਰਾਂ ਵੱਲੋਂ ਕਈ ਵਿਸ਼ੇਸ਼ ਜਾਂਚ ਦਲ ਅਤੇ ਕਮਿਸ਼ਨ ਕਾਇਮ ਕੀਤੇ ਗਏ ਪਰ ਹਰ ਵਾਰ ਗੱਲ ਰੋਲ-ਘਚੋਲੇ ਵਿੱਚ ਹੀ ਪੈਂਦੀ ਰਹੀ।ਸਾਡੀਆਂ ਨਜ਼ਰਾਂ ਇਸ ਬੇਅਦਬੀ ਕਾਂਡ ਦੇ ਸਬੰਧ ਵਿੱਚ ਆਉਣ ਵਾਲੀ 29 ਜੁਲਾਈ ਉੱਪਰ ਟਿਕੀਆਂ ਹੋਈਆਂ ਹਨ ਕਿਉਂਕਿ ਇਸ ਦਿਨ ਹੀ ਮੁਲਜ਼ਮਾਂ ਖ਼ਿਲਾਫ਼ ਇਲਜ਼ਾਮ ਆਇਦ ਹੋਣੇ ਹਨ। ਉਸ ਦਿਨ ਮੁਲਜ਼ਮਾਂ ਬਾਰੇ ਸਮੁੱਚੀ ਤਸਵੀਰ ਸਾਫ ਹੋਣ ਦੀ ਸੰਭਾਵਨਾ ਹੈ।'



### ਰਿਪੋਰਟ ਉੱਪਰ ਸੁਆਲ ਉਠੇ

ਪੰਜਾਬ ਸਰਕਾਰ ਦੀ ਇਸ ਜਾਂਚ ਰਿਪੋਰਟ ਉੱਪਰ ਸਵਾਲ ਵੀ ਉੱਠਣੇ ਸ਼ੁਰੂ ਹੋ ਗਏ ਹਨ।ਬਹਿਬਲ ਕਲਾਂ ਗੋਲ਼ੀਕਾਂਡ ਵਿੱਚ ਪੁਲਿਸ ਦੀ ਗੋਲੀ ਨਾਲ ਆਪਣੀ ਜਾਨ ਗੁਆਉਣ ਵਾਲੇ ਪਿੰਡ ਨਿਆਮੀਵਾਲਾ ਦੇ ਵਸਨੀਕ ਕ੍ਰਿਸ਼ਨ ਭਗਵਾਨ ਸਿੰਘ ਦੇ ਪੁੱਤਰ ਸੁਖਰਾਜ ਸਿੰਘ ਨਿਆਮੀਵਾਲਾ ਨੇ ਇਸ ਰਿਪੋਰਟ ਨੂੰ ਕਥਿਤ ਤੌਰ 'ਤੇ ਲੋਕਾਂ ਨੂੰ 'ਗੁੰਮਰਾਹ' ਕਰਨ ਵਾਲੀ ਦੱਸਿਆ ਹੈ। ਸੁਖਰਾਜ ਸਿੰਘ ਨਿਆਮੀਵਾਲਾ ਬੇਅਦਬੀ ਕਾਂਡ ਅਤੇ ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀ ਕਾਂਡ ਨੂੰ ਲੈ ਕੇ ਪਿਛਲੇ ਲੰਮੇ ਸਮੇਂ ਤੋਂ ਬਹਿਬਲ ਕਲਾਂ ਵਿਖੇ ਬਠਿੰਡਾ-ਅੰਮ੍ਰਿਤਸਰ ਮੁੱਖ ਮਾਰਗ ਉੱਪਰ ਧਰਨੇ ਉਪਰ ਬੈਠੇ ਹੋਏ ਹਨ। ਕ੍ਰਿਸ਼ਨ ਭਗਵਾਨ ਸਿੰਘ ਅਤੇ ਗੁਰਜੀਤ ਸਿੰਘ 14 ਅਕਤੂਬਰ 2015 ਨੂੰ ਪੁਲਿਸ ਗੋਲੀ ਨਾਲ ਮਾਰੇ ਗਏ ਸਨ।

ਸੁਖਰਾਜ ਸਿੰਘ ਨਿਆਮੀਵਾਲਾ ਨੇ ਕਿਹਾ ਕਿ ਪੰਜਾਬ ਪੁਲਿਸ ਵੱਲੋਂ ਪਿਛਲੇ ਸਮੇਂ ਦੌਰਾਨ ਜਿਹੜੇ ਚਲਾਨ ਅਦਾਲਤ ਵਿੱਚ ਪੇਸ਼ ਕੀਤੇ ਗਏ ਸਨ, ਉਸ ਨੂੰ ਇਕ ਕਿਤਾਬ ਦੇ ਰੂਪ ਵਿਚ ਜਿਲਦਬੰਦ ਕਰਕੇ ਹੀ ਸਿੱਖ ਆਗੂਆਂ ਦੇ ਹਵਾਲੇ ਕੀਤਾ ਗਿਆ ਹੈ।

### ਕੀ ਕਹਿਣਾ ਹੈ ਡੇਰੇ ਦਾ

ਡੇਰਾ ਸੱਚਾ ਸੌਦਾ ਦੇ ਬੁਲਾਰੇ ਹਰਚਰਨ ਸਿੰਘ ਮੁਤਾਬਕ ਬੇਅਦਬੀ ਦੀਆਂ ਘਟਨਾਵਾਂ ਵਿਚ ਕਿਸੇ ਵੀ ਡੇਰਾ ਪ੍ਰੇਮੀ ਜਾਂ ਡੇਰੇ ਦਾ ਕੋਈ ਵੀ ਸੰਬੰਧ ਨਹੀਂ ਹੈ ਪਰ ਸਿਆਸੀ ਹਿੱਤਾਂ ਲਈ ਡੇਰੇ ਨੂੰ ਬਦਨਾਮ ਕੀਤਾ ਜਾ ਰਿਹਾ ਹੈ। ਉਨਾਂ ਕਿਹਾ, 'ਇਸ ਰਿਪੋਰਟ ਨਾਲ ਲੋਕ ਦੁਬਿਧਾ ਦਾ ਸ਼ਿਕਾਰ ਹੋ ਰਹੇ ਹਨ ਅਤੇ ਇਹ ਅਧੂਰੀ ਰਿਪੋਰਟ ਹੈ ਜਿਸ ਨੂੰ ਕਿਸੇ ਵੀ ਕਿਸਮ ਨਾਲ ਸਵੀਕਾਰ ਨਹੀਂ ਕੀਤਾ ਜਾ ਸਕਦਾ।'

### ਖਹਿਰਾ ਨੇ ਰਿਪੋਰਟ ਨੂੰ ਜਾਅਲੀ ਦੱਸਿਆ

ਭੁਲੱਥ ਤੋਂ ਕਾਂਗਰਸ ਪਾਰਟੀ ਦੇ ਵਿਧਾਇਕ ਸੁਖਪਾਲ ਖਹਿਰਾ ਨੇ ਕਿਹਾ ਕਿ ਬੇਅਦਬੀ ਮਾਮਲੇ ਦੀ ਬਰਗਾੜੀ ਕਾਂਡ ਦੀ ਜਿਹੜੀ ਜਾਂਚ ਰਿਪੋਰਟ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਜਾਰੀ ਕੀਤੀ ਗਈ ਹੈ ਉਹ ਜਾਅਲੀ ਹੈ, ਜਿਸ ਵਿਚ ਸਿੱਧੇ ਤੌਰ 'ਤੇ ਬਾਦਲਾਂ ਨੂੰ ਬਚਾਇਆ ਜਾ ਰਿਹਾ ਹੈ ਜੋ ਸਿੱਖ ਸੰਗਤ ਨੂੰ ਬਿਲਕੁਲ ਮਨਜ਼ੂਰ ਨਹੀਂ। ਉਨਾਂ ਕਿਹਾ ਕਿ ਬੇਸ਼ੱਕ ਇਸ ਰਿਪੋਰਟ ਵਿਚ ਡੇਰਾ ਸਿਰਸਾ ਮੁਖੀ ਰਾਮ ਰਹੀਮ ਨੂੰ ਨਾਮਜ਼ਦ ਕੀਤਾ ਗਿਆ ਪਰ 2015-2017 ਵਿਚ ਜਿਨਾਂ ਦੀ ਸਰਕਾਰ ਸੀ ਉਸ ਸਮੇਂ ਬੇਅਦਬੀ ਕਰਨ ਵਾਲੇ ਲੋਕਾਂ ਨੂੰ ਪਨਾਹ ਦਿੱਤੀ ਗਈ ਅਤੇ ਗੁਨਾਹ ਕਰਨ ਵਾਲਿਆਂ ਨੂੰ ਬਚਾਇਆ ਗਿਆ। ਉਨਾਂ ਕਿਹਾ ਕਿ ਡੇਰਾ ਮੁਖੀ ਰਾਮ ਰਹੀਮ ਨੇ ਗੁਰੂ ਗੋਬਿੰਦ ਸਿੰਘ ਵਰਗੀ ਪੁਸ਼ਾਕ ਪਾ ਕੇ ਉਨਾਂ ਨਾਲ ਤੁਲਨਾ ਕੀਤੀ ਸੀ ਪਰ ਇਸ ਸਬੰਧੀ ਕੇਸ ਵੀ ਸੁਖਬੀਰ ਸਿੰਘ ਬਾਦਲ ਨੇ ਵਾਪਸ ਲੈ ਲਿਆ। ਉਸ ਤੋਂ ਬਾਅਦ ਬਾਦਲ ਪਰਿਵਾਰ ਨੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ 'ਤੇ ਦਬਾਅ ਪਾ ਕੇ ਡੇਰਾ ਮੁਖੀ ਨੂੰ ਮੁਆਫ਼ੀ ਦਿਵਾਈ ਅਤੇ ਇਸ ਸਰਵਉੱਚ ਤਖ਼ਤ ਦੀ ਦੁਰਵਰਤੋਂ ਕੀਤੀ।

ਵਿਧਾਇਕ ਨੇ ਕਿਹਾ ਕਿ ਬੇਅਦਬੀ ਤੋਂ ਬਾਅਦ ਬਹਿਬਲ ਕਲਾਂ ਮੋਰਚੇ ਦੌਰਾਨ ਬਾਦਲਾਂ ਨੇ ਗੋਲੀ ਚਲਾਉਣ ਦੇ ਹੁਕਮ ਦਿੱਤੇ ਜਿਸ ਦਾ ਹਲਫ਼ੀਆ ਬਿਆਨ ਉਸ ਸਮੇਂ ਦੇ ਡੀਜੀਪੀ ਸੁਮੇਧ ਸੈਣੀ ਨੇ ਰਿਪੋਰਟ ਵਿਚ ਦਿੱਤਾ। ਖਹਿਰਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਪਿਛਲੀ ਕਾਂਗਰਸ ਸਰਕਾਰ ਦੌਰਾਨ ਕੈਪਟਨ ਅਮਰਿੰਦਰ ਸਿੰਘ 'ਤੇ ਦੋਸ਼ ਲਗਾਉਂਦੇ ਰਹੇ ਕਿ ਕਾਂਗਰਸ ਅਤੇ ਅਕਾਲੀ ਮਿਲੇ ਹੋਏ ਹਨ ਪਰ ਉਹ ਮੁੱਖ ਮੰਤਰੀ ਨੂੰ ਪੁੱਛਣਾ ਚਾਹੁੰਦੇ ਹਨ ਕਿ ਕੀ ਹੁਣ 'ਆਪ' ਅਤੇ ਅਕਾਲੀ ਦਲ ਆਪਸ ਵਿਚ ਰਲੇ ਹੋਏ ਹਨ। ਉਨਾਂ ਕਿਹਾ ਕਿ ਬੇਅਦਬੀ ਮਾਮਲੇ ਵਿਚ 'ਆਪ' ਸਰਕਾਰ ਵਲੋਂ ਬਾਦਲਾਂ ਨੂੰ ਬਚਾਇਆ ਜਾ ਰਿਹਾ ਹੈ।

## ਬੇਅਦਬੀ ਕਾਂਡ- ਕਦੋਂ ਕੀ ਹੋਇਆ ?

1 ਜੂਨ 2015 ਨੂੰ ਗੁਰੂ ਗ੍ਰੰਥ ਸਾਹਿਬ ਦੀ ਬੀੜ ਕੋਟਕਪੂਰਾ ਦੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਤੋਂ ਲਾਪਤਾ ਹੋਈ।

25 ਸਤੰਬਰ 2015 ਨੂੰ ਬਰਗਾੜੀ ਦੇ ਗੁਰਦੁਆਰਾ ਸਾਹਿਬ ਦੇ ਕੋਲ ਪੋਸਟਰ ਲਗਾ ਕੇ ਮਾੜੀ ਭਾਸ਼ਾ ਵਰਤੀ ਗਈ। ਪੋਸਟਰਾਂ ਵਿੱਚ ਚੋਰੀ ਹੋਏ ਸਰੂਪਾਂ ਵਿੱਚ ਡੇਰਾ ਸਿਰਸਾ ਦਾ ਹੱਥ ਹੋਣ ਦਾ ਦਾਅਵਾ ਕੀਤਾ ਗਿਆ ਤੇ ਸਿੱਖ ਸੰਸਥਾਵਾਂ ਨੂੰ ਖੁੱਲੀ ਚੁਣੌਤੀ ਦਿੱਤੀ ਗਈ।

12 ਅਕਤੂਬਰ 2015 – ਗੁਰੂ ਗ੍ਰੰਥ ਸਾਹਿਬ ਦੇ ਅੰਗ ਫਰੀਦਕੋਟ ਦੇ ਬਰਗਾੜੀ ਪਿੰਡ ਵਿੱਚੋਂ ਮਿਲੇ।

14 ਅਕਤੂਬਰ 2015 – ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਦੋਸ਼ੀਆਂ ਦੀ ਗ੍ਰਿਫਤਾਰੀ ਨੂੰ ਲੈ ਕੇ ਕੋਟਕਪੂਰਾ 'ਚ ਸਿੱਖ ਜਥੇਬੰਦੀਆਂ ਨੇ ਰੋਸ ਮੁਜ਼ਾਹਰਾ ਕੀਤਾ। ਇਸ ਦੌਰਾਨ ਪ੍ਰਦਰਸ਼ਨਕਾਰੀਆਂ ਨੂੰ ਖਦੇੜਨ ਲਈ ਪੁਲਿਸ ਨੇ ਲੋਕਾਂ ਉੱਤੇ ਲਾਠੀਚਾਰਜ ਕੀਤਾ।

ਇਸੇ ਦਿਨ ਬਹਿਬਲ ਕਲਾਂ ਵਿੱਚ ਸਿੱਖਾਂ ਅਤੇ ਪੁਲਿਸ ਵਿਚਾਲੇ ਹੋਈ ਝੜਪ ਵਿਚ ਪੁਲਿਸ ਵੱਲੋਂ ਚਲਾਈ ਗਈ ਗੋਲੀ ਵਿੱਚ ਦੋ ਸਿੱਖ ਨੌਜਵਾਨਾਂ ਕ੍ਰਿਸ਼ਨ ਭਗਵਾਨ ਸਿੰਘ ਅਤੇ ਗੁਰਜੀਤ ਸਿੰਘ ਦੀ ਮੌਤ ਹੋ ਗਈ।

ਇਸ ਮਾਮਲੇ ਨਾਲ ਜੁੜੇ ਇੱਕ ਮੁਲਜ਼ਮ ਮਹਿੰਦਰ ਬਿੱਟੂ ਦਾ ਜੂਨ 2019 ਵਿੱਚ ਜੇਲ ਵਿੱਚ ਕਤਲ ਕਰ ਦਿੱਤਾ ਗਿਆ ਸੀ।

18 ਅਕਤੂਬਰ 2015- ਤਤਕਾਲੀ ਅਕਾਲੀ ਭਾਜਪਾ ਸਰਕਾਰ ਨੇ ਏਡੀਜੀਪੀ ਇਕਬਾਲਪ੍ਰੀਤ ਸਿੰਘ ਸਹੋਤਾ ਦੀ ਅਗਵਾਈ ਵਿੱਚ ਐਸਆਈਟੀ ਕਾਇਮ ਕੀਤੀ।

26 ਅਕਤੂਬਰ 2015 – ਪੰਜਾਬ ਸਰਕਾਰ ਵੱਲੋਂ ਸਾਰੇ ਮਾਮਲੇ ਦੀ ਜਾਂਚ ਸੀਬੀਆਈ ਦੇ ਹਵਾਲੇ ਕਰ ਦਿੱਤੀ ਗਈ।

30 ਜੂਨ 2016- ਪੰਜਾਬ ਸਰਕਾਰ ਵੱਲੋਂ ਕਾਇਮ ਕੀਤੇ ਗਏ ਜ਼ੋਰਾ ਸਿੰਘ ਕਮਿਸਨ ਨੇ ਆਪਣੀ ਰਿਪੋਰਟ ਸਰਕਾਰ ਨੂੰ ਸੌਂਪੀ।

14 ਅਪ੍ਰੈਲ 2017- ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਸੇਵਾਮੁਕਤ ਜਸਟਿਸ ਰਣਜੀਤ ਸਿੰਘ ਦੀ ਅਗਵਾਈ ਵਿੱਚ ਜਾਂਚ ਕਮਿਸਨ ਬਿਠਾਇਆ।

30 ਜੂਨ 2017 – ਜਸਟਿਸ ਰਣਜੀਤ ਸਿੰਘ ਕਮਿਸਨ ਨੇ ਆਪਣੀ ਰਿਪੋਰਟ ਸਰਕਾਰ ਨੂੰ ਸੌਂਪੀ।

28 ਅਗਸਤ 2018 – ਜਸਟਿਸ ਰਣਜੀਤ ਸਿੰਘ ਕਮਿਸਨ ਦੀ ਰਿਪੋਰਟ ਪੰਜਾਬ ਵਿਧਾਨ ਸਭਾ ਵਿੱਚ ਰੱਖੀ ਗਈ।

10 ਸਤੰਬਰ 2018 – ਕੋਟਕਪੂਰਾ ਅਤੇ ਬਹਿਬਲ ਕਲਾਂ ਵਿੱਚ ਪੁਲਿਸ ਕਾਰਵਾਈ ਦੀ ਦੀ ਜਾਂਚ ਲਈ ਏਡੀਜੀਪੀ ਪ੍ਰਬੋਦ ਕੁਮਾਰ ਦੀ ਅਗਵਾਈ ਵਿੱਚ ਐਸਆਈਟੀ ਕਾਇਮ ਕੀਤੀ ਗਈ ?

9 ਦਸੰਬਰ 2018 – ਸਰਬੱਤ ਖਾਲਸਾ ਵੱਲੋਂ ਥਾਪੇ ਗਏ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਧਿਆਨ ਸਿੰਘ ਮੰਡ ਨੇ ਕਿਹਾ ਕਿ ਬਰਗਾੜੀ ਦਾ ਇਹ ਮੋਰਚਾ ਖ਼ਤਮ ਹੋਇਆ।

### ਮਾਮਲਾ ਬਠਿੰਡਾ ਜੇਲ੍ਹ ਵਿਚ ਅੰਮ੍ਰਿਤਧਾਰੀ ਨੌਜਵਾਨ ਦੇ ਕੇਸ ਕੱਟਣ ਦਾ

# ਸੰਬੰਧਤ ਜੇਲ੍ਹ ਅਧਿਕਾਰੀਆਂ ਵਿਰੁੱਧ ਧਾਰਾ 295 ਦਰਜ ਕਰਕੇ ਕਾਰਵਾਈ ਕੀਤੀ ਜਾਵੇ : ਮਾਨ

**ਫ਼ਤਹਿਗੜ੍ਹ ਸਾਹਿਬ/ਏ.ਟੀ.ਨਿਊਜ਼ :** 'ਬੀਤੇ 2-3 ਦਿਨ ਪਹਿਲੇ ਬਠਿੰਡਾ ਦੀ ਜੇਲ ਵਿਚ ਬੰਦੀ ਬਣਾਏ ਗਏ ਇਕ ਗੁਰਸਿੱਖ ਅੰਮ੍ਰਿਤਧਾਰੀ ਨੌਜਵਾਨ ਰਾਜਵੀਰ ਸਿੰਘ ਦੇ ਜੋ ਜੇਲ ਅਧਿਕਾਰੀਆਂ ਵੱਲੋਂ ਜ਼ਬਰੀ ਕੇਸ ਕੱਟਦੇ ਹੋਏ ਅਤੇ ਉਸ ਨੂੰ ਅਣਮਨੁੱਖੀ ਢੰਗ ਨਾਲ ਕੁੱਟਮਾਰ ਕਰਦੇ ਹੋਏ ਕਾਰਵਾਈ ਕੀਤੀ ਗਈ ਹੈ, ਉਸਨੇ ਦੇਸ਼-ਵਿਦੇਸ਼ ਵਿਚ ਵਿਚਰ ਰਹੇ ਸਿੱਖਾਂ ਦੇ ਮਨ-ਆਤਮਾ ਨੂੰ ਬਹੁਤ ਡੂੰਘੀ ਠੇਸ ਪਹੁੰਚਾਈ ਹੈ। ਜਦੋਂ ਕੋਈ ਮੁਜਰਿਮ ਜੇਲ ਵਿਚ ਚਲੇ ਜਾਂਦਾ ਹੈ ਤਾਂ ਉਸ ਉਤੇ ਜੇਲ ਅਧਿਕਾਰੀ ਜਾਂ ਪੁਲਿਸ ਕਿਸੇ ਤਰਾਂ ਦਾ ਤਸ਼ੱਦਦ-ਜੁਲਮ ਢਾਹੁਣ ਦਾ ਅਧਿਕਾਰ ਬਿਲਕੁਲ ਨਹੀ ਰੱਖਦੀ। ਕਿਉਂਕਿ ਉਸਦੇ ਸੰਬੰਧਤ ਕੇਸ ਦੀ ਸੁਣਵਾਈ ਕਰਨ ਵਾਲੀ ਅਦਾਲਤ ਅਤੇ ਜੱਜ ਨੇ ਸੱਚ-ਝੂਠ ਦੀਆਂ ਜ਼ਿਰਹਾ ਸੁਣਦੇ ਹੋਏ ਸਜ਼ਾ ਜਾਂ ਖਾਰਜ ਕਰਨ ਦਾ ਫੈਸਲਾ ਕਰਨਾ ਹੁੰਦਾ ਹੈ। ਬਹੁਤ ਦੁੱਖ ਅਤੇ ਅਫ਼ਸੋਸ ਹੈ ਕਿ ਜੇਲ ਅਧਿਕਾਰੀਆਂ ਨੇ ਕਾਨੂੰਨ ਆਪਣੇ ਹੱਥ ਵਿਚ ਲੈਂਦੇ ਹੋਏ ਸੰਬੰਧਤ ਉਪਰੋਕਤ ਸਿੱਖ ਨੌਜਵਾਨ ਨੂੰ ਕੇਵਲ ਅਣਮਨੁੱਖੀ ਗੈਰ ਵਿਧਾਨਿਕ ਢੰਗ ਨਾਲ ਕੁੱਟਮਾਰ ਹੀ ਨਹੀ ਕੀਤੀ, ਬਲਕਿ ਉਸਦੇ ਸਿੱਖ ਧਰਮ ਨਾਲ ਸੰਬੰਧਤ ਅਤਿ ਮਹੱਤਵਪੂਰਨ 'ਕੇਸਾਂ' ਦੀ ਬੇਅਦਬੀ ਕਰਦੇ ਹੋਏ ਜ਼ਬਰੀ ਕੱਟ ਦਿੱਤੇ ਹਨ ਜੋ ਸਿੱਖ ਕੌਮ ਲਈ ਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਲਈ ਅਸਹਿ ਹੈ। ਜਿਸਦੀ ਅਸੀਂ ਪੁਰਜੋਰ ਸ਼ਬਦਾਂ ਵਿਚ ਨਿੰਦਾ ਕਰਦੇ ਹੋਏ ਸਰਕਾਰ ਅਤੇ ਜੇਲ ਵਿਭਾਗ ਦੇ ਡੀਜੀਪੀ ਨੂੰ ਇਨਸਾਨੀਅਤ ਅਤੇ ਕਾਨੂੰਨੀ ਪ੍ਰਕਿਰਿਆ ਦੇ ਆਧਾਰ 'ਤੇ ਇਹ ਜੋਰਦਾਰ ਅਪੀਲ ਕਰਦੇ ਹਾਂ ਕਿ ਜਿਸ ਵੀ ਜੇਲ ਅਧਿਕਾਰੀ ਨੇ ਉਸਦੇ ਕੇਸ ਕੱਟੇ ਹਨ ਜਾਂ ਹੁਕਮ ਕੀਤੇ ਹਨ ਉਨਾਂ ਵਿਰੁੱਧ ਤੁਰੰਤ ਧਾਰਾ 295ਏ ਦਾ ਪਰਚਾ ਕੱਟ ਕੇ ਅਗਲੇਰੀ ਕਾਨੂੰਨੀ ਕਾਰਵਾਈ ਕਰਦੇ ਹੋਏ ਗ੍ਰਿਫਤਾਰ ਕੀਤਾ ਜਾਵੇ ਅਤੇ ਸੰਬੰਧਤ ਪੀੜਤ ਪਰਿਵਾਰ ਤੇ ਸਿੱਖ ਕੌਮ ਨੂੰ ਇਨਸਾਫ਼ ਦਿੱਤਾ ਜਾਵੇ।'

ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਕਾਕਾ ਰਾਜਵੀਰ ਸਿੰਘ ਨਾਲ ਬਠਿੰਡਾ ਜੇਲ ਅਧਿਕਾਰੀਆਂ ਵੱਲੋਂ ਕੀਤੇ ਗਏ ਅਣਮਨੁੱਖੀ ਦੁਰਵਿਹਾਰ ਵਿਰੁੱਧ ਸਖਤ ਨੋਟਿਸ ਲੈਂਦੇ ਹੋਏ ਅਤੇ ਤੁਰੰਤ ਦੋਸ਼ੀ ਜੇਲ ਅਧਿਕਾਰੀਆਂ ਵਿਰੁੱਧ ਕਾਨੂੰਨੀ ਪ੍ਰਕਿਰਿਆ ਕਰਨ ਦੀ ਮੰਗ ਕਰਦੇ ਹੋਏ ਪ੍ਰਗਟ ਕੀਤੇ। ਉਨਾਂ ਕਿਹਾ ਕਿ ਇਹ ਵੀ ਬਹੁਤ ਹੀ ਜ਼ਬਰ ਜੁਲਮ ਅਤੇ ਹਕੂਮਤੀ ਦਹਿਸ਼ਤ ਵਾਲੇ ਅਮਲ ਹੋ ਰਹੇ ਹਨ ਕਿ ਇਸ ਨੌਜਵਾਨ ਦੇ ਕੇਸ ਦੀ ਪੈਰਵੀ ਕਰਨ ਵਾਲੇ ਸਤਿਕਾਰਯੋਗ ਵਕੀਲ ਸ. ਹਰਪਾਲ ਸਿੰਘ ਖਾਰਾ ਨੇ ਜਦੋਂ ਅਦਾਲਤ ਨੂੰ ਪਹੁੰਚ ਕਰਦੇ ਹੋਏ ਉਪਰੋਕਤ ਪੀੜਤ ਨੌਜਵਾਨ ਦੀਆਂ ਸੱਟਾਂ ਨੂੰ ਅਦਾਲਤ ਵਿਚ ਦਿਖਾਉਣ ਦੀ ਗੱਲ ਕੀਤੀ ਅਤੇ ਉਸਦਾ ਮੈਡੀਕਲ ਕਰਵਾਉਣ ਦੀ ਅਪੀਲ ਕੀਤੀ ਤਾਂ ਜੋ ਪੁਲਿਸ ਅਧਿਕਾਰੀ ਕੁੱਟਮਾਰ ਕਰਨ ਉਪਰੰਤ ਵੀ ਉਸਦਾ ਹੋਰ ਪੁਲਿਸ ਰਿਮਾਂਡ ਲੈਣਾ ਚਾਹੁੰਦੇ ਸਨ, ਨਾ ਮਿਲਿਆ ਤਾਂ ਸੰਬੰਧਤ ਪੁਲਿਸ ਅਧਿਕਾਰੀਆਂ ਤੇ ਜੇਲ ਅਧਿਕਾਰੀਆਂ ਵੱਲੋਂ ਇਨਸਾਫ ਦੀ ਆਵਾਜ ਨੂੰ ਬਾਦਲੀਲ ਢੰਗ ਨਾਲ ਬੁਲੰਦ ਕਰਨ ਵਾਲੇ ਉਪਰੋਕਤ ਵਕੀਲ ਸ. ਹਰਪਾਲ ਸਿੰਘ ਖਾਰਾ ਨੂੰ ਵੀ ਸਿੱਧੇ ਜਾਂ ਅਸਿੱਧੇ ਤੌਰ 'ਤੇ ਧਮਕੀਆਂ ਆਉਣੀਆਂ ਸ਼ੁਰੂ ਹੋ ਗਈਆਂ ਕਿ ਉਹ ਇਸਦੀ ਪੈਰਵੀ ਨਾ ਕਰੇ। ਇਹ ਤਾਂ ਪ੍ਰਤੱਖ ਤੌਰ 'ਤੇ ਹਕੂਮਤੀ ਜ਼ਬਰ ਨਹੀਂ ਤਾਂ ਹੋਰ ਕੀ ਹੈ ? ਇਥੇ ਇਹ ਵੀ ਵਰਣਨ ਕਰਨਾ ਜ਼ਰੂਰੀ ਹੈ ਕਿ ਸੰਬੰਧਤ ਪੈਰਵੀ ਕਰਨ ਵਾਲੇ ਵਕੀਲ ਸ. ਹਰਪਾਲ ਸਿੰਘ ਖਾਰਾ ਨੇ ਕਿਸੇ ਵੀ ਪੁਲਿਸ ਧਮਕੀ ਦੀ ਪ੍ਰਵਾਹ ਨਾ ਕਰਦੇ ਹੋਏ ਆਪਣੀ ਜਿੰਮੇਵਾਰੀ ਇਮਾਨਦਾਰੀ ਤੇ ਦ੍ਰਿੜਤਾ ਨਾਲ ਨਿਭਾਉਣ ਦੀ ਗੱਲ ਕਰਦੇ ਹੋਏ ਜੋ ਕਿਹਾ ਹੈ ਕਿ ਜਿਵੇ ਬੀਤੇ ਸਮੇ ਵਿਚ ਪੁਲਿਸ ਅਤੇ ਹੁਕਮਰਾਨ ਸਾਡੀ ਸਿੱਖ ਨੌਜਵਾਨੀ ਨਾਲ ਜ਼ਬਰ ਜੁਲਮ ਕਰਦੇ ਹੋਏ, ਉਨਾਂ ਦੇ ਝੂਠੇ ਪੁਲਿਸ ਮੁਕਾਬਲੇ ਬਣਾਉਦੇ ਹੋਏ ਅਮਲ ਕਰਦੇ ਰਹੇ ਹਨ। ਉਸੇ ਤਰਾਂ ਦਾ ਮਾਹੌਲ ਇਥੋਂ ਦੀ ਪੁਲਿਸ, ਅਫਸਰਸ਼ਾਹੀ ਬਣਾਉਣ ਵਿਚ ਰੁੱਝੇ ਹੋਏ ਹਨ। ਉਨਾਂ ਸ਼ੰਕਾ ਪ੍ਰਗਟ ਕਰਦੇ ਹੋਏ ਕਿਹਾ ਕਿ ਫਿਰ ਤੋਂ ਝੂਠੇ ਪੁਲਿਸ ਮੁਕਾਬਲੇ ਅਤੇ ਵਕੀਲਾਂ ਨੂੰ ਵੀ ਨਿਸ਼ਾਨਾ ਬਣਾਉਣ ਵਾਲੀਆਂ ਕਾਰਵਾਈਆਂ ਹੋਣ ਤੋ ਇਨਕਾਰ ਨਹੀਂ ਕੀਤਾ ਜਾ ਸਕਦਾ। ਅਸੀਂ ਇਸ ਜ਼ਬਰ ਦੇ ਸੰਬੰਧ ਵਿਚ ਸੈਟਰ ਦੀ ਮੋਦੀ ਹਕੂਮਤ, ਪੰਜਾਬ ਦੀ ਭਗਵੰਤ ਸਿੰਘ ਮਾਨ ਹਕੂਮਤ, ਡੀਜੀਪੀ ਪੰਜਾਬ ਅਤੇ ਫਿਰਕੂ ਸੰਬੰਧਤ ਜਮਾਤਾਂ ਨੂੰ ਖ਼ਬਰਦਾਰ ਕਰਦੇ ਹਾਂ ਕਿ ਉਹ ਮੁੜਕੇ ਪੰਜਾਬ ਸੂਬੇ, ਪੰਜਾਬੀਆਂ ਅਤੇ ਸਿੱਖ ਕੌਮ ਨੂੰ ਮੰਦਭਾਵਨਾ ਅਧੀਨ ਉਸ ਪਾਸੇ ਨਾ ਲਿਜਾਣ ਤਾਂ ਬਿਹਤਰ ਹੋਵੇਗਾ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਤੇ ਸਿੱਖ ਕੌਮ ਅਜਿਹੀਆਂ ਪੰਜਾਬ ਵਿਰੋਧੀ ਸਾਜਿਸ਼ਾਂ ਨੂੰ ਬਿਲਕੁਲ ਸਹਿਣ ਨਹੀ ਕਰਾਂਗੇ ਅਤੇ ਅਸੀਂ ਆਪਣੀ ਨੌਜਵਾਨੀ ਅਤੇ ਪੜੇ-ਲਿਖੇ ਵਕੀਲਾਂ ਦੀਆਂ ਜਿੰਦਗਾਨੀਆਂ ਨੂੰ ਇਸ ਜਾਲਮ ਹਕੂਮਤ ਉਤੇ ਨਹੀਂ ਛੱਡ ਸਕਦੇ । ਅਜਿਹਾ ਨਾ ਹੋਵੇ ਕਿ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਤੇ ਸਮੁੱਚੀ ਸਿੱਖ ਕੌਮ ਨੂੰ ਫਿਰ ਵੱਡੀ ਲੜਾਈ ਲੜਨ ਲਈ ਮਜਬੂਰ ਹੋਣਾ ਪਵੇ। ਉਸ ਤੋਂ ਪਹਿਲੇ ਇਸ ਵਿਗੜਦੇ ਜਾ ਰਹੇ ਪੰਜਾਬ ਸੂਬੇ ਦੇ ਹਾਲਾਤਾਂ ਨੂੰ ਸੰਜੀਦਗੀ ਨਾਲ ਸਹੀ ਕਰ ਲੈਣ ਵਰਨਾ ਨਿਕਲਣ ਵਾਲੇ ਭਿਆਨਕ ਨਤੀਜਿਆਂ ਲਈ ਹੁਕਮਰਾਨ, ਜਾਬਰ ਪੁਲਿਸ ਅਫਸਰਸ਼ਾਹੀ ਅਤੇ ਪੱਖਪਾਤੀ ਫੈਸਲੇ ਕਰਨ ਵਾਲੀਆਂ ਅਦਾਲਤਾਂ ਸਿੱਧੇ ਤੌਰ 'ਤੇ ਜਿੰਮੇਵਾਰ ਹੋਣਗੀਆਂ।

## ਅਧੂਰੀ ਤੇ ਗਲਤੀਆਂ ਭਰਪੂਰ ਹੈ ਪੰਜਾਬ ਦੇ ਵਿਧਾਇਕਾਂ ਦੀ ਵੈਬਸਾਈਟ : ਡਾ. ਗੁਮਟਾਲਾ

**ਅੰਮ੍ਰਿਤਸਰ/ਏ.ਟੀ.ਨਿਊਜ਼ :-** ਕੰਪਿਊਟਰ ਯੁੱਗ ਵਿੱਚ ਵੈਬਸਾਈਟਾਂ ਦਾ ਬਹੁਤ ਮਹੱਤਵ ਹੈ। ਈ-ਮੇਲ ਰਾਹੀਂ ਤੁਸੀਂ ਆਪਣੀ ਚਿੱਠੀ ਇਕ ਬਟਨ ਪ੍ਰੈਸ ਕਰਨ ਨਾਲ ਦੁਨੀਆਂ ਵਿਚ ਕਿਸੇ ਜਗਾ ਬੈਠੇ ਵਿਅਕਤੀ ਨੂੰ ਭੇਜ ਸਕਦੇ ਹੋ। ਇਹੋ ਕਾਰਨ ਹੈ ਕਿ ਅੱਜ ਸਰਕਾਰਾਂ ਨੇ ਵੀ ਇਹ ਸਹੂਲਤ ਦਿੱਤੀ ਹੋਈ ਹੈ, ਪਰ ਜਦ ਅਸੀਂ ਪੰਜਾਬ ਦੇ ਵਿਧਾਇਕਾਂ ਦੀਆਂ ਵੈਬਸਾਈਟਾਂ ਉਪਰ ਝਾਤ ਮਾਰਦੇ ਹਾਂ ਤਾਂ ਵੈਬਸਾਈਟ ਵਿੱਚ ਕਿਸੇ ਕਿਸੇ ਦੀ ਈ-ਮੇਲ ਦਿੱਤੀ ਗਈ ਹੈ ਜਦਕਿ ਹਰੇਕ ਵਿਧਾਇਕ ਦੀ ਈ-ਮੇਲ ਚਾਹੀਦੀ ਹੈ। ਜਿਹੜੀਆਂ ਈ ਮੇਲਾਂ ਦਿੱਤੀਆਂ ਵੀ ਹੋਈਆਂ ਹਨ ਉਨਾਂ ਵਿੱਚੋਂ ਕਈਆਂ ਦੀਆਂ ਕੰਮ ਨਹੀਂ ਕਰਦੀਆਂ ਵਾਪਿਸ ਆ ਜਾਂਦੀਆਂ ਹਨ, ਜਿਵੇਂ ਕਿ ਸ੍ਰੀ ਅਮਨ ਅਰੋੜਾ ਦੀ। ਇਕ ਚੰਗੀ ਗੱਲ ਹੈ ਕਿ ਸਭ ਦੇ ਫੋਨ ਨੰਬਰ ਦਿੱਤੇ ਗਏ ਹਨ ਪਰ ਕਈਆਂ ਦੇ ਕੰਮ ਨਹੀਂ ਕਰਦੇ। ਸ੍ਰੀ ਕੁੰਵਰ ਵਿਜੈ ਪ੍ਰਤਾਪ ਸਿੰਘ ਦੀ ਕੋਈ ਈ-ਮੇਲ ਨਹੀਂ ਦਿੱਤੀ ਗਈ। ਜਿਹੜਾ ਫੋਨ ਨੰਬਰ ਦਿੱਤਾ ਗਿਆ ਹੈ, ਉਹ ਹਮੇਸ਼ਾ ਸਵਿੱਚ ਆਫ਼ ਆਉਂਦਾ ਹੈ। ਇਸ ਲਈ ਇਕ ਬਹੁਤ ਹੀ ਸੇਵਾਮੁਕਤ ਸੀਨੀਅਰ ਆਈ ਪੀ ਐਸ ਅਧਿਕਾਰੀ ਨਾਲ ਕਿਵੇਂ ਸੰਪਰਕ ਕੀਤਾ ਜਾਵੇ ? ਕਈ ਵਿਧਾਇਕਾਂ ਦੇ ਵੈਬਸਾਈਟ ਉਪਰ ਦਿੱਤੇ ਫੋਨ ਨੰਬਰ ਉਪਰ ਜਦ ਫੋਨ ਕਰੀਦਾ ਹੈ ਤਾਂ ਉਨਾਂ ਨੇ ਪੀ ਏ ਰੱਖੇ ਹੋਏ ਹਨ, ਉਹ ਫੋਨ ਚੁਕ ਲੈਂਦੇ ਹਨ। ਬਹੁਤ ਸਾਰੇ ਸੂਝਵਾਨ ਵਿਧਾਇਕਾਂ ਦੇ ਦਿੱਤੇ ਹੋਏ ਫੋਨ ਉਪਰ ਉਨਾਂ ਦਾ ਵਟਸਐਪ ਵੀ ਹੈ, ਜਿਸ 'ਤੇ ਕੋਈ ਵੀ ਆਪਣਾ ਸੰਦੇਸ਼ ਭੇਜ ਸਕਦਾ ਹੈ।

ਇਸ ਸਬੰਧੀ ਪ੍ਰੈਸ ਨੂੰ ਜਾਰੀ ਬਿਆਨ ਵਿੱਚ ਅੰਮ੍ਰਿਤਸਰ ਵਿਕਾਸ ਮੰਚ ਦੇ ਸਰਪ੍ਰਸਤ ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਕਿਹਾ ਕਿ



ਉਹ 2012 ਤੋਂ ਪੰਜਾਬ ਲਾਇਬ੍ਰੇਰੀ ਐਕਟ ਪਾਸ ਕਰਵਾਉਣ ਲਈ ਚਿੱਠੀ ਪੱਤਰ ਲਿਖਣ ਤੋਂ ਇਲਾਵਾ ਈ-ਮੇਲਾਂ ਭੇਜਦੇ ਰਹਿੰਦੇ ਹਨ। ਹੁਣ ਵੀ ਉਨਾਂ ਨੇ ਅਜਲਾਸ ਤੋਂ ਪਹਿਲਾਂ ਮੁੱਖ-ਮੰਤਰੀ, ਉਚੇਰੀ ਸਿੱਖਿਆ ਮੰਤਰੀ, ਸਪੀਕਰ ਤੋਂ ਇਲਾਵਾ ਸ੍ਰੀ ਅਮਨ ਅਰੋੜਾ, ਵਿਧਾਇਕਾ ਸ੍ਰੀਮਤੀ ਜੀਵਨਜੋਤ ਕੌਰ, ਸ. ਪ੍ਰਤਾਪ ਸਿੰਘ ਬਾਜਵਾ ਤੇ ਸ. ਸੁਖਪਾਲ ਖਹਿਰਾ ਨੂੰ ਈ-ਮੇਲ ਭੇਜੀ ਸੀ ਕਿ ਪਿਛਲੇ ਕਈ ਸਾਲਾਂ ਖਰੜਾ ਮਿੱਟੀ ਘੱਟਾ ਫੱਕ ਰਿਹਾ ਹੈ, ਪੰਜਾਬ ਸਰਕਾਰ ਨੂੰ ਕਹੋ ਕਿ ਇਸ ਨੂੰ ਹਿਲਾਵੇ ਤੇ ਮੌਜੂਦਾ ਅਜਲਾਸ ਵਿੱਚ ਇਸ ਨੂੰ ਪਾਸ ਕਰੇ ਤਾਂ ਜੋ ਪਿੰਡਾਂ ਤੇ ਸ਼ਹਿਰਾਂ ਵਿੱਚ ਲਾਇਬ੍ਰੇਰੀਆਂ ਦਾ ਜਾਲ ਵਿੱਛ ਸਕੇ। ਮੁੱਖ ਮੰਤਰੀ, ਸਪੀਕਰ, ਸ੍ਰੀ ਅਮਨ ਅਰੋੜਾ, ਉਚੇਰੀ ਸਿੱਖਿਆ ਮੰਤਰੀ ਜਿਨਾਂ ਨੇ ਇਹ ਕਾਨੂੰਨ ਬਣਾਉਣਾ ਹੈ ਕਿਸੇ ਦਾ ਜੁਆਬ ਨਹੀਂ ਆਇਆ। ਹਾਂ ਸ੍ਰੀਮਤੀ ਜੀਵਨਜੋਤ ਕੌਰ ਅਤੇ ਵਿਰੋਧੀ ਧਿਰ ਦੇ ਨੇਤਾ ਸ. ਪ੍ਰਤਾਪ ਸਿੰਘ ਬਾਜਵਾ ਤੇ ਸ. ਸੁਖਪਾਲ ਸਿੰਘ ਖਹਿਰਾ ਦਾ ਜੁਆਬ ਜਰੂਰ ਆਇਆ ਹੈ। ਉਨਾਂ ਦਾ ਕਹਿਣਾ ਸੀ ਕਿ ਉਹ ਜਰੂਰ ਆਵਾਜ਼ ਉਠਾਣਗੇ।

ਮੰਚ ਆਗੂ ਨੇ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਜਿੱਥੇ ਵੈਬਸਾਈਟ ਉਪਰ ਈ ਮੇਲ ਤੇ ਫੋਨ ਨੰਬਰ ਠੀਕ ਦਿੱਤੇ ਜਾਣ, ਉਥੇ ਹਰੇਕ ਵਿਧਾਇਕ ਦੇ ਪੀ ਏ ਦੀ ਈ ਮੇਲ ਤੇ ਫੋਨ ਨੰਬਰ ਵੀ ਦਿੱਤੇ ਜਾਣ। ਵਿਧਾਇਕਾਂ ਦੇ ਰੁਝੇਵੇਂ ਜਿਆਦਾ ਹੋਣ ਕਰਕੇ ਉਹ ਫੋਨ ਨਹੀਂ ਚੁੱਕਦੇ ਜਾਂ ਉਨਾਂ ਦਾ ਫੋਨ ਰੁਝਿਆ ਹੋਇਆ ਮਿਲਦਾ ਹੈ। ਦੂਜਾ, ਕੋਈ ਵਿਧੀ ਵਿਧਾਨ ਬਣਾਇਆ ਜਾਵੇ ਜਿਸ ਵਿੱਚ ਹਰੇਕ ਪੱਤਰ ਦਾ ਜੁਆਬ ਦੇਣਾ ਜ਼ਰੂਰੀ ਕੀਤਾ ਜਾਵੇ ਤੇ ਇਸ ਲਈ ਸਮਾਂ ਨਿਰਧਾਰਿਤ ਕੀਤਾ ਜਾਵੇ। ਜੇ ਉਸ ਸਮੇਂ ਤੀਕ ਸਬੰਧਿਤ ਅਧਿਕਾਰੀ ਜੁਆਬ ਨਹੀਂ ਦੇਂਦਾ ਤਾਂ ਉਸ ਨੂੰ ਜੁਰਮਾਨਾ ਕੀਤਾ ਜਾਵੇ।


CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us


## ਲਾਰੈਂਸ-ਰਿੰਦਾ ਗਰੋਹ ਦੇ 11 ਮੈਂਬਰ ਫੜੇ

**✪ ਹਥਿਆਰ ਤੇ 5 ਵਾਹਨ ਬਰਾਮਦ ✪ -ਰਿੰਦਾ ਦੇ ਇਸ਼ਾਰੇ 'ਤੇ ਗੋਲਡੀ ਬਰਾੜ ਦਾ ਸਾਥੀ ਵਿਕਰਮ ਬਰਾੜ ਚਲਾ ਰਿਹਾ ਸੀ ਗਰੋਹ : ਏਡੀਜੀਪੀ**

**ਚੰਡੀਗੜ੍ਹ/ਏ.ਟੀ.ਨਿਊਜ਼ :-** ਪੰਜਾਬ ਪੁਲਿਸ ਵੱਲੋਂ ਸੂਬੇ ਵਿੱਚ ਗੈਂਗਸਟਰਾਂ ਖ਼ਿਲਾਫ਼ ਸ਼ੁਰੂ ਕੀਤੀ ਮੁਹਿੰਮ ਤਹਿਤ ਕਾਰਵਾਈ ਕਰਦਿਆਂ ਪੁਲਿਸ ਨੇ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਹਰਵਿੰਦਰ ਰਿੰਦਾ ਗਰੋਹ ਦੇ 11 ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਨੇ ਗਰੋਹ ਦੇ ਮੈਂਬਰਾਂ ਤੋਂ 9 ਹਥਿਆਰ ਅਤੇ ਪੰਜ ਖੋਹੇ ਹੋਏ ਵਾਹਨ ਬਰਾਮਦ ਕੀਤੇ ਹਨ। ਇਸ ਗੱਲ ਦਾ ਖੁਲਾਸਾ ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐੱਫ) ਦੇ ਏਡੀਜੀਪੀ ਪ੍ਰਮੋਦ ਬਾਨ ਨੇ ਕੀਤਾ। ਸ੍ਰੀ ਬਾਨ ਨੇ ਦੱਸਿਆ ਕਿ ਇਹ ਕਾਰਵਾਈ ਜਲੰਧਰ ਦਿਹਾਤੀ ਪੁਲਿਸ ਨੇ ਕੀਤੀ ਹੈ।

ਮੁਲਜ਼ਮਾਂ ਦੀ ਪਛਾਣ ਮੁਹੰਮਦ ਯਾਸੀਨ ਅਖਤਰ ਉਰਫ ਜੈਸੀ ਪੁਰੇਵਾਲ, ਅੰਕੁਸ਼ ਸੱਭਰਵਾਲ, ਅਮਨਦੀਪ, ਸ਼ਿਵ ਕੁਮਾਰ ਤੇ ਵਿਸ਼ਾਲ ਵਾਸੀ ਜਲੰਧਰ, ਸਾਗਰ ਸਿੰਘ ਵਾਸੀ ਮੁਹਾਲੀ, ਅਮਰ ਮਲਿਕ ਵਾਸੀ ਲੁਧਿਆਣਾ, ਸੁਮਿਤ ਜਸਵਾਲ ਉਰਫ ਕਾਕੂ, ਅਰੁਣ ਕੁਮਾਰ ਵਾਸੀ ਊਨਾ (ਹਿਮਾਚਲ ਪ੍ਰਦੇਸ਼), ਅਨੂ ਵਾਸੀ ਕਪੂਰਥਲਾ ਵਜੋਂ ਹੋਈ। ਇਹ ਗਰੋਹ ਪੰਜਾਬ ਅਤੇ ਗੁਆਂਢੀ ਸੂਬਿਆਂ ਵਿੱਚ ਸਰਗਰਮ ਸੀ, ਜਿਸ ਦੇ ਖ਼ਿਲਾਫ਼ ਕਤਲ, ਇਰਾਦਾ ਕਤਲ, ਡਕੈਤੀ, ਫਿਰੌਤੀ ਅਤੇ ਨਸ਼ਾ ਤਸਕਰੀ ਦੇ 65 ਕੇਸ ਦਰਜ ਹਨ।

ਏਡੀਜੀਪੀ ਨੇ ਕਿਹਾ ਕਿ ਗਰੋਹ ਨੂੰ ਹਰਵਿੰਦਰ ਸਿੰਘ ਰਿੰਦਾ ਦੇ ਇਸ਼ਾਰੇ 'ਤੇ ਗੋਲਡੀ ਬਰਾੜ ਦਾ ਸਾਥੀ ਵਿਕਰਮ ਬਰਾੜ ਚਲਾ ਰਿਹਾ ਸੀ। ਇਹ ਸਾਰੇ ਵੱਡੀਆਂ ਘਟਨਾਵਾਂ ਨੂੰ ਅੰਜਾਮ ਦੇਣ ਦੀ ਤਾਕ ਵਿੱਚ ਸਨ। ਐੱਸਐੱਸਪੀ ਸਵਪਨ ਸ਼ਰਮਾ ਨੇ ਦੱਸਿਆ ਕਿ ਬਰਾੜ ਅਤੇ ਲਾਰੈਂਸ ਦਾ ਨੇੜਲਾ ਸਾਥੀ ਮੁਹੰਮਦ ਯਾਸੀਨ ਸਾਲ ਤੋਂ ਲਾਪਤਾ ਹੈ, ਜੋ 16 ਅਪਰਾਧਿਕ ਮਾਮਲਿਆਂ ਵਿੱਚ ਸ਼ਾਮਲ ਰਿਹਾ ਹੈ। ਅੰਕੁਸ਼ ਸਭਰਵਾਲ ਖ਼ਿਲਾਫ਼ ਛੇ ਕੇਸ ਦਰਜ ਹਨ, ਜੋ 2014 ਵਿੱਚ ਨਕੋਦਰ ਦੇ ਆਈਲੈਟਸ ਸੈਂਟਰ ਦਾ ਵਿਦਿਆਰਥੀ ਸੀ ਅਤੇ ਮਹਾਰਾਸ਼ਟਰ ਦੇ ਸੌਰਵ ਮਹਾਕਾਲ ਨੂੰ ਪਨਾਹ ਦਿੱਤੀ ਸੀ। ਇਸੇ ਤਰਾਂ ਗਰੋਹ ਦੇ ਹੋਰਨਾਂ ਮੈਂਬਰਾਂ ਖ਼ਿਲਾਫ਼ ਵੀ ਕਈ ਕੇਸ ਦਰਜ ਹਨ। ਜ਼ਿਕਰਯੋਗ ਹੈ ਕਿ ਪਿਛਲੇ ਦੋ ਮਹੀਨਿਆਂ ਦੌਰਾਨ ਜਲੰਧਰ ਦਿਹਾਤੀ ਪੁਲਿਸ ਨੇ ਸੂਬੇ ਭਰ ਵਿੱਚ ਵੱਖ-ਵੱਖ ਜੇਲਾਂ 'ਚ ਬੰਦ ਗੈਂਗਸਟਰਾਂ ਨਾਲ ਸਬੰਧਤ 32 ਮੈਂਬਰਾਂ ਨੂੰ ਗ੍ਰਿਫਤਾਰ ਕਰਕੇ 38 ਹਥਿਆਰ ਬਰਾਮਦ ਕੀਤੇ ਹਨ।

## ਲਾਲੂ ਪ੍ਰਸਾਦ ਦੀ ਪੌੜੀਆਂ ਤੋਂ ਫਿਸਲਣ ਕਾਰਨ ਸੱਜੇ ਮੋਢੇ ਦੀ ਹੱਡੀ ਟੁੱਟੀ

**ਪਟਨਾ/ਏ.ਟੀ.ਨਿਊਜ਼ :-** ਬਿਹਾਰ ਦੇ ਸਾਬਕਾ ਮੁੱਖ ਮੰਤਰੀ ਤੇ ਆਰ.ਜੇ.ਡੀ. ਦੇ ਪ੍ਰਧਾਨ ਲਾਲੂ ਪ੍ਰਸਾਦ ਯਾਦਵ ਲੰਘੇ ਐਤਵਾਰ ਨੂੰ ਆਪਣੀ ਰਿਹਾਇਸ਼ 'ਤੇ ਪੌੜੀਆਂ ਤੋਂ ਫਿਸਲਣ ਕਾਰਨ ਜ਼ਖ਼ਮੀ ਹੋ ਗਏ, ਉਹ ਪੌੜੀਆਂ ਤੋਂ ਉਤਰਨ ਸਮੇਂ ਆਪਣਾ ਸੰਤੁਲਨ ਗੁਆ ਬੈਠੇ ਸਨ। ਉਨਾਂ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਜਿਥੇ ਐਮ.ਆਰ.ਆਈ. ਟੈਸਟ ਤੋਂ ਬਾਅਦ ਪਤਾ ਲੱਗਾ ਕਿ ਉਨਾਂ ਦੇ ਸੱਜੇ ਮੋਢੇ ਦੀ ਹੱਡੀ ਟੁੱਟ ਗਈ ਹੈ। ਉਹ ਪਹਿਲਾਂ ਹੀ ਕਈ ਬਿਮਾਰੀਆਂ ਤੋਂ ਪੀੜਤ ਹਨ ਤੇ ਉਨਾਂ ਦੇ ਦੋਵੇਂ ਗੁਰਦੇ ਪੂਰੀ ਤਰਾਂ ਨਾਲ ਕੰਮ ਨਹੀਂ ਕਰਦੇ।

# ਮੋਦੀ ਸਰਕਾਰ ਕਾਰਣ ਰਵੀ ਸਿੰਘ ਖ਼ਾਲਸਾ ਦੇ ਟਵਿੱਟਰ ਅਕਾਊਂਟ ਉਪਰ ਪਾਬੰਦੀ

ਕਿਸਾਨ ਅੰਦੋਲਨ ਦੌਰਾਨ ਸੇਵਾ ਖੇਤਰ ਵਿਚ ਸਰਗਰਮ ਭੂਮਿਕਾ ਨਿਭਾਉਣ ਵਾਲੀ ਸੰਸਥਾ ਖ਼ਾਲਸਾ ਏਡ ਦੇ ਸੰਸਥਾਪਕ ਰਵੀ ਸਿੰਘ ਖ਼ਾਲਸਾ ਦੇ ਟਵਿੱਟਰ ਅਕਾਊਂਟ 'ਤੇ ਕੇਂਦਰ ਸਰਕਾਰ ਨੇ ਭਾਰਤ ਵਿਚ ਪਾਬੰਦੀ ਲਗਾ ਦਿੱਤੀ ਹੈ । ਇਹ ਜਾਣਕਾਰੀ ਖ਼ੁਦ ਰਵੀ ਸਿੰਘ ਖ਼ਾਲਸਾ ਨੇ ਫੇਸਬੁੱਕ ’ਤੇ ਪਾਈ ਇਕ ਪੋਸਟ ਰਾਹੀਂ ਸਾਂਝੀ ਕੀਤੀ। ਰਵੀ ਸਿੰਘ ਖ਼ਾਲਸਾ ਨੇ ਪਾਬੰਦੀ ਲੱਗਣ ਦੀ ਜਾਣਕਾਰੀ ਦੇਣ ਦੇ ਨਾਲ ਕੇਂਦਰ ਸਰਕਾਰ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਇਹ ਹੈ ਭਾਜਪਾ ਦੇ ਰਾਜ ਵਿਚ ਲੋਕਤੰਤਰ ਦਾ ਅਸਲੀ ਚਿਹਰਾ। ਉਨਾਂ ਕਿਹਾ ਕਿ ਸਿੱਖਾਂ ਦੇ ਸੋਸ਼ਲ ਮੀਡੀਆ ਅਕਾਊਂਟਾਂ ‘ਤੇ ਪਾਬੰਦੀਆਂ ਲਗਾਉਣ ਨਾਲ ਸਾਨੂੰ ਆਪਣੀ ਆਵਾਜ਼ ਚੁੱਕਣ ਤੋਂ ਨਹੀਂ ਰੋਕਿਆ ਜਾ ਸਕਦਾ। ਅਸੀਂ ਹੋਰ ਉੱਚੀਆਂ ਆਵਾਜ਼ਾਂ ਉਠਾਵਾਂਗੇ। ਰਵੀ ਸਿੰਘ ਖ਼ਾਲਸਾ ਦੇ ਸੋਸ਼ਲ ਮੀਡੀਆ ਅਕਾਊਂਟ ’ਤੇ ਪਾਬੰਦੀ ਉਸ ਵੇਲੇ ਲਗਾਈ ਗਈ ਹੈ ਜਦੋਂ ਇਸ ਤੋਂ ਕੁਝ ਦਿਨ ਪਹਿਲਾਂ ਹੀ ਖੇਤੀ ਕਾਨੂੰਨਾਂ ਦੇ ਵਿਰੋਧ ਵਿਚ ਬਣਾਏ ਗਏ ਕਿਸਾਨਾਂ ਦੇ ਦੋ ਅਕਾਊਂਟਾਂ ’ਤੇ ਪਾਬੰਦੀ ਲਗਾਈ ਗਈ ਅਤੇ ਸਰਕਾਰ ਵਲੋਂ ਕਾਨੂੰਨੀ ਸ਼ਿਕਾਇਤ ਦਰਜ ਕਰਵਾਉਣ ਤੋਂ ਬਾਅਦ ਯੂ-ਟਿਊਬ ਨੇ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਗਾਣੇ ਐਸ. ਵਾਈ. ਐਲ. ’ਤੇ ਪਾਬੰਦੀ ਲਗਾ ਦਿੱਤੀ ਸੀ। ਕੇਂਦਰ ਸਰਕਾਰ ਨੇ 27 ਜੂਨ ਨੂੰ ਸੰਯੁਕਤ ਕਿਸਾਨ ਮੋਰਚਾ ਜੋ ਕਿ ਖੇਤੀ ਕਾਨੂੰਨਾਂ ਦੇ ਵਿਰੋਧ ਵਿਚ ਇਕਜੁੱਟ ਹੋਈਆਂ 41 ਕਿਸਾਨ ਸੰਸਥਾਵਾਂ ਦਾ ਅਧਿਕਾਰਕ ਮੰਚ ਸੀ, ਦੇ ਟਵਿੱਟਰ ਹੈਂਡਲ ਕਿਸਾਨ ਏਕਤਾ ਮੰਚ ਅਤੇ ‘ਟਰੈਕਟਰ ਟੂ ਟਵਿੱਟਰ’ ’ਤੇ ਪਾਬੰਦੀ ਲਗਾਈ ਸੀ । ਰਵੀ ਸਿੰਘ ਖ਼ਾਲਸਾ ਵਲੋਂ ਫੇਸਬੁੱਕ ’ਤੇ ਜਾਣਕਾਰੀ ਸਾਂਝੀ ਕਰਨ ਤੋਂ ਬਾਅਦ ਟਵਿੱਟਰ ’ਤੇ ਉਨਾਂ ਦੇ ਸਮਰਥਕ ਅਤੇ ਕਿਸਾਨਾਂ ਵਲੋਂ ਤਿੱਖੇ ਪ੍ਰਤੀਕਰਮ ਕੀਤੇ ਜਾ ਰਹੇ ਹਨ। ਟਵਿੱਟਰ ’ਤੇ ਉਨਾਂ ਦੇ ਸਮਰਥਕਾਂ ਵਲੋਂ ਸਰਕਾਰ ਨੂੰ ਨਿਸ਼ਾਨੇ ’ਤੇ ਲੈਂਦਿਆਂ ਇਸ ਕਦਮ ਨੂੰ ਤਾਨਾਸ਼ਾਹੀ ਕਰਾਰ ਦਿੱਤਾ ਜਾ ਰਿਹਾ ਹੈ ।ਸਮਰਥਕਾਂ ਵਲੋਂ ਇਸ ਨੂੰ ਸ਼ਰਮਨਾਕ, ਲੋਕਤੰਤਰ ਲਈ ਖ਼ਤਰਾ ਅਤੇ ਬੋਲਣ ਦੀ ਅਜ਼ਾਦੀ ’ਤੇ ਹਮਲਾ ਦੱਸਦਿਆਂ ਇਹ ਵੀ ਕਿਹਾ ਕਿ ਸੁਪਰੀਮ ਕੋਰਟ ਵਲੋਂ ਨੂਪੁਰ ਸ਼ਰਮਾ ਦੇ ਬਿਆਨ ’ਤੇ ਏਨੀਆਂ ਤਿੱਖੀਆਂ ਟਿੱਪਣੀਆਂ ਕਰਨ ਤੋਂ ਬਾਅਦ ਵੀ ਉਸ ਦਾ ਟਵਿੱਟਰ ਅਕਾਊਂਟ ਚਾਲੂ ਹੈ, ਜਦਕਿ ਰਵੀ ਸਿੰਘ ਖ਼ਾਲਸਾ ਦਾ ਟਵਿੱਟਰ ਅਕਾਊਂਟ ਬੰਦ ਕਰ ਦਿੱਤਾ ਗਿਆ ਹੈ । ਹੈਰਾਨੀ ਦੀ ਗੱਲ ਹੈ ਕਿ ਰਵੀ ਸਿੰਘ ਨੇ ਕਦੇ ਭੜਕਾਊ ਨਹੀਂ ਲਿਖਿਆ। ਇਸਦੇ ਬਾਵਜੂਦ ਇਹ ਪਾਬੰਦੀ ਲਗਾਉਣਾ ਜਮਹੂਰੀ ਅਧਿਕਾਰਾਂ ਦੀ ਉਲੰਘਣਾ ਹੈ।

**ਦਰਪਣ ਝੂਠ ਨਹੀਂ ਬੋਲਦਾ**

### ਬੇਚੈਨ ਏ ਪੰਜਾਬ ਦਾ ਯੂਥ

ਕੁਝ ਦਿਨ ਪਹਿਲਾਂ ਮੋਗਾ ਜ਼ਿਲੇ ਦੇ ਇਕ ਪਿੰਡ ਦੀ ਵਿਦਿਆਰਥਣ ਦੁਆਰਾ ਆਈਲੈਟਸ ਦਾ ਇਮਤਿਹਾਨ ਪਾਸ ਨਾ ਕਰ ਸਕਣ ਕਾਰਨ ਕੀਤੀ ਖ਼ੁਦਕੁਸ਼ੀ ਦਾ ਦੁਖਾਂਤ ਵਾਪਰਿਆ। ਕੋਈ ਵੀ ਹੀਲਾ-ਵਸੀਲਾ ਵਰਤ ਕੇ ਪੰਜਾਬ ਦੀ ਧਰਤੀ ਨੂੰ ਛੱਡ ਕੇ ਪਰਵਾਸ ਕਰਨਾ ਪੰਜਾਬ ਦੀ ਬੇਚੈਨ ਆਤਮਾ ਦਾ ਚਿੰਨ ਬਣ ਗਿਆ ਹੈ। 2021 ਵਿਚ ਲੋਕ ਸਭਾ ਵਿਚ ਦਿੱਤੇ ਗਏ ਇਕ ਜਵਾਬ ਵਿਚ ਕੇਂਦਰ ਸਰਕਾਰ ਨੇ ਦੱਸਿਆ ਸੀ ਕਿ ਪੰਜਾਬ ਅਤੇ ਚੰਡੀਗੜ ਤੋਂ 2016 ਤੋਂ 2021 ਵਿਚਕਾਰ 9.84 ਲੱਖ ਲੋਕਾਂ ਨੇ ਪਰਵਾਸ ਕੀਤਾ ਜਿਨਾਂ ਵਿਚੋਂ 3.79 ਲੱਖ ਵਿਦਿਆਰਥੀ ਸਨ ਅਤੇ 6 ਲੱਖ ਤੋਂ ਜ਼ਿਆਦਾ ਵਿਅਕਤੀਆਂ ਨੂੰ ਕੰਮ ਕਰਨ ਦੇ ਆਧਾਰ ’ਤੇ ਵੀਜ਼ਾ ਮਿਲਿਆ ਸੀ। 2021 ਵਿਚ ਹੀ ਰਾਜ ਸਭਾ ਵਿਚ ਪੁੱਛੇ ਇਕ ਪ੍ਰਸ਼ਨ ਦੇ ਉੱਤਰ ਵਿਚ ਕੇਂਦਰ ਸਰਕਾਰ ਨੇ ਦੱਸਿਆ ਸੀ ਕਿ 2016 ਵਿਚ ਪੰਜਾਬ ਦੇ 36,000 ਵਿਦਿਆਰਥੀਆਂ ਨੇ ਪੜਾਈ ਕਰਨ ਲਈ ਵਿਦੇਸ਼ਾਂ ਦਾ ਵੀਜ਼ਾ ਲਿਆ ਜਦੋਂਕਿ 2019 ਵਿਚ ਇਹ ਗਿਣਤੀ 73,000 ਤੱਕ ਪਹੁੰਚ ਗਈ। 2020 ਵਿਚ ਜਦੋਂ ਸਾਰੀ ਦੁਨੀਆ ਕਰੋਨਾ ਤੋਂ ਪ੍ਰਭਾਵਿਤ ਸੀ, ਤਦ ਵੀ 38,000 ਪੰਜਾਬੀ ਵਿਦਿਆਰਥੀ ਪੜਾਈ ਆਧਾਰਿਤ ਵੀਜ਼ਾ ਲੈ ਕੇ ਵਿਦੇਸ਼ਾਂ ਨੂੰ ਗਏ। 2021 ਤੇ 2022 ਵਿਚ ਇਹ ਗਿਣਤੀ ਬਹੁਤ ਵਧ ਗਈ ਹੈ ਅਤੇ ਮਾਹਿਰਾਂ ਅਨੁਸਾਰ 2022 ਵਿਚ ਪੜਾਈ ਲਈ ਵਿਦੇਸ਼ਾਂ ਵਿਚ ਜਾਣ ਵਾਲੇ ਪੰਜਾਬੀ ਵਿਦਿਆਰਥੀਆਂ ਦੀ ਗਿਣਤੀ ਦੋ ਤੋਂ ਚਾਰ ਗੁਣਾ ਤੱਕ ਵਧਣ ਦੇ ਅਨੁਮਾਨ ਹਨ।

ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਨਾਲ ਸਿਆਸੀ ਅਤੇ ਪ੍ਰਸ਼ਾਸਕੀ ਜਮਾਤ ਦੀ ਰਿਸ਼ਵਤਖ਼ੋਰੀ ਦੇ ਕੁਝ ਮਾਮਲੇ ਸਾਹਮਣੇ ਆਏ ਹਨ ਪਰ ਜਾਣਕਾਰਾਂ ਅਨੁਸਾਰ ਇਹ ਤਾਂ ਅਜੇ ਗੋਹੜੇ ਵਿਚੋਂ ਪੂਣੀ ਛੋਹਣ ਦੇ ਬਰਾਬਰ ਹੈ। ਜੇ ਪੰਜਾਬ ਦੇ ਸਿਆਸੀ ਆਗੂਆਂ ਅਤੇ ਸਾਬਕਾ ਉੱਚ-ਅਧਿਕਾਰੀਆਂ ਦੀ ਜਾਇਦਾਦ ਦੀ ਸਮਾਜਿਕ ਲੇਖਾ-ਪੜਤਾਲ ਕਰਾਈ ਜਾਵੇ ਤਾਂ ਇਹ ਤੱਥ ਸਾਹਮਣੇ ਆਏਗਾ ਕਿ ਉਨਾਂ ਵਿਚੋਂ ਬਹੁਗਿਣਤੀ ਦੀ ਜਾਇਦਾਦ ਕਈ ਗੁਣਾ ਵਧੀ ਹੈ। ਰਿਸ਼ਵਤਖ਼ੋਰੀ ਦਾ ਜ਼ਿੰਦਗੀ ਦੇ ਹਰ ਸ਼ੋਅਬੇ ਵਿਚ ਘੁਣ ਵਾਂਗ ਦਾਖ਼ਲ ਹੋਣਾ ਸਿਆਸੀ ਅਤੇ ਪ੍ਰਸ਼ਾਸਕੀ ਜਮਾਤਾਂ ਦੀ ਹੀ ਦੇਣ ਹੈ। ਅਜਿਹੇ ਹਾਲਾਤ ਵਿਚ ਨੌਜਵਾਨਾਂ ਦਾ ਪੰਜਾਬ ਅਤੇ ਇਸ ਦੇ ਰਾਜ-ਪ੍ਰਬੰਧ ਤੋਂ ਬੇਮੁਖ ਹੋਣਾ ਸੁਭਾਵਿਕ ਸੀ। ਪੰਜਾਬ ਦੀ ਮੱਧਵਰਗੀ ਜਮਾਤ, ਜਿਸ ਵਿਚ ਕਿਸਾਨੀ ਵੀ ਸ਼ਾਮਲ ਹੈ, ਵਿਚੋਂ ਬਹੁਗਿਣਤੀ ਆਪਣੇ ਬੱਚਿਆਂ ਦਾ ਭਵਿੱਖ ਪੰਜਾਬ ਤੋਂ ਬਾਹਰ ਦੇਖਦੀ ਹੈ।



ਵਿਦਿਆਰਥਣ ਦੀ ਖ਼ੁਦਕੁਸ਼ੀ ਉਸ ਲੋਕ-ਵੇਦਨਾ ਦਾ ਸੰਕੇਤ ਹੈ ਜਿਸ ਵਿਚੋਂ ਪੰਜਾਬ ਗੁਜ਼ਰ ਰਿਹਾ ਹੈ। ਲੋਕ ਬੈਂਕਾਂ ਤੋਂ ਕਰਜ਼ੇ ਲੈ ਕੇ ਅਤੇ ਜ਼ਮੀਨਾਂ ਵੇਚ ਕੇ ਆਪਣੇ ਬੱਚਿਆਂ ਨੂੰ ਵਿਦੇਸ਼ਾਂ ਵਿਚ ਭੇਜ ਰਹੇ ਹਨ। ਸਿਆਸੀ ਪਾਰਟੀਆਂ ਰੁਜ਼ਗਾਰ ਪੈਦਾ ਕਰਨ ਦੇ ਵਾਅਦੇ ਕਰਦੀਆਂ ਰਹੀਆਂ ਹਨ ਪਰ ਵਾਅਦੇ ਰੁਜ਼ਗਾਰ ਪੈਦਾ ਨਹੀਂ ਕਰ ਸਕਦੇ। ਰੁਜ਼ਗਾਰ ਪੈਦਾ ਕਰਨ ਲਈ ਸਰਕਾਰਾਂ ਨੂੰ ਲੰਮੇ ਸਮੇਂ ਵਾਲੀਆਂ ਸੂਝਵਾਨ ਨੀਤੀਆਂ ਬਣਾਉਣੀਆਂ ਅਤੇ ਉਨਾਂ ’ਤੇ ਇਮਾਨਦਾਰੀ ਨਾਲ ਅਮਲ ਕਰਨਾ ਪੈਣਾ ਹੈ।

### ਪੰਜਾਬੀ ਮਾਂ ਬੋਲੀ ਵਿਚੋਂ 4510 ਬੱਚੇ ਫੇਲ ਹੋਣਾ ਚਿੰਤਾਜਨਕ

ਸੂਬੇ ਦੀਆਂ ਸਰਕਾਰਾਂ ਵੱਲੋਂ ਮਾਂ ਬੋਲੀ ਪੰਜਾਬੀ ਨੂੰ ਪ੍ਰਫੁੱਲਤ ਕਰਨ ਲਈ ਅਨੇਕਾਂ ਦਾਅਵੇ ਕੀਤੇ ਜਾ ਰਹੇ ਹਨ। ਇਨਾਂ ਦਾਅਵਿਆਂ ਦੀ ਫੂਕ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਬਾਰਵੀਂ ਦੇ ਨਤੀਜਿਆਂ ਨੇ ਕੱਢ ਕੇ ਰੱਖ ਦਿੱਤੀ ਹੈ। ਜਿਸ ਵਿਚ 23 ਜ਼ਿਲਿਆਂ ’ਚ 4510 ਬੱਚੇ ਪੰਜਾਬੀ ਮਾਂ ਬੋਲੀ ਵਿਸ਼ੇ ਵਿਚੋਂ ਹੀ ਫੇਲ ਹੋ ਗਏ। ਪੰਜਾਬ ਵਿਚ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਤੇ ਫਿਰ ਕੁਝ ਸਮੇਂ ਲਈ ਚਰਨਜੀਤ ਸਿੰਘ ਚੰਨੀ ਮੁੱਖ ਮੰਤਰੀ ਰਹੇ, ਜਿਨਾਂ ਪੰਜਾਬ ਦੇ ਸਰਕਾਰੀ ਸਕੂਲਾਂ ਨੂੰ ਸਮਾਰਟ ਸਕੂਲ ਬਣਾਉਣ ਦੇ ਵੱਡੇ-ਵੱਡੇ ਦਾਅਵੇ ਕੀਤੇ, ਲਗਪਗ ਸਾਰੀਆਂ ਹੀ ਸਰਕਾਰੀ ਬੱਸਾਂ ਉੱਪਰ ਚਰਨਜੀਤ ਸਿੰਘ ਚੰਨੀ ਜਾਂ ਕੈਪਟਨ ਅਮਰਿੰਦਰ ਸਿੰਘ ਦੇ ਪੋਸਟਰ ਹੀ ਦਿਖਾਈ ਦੇ ਰਹੇ ਸਨ। ਜਿਨਾਂ ਵਿਚ ਕਾਂਗਰਸ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਨੂੰ ਸਮਾਰਟ ਸਕੂਲ ਬਣਾਏ ਜਾਣ ਦੇ ਪੋਸਟਰ ਚਿਪਕੇ ਹੋਏ ਸਨ। ਸਕੂਲਾਂ ਨੂੰ ਰੰਗ ਰੋਗਨ ਕਰਵਾ ਕੇ ਇਮਾਰਤਾਂ ਦੇ ਬਾਹਰ ਐੱਲਈਡੀ ਲਾਈਟਾਂ ਲਾ ਕੇ ਬਣਾਏ ਗਏ ਸਮਾਰਟ ਸਕੂਲਾਂ ਦਾ ਮਿਆਰ ਇੰਨਾ ਡਿੱਗ ਗਿਆ ਕਿ ਪੰਜਾਬ ਦੇ 23 ਜ਼ਿਲਿਆਂ ਵਿਚ 4510 ਬੱਚੇ ਪੰਜਾਬੀ ਭਾਸ਼ਾ ਵਿਚੋਂ ਹੀ ਫੇਲ ਹੋ ਗਏ। ਪੰਜਾਬੀ ਮਾਂ ਬੋਲੀ ਨੂੰ ਪ੍ਰਫੁੱਲਤ ਕਰਨ ਦੀ ਬਜਾਏ ਇਸ ਦੇ ਹੋ ਰਹੇ ਘਾਣ ਦਾ ਜ਼ਿੰਮੇਵਾਰ ਕੌਣ ?

ਅਧਿਆਪਕ ਦਲ ਜਹਾਂਗੀਰ ਪੰਜਾਬ ਦੇ ਜ਼ਿਲਾ ਪ੍ਰਧਾਨ ਸਤਨਾਮ ਸਿੰਘ ਰੰਧਾਵਾ ਦਾ ਕਹਿਣਾ ਹੈ ਕਿ ਕਿਹਾ ਕਿ ਬੱਚਿਆਂ ਨੂੰ ਪੜਾਉਣ ਤੋਂ ਜ਼ਿਆਦਾ ਅਧਿਆਪਕਾਂ ਦੀਆਂ ਡਿਊਟੀਆਂ ਬਾਹਰਲੇ ਕੰਮਾਂ ਦੇ ਲੱਗਦੀਆਂ ਹਨ, ਅਧਿਆਪਕਾਂ ਨੂੰ ਜ਼ਿਆਦਾਤਰ ਬਾਹਰਲੇ ਕੰਮਾਂ ਵਿੱਚ ਹੀ ਉਲਝਾ ਦਿੱਤਾ ਜਾਂਦਾ ਹੈ, ਜਿਸ ਕਾਰਨ ਉਹ ਬੱਚਿਆਂ ਦੀ ਪੜਾਈ ਵੱਲ ਧਿਆਨ ਹੀ ਨਹੀਂ ਦੇ ਪਾ ਰਹੇ, ਪੰਜਾਬ ਅੰਦਰ ਆਏ ਦਿਨ ਕੋਈ ਨਾ ਕੋਈ ਵੋਟਾਂ ਪੈਂਦੀਆਂ ਰਹਿੰਦੀਆਂ ਹਨ ਤੇ ਅਧਿਆਪਕਾਂ ਦੀ ਵੋਟਾਂ ਕਰਵਾਉਣ ਦੀ ਜ਼ਿੰਮੇਵਾਰੀ ਲੱਗ ਜਾਂਦੀ ਹੈ। ਜਿਸ ਕਾਰਨ ਸਕੂਲ ਦੇ ਵਿਦਿਆਰਥੀਆਂ ਦੀ ਪੜਾਈ ਦਾ ਨੁਕਸਾਨ ਹੁੰਦਾ ਹੈ, ਜਦੋਂ ਤੱਕ ਅਧਿਆਪਕਾਂ ਨੂੰ ਸਿਰਫ਼ ਬੱਚਿਆਂ ਨੂੰ ਪੜਾਉਣ ਦੀ ਜ਼ਿੰਮੇਵਾਰੀ ਨਹੀਂ ਸੌਂਪੀ ਜਾਂਦੀ ਉਦੋਂ ਤੱਕ ਹਾਲਾਤ ਬਦਲਣੇ ਮੁਸ਼ਕਲ ਹਨ। ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਬਾਰਵੀਂ ਦੇ ਨਤੀਜਿਆਂ ਨੇ ਮਾਂ ਬੋਲੀ ਪ੍ਰਤੀ ਵਿਦਿਆਰਥੀਆਂ ਦੇ ਗਿਆਨ ਦੀ ਮੁਹਾਰਤ ਦੀ ਪੋਲ ਖੋਲ ਕੇ ਰੱਖ ਦਿੱਤੀ ਹੈ। ਬਾਰਵੀਂ ਕਲਾਸ ਦੇ ਨਤੀਜਿਆਂ ’ਚ 23 ਜ਼ਿਲਿਆਂ ਵਿਚੋਂ 4510 ਵਿਦਿਆਰਥੀ ਪੰਜਾਬੀ ਭਾਸ਼ਾ ਵਿੱਚੋਂ ਹੀ ਫੇਲ ਹੋ ਗਏ। ਜਿਸ ਦੇ ਕਈ ਕਾਰਨ ਹਨ, ਜਿਨਾਂ ਵਿਚੋਂ ਵੱਡਾ ਕਾਰਨ ਹੈ ਕਿ ਪੰਜਾਬੀ ਵਿਸ਼ੇ ਨੂੰ ਕਦੇ ਵੀ ਪਹਿਲੇ ਪੀਰੀਅਡਾਂ ਵਿੱਚ ਜਗਾ ਨਹੀਂ ਮਿਲਦੀ। ਅਖੀਰਲੇ ਪੀਰੀਅਡਾਂ ਤੱਕ ਬੱਚੇ ਸੁਸਤ ਹੋ ਚੁੱਕੇ ਹੁੰਦੇ ਹਨ, ਇਹ ਵੀ ਇੱਕ ਵੱਡਾ ਕਾਰਨ ਹੋ ਸਕਦਾ ਹੈ ਕਿ ਪੰਜਾਬੀ ਵਿਸ਼ੇ ਵਿੱਚੋਂ ਹੀ ਅਨੇਕਾਂ ਵਿਦਿਆਰਥੀ ਫੇਲ ਹੋ ਗਏ।

ਮਾਸਟਰ ਕੇਡਰ ਯੂਨੀਅਨ ਫਗਵਾੜਾ ਦੇ ਸਰਪ੍ਰਸਤ ਹਰਜਿੰਦਰ ਗੋਗਨਾ ਨੇ ਕਿਹਾ ਕਿ ਪੰਜਾਬੀ ਮਾਧਿਅਮ ਵਿਚ ਲੈਕਚਰਾਰਾਂ ਦੀ ਘਾਟ ਹੋਣਾ ਵੀ ਇਕ ਵੱਡਾ ਕਾਰਨ ਹੈ।

### ਅਖਿਲੇਸ਼ ਵੀ ਮਾਇਆਵਤੀ ਦੇ ਰਾਹ ’ਤੇ

ਉੱਤਰ ਪ੍ਰਦੇਸ਼ ਵਿਚ ਸਿਰਫ਼ ਬਹੁਜਨ ਸਮਾਜ ਪਾਰਟੀ ਦੀ ਸੁਪਰੀਮੋ ਹੀ ਭਾਜਪਾ ਦੀ ਮਦਦ ਨਹੀਂ ਕਰ ਰਹੀ, ਸਗੋਂ ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਵੀ ਮਾਇਆਵਤੀ ਦੀ ਰਾਹ ’ਤੇ ਹੀ ਚੱਲ ਰਹੇ ਹਨ। ਦੋਵਾਂ ਵਿਚਾਲੇ ਦੌੜ ਲੱਗੀ ਹੋਈ ਹੈ ਕਿ ਕੌਣ ਭਾਜਪਾ ਦੀ ਜ਼ਿਆਦਾ ਮਦਦ ਕਰ ਸਕਦਾ ਹੈ। ਇਸ ਲਈ ਆਜ਼ਮਗੜ ਅਤੇ ਰਾਮਪੁਰ ਲੋਕ ਸਭਾ ਸੀਟ ਦੀਆਂ ਜ਼ਿਮਨੀ ਚੋਣਾਂ ਵਿਚ ਭਾਜਪਾ ਦੀ ਜਿੱਤ ’ਤੇ ਕਿਸੇ ਨੂੰ ਹੈਰਾਨੀ ਨਹੀਂ ਹੋਣੀ ਚਾਹੀਦੀ। ਦੋਵਾਂ ਹੀ ਸੀਟਾਂ ’ਤੇ ਭਾਜਪਾ ਦੀ ਜਿੱਤ ਵਿਚ ਅਖਿਲੇਸ਼ ਯਾਦਵ ਅਤੇ ਮਾਇਆਵਤੀ ਨੇ ਆਪਣੇ-ਆਪਣੇ ਢੰਗ ਨਾਲ ਯੋਗਦਾਨ ਦਿੱਤਾ। ਆਮ ਤੌਰ ’ਤੇ ਜ਼ਿਮਨੀ ਚੋਣਾਂ ਤੋਂ ਆਪਣੀ ਪਾਰਟੀ ਨੂੰ ਦੂਰ ਰੱਖਣ ਵਾਲੀ ਮਾਇਆਵਤੀ ਨੇ ਜਿੱਥੇ ਦੋਵਾਂ ਸੀਟਾਂ ’ਤੇ ਆਪਣੇ ਉਮੀਦਵਾਰ ਉਤਾਰ ਕੇ ਭਾਜਪਾ ਦੀ ਮਦਦ ਕੀਤੀ, ਉਥੇ ਹੀ ਅਖਿਲੇਸ਼ ਯਾਦਵ ਦੋਵਾਂ ਸੀਟਾਂ ’ਤੇ ਆਪਣੇ ਉਮੀਦਵਾਰਾਂ ਲਈ ਚੋਣ ਪ੍ਰਚਾਰ ਕਰਨ ਨਹੀਂ ਗਏ। ਅਖਿਲੇਸ਼ ਯਾਦਵ ਆਪਣੀ ਪਾਰਟੀ ਦੇ ਕੌਮੀ ਪ੍ਰਧਾਨ ਹਨ, ਇਸ ਲਈ ਸ਼ਾਇਦ ਉਹ ਕੌਮੀ ਨੇਤਾਵਾਂ ਦੀ ਤਰਾਂ ਵਿਵਹਾਰ ਕਰ ਰਹੇ ਹਨ। ਜਿਵੇਂ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਨੇ ਜ਼ਿਮਨੀ ਚੋਣ ਵਿਚ ਪ੍ਰਚਾਰ ਨਹੀਂ ਕੀਤਾ, ਉਸੇ ਤਰਾਂ ਅਖਿਲੇਸ਼ ਨੇ ਵੀ ਜ਼ਿਮਨੀ ਚੋਣਾਂ ਤੋਂ ਖ਼ੁਦ ਨੂੰ ਦੂਰ ਰੱਖਿਆ। ਪਰ ਮੋਦੀ ਅਤੇ ਸ਼ਾਹ ਦੇ ਕੋਲ ਤਾਂ ਰਾਜਨੀਤੀ ਕਰਨ ਲਈ ਪੂਰਾ ਦੇਸ਼ ਹੈ, ਜਦੋਂ ਕਿ ਅਖਿਲੇਸ਼ ਦੇ ਕੋਲ ਸਿਰਫ਼ ਉੱਤਰ ਪ੍ਰਦੇਸ਼ ਹੈ। ਉਨਾਂ ਨੇ ਜੇਕਰ ਇਸੇ ਤਰਾਂ ਆਪਣੇ ਕੌਮੀ ਨੇਤਾ ਹੋਣ ਦਾ ਭਰਮ ਪਾਲੀ ਰੱਖਿਆ ਤਾਂ ਉੱਤਰ ਪ੍ਰਦੇਸ਼ ਦੀ ਰਾਜਨੀਤੀ ਵੀ ਉਨਾਂ ਦੇ ਹੱਥ ਤੋਂ ਨਿਕਲਣ ਤੋਂ ਕੌਣ ਰੋਕ ਸਕੇਗਾ ?

## ਮੋਦੀ-ਟਰੂਡੋ ਮੁਲਾਕਾਤ



ਭਾਰਤ ਤੇ ਕੈਨੇਡਾ ਦੇ ਪ੍ਰਧਾਨ ਮੰਤਰੀਆਂ ਨਰਿੰਦਰ ਮੋਦੀ ਅਤੇ ਜਸਟਿਨ ਟਰੂਡੋ ਵਿਚਾਲੇ ਜੀ-7 ਸਿਖ਼ਰ ਸੰਮੇਲਨ ਦੌਰਾਨ ਜਰਮਨੀ ਵਿਚ ਕੁਝ ਦਿਨ ਪਹਿਲਾਂ ਮੁਲਾਕਾਤ ਹੋਈ। ਦੋਵੇਂ ਆਗੂ ਲਗਭਗ ਸਾਢੇ 4 ਸਾਲਾਂ ਬਾਅਦ ਮਿਲੇ ਤੇ ਕਈ ਦੁਵੱਲੇ ਮਾਮਲਿਆਂ ’ਤੇ ਗੱਲਬਾਤ ਹੋਈ। ਫਰਵਰੀ 2018 ਵਿਚ ਜਦੋਂ ਟਰੂਡੋ ਭਾਰਤ ਆਏ ਸਨ ਤਾਂ ਕੁਝ ਕਾਰਨਾਂ ਕਰਕੇ ਮੋਦੀ ਤੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਉਨਾਂ ਦਾ ਜ਼ੋਰ-ਸ਼ੋਰ ਨਾਲ ਸੁਆਗਤ ਨਹੀਂ ਕੀਤਾ ਸੀ ਕਿਉਂਕਿ ਤਦ ਭਾਰਤ ਤੇ ਕੈਨੇਡਾ ਵਿਚਾਲੇ ਸਬੰਧਾਂ ਵਿਚ ਕੁਝ ਖਟਾਸ ਆਈ ਹੋਈ ਸੀ। ਇਸੇ ਲਈ ਮੋਦੀ ਤੇ ਟਰੂਡੋ ਦੀ ਮੌਜੂਦਾ ਮੁਲਾਕਾਤ ਨੂੰ ਕਈ ਪੱਖਾਂ ਤੋਂ ਅਹਿਮ ਮੰਨਿਆ ਜਾ ਰਿਹਾ ਹੈ। ਇਕ ਤਾਂ ਕੈਨੇਡਾ ’ਵਿਚ ਪਰਵਾਸੀ ਪੰਜਾਬੀ ਵੱਡੀ ਗਿਣਤੀ ਵਿਚ ਵੱਸਦੇ ਹਨ, ਇਸੇ ਲਈ ਇਸ ਮੀਟਿੰਗ ਤੋਂ ਉਹੀ ਸਭ ਤੋਂ ਵੱਧ ਖ਼ੁਸ਼ ਹਨ। ਦੂਜਾ, ਭਾਰਤ ਤੇ ਕੈਨੇਡਾ ਵਿਚਾਲੇ ‘ਮੁਕਤ ਵਪਾਰ ਸਮਝੌਤਾ’ ਕਰਨ ਲਈ ਉੱਚ-ਪੱਧਰੀ ਗੱਲਬਾਤ ਬੀਤੇ ਅਪ੍ਰੈਲ-ਮਈ ਮਹੀਨੇ ਤੋਂ ਹੀ ਸ਼ੁਰੂ ਹੋ ਚੁੱਕੀ ਹੈ। ਆਸ ਕੀਤੀ ਜਾ ਰਹੀ ਹੈ ਕਿ ਇਹ ਸਮਝੌਤਾ 2024 ਤੱਕ ਲਾਗੂ ਹੋ ਜਾਵੇਗਾ। ਇਸ ਸਬੰਧੀ ਅਗਲੇ ਗੇੜ ਦੀ ਗੱਲਬਾਤ ਸਤੰਬਰ ਮਹੀਨੇ ਵਿਚ ਹੋਣੀ ਤੈਅ ਹੈ। ਇਸੇ ਲਈ ਹੁਣ ਦੋਵੇਂ ਦੇਸ਼ਾਂ ਦੇ ਰਹਿਨੁਮਾਵਾਂ ਨੇ ਦੁਵੱਲੇ ਵਪਾਰਕ ਸਬੰਧ ਹੋਰ ਮਜ਼ਬੂਤ ਹੋਣ ਦਾ ਸੁਆਗਤ ਕੀਤਾ। ਦੋਵੇਂ ਨੇਤਾਵਾਂ ਨੇ ਜਲਵਾਯੂ ਤਬਦੀਲੀ ਤੇ ਵਾਤਾਵਰਨ ਦੇ ਮਾਮਲੇ ਉੱਤੇ ਸਹਿਯੋਗ ਦੇਣ ਦੀ ਗੱਲ ਕੀਤੀ। ਹਿੰਦ-ਪ੍ਰਸ਼ਾਂਤ ਖੇਤਰ ਨੂੰ ਆਜ਼ਾਦ, ਖੁੱਲਾ ਤੇ ਆਲਮੀ ਮਾਮਲਿਆਂ ਵਿਚ ਸ਼ਮੂਲੀਅਤ ਭਰਪੂਰ ਬਣਾਉਣ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਕੋਵਿਡ -19 ਦੇ ਨਾਲ-ਨਾਲ ਯੂਕਰੇਨ ਦੇ ਜੰਗੀ ਸੰਕਟ ਬਾਰੇ ਵੀ ਚਰਚਾ ਹੋਈ। ਮੋਦੀ ਤੇ ਟਰੂਡੋ ਨੇ ਦੋਵੇਂ ਦੇਸ਼ਾਂ ਦੀ ਜਨਤਾ ਵਿਚਾਲੇ ਨਿੱਤ ਪੀਡੇ ਹੁੰਦੇ ਜਾ ਰਹੇ ਸਬੰਧਾਂ ਉੱਤੇ ਤਸੱਲੀ ਪ੍ਰਗਟਾਈ। ਜਿੰਨਾ ਮਾਣ-ਤਾਣ ਭਾਰਤੀਆਂ ਖ਼ਾਸ ਕਰਕੇ ਪੰਜਾਬੀਆਂ ਨੂੰ ਕੈਨੇਡਾ ਵਿਚ ਮਿਲਦਾ ਹੈ, ਅਜਿਹੀ ਸਥਿਤੀ ਹੋਰ ਕਿਸੇ ਦੇਸ਼ ਵਿਚ ਨਹੀਂ ਹੈ। ਦੁਨੀਆ ਦਾ ਹੋਰ ਕੋਈ ਦੇਸ਼ ਨਹੀਂ, ਜਿੱਥੇ ਕੈਨੇਡਾ ਵਾਂਗ ਇੰਨੀ ਵੱਡੀ ਗਿਣਤੀ ਵਿਚ ਪੰਜਾਬੀਆਂ ਨੂੰ ਕੇਂਦਰੀ ਕੈਬਨਿਟ ਮੰਤਰੀ ਬਣਾਇਆ ਗਿਆ ਹੋਵੇ। ਇਸ ਤੋਂ ਇਲਾਵਾ ਹੁਣ ਪੰਜਾਬੀ ਵਿਦਿਆਰਥੀ ਵੀ ਉੱਚ ਸਿੱਖਿਆ ਹਾਸਲ ਕਰਨ ਲਈ ਸਭ ਤੋਂ ਵੱਧ ਕੈਨੇਡਾ ਨੂੰ ਹੀ ਪਸੰਦ ਕਰਨ ਲੱਗ ਪਏ ਹਨ। ਪੰਜਾਬੀ ਪਹਿਲੀ ਵਾਰ 1897 ਦੌਰਾਨ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ’ਚ ਪੁੱਜੇ ਸਨ। ਸਖ਼ਤ ਮਿਹਨਤੀ, ਸਿਰੜੀ, ਦ੍ਰਿੜ ਇਰਾਦਿਆਂ ਨਾਲ ਭਰਪੂਰ, ਇਮਾਨਦਾਰੀ ਤੇ ਲਗਨ ਨਾਲ ਉਨਾਂ ਛੇਤੀ ਹੀ ਇਸ ਪੱਛਮੀ ਮੁਲਕ ’ਚ ਆਪਣੀ ਥਾਂ ਸਦਾ ਲਈ ਮਜ਼ਬੂਤ ਕਰ ਲਈ ਸੀ। ਉਸੇ ਸਵਾ ਸਦੀ ਦੇ ਭਰੋਸੇ ਸਦਕਾ ਪੰਜਾਬੀਆਂ ਦੀ ਹੁਣ ਕੈਨੇਡਾ ’ਚ ਪੂਰੀ ਇੱਜ਼ਤ ਹੈ। 19ਵੀਂ ਸਦੀ ਦੇ ਆਰੰਭਲੇ ਸਾਲਾਂ ਦੌਰਾਨ ਹਜ਼ਾਰਾਂ ਕਿਲੋਮੀਟਰ ਦੀ ਦੂਰੀ ਤਕ ਰੇਲ ਪਟੜੀਆਂ ਵਿਛਾਉਣ ਤੇ ਉੱਚੀਆਂ-ਉੱਚੀਆਂ ਇਮਾਰਤਾਂ ਤੇ ਹੋਰ ਬੁਨਿਆਦੀ ਢਾਂਚੇ ਦੀ ਉਸਾਰੀ ਕਰਨ ’ਵਿਚ ਪੰਜਾਬੀਆਂ ਦਾ ਇਸ ਦੇਸ਼ ’ਵਿਚ ਵਡਮੁੱਲਾ ਯੋਗਦਾਨ ਹੈ।

## ਕਸ਼ਮੀਰੀ ਫੋਟੋ ਪੱਤਰਕਾਰ ਮੱਟੂ ਨੂੰ ਪੈਰਿਸ ਜਾਣ ਤੋਂ ਰੋਕਿਆ



ਕਸ਼ਮੀਰ ਦੀ ਫੋਟੋ ਪੱਤਰਕਾਰ ਤੇ ਪੁਲਿਟਜ਼ਰ ਐਵਾਰਡ ਜੇਤੂ ਸਨਾ ਇਰਸ਼ਾਦ ਮੱਟੂ ਨੂੰ ਇਮੀਗਰੇਸ਼ਨ ਅਥਾਰਿਟੀ ਨੇ ਦਿੱਲੀ ਤੋਂ ਪੈਰਿਸ ਜਾਣ ਤੋਂ ਰੋਕ ਦਿੱਤਾ ਜਦੋਂ ਕਿ ਉਸ ਕੋਲ ਫਰਾਂਸ ਦਾ ਵਾਜਿਬ ਵੀਜ਼ਾ ਵੀ ਸੀ। ਇਮੀਗ੍ਰੇਸ਼ਨ ਅਥਾਰਿਟੀ ਨੇ ਤਰਕ ਦਿੱਤਾ ਕਿ ਜੰਮੂ ਕਸ਼ਮੀਰ ਪੁਲਿਸ ਨੇ ਉਸ ਉੱਤੇ ਪਾਬੰਦੀਆਂ ਲਗਾਈਆਂ ਹੋਈਆਂ ਹਨ। ਇਸ ਸਬੰਧ ਵਿੱਚ ਮੱਟੂ ਨੇ ਟਵੀਟ ਕੀਤਾ, ਉਹ ਸੈਰੀਨਡੀਪਿਟੀ ਅਰਲਜ਼ ਗਰਾਂਟ 2020 ਐਵਾਰਡ ਦੇ 10 ਜੇਤੂਆਂ ਵਿੱਚੋਂ ਇਕ ਹੈ ਤੇ ਪੈਰਿਸ ਵਿੱਚ ਬੁੱਕ ਲਾਂਚ ਕਰਨ ਤੇ ਫੋਟੋਗ੍ਰਾਫੀ ਪ੍ਰਦਰਸ਼ਨੀ ਵਿੱਚ ਸ਼ਾਮਲ ਹੋਣ ਲਈ ਜਾ ਰਹੀ ਸੀ। ਇੰਮੀਗ੍ਰੇਸ਼ਨ ਅਥਾਰਿਟੀ ਨੇ ਉਸ ਨੂੰ ਵਿਦੇਸ਼ ਜਾਣ ਤੋਂ ਰੋਕਣ ਵੇਲੇ ਕੋਈ ਕਾਰਨ ਨਹੀਂ ਦੱਸਿਆ ਤੇ ਸਿਰਫ ਇੰਨਾ ਹੀ ਕਿਹਾ ਕਿ ਉਹ ਕੌਮਾਂਤਰੀ ਸਫਰ ਨਹੀਂ ਕਰ ਸਕਦੀ ਹੈ।’ ਉਸ ਨੇ ਦੱਸਿਆ ਕਿ ਅੱਜ ਜੋ ਵੀ ਹੋਇਆ ਹੈ, ਉਸ ਬਾਰੇ ਉਮੀਦ ਨਹੀਂ ਸੀ। ਹੈਰਾਨੀ ਦੀ ਗੱਲ ਹੈ ਕਿ ਮੋਦੀ ਸਰਕਾਰ ਨੂੰ ਫੋਟੋਗ੍ਰਾਫਰ ਤੋਂ ਵੀ ਖਤਰਾ ਜਾਪਣ ਲੱਗ ਪਿਆ ਹੈ।

# ਉਮਰ ਖਾਲਿਦ ਦੀ ਰਿਹਾਈ ਦੀ ਮੰਗ ਲਈ ਗਾਂਧੀ ਦੇ ਪੋਤੇ ਤੇ ਮੰਨ-ਪ੍ਰਮੰਨੇ ਬੁੱਧੀਜੀਵੀ ਅੱਗੇ ਆਏ

**✪ ਉੱਘੇ ਬੁੱਧੀਜੀਵੀ ਨੋਮ ਚੌਮਸਕੀ ਅਤੇ ਮਹਾਤਮਾ ਗਾਂਧੀ ਦੇ ਪੋਤੇ ਰਾਜਮੋਹਨ ਗਾਂਧੀ ਨੇ ਦਿੱਲੀ ਦੰਗਿਆਂ ਦੇ ਮੁਲਜ਼ਮ ਵਿਦਿਆਰਥੀ ਆਗੂ ਉਮਰ ਖਾਲਿਦ ਦੀ ਨਜ਼ਰਬੰਦੀ 'ਤੇ ਸਵਾਲ ਚੁੱਕੇ ✪ ਪੰਜਾਬ ਵਿਚ ਤੀਸਤਾ ਸੀਤਲਵਾੜ ਤੇ ਬੁੱਧੀਜੀਵੀਆਂ ਦੀ ਰਿਹਾਈ ਲਈ ਲਹਿਰ ਉਸਾਰਨ ਦਾ ਸੱਦਾ**

**ਪ੍ਰਗਟ ਸਿੰਘ ਜੰਡਿਆਲਾ ਗੁਰੂ**

ਉਮਰ ਖਾਲਿਦ ਨੂੰ ਦਿੱਲੀ ਪੁਲਿਸ ਨੇ ਸਤੰਬਰ 2020 ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਇਨਾਂ ਦੋਵਾਂ ਬੁੱਧੀਜੀਵੀਆਂ ਤੋਂ ਇਲਾਵਾ ਚਾਰ ਜਥੇਬੰਦੀਆਂ ਹਿੰਦੂਜ਼ ਫਾਰ ਹਿਊਮਨ ਰਾਈਟਸ, ਇੰਡੀਅਨ ਅਮਰੀਕਨ ਮੁਸਲਿਮ ਕੌਂਸਲ, ਦਲਿਤ ਸੋਲੀਡੈਰਿਟੀ ਫੋਰਮ ਅਤੇ ਇੰਡੀਅਨ ਸਿਵਲ ਵਾਚ ਇੰਟਰਨੈਸ਼ਨਲ ਨੇ ਵੀ ਇਨਾਂ ਦੀ ਰਿਹਾਈ ਦੀ ਮੰਗ ਕੀਤੀ ਹੈ।

ਨੋਮ ਚੌਮਸਕੀ ਨੇ ਕਿਹਾ ਹੈ, 'ਵਿਤਕਰੇ ਵਾਲੇ ਨਾਗਰਿਕਤਾ ਕਾਨੂੰਨ ਸੀਏਏ ਅਤੇ ਐਨ ਆਰ ਸੀ ਦੇ ਖਿਲਾਫ਼ ਆਵਾਜ਼ ਚੁੱਕਣ ਵਾਲੇ ਉਮਰ ਨੂੰ ਬੇਬੁਨਿਆਦੀ ਇਲਜ਼ਾਮਾਂ ਦੇ ਬਾਵਜੂਦ ਪਿਛਲੇ ਇੱਕ ਸਾਲ ਤੋਂ ਜੇਲ ਵਿੱਚ ਰੱਖਿਆ ਗਿਆ ਹੈ। ਉਸ ਨੂੰ ਜ਼ਮਾਨਤ ਨਹੀਂ ਦਿੱਤੀ ਜਾ ਰਹੀ ਹੈ। ਅਮਰੀਕਾ ਵਿਚ ਰਹਿਣ ਵਾਲੇ ਚੌਮਸਕੀ ਨੇ ਕਿਹਾ, 'ਇਹ ਭਾਰਤ ਵਿੱਚ ਧਰਮ ਨਿਰਪੱਖ ਲੋਕਤੰਤਰ ਨੂੰ ਨੁਕਸਾਨ ਪਹੁੰਚਾਉਣ ਅਤੇ ਹਿੰਦੂ ਰਾਸ਼ਟਰਵਾਦ ਨੂੰ ਥੋਪਣ ਦੀ ਕੋਸ਼ਿਸ਼ ਪ੍ਰਤੀਤ ਹੁੰਦਾ ਹੈ।'

ਰਾਜਮੋਹਨ ਗਾਂਧੀ ਨੇ ਉਮਰ ਖਾਲਿਦ ਦੀ ਰਿਹਾਈ ਦੀ ਮੰਗ ਕਰਦੇ ਹੋਏ ਕਿਹਾ, ਉਮਰ ਖਾਲਿਦ ਨੂੰ ਪਿਛਲੇ 20 ਮਹੀਨਿਆਂ ਤੋਂ ਲਗਾਤਾਰ ਚੁੱਪ ਕਰਾ ਰੱਖਿਆ ਗਿਆ ਹੈ। ਪਿਛਲੇ 20 ਮਹੀਨਿਆਂ ਦੌਰਾਨ ਉਸ ਨੂੰ ਨਿਰਪੱਖ ਅਤੇ ਜਨਤਕ ਸੁਣਵਾਈ ਦਾ ਮੌਕਾ ਨਹੀਂ ਦਿੱਤਾ ਗਿਆ ਹੈ।

### ਖਾਲਿਦ ਨੂੰ ਜ਼ਮਾਨਤ ਨਹੀਂ ਮਿਲੀ

ਇਸ ਸਾਲ 24 ਮਾਰਚ ਨੂੰ ਦਿੱਲੀ ਦੀ ਕੜਕੜਡੂਮਾ ਅਦਾਲਤ ਨੇ ਦਿੱਲੀ ਦੀ ਜਵਾਹਰ ਲਾਲ ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀ ਉਮਰ ਖਾਲਿਦ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ।ਉਮਰ ਖਾਲਿਦ 'ਤੇ ਫਰਵਰੀ 2020 ਦੌਰਾਨ ਦਿੱਲੀ ਦੰਗਿਆਂ ਦੇ ਸਬੰਧ ਵਿੱਚ ਅਪਰਾਧਿਕ ਸਾਜ਼ਿਸ਼ ਕਰਨ ਦਾ ਇਲਜ਼ਾਮ ਹੈ। ਇਸ ਮਾਮਲੇ ਵਿੱਚ ਉਨਾਂ 'ਤੇ ਯੂਏਪੀਏ ਦੀਆਂ ਧਾਰਾਵਾਂ ਲਗਾਈਆਂ ਗਈਆਂ ਹਨ।

ਕੜਕੜਡੂਮਾ ਅਦਾਲਤ ਵਿੱਚ ਬਹਿਸ ਦੌਰਾਨ ਉਮਰ ਖਾਲਿਦ ਵੱਲੋਂ ਅਦਾਲਤ ਵਿੱਚ ਕਿਹਾ ਗਿਆ ਕਿ ਸਰਕਾਰੀ ਪੱਖ ਕੋਲ ਉਨਾਂ ਵਿਰੁੱਧ ਆਪਣਾ ਕੇਸ ਸਾਬਤ ਕਰਨ ਲਈ ਸਬੂਤਾਂ ਦੀ ਘਾਟ ਹੈ।

ਯਾਦ ਰਹੇ ਕਿ ਦਿੱਲੀ ਦੰਗਿਆਂ ਦੇ ਮਾਮਲੇ ਵਿੱਚ, ਉਮਰ ਖਾਲਿਦ ਨੂੰ ਦਿੱਲੀ ਪੁਲਿਸ ਨੇ ਯੂਏਪੀਏ (ਗੈਰ-ਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ) ਦੇ ਤਹਿਤ ਕਈ ਹੋਰ ਮੁਲਜ਼ਮਾਂ ਦੇ ਨਾਲ ਗ੍ਰਿਫਤਾਰ ਕੀਤਾ ਸੀ।ਦਿੱਲੀ ਪੁਲਿਸ ਨੇ ਕਈ 'ਨਾਜ਼ੁਕ ਸਬੂਤ' ਮਿਲਣ ਦਾ ਵੀ ਦਾਅਵਾ ਕੀਤਾ ਹੈ।ਸਰਕਾਰੀ ਪੱਖ ਦੇ ਅਨੁਸਾਰ, ਫ਼ਰਵਰੀ 2020 ਵਿੱਚ ਹੋਏ ਇਹ ਦੰਗੇ ਸਮਾਜਿਕ ਤਾਣੇ-ਬਾਣੇ ਨੂੰ ਤੋੜਨ ਅਤੇ ਭਾਰਤ ਦੇ ਅਕਸ ਨੂੰ ਖਰਾਬ ਕਰਨ ਲਈ ਇੱਕ ਸੋਚੀ ਸਮਝੀ ਸਾਜ਼ਿਸ਼ ਦੇ ਰੂਪ ਵਿੱਚ ਅੰਜਾਮ ਦਿੱਤੇ ਗਏ ਸਨ। ਇਹ ਦੰਗੇ ਦਿੱਲੀ ਵਿੱਚ ਸੀਏਏ ਅਤੇ ਐਨਆਰਸੀ ਵਿਰੁੱਧ ਚੱਲ ਰਹੇ ਵਿਰੋਧ ਪ੍ਰਦਰਸ਼ਨਾਂ ਦੌਰਾਨ ਭੜਕ ਗਏ ਸਨ। ਸਰਕਾਰੀ ਪੱਖ ਨੇ ਅਦਾਲਤ ਨੂੰ ਦੱਸਿਆ ਸੀ ਕਿ ਦਿੱਲੀ ਵਿੱਚ ਹੋਏ ਦੰਗਿਆਂ ਨੇ ਪੂਰੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਸੀ।ਦਿੱਲੀ ਪੁਲਿਸ ਨੇ ਆਪਣੀ ਪੂਰਕ ਚਾਰਜਸ਼ੀਟ ਵਿੱਚ ਦਾਅਵਾ ਕੀਤਾ ਸੀ ਕਿ ਜੇਐੱਨਯੂ ਦੇ ਸਾਬਕਾ ਵਿਦਿਆਰਥੀ ਉਮਰ ਖਾਲਿਦ ਨੇ ਮਹਾਰਾਸ਼ਟਰ ਦੇ ਅਮਰਾਵਤੀ ਵਿੱਚ ਇੱਕ ਸੀਏਏ ਵਿਰੋਧੀ



ਰੈਲੀ ਵਿੱਚ ਭਾਸ਼ਣ ਦੇ ਕੇ ਲੋਕਾਂ ਨੂੰ ਭੜਕਾਇਆ ਸੀ।

### ਤੀਸਤਾ ਵਿਰੁਧ ਹਿਟਲਰੀ ਕਾਰਵਾਈ

ਬੀਤੇ ਹਫਤੇ ਗੁਜਰਾਤ ਦੇ ਦਹਿਸ਼ਤਵਾਦ ਵਿਰੋਧੀ ਦਸਤੇ ਨੇ ਮਨੁੱਖੀ ਹੱਕਾਂ ਦੀ ਸਿਰਕੱਢ ਕਾਰਕੁਨ ਅਤੇ ਨਾਮਵਰ ਪੱਤਰਕਾਰ ਤੀਸਤਾ ਸੀਤਲਵਾੜ ਦੇ ਮੁੰਬਈ ਸਥਿਤ ਘਰ ਵਿਖੇ ਛਾਪਾ ਮਾਰ ਕੇ ਉਸ ਨੂੰ ਹਿਰਾਸਤ ਵਿਚ ਲੈ ਲਿਆ। ਤੀਸਤਾ ਤੋਂ ਇਲਾਵਾ ਗੁਜਰਾਤ ਦੇ ਇਕ ਰਿਟਾਇਰਡ ਡੀਜੀਪੀ ਆਰ.ਬੀ. ਸ੍ਰੀਕੁਮਾਰ ਨੂੰ ਵੀ ਇਸੇ ਕੇਸ ਵਿਚ ਗ੍ਰਿਫ਼ਤਾਰ ਕੀਤਾ ਗਿਆ ਹੈ। ਯਾਦ ਰਹੇ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇਕ ਇੰਟਰਵਿਊ ਵਿਚ ਦੋਸ਼ ਲਗਾਇਆ ਸੀ ਕਿ ਤੀਸਤਾ ਨੇ ਗੁਜਰਾਤ ਵਿਚ 2002 ਵਿਚ ਮੁਸਲਮਾਨਾਂ ਦੇ ਕਤਲੇਆਮ ਬਾਰੇ ਪੁਲਿਸ ਨੂੰ ਬੇਬੁਨਿਆਦ ਜਾਣਕਾਰੀ ਦੇ ਕੇ ਗੁੰਮਰਾਹ ਕੀਤਾ ਸੀ। ਇਹ ਇਸ਼ਾਰਾ ਸੀ ਕਿ ਹੁਣ ਉਨਾਂ ਕਾਰਕੁਨਾਂ ਨੂੰ ਮੁਕੱਦਮਿਆਂ ਵਿਚ ਫਸਾ ਕੇ ਜੇਲਾਂ ਵਿਚ ਸਾੜਿਆ ਜਾਵੇਗਾ ਜੋ ਗੁਜਰਾਤ ਵਿਚ ਨਰਿੰਦਰ ਮੋਦੀ ਦੀ ਤੱਤਕਾਲੀ ਰਾਜ ਸਰਕਾਰ ਦੀ ਰਾਜਕੀ ਪੁਸ਼ਤਪਨਾਹੀ ਹੇਠ 2002 ਵਿਚ ਘੱਟਗਿਣਤੀ ਮੁਸਲਮਾਨਾਂ ਦੀ ਨਸਲਕੁਸ਼ੀ ਦੇ ਪੀੜਤਾਂ ਦੀ ਮੱਦਦ ਕਰ ਰਹੇ ਹਨ। ਆਈ ਪੀ ਐੱਸ ਅਧਿਕਾਰੀ ਸੰਜੀਵ ਭੱਟ ਪਹਿਲਾਂ ਹੀ ਜੇਲ ਵਿਚ ਡੱਕੇ ਹੋਏ ਹਨ। ਸਾਬਕਾ ਡੀਜੀਪੀ ਆਰ. ਬੀ. ਸ਼੍ਰੀਕੁਮਾਰ ਨੇ ਤਤਕਾਲੀ ਮੋਦੀ ਸਰਕਾਰ 'ਤੇ 2002 ਦੇ ਗੁਜਰਾਤ ਕਤਲੇਆਮ ਦੌਰਾਨ ਪੁਲਿਸ ਨੂੰ ਆਪਣੀ ਡਿਊਟੀ ਨਿਭਾਉਣ ਤੋਂ ਰੋਕਣ ਦਾ ਦੋਸ਼ ਲਗਾਇਆ ਸੀ, ਜਦੋਂ ਕਿ ਭੱਟ ਨੇ ਕਤਲੇਆਮ ਵਿੱਚ ਮੁੱਖ ਮੰਤਰੀ ਮੋਦੀ ਦੀ ਭੂਮਿਕਾ ਨੂੰ ਲੈ ਕੇ ਉਸ ਦੇ ਖਿਲਾਫ ਸੁਪਰੀਮ ਕੋਰਟ ਵਿੱਚ ਹਲਫਨਾਮਾ ਦਾਇਰ ਕੀਤਾ ਸੀ।

ਇਹ ਵੀ ਨੋਟ ਕਰਨਾ ਚਾਹੀਦਾ ਹੈ ਕਿ ਤੀਸਤਾ, ਆਰਬੀ ਸ੍ਰੀਕੁਮਾਰ ਅਤੇ ਸੰਜੀਵ ਭੱਟ ਵਿਰੁੱਧ ਕੇਸ ਅਹਿਮਦਾਬਾਦ ਪੁਲਿਸ ਦੀ ਕ੍ਰਾਈਮ ਬਰਾਂਚ ਨੇ ਦਰਜ ਕੀਤਾ ਹੈ ਪਰ ਤੀਸਤਾ ਨੂੰ ਗ੍ਰਿਫ਼ਤਾਰ ਐਂਟੀ ਟੈਰਰਿਸਟ ਸੁਕਐਡ ਵੱਲੋਂ ਕੀਤਾ ਗਿਆ ਹੈ।

ਤੀਸਤਾ ਸੀਤਲਵਾੜ ਅਤੇ ਉਸ ਦੀ ਟੀਮ 2002 ਕਤਲੇਆਮ ਦੇ ਦੋਸ਼ੀਆਂ ਨੂੰ ਕਟਹਿਰੇ ਵਿਚ ਖੜਾ ਕਰਨ ਅਤੇ ਨਸਲਕੁਸ਼ੀ ਦੇ ਪੀੜਤਾਂ ਨੂੰ ਇਨਸਾਫ਼ ਦਿਵਾਉਣ ਲਈ ਲੜ ਰਹੀ ਸੀ। ਬਹੁਤ ਸਾਰੀਆਂ ਆਜ਼ਾਦਾਨਾ ਜਾਂਚ ਟੀਮਾਂ ਨੇ ਆਪਣੀਆਂ ਜਾਂਚ ਰਿਪੋਰਟਾਂ ਵਿਚ ਤੱਥਾਂ ਦੇ ਆਧਾਰ 'ਤੇ ਸਾਬਤ ਕੀਤਾ ਹੈ ਕਿ ਮੋਦੀ ਵੱਲੋਂ ਅਧਿਕਾਰੀਆਂ ਦੀ ਸਪੈਸ਼ਲ ਮੀਟਿੰਗ ਬੁਲਾ ਕੇ ਉਨਾਂ ਨੂੰ ਹਿੰਦੂਤਵੀ ਹਿੰਸਕ ਭੀੜਾਂ ਵਿਰੁੱਧ ਕੋਈ ਕਾਰਵਾਈ ਨਾ ਕਰਨ ਦੀਆਂ ਜ਼ੁਬਾਨੀ ਹਦਾਇਤਾਂ ਦਿੱਤੀਆਂ ਗਈਆਂ ਸਨ। ਇਸ ਦੇ ਵਿਸਤਾਰ ਵਿਚ ਖ਼ੁਲਾਸੇ ਆਪਣੀ ਮਸ਼ਹੂਰ ਕਿਤਾਬ 'ਗੁਜਰਾਤ ਫ਼ਾਈਲਾਂ' ਵਿਚ ਨਿਧੜਕ ਪੱਤਰਕਾਰ ਰਾਣਾ ਅਯੂਬ ਨੇ ਵੀ ਕੀਤੇ ਹਨ ਜਿਸ ਵਿਚ ਮੁਸਲਮਾਨਾਂ ਦੀ ਨਸਲਕੁਸ਼ੀ ਵਿਚ ਮੋਦੀ ਦੀ ਮੁੱਖ ਮੰਤਰੀ ਦੀ ਹੈਸੀਅਤ ਵਿਚ ਮੋਹਰੀ ਭੂਮਿਕਾ ਸਾਬਤ ਕੀਤੀ ਗਈ ਹੈ।

ਇਨਾਂ ਤਮਾਮ ਤੱਥਾਂ ਦੇ ਬਾਵਜੂਦ, ਸਪੈਸ਼ਲ ਇਨਵੈਸਟੀਗੇਸ਼ਨ ਟੀਮ ਵੱਲੋਂ ਮੋਦੀ ਅਤੇ ਹੋਰ ਬਹੁਤ ਸਾਰੇ ਦੋਸ਼ੀਆਂ ਨੂੰ ਕਲੀਨ ਚਿੱਟ ਦੇ ਦਿੱਤੀ ਗਈ ਸੀ। ਸਾਬਕਾ ਕਾਂਗਰਸੀ ਸਾਂਸਦ ਅਹਿਸਾਨ ਜਾਫ਼ਰੀ ਦੀ ਪਤਨੀ ਜ਼ਕੀਆ ਜਾਫ਼ਰੀ ਨੇ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕਰਕੇ ਕਲੀਨ ਚਿੱਟ ਨੂੰ ਚੁਣੌਤੀ ਦਿੱਤੀ ਸੀ ਜਿਸ ਦੇ ਪਤੀ ਨੂੰ ਹਿੰਦੂਤਵੀ ਭੀੜਾਂ ਨੇ ਉਸ ਦੇ ਘਰ ਉੱਪਰ ਹਮਲਾ ਕਰਕੇ ਹੋਰ ਬਹੁਤ ਸਾਰੇ ਮੁਸਲਮਾਨਾਂ ਸਮੇਤ ਜ਼ਿੰਦਾ ਸਾੜ ਦਿੱਤਾ ਸੀ। ਤੀਸਤਾ ਅਤੇ ਉਸ ਦੀ ਲੀਗਲ ਟੀਮ ਜ਼ਕੀਆ ਜਾਫ਼ਰੀ ਨਾਲ ਡੱਟ ਕੇ ਖੜੀ ਸੀ ਅਤੇ ਦੀ ਮੱਦਦ ਕਰ ਰਹੀ ਸੀ। ਲੰਘੇ ਸ਼ੁੱਕਰਵਾਰ ਸੁਪਰੀਮ ਕੋਰਟ ਵੱਲੋਂ ਜ਼ਕੀਆ ਜਾਫ਼ਰੀ ਦੀ ਕਲੀਨ ਚਿੱਟ ਖਾਰਜ ਕਰ ਦਿੱਤੀ ਗਈ।

ਹਰ ਇਨਸਾਫ਼ਪਸੰਦ ਵਿਅਕਤੀ ਨੂੰ ਤੀਸਤਾ ਸੀਤਲਵਾੜ ਦੀ ਗ੍ਰਿਫ਼ਤਾਰੀ ਵਿਰੁੱਧ ਜ਼ੋਰਦਾਰ ਆਵਾਜ਼ ਉਠਾਉਣੀ ਚਾਹੀਦੀ ਹੈ। ਸੁਪਰੀਮ ਕੋਰਟ ਵੱਲੋਂ ਕਲੀਨ ਚਿੱਟ ਉੱਪਰ ਲਗਾਈ ਹਾਲੀਆ ਮੋਹਰ ਸਾਫ਼ ਇਸ਼ਾਰਾ ਹੈ ਕਿ ਭਾਰਤੀ ਅਦਾਲਤੀ ਪ੍ਰਣਾਲੀ ਮਜ਼ਲੂਮਾਂ ਨੂੰ ਨਿਆਂ ਨਹੀਂ ਦੇ ਸਕਦੀ। ਪੰਜਾਬ ਲੋਕ ਸੱਭਿਆਚਾਰਕ ਮੰਚ (ਪਲਸ ਮੰਚ) ਵੱਲੋਂ ਦੇਸ਼ ਭਗਤ ਯਾਦਗਾਰ ਹਾਲ ਵਿੱਚ ਕੀਤੀ ਗਈ ਵਿਚਾਰ ਚਰਚਾ ਦੌਰਾਨ ਤੀਸਤਾ ਸੀਤਲਵਾੜ ਅਤੇ ਸਮੂਹ ਬੁੱਧੀਜੀਵੀਆਂ ਦੀ ਰਿਹਾਈ ਲਈ ਵਿਸ਼ਾਲ ਜਨਤਕ ਲਹਿਰ ਉਸਾਰਨ ਦਾ ਸੱਦਾ ਦਿੱਤਾ ਗਿਆ।

ਇਸ ਮੌਕੇ ਦਰਜਨਾਂ ਭਰਾਤਰੀ ਜਥੇਬੰਦੀਆਂ ਅਤੇ ਇਨਸਾਫ਼ ਪਸੰਦ ਲੋਕਾਂ ਨੇ ਇਨਾਂ ਬੁੱਧੀਜੀਵੀਆਂ ਦੀ ਰਿਹਾਈ ਲਈ ਸੜਕਾਂ 'ਤੇ ਆ ਕੇ ਰੋਸ ਵਿਖਾਵੇ ਕਰਨ ਦਾ ਐਲਾਨ ਵੀ ਕੀਤਾ। ਇਸ ਮੌਕੇ ਬੁਲਾਰੇ ਵਜੋਂ ਬੂਟਾ ਸਿੰਘ ਮਹਿਮੂਦਪੁਰ ਨੇ ਤੱਥਾਂ ਦੇ ਅਧਾਰ 'ਤੇ ਦੱਸਿਆ ਕਿ ਕਿਵੇਂ 2002 ਗੁਜਰਾਤ ਦੰਗਿਆਂ ਵਿਚ ਮੁਸਲਮਾਨ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਗਿਆ। ਉਸ ਵੇਲੇ ਮੁਜਰਿਮਾਂ ਖ਼ਿਲਾਫ਼ ਬੇਖੌਫ਼ ਹੋ ਕੇ ਕਾਨੂੰਨੀ ਲੜਾਈ ਲੜਨ ਵਾਲੀ ਤੀਸਤਾ ਸੀਤਲਵਾੜ ਨੂੰ ਸਬਕ ਸਿਖਾਉਣ ਅਤੇ ਹੋਰਨਾਂ ਵਕੀਲਾਂ, ਪੱਤਰਕਾਰਾਂ, ਸਮਾਜ ਸੇਵੀਆਂ,

**ਬਾਕੀ ਸਫ਼ਾ 30 'ਤੇ**

## ਪੱਤਰਕਾਰ ਮੁਹੰਮਦ ਜ਼ੁਬੈਰ ਵਿਰੁੱਧ ਮਾਮਲਾ ਜਮਹੂਰੀ ਹੱਕਾਂ ਨੂੰ ਖ਼ੋਰਾ



ਆਲਟ ਨਿਊਜ਼ ਪੋਰਟਲ ਦੇ ਬਾਨੀ ਪੱਤਰਕਾਰ ਮੁਹੰਮਦ ਜ਼ੁਬੈਰ ਵਿਰੁੱਧ ਦਰਜ ਕਰਵਾਏ ਗਏ ਕੇਸ ਵਿਚ ਕਈ ਹੈਰਾਨੀਜਨਕ ਮੋੜ ਆ ਰਹੇ ਹਨ : ਪਹਿਲਾ, ਟਵਿੱਟਰ 'ਤੇ ਸ਼ਿਕਾਇਤ ਕਰਨ ਵਾਲੇ ਵਿਅਕਤੀ ਨੇ ਆਪਣੇ ਖਾਤੇ ਟਵਿੱਟਰ ਅਕਾਊਂਟ ਨੂੰ ਇੰਟਰਨੈੱਟ ਤੋਂ ਡਿਲੀਟ ਕਰ ਦਿਤਾ ਹੈ। ਦੂਸਰਾ, ਸਰਕਾਰੀ ਸੂਤਰ ਜ਼ੁਬੈਰ ਦੀਆਂ ਪੋਸਟਾਂ ਨੂੰ ਅੰਤਰਰਾਸ਼ਟਰੀ ਸ਼ਾਜ਼ਿਸ਼ ਦਾ ਹਿੱਸਾ ਦੱਸ ਰਹੇ ਹਨ; ਤੀਸਰਾ, ਜ਼ੁਬੈਰ 'ਤੇ ਇਹ ਦੋਸ਼ ਵੀ ਲਗਾਇਆ ਜਾ ਰਿਹਾ ਹੈ ਕਿ ਉਸ ਨੇ ਆਪਣੇ ਕੁਝ ਟਵੀਟ ਇੰਟਰਨੈੱਟ ਤੋਂ ਹਟਾ ਕੇ ਆਪਣੇ ਕੀਤੇ 'ਗੁਨਾਹਾਂ' ਦੇ ਸਬੂਤ ਮਿਟਾਉਣ ਦਾ 'ਅਪਰਾਧ' ਕੀਤਾ ਹੈ। ਜ਼ੁਬੈਰ ਦੇ ਬੈਂਕ ਖ਼ਾਤਿਆਂ ਅਤੇ ਵਿੱਤੀ ਲੈਣ-ਦੇਣ ਬਾਰੇ ਵੀ ਤਫ਼ਤੀਸ਼ ਹੋ ਰਹੀ ਹੈ।

ਆਲਟ ਨਿਊਜ਼ ਗ਼ੈਰ-ਮੁਨਾਫ਼ਾਯੋਗ ਵੈੱਬਸਾਈਟ ਹੈ ਜੋ ਇਹ ਪਰਖ ਪੜਤਾਲ ਕਰਦੀ ਹੈ ਕਿ ਕੋਈ ਖ਼ਬਰ ਸਹੀ ਹੈ ਜਾਂ ਫਰਜ਼ੀ। ਇਹ ਸਾਫ਼ਟਵੇਅਰ ਇੰਜੀਨੀਅਰਾਂ ਪ੍ਰਤੀਕ ਸਿਨਹਾ ਅਤੇ ਮੁਹੰਮਦ ਜ਼ੁਬੈਰ ਨੇ ਬਣਾਇਆ। ਪ੍ਰਤੀਕ ਦੇ ਮਾਪਿਆਂ ਨੇ ਗੁਜਰਾਤ ਵਿਚ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਜਨ ਸੰਘਰਸ਼ ਮੰਚ ਬਣਾਇਆ ਅਤੇ 2002 ਦੇ ਦੰਗਾ ਪੀੜਤਾਂ ਦੇ ਹੱਕ ਵਿਚ ਆਵਾਜ਼ ਉਠਾਈ। ਪ੍ਰਤੀਕ ਨੇ 2017 ਵਿਚ ਇਹ ਪਲੇਟਫਾਰਮ ਬਣਾ ਕੇ ਜ਼ੁਬੈਰ ਨੂੰ ਆਪਣਾ ਸਹਿਯੋਗੀ ਬਣਾਇਆ। ਆਲਟ ਨਿਊਜ਼ ਨੇ ਅਖ਼ਬਾਰਾਂ ਅਤੇ ਸੋਸ਼ਲ ਮੀਡੀਆ 'ਤੇ ਆਈਆਂ ਕਈ ਫਰਜ਼ੀ ਖ਼ਬਰਾਂ ਬਾਰੇ ਲਗਾਤਾਰ ਤਫ਼ਤੀਸ਼ ਕਰ ਕੇ ਉਨਾਂ ਦਾ ਪਰਦਾਫਾਸ਼ ਕੀਤਾ। ਫਰਜ਼ੀ ਖ਼ਬਰਾਂ ਫੈਲਾਉਣ ਵਾਲੇ ਕਈ ਗਰੁੱਪ ਪ੍ਰਤੀਕ ਅਤੇ ਜ਼ੁਬੈਰ ਕਾਰਨ ਮੁਸ਼ਕਿਲਾਂ ਵਿਚ ਫਸੇ ਅਤੇ ਉਹ ਇਹ ਕੋਸ਼ਿਸ਼ ਕਰਦੇ ਰਹੇ ਹਨ ਕਿ ਉਨਾਂ (ਪ੍ਰਤੀਕ ਤੇ ਜ਼ੁਬੈਰ) ਨੂੰ ਕਿਸੇ ਕੇਸ ਵਿਚ ਫਸਾਇਆ ਜਾ ਸਕੇ। ਜ਼ੁਬੈਰ 'ਤੇ ਇਹ ਦੋਸ਼ ਲਗਾਇਆ ਗਿਆ ਹੈ ਕਿ ਉਸ ਦੇ ਚਾਰ ਸਾਲ ਪਹਿਲਾਂ ਦੇ ਇਕ ਟਵੀਟ ਨੇ ਬਹੁਗਿਣਤੀ ਫ਼ਿਰਕੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ। ਇਹ ਸਵਾਲ ਪੁੱਛਿਆ ਜਾਣਾ ਸੁਭਾਵਿਕ ਹੈ ਕਿ ਉਸ ਵਿਰੁੱਧ ਕਾਰਵਾਈ ਚਾਰ ਸਾਲਾਂ ਬਾਅਦ ਕਿਉਂ ਕੀਤੀ ਜਾ ਰਹੀ ਹੈ।

ਜ਼ੁਬੈਰ ਦੇ ਯਤਨਾਂ ਕਾਰਨ ਨਾ ਸਿਰਫ਼ ਸੱਤਾਧਾਰੀ ਪਾਰਟੀ ਸਗੋਂ ਵਿਰੋਧੀ ਪਾਰਟੀਆਂ ਨੂੰ ਵੀ ਕਈ ਵਾਰ ਸ਼ਰਮਿੰਦਗੀ ਦਾ ਸਾਹਮਣਾ ਕਰਨਾ ਪਿਆ ਹੈ ਕਿਉਂਕਿ ਫਰਜ਼ੀ ਖ਼ਬਰਾਂ ਦੀ ਖੇਡ ਵਿਚ ਸਿਆਸੀ ਪਾਰਟੀਆਂ ਅਤੇ ਕੱਟੜਪੰਥੀ ਜਥੇਬੰਦੀਆਂ, ਸਭ ਹਿੱਸਾ ਲੈਂਦੀਆਂ ਹਨ। ਪੱਤਰਕਾਰਾਂ ਦੀਆਂ ਵੱਖ ਵੱਖ ਜਥੇਬੰਦੀਆਂ ਨੇ ਜ਼ੁਬੈਰ ਦੀ ਗ੍ਰਿਫ਼ਤਾਰੀ ਦੀ ਨਿੰਦਾ ਕੀਤੀ ਹੈ। ਐਡੀਟਰਜ਼ ਗਿਲਡ ਆਫ ਇੰਡੀਆ ਨੇ ਇਸ ਗ੍ਰਿਫ਼ਤਾਰੀ ਨੂੰ ਬੇਚੈਨ ਕਰ ਦੇਣ ਵਾਲੀ ਘਟਨਾ ਦੱਸਿਆ ਹੈ। ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਨਤੋਨੀਓ ਗੁਟੇਰੇਜ਼ ਦੇ ਬੁਲਾਰੇ ਨੇ ਇਸ ਸਬੰਧ ਵਿਚ ਇਹ ਟਿੱਪਣੀ ਕੀਤੀ ਹੈ, 'ਪੱਤਰਕਾਰਾਂ ਨੂੰ ਜੋ ਉਹ ਲਿਖਦੇ, ਟਵੀਟ ਕਰਦੇ ਅਤੇ ਕਹਿੰਦੇ ਹਨ, ਦੇ ਕਾਰਨ ਜੇਲ ਨਹੀਂ ਭੇਜਿਆ ਜਾਣਾ ਚਾਹੀਦਾ।' ਇਹ ਦਲੀਲ ਦਿੱਤੀ ਜਾ ਸਕਦੀ ਹੈ ਕਿ ਪੱਤਰਕਾਰਾਂ ਨੂੰ ਵੀ ਅਨੁਸ਼ਾਸਨ ਦੀ ਪਾਲਣਾ ਕਰਨੀ ਚਾਹੀਦੀ ਹੈ ਪਰ ਸਰਕਾਰਾਂ, ਸਿਆਸੀ ਜਮਾਤ ਅਤੇ ਸਥਾਪਤੀ ਦੀ ਆਲੋਚਨਾ ਕਰਨ ਵਾਲੇ ਪੱਤਰਕਾਰਾਂ ਨੂੰ ਨਜ਼ਰਬੰਦ ਕਰਨਾ, ਜਮਹੂਰੀਅਤ ਵਿਰੋਧੀ ਕਾਰਵਾਈ ਹੈ। ਪਿਛਲੇ ਕੁਝ ਸਾਲਾਂ ਤੋਂ ਅੰਤਰਰਾਸ਼ਟਰੀ ਭਾਈਚਾਰੇ ਵਿਚ ਇਹ ਪ੍ਰਭਾਵ ਜਾ ਰਿਹਾ ਹੈ ਕਿ ਭਾਰਤ ਵਿਚ ਵਿਚਾਰਾਂ ਦੇ ਪ੍ਰਗਟਾਵੇ ਦੀ ਅਜ਼ਾਦੀ ਨੂੰ ਵੱਡੀ ਪੱਧਰ 'ਤੇ ਖ਼ੋਰਾ ਲੱਗ ਰਿਹਾ ਹੈ।'

## 'ਯੂਏਪੀਏ' ਅਤੇ ਦੇਸ਼ਧ੍ਰੋਹ ਦੇ ਸਭ ਤੋਂ ਵੱਧ ਮਾਮਲੇ ਸਿਰਫ਼ 2016 ਤੋਂ 2019 ਦਰਮਿਆਨ ਹੀ ਦਰਜ ਕੀਤੇ ਗਏ

ਗੈਰਕਾਨੂੰਨੀ ਗਤੀਵਿਧੀਆਂ (ਰੋਕਥਾਮ) ਕਾਨੂੰਨ ਯਾਨੀ 'ਯੂਏਪੀਏ' ਅਤੇ ਦੇਸ਼ਧ੍ਰੋਹ ਅਰਥਾਤ ਇੰਡੀਅਨ ਪੀਨਲ ਕੋਡ ਦੀ ਧਾਰਾ 124-ਏ ਦੇ ਸਭ ਤੋਂ ਵੱਧ ਮਾਮਲੇ 2016 ਤੋਂ 2019 ਦਰਮਿਆਨ ਹੀ ਦਰਜ ਕੀਤੇ ਗਏ ਹਨ। ਇਨਾਂ ਵਿੱਚੋਂ 5,922 ਕੇਸ ਇਕੱਲੇ 'ਯੂਏਪੀਏ' ਤਹਿਤ ਦਰਜ ਕੀਤੇ ਗਏ ਹਨ।

ਇਹ ਜਾਣਕਾਰੀ ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਯਾਨੀ 'ਐਨਸੀਆਰਬੀ' ਦੀ ਤਾਜ਼ਾ ਰਿਪੋਰਟ ਵਿੱਚ ਦਿੱਤੀ ਗਈ ਹੈ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਇਸ ਸਮੇਂ ਦੌਰਾਨ ਕੁਲ 132 ਵਿਅਕਤੀਆਂ ਖ਼ਿਲਾਫ਼ ਹੀ ਆਰੋਪ ਤੈਅ ਹੋ ਪਾਏ ਹਨ।

ਕੇਂਦਰੀ ਗ੍ਰਹਿ ਰਾਜ ਮੰਤਰੀ, ਕਿਸ਼ਨ ਰੈਡੀ ਨੇ 'ਐਨਸੀਆਰਬੀ' ਦੀ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਸਦਨ ਨੂੰ ਇਹ ਵੀ ਦੱਸਿਆ ਕਿ ਸਿਰਫ਼ 2019 ਵਿੱਚ ਹੀ ਯੂਏਪੀਏ ਤਹਿਤ ਪੂਰੇ ਦੇਸ਼ ਵਿੱਚ 1,948 ਕੇਸ ਦਰਜ ਕੀਤੇ ਗਏ ਹਨ। ਅੰਕੜੇ ਦਰਸਾਉਂਦੇ ਹਨ ਕਿ ਇਸ ਸਾਲ ਸਰਕਾਰੀ ਵਕੀਲ ਕਿਸੇ ਉੱਤੇ ਵੀ ਆਰੋਪ ਸਾਬਤ ਕਰਨ ਵਿੱਚ ਅਸਫਲ ਰਹੇ, ਜਿਸ ਕਾਰਨ 64 ਲੋਕਾਂ ਨੂੰ ਅਦਾਲਤ ਨੇ ਬਰੀ ਕਰ ਦਿੱਤਾ।ਭਾਰਤ ਵਿੱਚ ਵਰਤਮਾਨ ਵਿੱਚ ਯੂਏਪੀਏ ਐਕਟ ਇੱਕੋ ਇੱਕ ਅਜਿਹਾ ਕਾਨੂੰਨ ਹੈ ਜੋ ਮੁੱਖ ਰੂਪ ਨਾਲ ਗੈਰਕਾਨੂੰਨੀ ਅਤੇ ਅੱਤਵਾਦ ਨਾਲ ਜੁੜੀਆਂ ਗਤੀਵਿਧੀਆਂ 'ਤੇ ਲਾਗੂ ਹੁੰਦਾ ਹੈ।' ਜੇ ਅਸੀਂ ਸਾਲ 2018 ਦੀ ਗੱਲ ਕਰੀਏ ਤਾਂ ਯੂਏਪੀਏ ਦੇ ਤਹਿਤ ਕੇਸ ਦਰਜ ਕਰਨ ਵਾਲੇ 1,421 ਲੋਕਾਂ ਵਿੱਚੋਂ, ਸਿਰਫ ਚਾਰ ਮਾਮਲਿਆਂ ਵਿੱਚ, ਇਸਤਗਾਸਾ ਉਸ ਵਿਅਕਤੀ ਖ਼ਿਲਾਫ਼ ਇਲਜ਼ਾਮ ਤੈਅ ਕਰਨ ਵਿੱਚ ਕਾਮਯਾਬ ਰਿਹਾ, ਜਦੋਂ ਕਿ ਉਨਾਂ ਵਿੱਚੋਂ 68 ਲੋਕਾਂ ਨੂੰ ਅਦਾਲਤ ਨੇ ਬਰੀ ਕਰ ਦਿੱਤਾ ਸੀ।

ਯੂਏਪੀਏ ਐਕਟ ਨਾਲ ਜੁੜੇ ਮਾਮਲੇ ਦੇਖਣ ਵਾਲੇ ਐਡਵੋਕੇਟ ਪਾਰੀ ਵੇਂਦਨ ਕਹਿੰਦੇ ਹਨ, 'ਇਹ ਪੂਰੀ ਤਰਾਂ ਨਾਲ ਸਰਕਾਰ ਦੀ ਮਰਜ਼ੀ 'ਤੇ ਨਿਰਭਰ ਕਰਦਾ ਹੈ ਕਿ ਇਹ ਕਿਸੇ ਨੂੰ ਵੀ ਅੱਤਵਾਦੀ ਕਰਾਰ ਦੇ ਸਕਦੀ ਹੈ, ਉਨਾਂ ਨੂੰ ਸਿਰਫ਼ ਅਨਲਾਅਫੁਲ ਐਕਟੀਵਿਟੀਜ਼ (ਪ੍ਰਿਵੈਨਸ਼ਨ) ਟ੍ਰਿਬਿਊਨਲ ਦੇ ਸਾਹਮਣੇ ਇਸ ਫੈਸਲੇ ਨੂੰ ਵਾਜਬ ਠਹਿਰਾਉਣਾ ਹੁੰਦਾ ਹੈ।' ਯੂਏਪੀਏ ਮੁਲਜ਼ਮਾਂ ਦਾ ਕੇਸ ਲੜਨ ਵਾਲੇ ਮਸ਼ਹੂਰ ਵਕੀਲ ਸੌਜਨਿਆ ਨੇ ਦੱਸਿਆ ਕਿ ਅਦਾਲਤ ਨੇ ਹਾਲੇ ਤੱਕ ਯੂਏਪੀਏ ਅਤੇ ਦੇਸ਼ਧ੍ਰੋਹ ਵਰਗੇ ਕਾਨੂੰਨਾਂ ਦੀ ਸੰਵਿਧਾਨਕ ਮਾਨਤਾ ਬਾਰੇ ਕੋਈ ਨਿਰਦੇਸ਼ ਜਾਰੀ ਨਹੀਂ ਕੀਤਾ ਹੈ। ਉਹ ਕਹਿੰਦੇ ਹਨ, 'ਇਨਾਂ ਕਾਨੂੰਨਾਂ ਨੂੰ ਚੁਣੌਤੀ ਵੀ ਦਿੱਤੀ ਗਈ ਹੈ, ਪਰ ਅਜੇ ਤੱਕ ਇਨਾਂ 'ਤੇ ਕੋਈ ਪਾਬੰਦੀਆਂ ਨਹੀਂ ਲਗਾਈਆਂ ਗਈਆਂ ਹਨ।'

ਸੀਨੀਅਰ ਹਾਈਕੋਰਟ ਵਕੀਲ ਰਾਜਵਿੰਦਰ ਸਿੰਘ ਬੈਂਸ ਯੂਏਪੀਏ ਨਾਲ ਜੁੜੇ ਮਾਮਲਿਆਂ ਦੀ ਵੀ ਨੇੜਿਓਂ ਨਜ਼ਰ ਰੱਖਦੇ ਹਨ। ਉਨਾਂ ਨੇ ਅਦਾਲਤ ਵਿੱਚ ਇਨਾਂ ਇਲਜ਼ਾਮਾਂ ਨਾਲ ਜੁੜੇ ਕਈ ਕੇਸ ਲੜੇ ਹਨ।ਉਨਾਂ ਨੇ ਕਿਹਾ, 'ਇਲਜ਼ਾਮ ਲੱਗਦੇ ਰਹੇ ਹਨ ਕਿ ਸਰਕਾਰਾਂ ਵਿਰੋਧ ਦੀ ਆਵਾਜ਼ਾਂ ਨੂੰ ਸ਼ਾਂਤ ਕਰਨ ਲਈ ਯੂਏਪੀਏ ਜਾਂ ਦੇਸ਼ਧ੍ਰੋਹ ਵਰਗੇ ਕਾਨੂੰਨਾਂ ਦੀ ਵਰਤੋਂ ਕਰ ਰਹੀਆਂ ਹਨ। ਕਾਨੂੰਨ ਪ੍ਰਣਾਲੀ ਰਾਜ ਸਰਕਾਰਾਂ ਦਾ ਵਿਸ਼ਾ ਹੈ, ਇਸ ਲਈ ਸਿਰਫ਼ ਕੇਂਦਰ ਸਰਕਾਰ ਹੀ ਜ਼ਿੰਮੇਵਾਰ ਨਹੀਂ ਹੈ।'

# ਪੰਥਕ ਦ੍ਰਿਸ਼ਟੀ ’ਤੋਂ ਸੰਗਰੂਰ ਲੋਕ ਸਭਾ ਜ਼ਿਮਨੀ ਚੋਣ ਦੇ ਨਤੀਜੇ ਦੀ ਸਮੀਖਿਆ, ਇਸ ਦੇ ਰਾਜਨੀਤਕ ਪ੍ਰਭਾਵ ਤੇ ਪੰਥਕ ਪ੍ਰਸੰਗ



**ਬੀਰ ਦਵਿੰਦਰ ਸਿੰਘ**
**ਸਾਬਕਾ ਡਿਪਟੀ ਸਪੀਕਰ,**
**ਪੰਜਾਬ ਵਿਧਾਨ ਸਭਾ**
**ਸੰਪਰਕ : 9814033362**

ਸੰਗਰੂਰ ਲੋਕ ਸਭਾ ਸੀਟ ਦੀ ਜ਼ਿਮਨੀ ਚੋਣ ਵਿੱਚ ਕਾਂਟੇ ਦੀ ਟੱਕਰ ਦਾ ਨਤੀਜਾ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਰਦਾਰ ਸਿਮਰਨਜੀਤ ਸਿੰਘ ਮਾਨ ਦੇ ਹੱਕ ਵਿੱਚ ਗਿਆ ਹੈ। ਇਸ ਫ਼ੈਸਲਾਕੁਨ ਜਿੱਤ ਲਈ ਉਹ ਮੁਬਾਰਿਕ ਦੇ ਮੁਸਤਹੱਕ ਹਨ। ਇਸ ਜ਼ਿਮਨੀ ਚੋਣ ਦਾ ਪਰਿਣਾਮ, ਪੰਜਾਬ ਦੀ ਰਾਜਨੀਤੀ ਲਈ ਅਤੇ ਵਿਸ਼ੇਸ਼ ਕਰਕੇ ਪੰਥਕ ਰਾਜਨੀਤੀ ਲਈ ਬੇਹੱਦ ਨਿਰਨੇਵਾਚਕ ਤੇ ਅਰਥ ਭਰਪੂਰ ਹੈ। ਇਸ ਦੇ ਤੁਰੰਤ ਪ੍ਰਭਾਵਾਂ ਵਿੱਚ, ਪੰਥਕ ਰਾਜਨੀਤੀ ਦੇ ਮੁਕੰਮਲ ਰੂਪ ਪਰਿਵਰਤਨ ਦੀ ਪਰਿਕਿਰਿਆ ਸ਼ੁਰੂ ਕਰਨ ਦੇ ਸੰਭਾਵਨਾ ਦਰਸਾਊ ਅੰਸ਼ ਤੇ ਡੂੰਘੇ ਸੰਕੇਤ ਮੌਜੂਦ ਹਨ, ਜੋ ਪੰਜਾਬ ਵਿੱਚ ਪੰਥਕ ਪੱਧਤੀ ਦੀ ਰਾਜਨੀਤੀ ਦੀ ਪੁਨਰ ਸੁਰਜੀਤੀ ਲਈ ਸਹਾਈ ਹੋ ਸਕਦੇ ਹਨ।

ਬਾਦਲ ਦਲ ਦੀ ਉਮੀਦਵਾਰ ਬੀਬੀ ਕਮਲਦੀਪ ਕੌਰ ਦੇ ਪੰਜਵੇਂ ਨੰਬਰ ’ਤੇ ਆਉਣ ਨਾਲ ਅਤੇ ਉਸਦੀ ਜ਼ਮਾਨਤ ਜ਼ਬਤ ਹੋਣ ਨਾਲ, ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਹੋਂਦ ਹਾਸ਼ੀਏ ’ਤੇ ਚਲੀ ਗਈ ਹੈ। ਇਹ ਤਾਂ ਹੁਣ ਕੋਈ ਕਹਿਣ-ਸੁਨਣ ਵਾਲੀ ਗੱਲ ਨਹੀਂ, ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਪੰਜਾਬ ਦੇ ਲੋਕਾਂ ਨੇ, ਉਨਾਂ ਦੇ ਦਸ ਸਾਲ ਦੇ ਰਾਜ ਵਿੱਚ ਕੀਤੇ ਗਏ ਬੱਜਰ ਗੁਨਾਹਾਂ ਲਈ, ਕਤੱਈ ਮੁਆਫ਼ ਨਹੀਂ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਨਾਲ ਕੀਤੇ ਗਏ ਖਿਲਵਾੜ ਦਾ ਕਲੰਕ, ਬਾਦਲਾ ਦੇ ਮੱਥੇ ਉੱਤੋਂ, ਕਦੇ ਵੀ ਮਿਟ ਨਹੀਂ ਸਕੇਗਾ ਅਤੇ ਇਹ ਇੱਕ ਅਜਿਹਾ ਸਰਾਪ ਹੈ, ਜੋ ਉਨਾਂ ਨੂੰ ਉਮਰ ਦੇ ਆਖਰੀ ਵਕਤ ਤੱਕ ਜ਼ਲੀਲ ਕਰਦਾ ਰਹੇਗਾ।

ਇੱਥੇ ਇਹ ਤਸ਼ਰੀਹੀ ਜ਼ਿਕਰ ਜ਼ਰੂਰੀ ਹੈ ਕਿ ਜਿਸ ਕਦਰ ਬਾਦਲਾਂ ਦੀ ਪਾਰਟੀ (ਸ਼੍ਰੋਮਣੀ ਅਕਾਲੀ ਦਲ (ਬ) ਹਾਸ਼ੀਏ ਵਿੱਚ ਚਲੀ ਗਈ ਹੈ, ਉਸ ਨਾਲ ਇੱਕ ਹੋਰ ਪੰਥਕ ਖੇਤਰੀ ਪਾਰਟੀ ਦੇ ਉਭਾਰ ਦੇ ਆਸਾਰ ਪੰਜਾਬ ਵਿੱਚ ਬਣ ਗਏ ਹਨ। ਸੰਗਰੂਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਦੇ ਨਤੀਜਿਆਂ ਦੇ ਰਾਜਨੀਤਕ ਪ੍ਰਭਾਵਾਂ ਦਾ ਬਹੁਪੱਖੀ ਵਿਸ਼ਲੇਸ਼ਣ ਕਰਕੇ, ਪੰਥਕ ਵਿਚਾਰਾਂ ਤੇ ਅਧਾਰਿਤ ਰਾਜਨੀਤੀ, ਜਿਸ ਨੂੰ ‘ਬਾਦਲਾਂ’ ਨੇ ਆਪਣੇ ਨਿੱਜੀ ਮੁਫ਼ਾਦਾਂ ਲਈ ਦਫ਼ਨ ਕਰ ਦਿੱਤਾ ਸੀ, ਉਸ ਪੰਥਕ ਰਾਜਨੀਤੀ ਨੂੰ ਸਹੀ ਦਿਸ਼ਾ ਤੇ ਤਰਤੀਬ ਦੇ ਕੇ, ਉਸਦੀ ਪੁਨਰ ਸੁਰਜੀਤੀ ਲਈ ਲੋੜੀਂਦੇ ਕਦਮ ਚੁੱਕਣੇ, ਹੁਣ ਸਮੁੱਚੀ ਸਿੱਖ ਕੌਮ ਦੀ ਜ਼ਿੰਮੇਵਾਰੀ ਬਣਦੀ ਹੈ ; ਸਿੱਖ ਕੌਮ ਦੀ ਵਿਲੱਖਣ ਦਿੱਖ ਤੇ ਅੱਡਰੀ ਹੋਂਦ-ਹਸਤੀ ਨੂੰ ਕਾਇਮ ਰੱਖਣ ਲਈ ਇਹ ਸਮੂਹਿਕ ਅਮਲ, ਅਤੀ ਜ਼ਰੂਰੀ ਹੈ। ਸੰਗਰੂਰ ਲੋਕ ਸਭਾ ਸੀਟ ਦੀ ਜ਼ਿਮਨੀ ਚੋਣ ਦੇ ਨਤੀਜੇ ਨੇ, ਸਿੱਖ ਕੌਮ ਲਈ ਇੱਕ ਅਜਿਹਾ ਮੌਕਾ ਪੈਦਾ ਕੀਤਾ ਹੈ, ਜਿਸਦੇ ਪ੍ਰਭਾਵ ਨੂੰ, ਪੰਥਕ ਵਿਚਾਰਧਾਰਾ ਦੇ ਪਸਾਰ, ਜਥੇਬੰਦਕ ਵਿਸਤਾਰ ਅਤੇ ਨਵੀਂ ਕਤਾਰਬੰਦੀ ਲਈ, ਤੁਰੰਤ ਕੋਈ ਸਮਾ ਗਵਾਇਆਂ, ਉਪਯੋਗਤਾ ਵਿੱਚ ਲਿਆਉਂਣਾ ਚਾਹੀਦਾ ਹੈ। ਕੌਮਾਂ ਦੇ ਇਤਿਹਾਸ ਵਿੱਚ ਅਜਿਹੇ ਮੌਕੇ ਕਦੇ-ਕਦੇ ਆਉਂਦੇ ਹਨ ਜਦੋਂ ਕੌਮਾਂ ਆਪਣੇ ਬੀਤ ਚੁੱਕੇ ਆਪੇ ਦਾ ਸਵੈ-ਨਿਰੀਖਣ ਕਰਦੀਆਂ ਹਨ ਅਤੇ ਆਉਣ ਵਾਲੇ ਸਮੇਂ ਲਈ ਸਜੱਗ ਹੁੰਦੀਆਂ ਹਨ। ਵਕਤ ਬੜਾ ਬਲਵਾਨ ਹੈ, ਇਹ ਕਦੇ ਵੀ ਖਲੋ ਕੇ ਕਿਸੇ ਦੀ ਉਡੀਕ ਨਹੀਂ ਕਰਦਾ, ਵਕਤ ਦੀ ਚਾਲ ਨਾਲ ਸੁਰ-ਤਾਲ ਤਾਂ ਮਨੁੱਖ ਨੂੰ ਖ਼ੁਦ ਹੀ ਬਿਠਾਉਣਾ ਪੈਂਦਾ ਹੈ। ਕਿਸੇ ਸ਼ਾਇਰ ਨੇ ਖ਼ੂਬ ਕਿਹਾ ਹੈ ਕਿ :

ਖ਼ੁਦਾ ਨੇ ਕਭੀ ਭੀ, ਉਸ ਕੌਮ ਕੀ ਹਾਲਤ ਨਹੀਂ ਬਦਲੀ,
ਨਾ ਹੋ ਖ਼ੁਦ ਖ਼ਿਆਲ ਜਿਸ ਕੋ, ਅਪਨੀ ਹਾਲਤ ਬਦਲਨੇ ਕਾ।

ਉਮੀਦ ਹੈ ਕਿ ਬਾਦਲ ਪਰਿਵਾਰ ਅਤੇ ਢੀਂਡਸਿਆਂ ਦੇ ਪਰਿਵਾਰ ਨੇ ਵਕਤ ਦੀ ਦਿਵਾਰ ਤੇ ਲਿਖੀ ਇਬਾਰਤ ਅਤੇ ਉਸਦੇ ਉੱਘੜਵੇਂ ਸੰਦੇਸ਼ ਨੂੰ ਪੜ੍ਹ ਹੀ ਲਿਆ ਹੋਣਾ ਹੈ। ਇਸ ਲਈ ਉਸ ਸੁਨੇਹੇ ਦੀ ਰੌਸ਼ਨੀ ਵਿੱਚ ਹੁਣ ਸਮੇਂ ਦੀ ਮੰਗ ਹੈ, ਕਿ ਬਾਦਲ ਅਤੇ ਢੀਂਡਸਿਆਂ ਨੂੰ ਆਪਣੇ-ਆਪਣੇ ਦਲ ਭੰਗ ਕਰ ਕੇ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਅਗਵਾਈ ਕਬੂਲ ਕਰ ਲੈਣੀ ਚਾਹੀਦੀ ਹੈ। ਕਿਉਂਕਿ ਸੰਗਰੂਰ ਲੋਕ ਸਭਾ ਦੀ ਜ਼ਿਮਨੀ ਚੋਣ ਦੇ ਨਤੀਜੇ, ਨੇ ਇਹ ਲਗਭਗ ਸਪੱਸ਼ਟ ਕਰ ਦਿੱਤਾ ਹੈ ਕਿ ਪੰਥਕ ਪੱਧਤੀ ਦੀ ਰਾਜਨੀਤੀ ਦੀ ਅਗਵਾਈ ਲਈ, ਸਿੱਖ ਕੌਮ ਹੁਣ ਨਿਰਣਾਇਕ ਤੌਰ ’ਤੇ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਲੀਡਰਸ਼ਿੱਪ ਵੱਲ ਦੇਖ ਰਹੀ ਹੈ।

ਪੰਜਾਬ ਦੇ ਲੋਕਾਂ ਨੇ, ਅਰਵਿੰਦ ਕੇਜਰੀਵਾਲ ਦੀਆਂ ਆਪਹੁਦਰੀਆਂ ਨੂੰ ਮੂੰਹ ਤੋੜਵਾਂ ਜਵਾਬ ਦੇ ਦਿੱਤਾ ਹੈ। ਇਹ ਬੜੇ ਅਫ਼ਸੋਸ ਨਾਲ ਲਿਖਣਾ ਪੈ ਰਿਹਾ ਹੈ, ਕਿ ਜਿਸ ਤਰਾਂ ਪੰਜਾਬ ਦੀਆਂ ਸਾਰੀਆਂ ਰਾਜ ਸਭਾ ਦੀਆਂ ਸੀਟਾਂ ਦੀ ਸੌਦੇਬਾਜ਼ੀ ਕਰਕੇ, ਅਰਵਿੰਦ ਕੇਜਰੀਵਾਲ ਨੇ ਪੰਜਾਬ ਦੇ ਲੋਕਾਂ ਨੂੰ ਇੱਕ ‘ਭੇਡਾਂ ਦਾ ਇੱਜੜ’ ਸਮਝਕੇ, ਉਨਾਂ ਦੇ ਸਵੈਮਾਨ ਦਾ ਮੂੰਹ ਚਿੜਾਇਆ ਹੈ ਅਤੇ ਉਸ ਵੱਲੋਂ ਹਰ ਸੰਭਵ ਤਰੀਕੇ ਨਾਲ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਉਹ ਹੀ ਪੰਜਾਬ ਦਾ ਅਤਿ ਮਹੱਤਵਪੂਰਨ, ਸ੍ਵਉਚਤਮ ਤੇ ਪ੍ਰਭੁੱਤਾ ਸੰਪੰਨ, ਪੰਜਾਬ ਪ੍ਰਮੁੱਖ ਹੈ ਤੇ ਉਹ (ਕੇਜਰੀਵਾਲ) ਹੀ ਪੰਜਾਬ ਦਾ ਸੁਪਰ ਮੁੱਖ ਮੰਤਰੀ ਹੈ ਤੇ ਭਗਵੰਤ ਮਾਨ ਤਾਂ ਮਹਿਜ਼ ਉਸ ਦੀ ਇੱਕ ਰਬੜ ਦੀ ਮੋਹਰ ਹੈ। ਇਹ ਪ੍ਰਭਾਵ ਉਸ ਵੇਲੇ ਹੋਰ ਵੀ ਪੱਕਾ ਹੋ ਗਿਆ ਸੀ, ਜਦੋਂ ਪਿਛਲੇ ਦਿਨੀਂ ਸੰਗਰੂਰ ਲੋਕ ਸਭਾ ਹਲਕੇ ਵਿੱਚ, ਇੱਕ ਰੋਡ ਸ਼ੋਅ ਸਮੇਂ, ਭਗਵੰਤ ਮਾਨ ਪੰਜਾਬ ਦਾ ਮੁੱਖ ਮੰਤਰੀ, ਦਿੱਲੀ ਦੇ ਕੇਂਦਰੀ ਪ੍ਰਦੇਸ਼ ਦੇ ਮੁੱਖ ਮੰਤਰੀ, ਕੇਜਰੀਵਾਲ ਦੀ ਕਾਰ ਦੀ ਬਾਰੀ ਨਾਲ, ਇੱਕ ਗੰਨਮੈਨ ਵਾਂਗ ਲਟਕ ਰਿਹਾ ਸੀ। ਇਹ ਵਰਤਾਰਾ ਪੰਜਾਬ ਦੇ ਲੋਕਾਂ ਲਈ, ਭਦੌੜ ਹਲਕੇ ਵਿੱਚ ਸੜਕ ਦੇ ਕਿਨਾਰੇ, ਮੁੱਖ ਮੰਤਰੀ ਚੰਨੀ ਵੱਲੋਂ ‘ਬੱਕਰੀ ਚੋਣ’ ਦੇ ਹਾਸੋਹੀਣੇ ਵਰਤਾਰੇ ਨਾਲੋਂ ਵੀ, ਕਿਤੇ ਵੱਧ ਹਤਕ-ਅੰਗੇਜ਼ ਸੀ, ਜਿਸ ਨੇ ਪੰਜਾਬੀਆਂ ਦੀ ਅਣਖ ਤੇ ਸਵੈਮਾਨ ਨੂੰ ਵਲੂੰਦਰ ਕੇ ਰੱਖ ਦਿੱਤਾ। ਮੈਂ ਇਹ ਯਕੀਨ ਨਾਲ ਕਹਿ ਸਕਦਾ ਹਾਂ ਕਿ ਆਮ ਆਦਮੀ ਪਾਰਟੀ ਦੀ 3,85,000 ਵੋਟ ਤਾਂ ਉਸੇ ਵੇਲੇ ਹੀ ਉਡ ਗਈ ਸੀ ਜਦੋਂ, ਪੰਜਾਬ ਦੇ ਲੋਕਾਂ ਨੇ ਭਗਵੰਤ ਮਾਨ ਨੂੰ ਕੇਜਰੀਵਾਲ ਦੀ ਕਾਰ ਦੀ ਬਾਰੀ ਨਾਲ, ਇੱਕ ਗੰਨਮੈਨ ਵਾਂਗ ਲਟਕਦਿਆਂ ਵੇਖਿਆ ਸੀ। ਕੇਜਰੀਵਾਲ ਦੇ ਇਸ ਹੰਕਾਰੀ ਅਮਲਾਂ ਨੂੰ ਅਤੇ ਉਸਦੀ ਆਪੂੰ ਸੰਭਾਲੀ, ਪੰਜਾਬ ਦੀ ਲੰਬੜਦਾਰੀ ਨੂੰ ਪੰਜਾਬ ਦੇ ਲੋਕਾਂ ਨੇ, ਹਕਾਰਤ ਨਾਲ ਰੱਦ ਕਰ ਦਿੱਤਾ ਹੈ। ਇੱਕ ਸੁਨੇਹਾ ਤਾਂ ਪੰਜਾਬ ਦਾ, ਬੜੀ ਬੁਲੰਦ ਆਵਾਜ਼ ਵਿੱਚ ਸਾਫ਼ ਤੇ ਸਪਸ਼ਟ ਹੈ ਕਿ ਪੰਜਾਬ ਨੂੰ ਕੇਜਰੀਵਾਲਾਂ ਅਤੇ ਰਾਘਵ ਚੱਢਿਆਂ ਤੇ ਦਿੱਲੀ ਦੇ ਦਲਾਲਾਂ ਦੀ ਲੰਬੜਦਾਰੀ ਕਤੱਈ ਮਨਜ਼ੂਰ ਨਹੀਂ। ਸੰਗਰੂਰ ਲੋਕ ਸਭਾ ਦੀ ਜ਼ਿਮਨੀ ਚੋਣ ਦਾ ਨਤੀਜਾ ਕੇਜਰੀਵਾਲ ਦੇ ਮੂੰਹ ਉੱਤੇ, ਪੰਜਾਬ ਦੇ ਲੋਕਾਂ ਦਾ ਇੱਕ ਅਜਿਹਾ ਤਮਾਚਾ ਹੈ, ਕਿ ਉਹ ਹੁਣ ਪੰਜਾਬ ਆ ਕੇ, ਰਾਜਸੀ ਦਾਦਾਗਰੀ ਕਰਨ ਤੋਂ ਪਹਿਲਾਂ, ਉਹ ਸੌ ਵਾਰੀ ਸੋਚੇਗਾ।

ਪੰਜਾਬ ਦੇ ਵਿਧਾਨ ਸਭਾ ਚੋਣਾਂ ਅੰਦਰ 92 ਸੀਟਾਂ ਜਿੱਤਣ ਵਾਲੀ ਪਾਰਟੀ ਦੇ ਮੁੱਖ ਮੰਤਰੀ ਦਾ, ਕੇਵਲ ਤਿੰਨ ਮਹੀਨੇ ਦੇ ਅੰਦਰ ਹੀ, ਆਪਣੇ ਜ਼ਿਲੇ ਵਿੱਚ ਅਜਿਹਾ ਹਸ਼ਰ ਹੋਵੇਗਾ, ਇਹ ਭਿਆਨਕ ਮੰਜ਼ਰ ਜੇ ਆਮ ਆਦਮੀ ਪਾਰਟੀ ਲਈ ਅੱਤ ਨਮੋਸ਼ੀ ਭਰਿਆ ਹੈ ਉੱਥੇ ਹੀ, ਕਿਤੇ ਨਾ ਕਿਤੇ, ਭਾਰਤੀ ਜਨਤਾ ਪਾਰਟੀ ਅਤੇ ਕਾਂਗਰਸ ਲਈ ਵੀ ਇਹ ਬੇਹੱਦ ਮਾੜਾ ਸ਼ਗਨ ਹੈ। ਜਿਸ ਤਰਾਂ ਭਾਰਤੀ ਜਨਤਾ ਪਾਰਟੀ ਨਿੱਤ ਦਿਨ ਦੂਸਰੀਆਂ ਪਾਰਟੀਆਂ ਵਿੱਚੋਂ, ਖਾਸ ਕਰਕੇ ਕਾਂਗਰਸ ਪਾਰਟੀ ਦੇ ਮਹਾਂ-ਭ੍ਰਿਸ਼ਟ ਨੇਤਾਵਾਂ ਦੇ ਕਚਰੇ ਨੂੰ ਆਪਣੀ ਬੁੱਕਲ ਵਿੱਚ ਲੈ ਕੇ, ਉਨਾਂ ਦੇ ਭ੍ਰਿਸ਼ਟਾਚਾਰ ਦਾ ਬਚਾਅ ਕਰਨ ਵਿੱਚ ਜੁਟੀ ਹੈ, ਇਸ ਰੁਝਾਨ ਨੂੰ ਵੀ ਆਮ ਲੋਕਾਂ ਨੇ ਬੇਪਰਦ ਕਰਕੇ, ਬੁਰੀ ਤਰਾਂ ਨਿਕਾਰ ਦਿੱਤਾ ਹੈ। ਇਸ ਤੋਂ ਬਿਨਾਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਸਮੇਂ, ਬੀ.ਜੇ.ਪੀ ਨੇ, ਕੈਪਟਨ ਅਮਰਿੰਦਰ ਸਿੰਘ ਅਤੇ ਸੁਖਦੇਵ ਸਿੰਘ ਢੀਂਡਸੇ ਨਾਲ ਮਿਲ ਕੇ ਜੋ ਰਾਜਨੀਤਕ ਗੱਠਬੰਧਨ, ਹੋਂਦ ਵਿੱਚ ਲਿਆਂਦਾ ਸੀ, ਉਸ ਮੌਕਾਪ੍ਰਸਤੀ ਤੇ ਆਧਾਰਿਤ, ਨਕਾਰਾਤਮਕ ਰਾਜਨੀਤਕ ਕਤਾਰਬੰਦੀ ਨੂੰ ਵੀ ਪੰਜਾਬ ਦੇ ਲੋਕਾਂ ਨੇ ਸਿਰੇ ਤੋਂ ਨਾਮਨਜ਼ੂਰ ਕਰ ਦਿੱਤਾ ਹੈ।

ਸੰਗਰੂਰ ਲੋਕ ਸਭਾ ਜ਼ਿਮਨੀ ਚੋਣ ਦਾ ਨਤੀਜੇ ਤੋਂ ਬਾਅਦ ਸਰਦਾਰ ਸਿਮਰਨਜੀਤ ਸਿੰਘ ਮਾਨ ਦੀ ਜ਼ਿੰਮੇਵਾਰੀ ਵੀ ਪੰਥ, ਪੰਜਾਬ ਅਤੇ ਪੰਜਾਬ ਦੇ ਆਵਾਮ ਪ੍ਰਤੀ ਹੋਰ ਵੱਧ ਗਈ ਹੈ। ਉਨਾਂ ਨੂੰ ਪੰਜਾਬ ਅਤੇ ਪੰਥ ਦੀ, ਲੀਹੋਂ ਲੱਥੀ ਪੰਥਕ ਰਾਜਨੀਤੀ ਨੂੰ ਪੁਨਰ ਤਰਤੀਬ ਦੇਣ ਲਈ, ਗਹਿਰੀ ਦੂਰਅੰਦੇਸ਼ੀ, ਸਹਿਜ ਅਤੇ ਸੰਜੀਦਗੀ ਤੋਂ ਕੰਮ ਲੈਂਦੇ ਹੋਏ, ਵੱਡੀਆਂ ਪਹਿਲਕਦਮੀਆਂ ਕਰਨੀਆਂ ਪੈਣਗੀਆਂ। ਅੱਜ ਸਿੱਖ ਕੌਮ ਚੁਰਾਹੇ ਤੇ ਖੜੀ ਹੈ, ਚਾਰੇ ਪਾਸੇ ਗਹਿਰ ਦੇ ਬੱਦਲ ਛਾਏ ਹੋਏ ਹਨ। ਕੌਮ ਨਾਲ ਰਾਹਜ਼ਨੀਆਂ, ਕੌਮ ਦੇ ਅਖੌਤੀ ਰਾਹਬਰ ਕਰ ਰਹੇ ਹਨ, ਸਭ ਦੇ ਹਸ਼ਰ ਸਾਡੇ ਸਾਹਮਣੇ ਹਨ, ਸਭ ਨੂੰ ਆਪੋ-ਧਾਪੀ ਪਈ ਹੋਈ ਹੈ, ਕੌਮ ਦੀ ਸਾਰ ਜਾਂ ਕੌਮ ਦੀ ਵਿਗੜੀ ਨੂੰ ਸੰਵਾਰਨ ਦਾ ਫਿਕਰ, ਕਿਸੇ ਦੇ ਵੀ ਸਰੋਕਾਰਾਂ ਵਿੱਚ ਸ਼ਾਮਲ ਨਹੀਂ। ਗੁਰੂ ਨਾਨਕ ਪਾਤਸ਼ਾਹ ਨੇ ਅਜਿਹੇ ਸਿਆਹ ਦੌਰ ਨੂੰ ਇਸ ਤਰਾਂ ਬਿਆਨ ਕੀਤਾ ਸੀ ;

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥
ਹਉ ਭਾਲਿ ਵਿਕੁੰਨੀ ਹੋਈ ॥
ਆਧੇਰੈ ਰਾਹੁ ਨ ਕੋਈ ॥
ਵਿਚਿ ਹਉਮੈ ਕਰਿ ਦੁਖੁ ਰੋਈ ॥
ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ-145)

ਬਿਖੜੇ ਪੈਂਡਿਆਂ ਵਿੱਚ ਸਿੱਖ ਕੌਮ ਨੂੰ ਸੇਧ ਦੇਣ ਲਈ ਸਥਾਪਤ ਕੀਤੇ, ਸਿੱਖ ਤਖ਼ਤ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਮਹੱਤਵਪੂਰਨ ਸਿੱਖ ਸੰਸਥਾਵਾਂ, ਅੱਜ ਆਪਣਾ ਫਰਜ਼ ਪਛਾਨਣ। ਮੈਨੂੰ ਇਹ ਗੱਲ ਬੜੇ ਸਪੱਸ਼ਟ ਰੂਪ ਵਿੱਚ ਕਹਿ ਦੇਣ ਤੋਂ ਵੀ ਕੋਈ ਗੁਰੇਜ਼ ਨਹੀਂ ਕਿ ਅੱਖੀਂ ਵੇਖਕੇ, ਸੱਚ ਨੂੰ ਸੱਚ ਕਹਿਣ ਤੋਂ ਇਨਕਾਰੀ ਹੋਣਾ, ਜਿੱਥੇ ਜ਼ਮੀਰ ਦੀ ਖੁਦਕਸ਼ੀ ਹੈ ਉੱਥੇ ਹੀ ਸਿੱਖ ਪੰਥ ਨਾਲ ਨਾ-ਕਾਬਲ-ਏ-ਫ਼ਰਾਮੋਸ਼, ਗਦਾਰੀ ਵੀ ਹੈ। ਅਜਿਹੇ ਤਾਰੀਕ ਦੌਰ ਵਿੱਚ, ਸਿੱਖ ਕੌਮ ਦੇ ਹਰ ਇੱਕ ਜ਼ਿੰਮੇਵਾਰ ਵਿਅਕਤੀ ਦਾ ਫਰਜ਼ ਬਣਦਾ ਹੈ ਕਿ ਉਹ ਆਪਣੀ ਜ਼ਮੀਰ ਅਤੇ ਸਿੱਖ ਅਰਦਾਸ ਨੂੰ ਸੰਬੋਧਨ ਹੋ ਕੇ ਅਤੇ ਗੁਰੂ ਦਾ ਓਟ ਆਸਰਾ ਲੈ ਕੇ, ਆਪਣੀ ਬਣਦੀ ਭੂਮਿਕਾ ਨੂੰ ਆਪਣਾ ਪੰਥਕ ਕਰਤੱਵ ਸਮਝ ਕੇ ਨਿਭਾਉਣ ਲਈ ਮੈਦਾਨ ਵਿੱਚ ਨਿੱਤਰੇ। ਕੌਮ ਦੀ ਸਿਆਣਪ ਏਸੇ ਵਿੱਚ ਹੈ ਕਿ ਸੰਗਰੂਰ ਲੋਕ ਸਭਾ ਜ਼ਿਮਨੀ ਚੋਣ ਦੇ, ਫੈਸਲਾਕੁਨ ਨਤੀਜੇ ਤੋਂ ਬਾਅਦ ਕੋਈ ਨਵਾਂ ਸਾਰਥਿਕ ਪੰਥਕ ਪ੍ਰੋਗਰਾਮ ਸਾਂਝੇ ਤੌਰ ’ਤੇ ਉਲੀਕਿਆ ਜਾਵੇ, ਜਿਸ ਉੱਤੇ ਸਾਰੀ ਸਿੱਖ ਕੌਮ ਨਿੱਠ ਕੇ ਪਹਿਰਾ ਦੇਵੇ, ਤਾਂ ਕਿ ਸਿੱਖ ਕੌਮ ਨੂੰ ਸਮੇਂ ਦੀ ਦਲਦਲ ਦੀਆਂ ਨਮੋਸ਼ੀਆਂ ਵਿੱਚੋਂ ਬਾਹਰ ਕੱਢ ਕੇ, ਕੌਮ ਦੇ ਉੱਜਲ ਭਵਿੱਖ ਲਈ, ਸਮੇਂ ਦੀ ਗਹਿਰ ਵਿੱਚ ਗਵਾਚੀਆਂ, ਇਤਿਹਾਸਕ ਪੈੜਾਂ ਦੀ ਪੁਨਰ ਨਿਸ਼ਾਨਦੇਹੀ ਕਰਕੇ, ਪੰਥਕ ਫ਼ਲਸਫ਼ੇ ਦੀ ਦ੍ਰਿਸ਼ਟੀ ਵਿੱਚ, ਸਿੱਖ ਕੌਮ ਨੂੰ ਇੱਕ ਵੱਡੇ ਕ੍ਰਾਂਤੀਕਾਰੀ ਰਾਜ ਪਰਿਵਰਤਨ ਲਈ ਲਾਮਬੰਦ ਕੀਤਾ ਜਾਵੇ। ਅਜਿਹੀ ਲਾਮਬੰਦੀ, ਦੇਸ਼ ਵਿੱਚ ਸਿਰ ਚੜ ਕੇ ਬੋਲ ਰਹੀ, ਫ਼ਿਰਕੂ ਸੰਪਰਦਾਇਕਤਾ ਅਤੇ ਉਸਦੇ ਫਲਸਰੂਪ ਹੋ ਰਹੀ, ਬਹੁਵਾਦੀ ਜਮਾਉ ਦੀ ਰਾਜਨੀਤੀ ਦੇ ਖ਼ਤਰਨਾਕ ਰੁਝਾਨਾਂ ਦੀ ਦ੍ਰਿਸ਼ਟੀ ਵਿੱਚ, ਸਿੱਖਾਂ ਵਰਗੀ ਮਹੱਤਵਪੂਰਨ ਘੱਟ-ਗਿਣਤੀ ਦੀ ਅੱਡਰੀ ਹੋਂਦ-ਹਸਤੀ ਨੂੰ ਬਰਕਰਾਰ ਰੱਖਣ ਲਈ, ਅਜ਼ਹਦ ਜ਼ਰੂਰੀ ਹੈ।

# ਡੀਐਮਕੇ ਦੇ ਐਮਪੀ ਏ ਰਾਜਾ ਨੇ ਮੋਦੀ ਸਰਕਾਰ ਨੂੰ ਦਿੱਤੀ ਧਮਕੀ,

## ਸਾਨੂੰ ਹੋਰ ਖੁਦਮੁਖਤਿਆਰੀ ਦਿਓ ਨਹੀਂ ਤਾਂ DMK ਵੱਖਰੇ ਤਾਮਿਲਨਾਡੂ ਲਈ ਜ਼ੋਰ ਪਾਵੇਗੀ

ਮਰਹੂਮ ਐਮ ਕਰੁਣਾਨਿਧੀ ਦੇ ਵਿਸ਼ਵਾਸਪਾਤਰ ਡੀਐਮਕੇ ਐਮਪੀ ਏ ਰਾਜਾ ਨੇ ਤਾਮਿਲਨਾਡੂ ਵਿੱਚ ਡੀਐਮਕੇ ਦੇ ਸਥਾਨਕ ਕਾਡਰਾਂ ਦੀ ਇੱਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਭਾਰਤੀ ਲੋਕਤੰਤਰ ਦੀ ਸਿਆਸਤ ’ਤੇ ਆਪਣਾ ਗੁੱਸਾ ਜਾਹਿਰ ਕੀਤਾ। ਰਾਜਾ ਨੇ ਮੁੱਖ ਮੰਤਰੀ ਐਮ ਕੇ ਸਟਾਲਿਨ ਦੀ ਮੌਜੂਦਗੀ ਵਿੱਚ, ਕੇਂਦਰ ਨੂੰ ਧਮਕੀ ਦਿੱਤੀ ਕਿ ਜੇ ਰਾਜ ਨੂੰ ਹੋਰ ਖੁਦਮੁਖਤਿਆਰੀ ਨਾ ਦਿੱਤੀ ਗਈ ਤਾਂ ਤਾਮਿਲਨਾਡੂ ਵੱਖ ਹੋ ਜਾਵੇਗਾ। ਮੁੱਖ ਮੰਤਰੀ ਐਮ ਕੇ ਸਟਾਲਿਨ ਦੀ ਮੌਜੂਦਗੀ ’ਚ ‘ਰਾਜਾਂ ਵਿੱਚ ਖੁਦਮੁਖਤਿਆਰੀ, ਕੇਂਦਰ ਵਿੱਚ ਸੰਘਵਾਦ’ ਵਿਸ਼ੇ ’ਤੇ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ, “ਅਸੀਂ ਆਪਣੀ ਲੜਾਈ ਉਦੋਂ ਤੱਕ ਨਹੀਂ ਰੋਕਾਂਗੇ ਜਦੋਂ ਤੱਕ ਤਾਮਿਲਨਾਡੂ ਨੂੰ ਰਾਜ ਦੀ ਖੁਦਮੁਖਤਿਆਰੀ ਨਹੀਂ ਮਿਲ ਜਾਂਦੀ।” “ਹਾਲਾਂਕਿ ਅਸੀਂ ਪੇਰੀਆਰ ਦੇ ਮਾਰਗ ’ਤੇ ਚੱਲਦੇ ਹਾਂ, ਅਸੀਂ ਰਾਸ਼ਟਰੀ ਅਖੰਡਤਾ ਅਤੇ ਲੋਕਤੰਤਰ ਲਈ ਵੱਖਰੇ ਤਾਮਿਲਨਾਡੂ ਦੀ ਮੰਗ ਨੂੰ ਪਾਸੇ ਰੱਖਿਆ ਹੈ। ਮੈਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਬੇਨਤੀ ਕਰਦਾ ਹਾਂ ਕਿ ਉਹ ਮੰਗ ਨੂੰ ਮੁੜ ਸੁਰਜੀਤ ਕਰਨ ਲਈ ਸਾਨੂੰ ਮਜਬੂਰ ਨਾ ਕਰਨ। ਕਿਰਪਾ ਕਰਕੇ ਸਾਨੂੰ ਰਾਜ ਦੀ ਖੁਦਮੁਖਤਿਆਰੀ ਦਿਓ”।



ਡੀਐਮਕੇ ਦੇ ਸੰਸਦ ਮੈਂਬਰ ਨੇ ਅੱਗੇ ਦੋਸ਼ ਲਾਇਆ ਕਿ ਕੇਂਦਰ ਨੇ ਵੱਖ-ਵੱਖ ਪਹਿਲੂਆਂ ਬਾਰੇ ਰਾਜਾਂ ਨੂੰ ਆਪਣੇ ਉੱਤੇ ਛੱਡ ਕੇ ਵੱਧ ਸ਼ਕਤੀਆਂ ਦਾ ਆਨੰਦ ਮਾਣਿਆ। ਉਸਨੇ ਇਹ ਵੀ ਉਜਾਗਰ ਕੀਤਾ ਕਿ ਜੀਐਸਟੀ ਯੋਗਦਾਨ ਵਿੱਚ ਤਾਮਿਲਨਾਡੂ ਦਾ ਹਿੱਸਾ 6.5% ਸੀ, ਪਰ ਰਾਜ ਨੂੰ ਬਦਲੇ ਵਿੱਚ ਸਿਰਫ 2.5% ਮਿਲਿਆ। “ਇਥੋਂ ਤੱਕ ਕਿ ਸਧਾਰਨ ਮੁੱਦਿਆਂ ਲਈ ਵੀ, ਰਾਜਾਂ ਨੂੰ ਕੇਂਦਰ ’ਤੇ ਨਿਰਭਰ ਹੋਣਾ ਪੈਂਦਾ ਹੈ, ਗੁੱਸਾ, ਸ਼ਾਇਦ ਜਾਣਬੁੱਝ ਕੇ, ਮੋਦੀ ਸਰਕਾਰ ਨੂੰ ਤਾਮਿਲਨਾਡੂ ਰਾਜਪਾਲ ਦੀ ਭੂਮਿਕਾ, ਦੇ ਮੁੱਦਿਆਂ ਨੂੰ ਸੰਬੋਧਿਤ ਨਾ ਕੀਤੇ ਜਾਣ, ਦੀ ਅਸਮਾਨ ਵੰਡ, ਹਿੰਦੀ ਨੂੰ ਲਾਗੂ ਕਰਨ ਤੋਂ ਉਨ੍ਹਾਂ ਦੀ ਨਾਖੁਸ਼ੀ ਦੀ ਯਾਦ ਦਿਵਾਉਣਾ ਹੈ; ਗੈਰ-ਭਾਜਪਾ ਸ਼ਾਸਿਤ ਰਾਜਾਂ ਦੀ ਕੇਂਦਰ ਸਰਕਾਰ ਨਾਲ ਆਮ ਮੁਸੀਬਤਾਂ ਹਨ। ਏ.ਆਈ.ਏ.ਡੀਐਮਕੇ ਅਤੇ ਭਾਜਪਾ ਦੋਵਾਂ ਨੇ ਰਾਜਾ ਦੇ ਦੇਸ਼ ਧ੍ਰੋਹੀ ਭਾਸ਼ਣ ਦੀ ਨਿੰਦਾ ਕੀਤੀ ਹੈ। ਪਰ, ਦਿਲਚਸਪ ਗੱਲ ਇਹ ਹੈ ਕਿ ਮੁੱਖ ਮੰਤਰੀ ਮੂਕ ਦਰਸ਼ਕ ਦੀ ਭੂਮਿਕਾ ਨਿਭਾ ਰਹੇ ਸਨ। ਵਿਸ਼ਲੇਸ਼ਕ ਕਹਿ ਰਹੇ ਹਨ ਕਿ ਲੋਕਾਂ ਦੇ ਮੂਡ ਦਾ ਮੁਲਾਂਕਣ ਕਰਨ ਲਈ ਮੁੱਖ ਮੰਤਰੀ ਰਾਜਾ ਨੂੰ ਅਜ਼ਮਾਇਸ਼ੀ ਗੁਬਾਰੇ ਵਜੋਂ ਵਰਤ ਰਹੇ ਹਨ। ਰਾਜਨੀਤਿਕ ਵਿਸ਼ਲੇਸ਼ਕ ਸੁਮੰਥ ਰਮਨ ਦਾ ਕਹਿਣਾ ਹੈ, “ਉਸ ਨੇ ਸਟਾਲਿਨ ਨੂੰ ਸ਼ਰਮਿੰਦਾ ਕੀਤਾ ਡੀਐਮਕੇ ਵਿੱਚ ਪਾਸੇ ਹੋ ਗਿਆ ਅਤੇ ਦੁਖੀ ਹੋ ਗਿਆ। ਅਜਿਹੇ ਫਰਿੰਜ ਤੱਤਾਂ ਨੂੰ ਛੱਡ ਕੇ, ਤਾਮਿਲਨਾਡੂ ਵਿੱਚ ਕੋਈ ਵੀ ਵੱਖਵਾਦ ਬਾਰੇ ਗੱਲ ਨਹੀਂ ਕਰਦਾ। ਡੀਐਮਕੇ ਦੇ ਰਾਜ ਸਭਾ ਮੈਂਬਰ ਟੀਕੇਐਸ ਏਲਾਂਗੋਵਨ ਦਾ ਕਹਿਣਾ ਹੈ, “ਰਾਜਾ ਨੇ ਆਪਣੀ ਨਿਰਾਸ਼ਾ ਨੂੰ ਪ੍ਰਸਾਰਿਤ ਕੀਤਾ”। ਬਾਅਦ ਵਿੱਚ ਦਿਨ ਵਿੱਚ, ਡੀਐਮਕੇ ਦੇ ਬੁਲਾਰੇ ਟੀਕੇਐਸ ਏਲਾਂਗੋਵਨ ਨੇ ਦ ਨਿਊ ਇੰਡੀਅਨ ਐਕਸਪ੍ਰੈਸ ਨੂੰ ਦੱਸਿਆ, “ਨਾਗਰੇਂਦਰਨ ਸਾਬਤ ਕਰਨਾ ਚਾਹੁੰਦੇ ਹਨ ਕਿ ਭਾਜਪਾ ਕਦੇ ਵੀ ਸੰਵਿਧਾਨ ਅਤੇ ਲੋਕਾਂ ਦੀਆਂ ਭਾਵਨਾਵਾਂ ਦਾ ਸਨਮਾਨ ਨਹੀਂ ਕਰਦੀ ਹੈ।” ਉਨ੍ਹਾਂ ਕਿਹਾ ਕਿ ਤਾਮਿਲਨਾਡੂ ਨੂੰ ਵੱਖ ਕਰਨ ਦੀ ਕੋਈ ਮੰਗ ਨਹੀਂ ਹੈ ਬਿਹਤਰ ਪ੍ਰਸ਼ਾਸਨ ਲਈ ਰਾਜ ਨੂੰ ਵੰਡਣ ਲਈ, ਉਸਨੇ ਕਿਹਾ ਕਿ ਭਾਜਪਾ ਨੇ ਉੱਤਰ ਪ੍ਰਦੇਸ਼ ਦੇ ਵੱਡੇ ਰਾਜ ਲਈ ਵੀ ਅਜਿਹਾ ਨਹੀਂ ਕੀਤਾ ਹੈ। ਹਾਲਾਂਕਿ, ਭਾਵੇਂ ਰਾਜ ਵੰਡਿਆ ਜਾਂਦਾ ਹੈ, ਡੀਐਮਕੇ ਨਵੇਂ ਰਾਜਾਂ ਵਿੱਚ ਸੱਤਾ ਵਿੱਚ ਆਵੇਗੀ ਅਤੇ ਇੱਕ ਰਾਸ਼ਟਰੀ ਪਾਰਟੀ ਬਣ ਜਾਵੇਗੀ।

# ਕੀ ਕਹਿੰਦਾ ਹੈ ਬਜਟ 'ਆਪ' ਦਾ ?



**ਗੁਰਮੀਤ ਸਿੰਘ ਪਲਾਹੀ**
**9815802070**

ਪੰਜਾਬ ਹਿਤੈਸ਼ੀ ਕਹਿੰਦੇ ਹਨ ਕਿ ਪੰਜਾਬ ਨੂੰ ਰਿਆਇਤਾਂ ਸਬਸਿਡੀਆਂ ਦੀ ਲੋੜ ਨਾਲੋਂ ਚੰਗੀ ਸਿੱਖਿਆ, ਸਿਹਤ ਸਹੂਲਤਾਂ ਅਤੇ ਪੰਜਾਬ 'ਚ ਚੰਗੇ ਵਾਤਾਵਰਨ ਦੀ ਲੋੜ ਹੈ। ਇਹ ਗੱਲ ਸੱਚ ਹੈ।

ਪੰਜਾਬ ਨੂੰ ਪਾਣੀਆਂ ਦੀ ਲੋੜ ਹੈ। ਪੰਜਾਬ ਨੂੰ ਰੁਜ਼ਗਾਰ ਦੀ ਲੋੜ ਹੈ। ਪੰਜਾਬ ਨੂੰ ਨਸ਼ਾ ਮੁਕਤ ਹੋਣ ਦੀ ਲੋੜ ਹੈ। ਪਿੰਡਾਂ, ਸ਼ਹਿਰਾਂ ਦੀਆਂ ਨੁੱਕਰਾਂ 'ਚ ਲੋਕਾਂ ਨੂੰ ਪੜਾਈ ਦੀ ਚੇਟਕ ਲਾਉਣ, ਗਿਆਨ ਵਧਾਉਣ ਲਈ ਰੀਡਿੰਗ ਰੂਮ ਅਤੇ ਲਾਇਬ੍ਰੇਰੀਆਂ ਦੀ ਲੋੜ ਹੈ, ਜਿਸ ਨਾਲ ਪੰਜਾਬੀਆਂ ਵਿਚ ਚੇਤਨਾ ਪੈਦਾ ਹੋਵੇ। ਉਹ ਆਪਣੇ ਪੁਰਾਤਨ ਵਿਰਸੇ ਨਾਲ ਜੁੜ ਸਕਣ। ਉਹ 'ਕੁੜੀਮਾਰ ਕਲਚਰ' ਅਤੇ ਨਸ਼ਿਆਂ ਤੋਂ ਉਤਪੋਤ ਹੋਣ ਤੋਂ ਬਚ ਸਕਣ। ਇੱਕ ਖ਼ਬਰ ਅਨੁਸਾਰ ਪੰਜਾਬ ਹਰ ਰੋਜ਼ 8 ਕਰੋੜ ਦੀ ਸ਼ਰਾਬ ਡਕਾਰ ਜਾਦੇ ਹਨ ਅਤੇ ਕੋਈ ਵੀ ਕਿਤਾਬ ਖਰੀਦਣ ਤੋਂ ਕੰਨੀ ਕਤਰਾਉਂਦੇ ਹਨ। ਉਹ ਪੰਜਾਬੀ ਜਿਹੜੇ ਦੁਨੀਆ ਵਿੱਚ ਗਿਆਨ ਵੰਡਣ ਲਈ ਮਸ਼ਹੂਰ ਸਨ, ਜਿਥੇ ਵੇਦਾਂ, ਗ੍ਰੰਥਾਂ ਦੀ ਸਿਰਜਨਾ ਹੋਈ, ਗੁਰੂ ਗ੍ਰੰਥ ਸਾਹਿਬ ਜੀ ਪ੍ਰਕਾਸ਼ਮਾਨ ਹੋਏ, ਜਿਥੇ ਦਾ ਸਾਹਿਤ ਅਮੀਰੀ ਨਾਲ ਭਰਿਆ ਪਿਆ ਹੈ, ਉਹ ਆਖ਼ਰ ਪੜਾਈ, ਗਿਆਨ ਤੋਂ ਬੇਮੁੱਖ ਕਿਉਂ ਹੋ ਗਏ ? ਕੀ ਉਨਾਂ ਨੂੰ ਮੁੜ ਉਸ ਧਾਰਾ ਵਿਚ ਲਿਆਉਣ ਲਈ ਕਦਮ ਆਪਣੇ ਆਪ ਨੂੰ ਨਿਵੇਕਲੀ ਸਿਆਸੀ ਪਾਰਟੀ ਅਖਵਾਉਣ ਵਾਲੀ 'ਆਪ' ਵਲੋਂ ਨਹੀਂ ਪੁੱਟੇ ਜਾਣੇ ਚਾਹੀਦੇ ਸਨ ?

ਆਓ ਪੰਜਾਬ ਦੇ ਬਜਟ ਉਤੇ ਇੱਕ ਝਾਤੀ ਮਾਰ ਲੈਂਦੇ ਹਾਂ :- ਸਾਲ 2022-23 ਤੱਕ ਪੰਜਾਬ ਸਿਰ 2,84,780 ਕਰੋੜ ਦਾ ਕਰਜ਼ਾ ਹੈ। 2017-18 ਵਿੱਚ ਇਹ ਕਰਜ਼ਾ 1,95,152 ਕਰੋੜ ਸੀ। ਇਸ ਕਰਜ਼ੇ ਉਤੇ ਪੰਜਾਬ ਹੁਣ ਤੱਕ 89,713 ਕਰੋੜ ਰੁਪਏ ਦਾ ਵਿਆਜ ਤਾਰ ਚੁੱਕਾ ਹੈ। ਅੱਗੋਂ ਵੀ 22,000 ਕਰੋੜ ਸਲਾਨਾ ਤੋਂ ਉਪਰ ਕਰਜ਼ ਦਾ ਵਿਆਜ਼ ਤਾਰਦਾ ਰਹੇਗਾ।

ਰਿਜ਼ਰਵ ਬੈਂਕ ਆਫ਼ ਇੰਡੀਆ ਦੀ ਇੱਕ ਰਿਪੋਰਟ ਮੁਤਾਬਕ ਪੰਜਾਬ ਮੁਲਕ ਦੇ ਉਨਾਂ 10 ਸੂਬਿਆਂ ਵਿਚੋਂ ਪਹਿਲੇ ਨੰਬਰ 'ਤੇ ਹੈ, ਜਿਸਦੇ ਵਿੱਤੀ ਹਾਲਾਤ ਸਭ ਤੋਂ ਵੱਧ ਨਾਜ਼ੁਕ ਹਨ। ਨਵੀਆਂ ਰਿਆਇਤਾਂ ਦੇਣ ਦੇ ਰਾਹ ਪਈ ਹੋਈ 'ਆਪ' ਕੀ ਇਹ ਕਰਜ਼ਾ ਆਪਣੇ ਵਿੱਤੀ ਸਾਧਨਾਂ ਵਿਚ ਵਾਧਾ ਕਰਕੇ ਖ਼ਤਮ ਕਰ ਸਕੇਗੀ ਜਾਂ ਘਟਾ ਸਕੇਗੀ। 'ਆਪ' ਸਰਕਾਰ ਨੇ ਪਿਛਲੇ 100 ਦਿਨਾਂ ਦੌਰਾਨ 8000 ਕਰੋੜ ਦਾ ਕਰਜ਼ਾ ਲਿਆ ਹੈ। ਬਾਵਜੂਦ ਇਸ ਗੱਲ ਦੇ ਕਿ ਉਸ ਵਲੋਂ ਇੱਕ ਵਾਈਟ ਪੇਪਰ ਜਾਰੀ ਕੀਤਾ ਗਿਆ ਹੈ, ਜਿਸ ਵਿੱਚ ਪਿਛਲੀਆਂ ਸਰਕਾਰਾਂ ਨੂੰ ਵੱਧ ਕਰਜ਼ਾ ਲੈਣ ਦੇ ਦੋਸ਼ੀ ਕਰਾਰ ਦਿੱਤਾ ਹੈ ਅਤੇ ਕਿਹਾ ਹੈ ਕਿ ਲੋੜੋਂ ਵੱਧ ਰਿਆਇਤਾਂ ਦੇਣ ਅਤੇ ਫਜ਼ੂਲ ਖ਼ਰਚੀ ਨਾਲ ਪੰਜਾਬ ਦੇ ਵਿੱਤੀ ਹਾਲਾਤ ਖਰਾਬ ਹੋਏ ਹਨ। ਕੀ 'ਆਪ' ਵੀ ਰਵਾਇਤੀ ਪਾਰਟੀਆਂ ਦੇ ਰਾਹ ਤਾਂ ਨਹੀਂ ਤੁਰ ਪਈ ?

'ਆਪ' ਵਲੋਂ ਗਰੰਟੀ ਪੂਰੀ ਕਰਨ ਲਈ 300 ਯੂਨਿਟ ਪ੍ਰਤੀ ਮਹੀਨਾ ਮੁਫ਼ਤ ਬਿਜਲੀ ਪਹਿਲੀ ਜੁਲਾਈ 2022 ਤੋਂ ਲਾਗੂ ਕਰ ਦਿੱਤੀ ਗਈ ਹੈ। ਇਸ ਰਿਆਇਤ ਵਾਸਤੇ ਖ਼ਰਚਾ ਕਿੰਨਾ ਹੋਏਗਾ ? ਖ਼ਰਚੇ ਲਈ ਸਾਧਨ ਕਿਥੋਂ ਜੁਟਾਏ ਜਾਣਗੇ ? ਕੀ ਕਰਜ਼ਾ ਹੋਰ ਨਹੀਂ ਵਧੇਗਾ ? ਇਸ ਸਕੀਮ ਤੇ 1800 ਕਰੋੜ ਖ਼ਰਚੇ ਦਾ ਅੰਦਾਜ਼ਾ ਹੈ। ਪੰਜਾਬ ਵਿੱਚ 73.39 ਲੱਖ ਘਰੇਲੂ ਖਪਤਕਾਰ ਇਸ ਸਕੀਮ ਦਾ ਲਾਭ ਲੈਣਗੇ।

ਬਜ਼ਟ ਤੋਂ ਜਾਪਦਾ ਹੈ ਕਿ ਸਰਕਾਰ 'ਆਪ' ਨੇ ਜੋ ਚੋਣ ਵਾਇਦੇ ਕੀਤੇ ਸਨ ਕਿ ਉਚੇ ਮਿਆਰ ਦੀ ਵਿਦਿਆ ਦੇਵਾਂਗੇ। ਉੱਚੇ ਮਿਆਰ ਦੀਆਂ ਸਿਹਤ ਸਹੂਲਤਾਂ ਦੇਵਾਂਗੇ, ਹਰ ਪਰਿਵਾਰ ਨੂੰ 300 ਯੂਨਿਟ ਬਿਜਲੀ ਮੁਫ਼ਤ ਦੇਵਾਂਗੇ। ਸ਼ਹੀਦ ਫੌਜੀਆਂ ਦੀਆਂ ਵਿਧਵਾਵਾਂ ਦਾ ਮੁਆਵਜ਼ਾ ਵਧਾਵਾਂਗੇ ਅਤੇ ਹਰ ਉਸ ਔਰਤ ਜਿਸਦੀ ਉਮਰ 18 ਸਾਲ ਤੋਂ ਵੱਧ ਹੈ ਉਸਨੂੰ 1000 ਰੁਪਏ ਮਹੀਨਾ ਦੇਵਾਂਗੇ। ਬਜ਼ਟ ਵਿੱਚ 18 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਨੂੰ 1000 ਰੁਪਏ ਮਹੀਨਾ ਦੇਣ ਦਾ ਵਾਇਦਾ ਛੱਡਕੇ ਬਾਕੀਆਂ ਲਈ ਜਜ਼ਟ ਵਿੱਚ ਪ੍ਰਾਵਾਧਾਨ ਕਰ ਦਿੱਤਾ ਗਿਆ ਹੈ।

ਬਜ਼ਟ ਵਿੱਚ 117 ਮੁਹੱਲਾ ਕਲੀਨਿਕ ਖੋਲੇ ਜਾਣ ਦੀ ਗੱਲ ਕੀਤੀ ਗਈ ਹੈ। ਪੰਜਾਬ ਵਿੱਚ 12,673 ਪਿੰਡ ਅਤੇ 237 ਸ਼ਹਿਰ ਹਨ। ਹੋਰ ਪਿੰਡਾਂ, ਸ਼ਹਿਰਾਂ ਵਿਚ ਮੁਹੱਲਾ ਕਲੀਨਿਕ ਕਿਵੇਂ ਤੇ ਕਦੋਂ ਖੁਲਣਗੇ ? ਇਹ 117 ਮੁਹੱਲਾ ਕਲੀਨਿਕ ਵੀ ਸੁਵਿਧਾ ਸੈਂਟਰ ਜੋ ਪਿੰਡਾਂ ਤੇ ਸ਼ਹਿਰਾਂ ਵਿਚ ਸਥਿਤ ਹਨ ਅਤੇ ਸਰਕਾਰ ਵਲੋਂ ਬੰਦ ਕਰ ਦਿੱਤੇ ਗਏ ਹਨ, ਦੀਆਂ ਇਮਾਰਤਾਂ 'ਚ ਖੋਲੇ ਜਾਣਗੇ, ਜਦਕਿ ਜ਼ਰੂਰਤ ਉਹਨਾ ਸੁਵਿਧਾ ਸੈਂਟਰਾਂ ਨੂੰ ਸਾਰਥਕ ਢੰਗ ਨਾਲ ਚਲਾਉਣ ਦੀ ਸੀ, ਕਿਉਂਕਿ ਪੇਂਡੂ ਲੋਕ ਖ਼ਾਸ ਕਰਕੇ ਸੁਵਿਧਾ ਕੇਂਦਰਾਂ ਦੀਆਂ ਸਹੂਲਤਾਂ ਤੋਂ ਸੱਖਣੇ ਹੋ ਗਏ ਹਨ ਅਤੇ ਜ਼ਰੂਰੀ ਕੰਮ ਕਰਵਾਉਣ ਲਈ ਸ਼ਹਿਰਾਂ ਵਿਚ ਮਾਰੇ-ਮਾਰੇ ਫਿਰ ਰਹੇ ਹਨ। ਬਜਟ ਵਿੱਚ 25,454 ਵਿਅਕਤੀਆਂ ਦੀ ਭਰਤੀ ਅਤੇ ਠੇਕੇ ਉਪਰ ਕੰਮ ਕਰਦੇ 36000 ਕਿਰਤੀਆਂ ਨੂੰ ਪੱਕਾ ਕਰਨ ਲਈ ਪੈਸੇ ਦਾ ਪ੍ਰਵਾਧਾਨ ਹੈ, ਜਦਕਿ ਖੇਤੀ ਖੇਤਰ ਲਈ 11,560 ਕਰੋੜ ਰੱਖੇ ਹਨ, ਜਿਨਾਂ ਵਿਚ ਟਿਊਬਵੈੱਲਾਂ ਨੂੰ ਮੁਫ਼ਤ ਬਿਜਲੀ ਲਈ 6,947 ਕਰੋੜ, 450 ਕਰੋੜ ਝੋਨੇ ਦੀ ਸਿੱਧੀ ਬਿਜਾਈ ਲਈ ਰੱਖੇ ਗਏ ਹਨ।

ਬਜ਼ਟ 2022-23 ਵਿੱਚ ਕੁਲ ਆਮਦਨ 96,378 ਕਰੋੜ ਵਿਖਾਈ ਗਈ ਹੈ। ਜਦਕਿ ਖ਼ਰਚ 1,55,860 ਕਰੋੜ ਦੱਸਿਆ ਗਿਆ ਹੈ। ਇਹ ਘਾਟਾ ਕਿਥੋਂ ਪੂਰਾ ਹੋਏਗਾ ? ਜਦਕਿ 2022-23 ਵਿੱਚ ਜੀ ਐਸ ਟੀ ਦਾ ਲਗਭਗ 14 ਜਾਂ 15 ਹਜ਼ਾਰ ਕਰੋੜ ਹੁਣ ਸਰਕਾਰ ਨੂੰ ਕੇਂਦਰ ਵਲੋਂ ਨਹੀਂ ਮਿਲੇਗਾ ਅਰਥਾਤ ਆਮਦਨ ਹੋਰ ਘਟੇਗੀ। ਸਰਕਾਰ ਨੇ ਇਸ ਵਰੇ ਬਜਟ ਵਿੱਚ ਕੋਈ ਟੈਕਸ ਨਹੀਂ ਲਗਾਇਆ ਤਾਂ ਫਿਰ ਆਮਦਨ ਕਿਥੋਂ ਹੋਏਗੀ ? ਰੇਤਾ, ਬਜ਼ਰੀ ਦੀ ਵੇਚ ਤੋਂ ਆਮਦਨ ਲਈ ਕਾਰਪੋਰੇਸ਼ਨ ਬਣਾਉਣ ਦੀ ਗੱਲ ਖੂਹ ਖਾਤੇ ਪਾ ਦਿੱਤੀ ਗਈ ਹੈ। ਐਕਸਾਈਜ਼ ਤੋਂ ਵੱਧ ਆਮਦਨ ਦੇ ਨਵੀਂ ਨੀਤੀ 'ਚ ਕੋਈ ਅਸਾਰ ਨਹੀਂ। ਹਾਂ, ਸ਼ਰਾਬ ਸਸਤੀ ਜ਼ਰੂਰ ਕਰ ਦਿੱਤੀ ਗਈ ਹੈ।

ਪਾਣੀਆਂ ਦਾ ਮੁੱਦਾ ਵਿਸ਼ੇਸ਼ ਧਿਆਨ ਮੰਗਦਾ ਹੈ। ਪੰਜਾਬ ਦੇ ਧਰਤੀ ਹੇਠਲੇ ਪਾਣੀ ਦੀ ਦੁਰਵਰਤੋਂ ਕਾਰਨ ਪਾਣੀ ਦਾ ਪੱਧਰ ਘੱਟ ਗਿਆ ਹੈ। ਸਿੱਟੇ ਵਜੋਂ ਖੇਤੀ ਮਹਿੰਗੀ ਹੋ ਗਈ ਹੈ। ਕਿਸਾਨ ਖੁਦਕੁਸ਼ੀਆਂ ਦੇ ਰਾਹ ਤੁਰੇ ਹੋਏ ਹਨ। ਛੋਟੀ ਕਿਸਾਨੀ ਖੇਤੀ ਤੋਂ ਬਾਹਰ ਹੋ ਰਹੀ ਹੈ, ਇਹ ਇੱਕ ਵੱਡੀ ਸਮੱਸਿਆ ਹੈ। ਜਿਹੜੇ ਲੋਕ ਖੇਤੀ ਛੱਡ ਰਹੇ ਹਨ, ਉਨਾਂ ਲਈ ਰੁਜ਼ਗਾਰ ਕਿਥੇ ਹੈ ? ਉਂਜ ਵੀ ਹਰ ਕਿਸਾਨ ਪਰਿਵਾਰ ਔਸਤਨ 10 ਲੱਖ ਰੁਪਏ ਅਤੇ ਮਜ਼ਦੂਰ 80 ਹਜ਼ਾਰ ਰੁਪਏ ਦੇ ਕਰਜ਼ੇ ਹੇਠ ਹੈ। ਉਨਾਂ ਦੀ ਆਰਥਿਕ ਹਾਲਤ ਐਨੀ ਮਾੜੀ ਹੈ ਕਿ ਉਹ ਆਪਣਾ ਕਰਜ਼ਾ ਤਾਂ ਕੀ ਉਸਦਾ ਵਿਆਜ਼ ਲਾਹੁਣ ਤੋਂ ਵੀ ਆਤੁਰ ਹਨ। ਹੈਰਾਨੀ ਦੀ ਗੱਲ ਹੈ ਕਿ ਇਹਨਾ ਕਿਸਾਨਾਂ, ਮਜ਼ਦੂਰਾਂ ਜੋ ਪੰਜਾਬ ਦੀ ਰੀੜ ਦੀ ਹੱਡੀ ਹਨ, ਲਈ ਕਰਜ਼ੇ 'ਚੋਂ ਨਿਕਲਣ ਦਾ ਪ੍ਰਵਾਧਾਨ ਹੀ ਨਹੀਂ ਕੀਤਾ ਗਿਆ। ਆਰਥਿਕ ਮਾਹਰ ਡਾ: ਸੁਖਪਾਲ ਸਿੰਘ ਕਹਿੰਦੇ ਹਨ ਕਿ ਖੇਤੀ ਸੈਕਟਰ ਨੂੰ 11560 ਕਰੋੜ ਰੁਪਏ ਦੀ ਰਾਸ਼ੀ (7.4%) ਅਲਾਟ ਕੀਤੀ ਗਈ ਹੈ। ਉਨਾਂ ਦਾ ਕਹਿਣਾ ਹੈ ਕਿ ਇਸ ਨਿਗੁਣੀ ਰਾਸ਼ੀ ਨਾਲ ਖੇਤੀ ਸੈਕਟਰ ਦੀਆਂ ਸਮੱਸਿਆਵਾਂ ਹੱਲ ਹੋਣ ਵਾਲੀਆਂ ਨਹੀਂ। ਉਹਨਾ ਇਹ ਵੀ ਕਿਹਾ ਕਿ ਮੁਲਕ ਵਿੱਚ ਹਰੀ ਕ੍ਰਾਂਤੀ ਲਿਆਉਣ ਲਈ ਖੇਤੀ ਉਪਰ ਬਜਟ ਦਾ 24 ਪ੍ਰਤੀਸ਼ਤ ਤੱਕ ਖ਼ਰਚ ਕੀਤਾ ਜਾਂਦਾ ਰਿਹਾ ਹੈ ਅਤੇ ਪੰਜਾਬ ਨੇ ਹਰੀ ਕ੍ਰਾਂਤੀ 'ਚ ਵਿਸ਼ੇਸ਼ ਯੋਗਦਾਨ ਦਿੱਤਾ। ਪਰ ਅੱਜ ਖੇਤੀ ਸੁਧਾਰ ਲਈ ਅਤੇ ਕਿਸਾਨਾਂ ਦੀਆਂ ਸਮੱਸਿਆਵਾਂ ਦੂਰ ਕਰਨ ਲਈ ਵੱਡੇ ਕਦਮ ਨਾ ਚੁੱਕਣਾ, ਹੈਰਾਨੀਜਨਕ ਹੈ। ਪੰਜਾਬ ਦੇ ਵਿਕਾਸ ਦੀ ਰੀੜ ਦੀ ਹੱਡੀ ਖੇਤੀ ਸੈਕਟਰ ਹੈ। ਚਾਹੀਦਾ ਤਾਂ ਇਹ ਸੀ ਕਿ ਸਾਡਾ ਬਜ਼ਟ ਖੇਤੀ ਖੋਜ ਅਤੇ ਵਿਕਾਸ ਕੇਂਦਰਤ ਹੁੰਦਾ, ਪਰ ਜਾਪਦਾ ਹੈ 'ਆਪ' ਸਰਕਾਰ ਨੇ ਗੋਗਲੂਆਂ ਤੋਂ ਮਿੱਟੀ ਝਾੜ ਦਿੱਤੀ ਹੈ ਤੇ ਕਿਸਾਨਾਂ ਪੱਲੇ ਕੁਝ ਨਹੀਂ ਪਾਇਆ।

ਪੰਜਾਬ ਦੇ ਕੁਲ ਬਜਟ ਵਿਚੋਂ 61.56 ਫ਼ੀਸਦੀ ਤਨਖਾਹਾਂ, ਪੈਨਸ਼ਨਾਂ ਆਦਿ ਲਈ ਰੱਖਿਆ ਗਿਆ ਹੈ, ਜਿਸ ਵਿੱਚ 6ਵਾਂ ਪੇ-ਕਮਿਸ਼ਨ ਦੇ ਬਜਾਏ ਦੇਣਾ ਵੀ ਸ਼ਾਮਲ ਹੈ। ਸਬਸਿਡੀਆਂ ਅਤੇ ਰਿਆਇਤਾਂ ਲਈ 15,845 ਕਰੋੜ ਰੱਖੇ ਹਨ, ਜਿਨਾਂ ਵਿੱਚ 2503 ਕਰੋੜ ਇੰਡਸਟਰੀਅਲ ਖਪਤਕਾਰਾਂ ਲਈ ਬਿਜਲੀ ਸਬਸਿਡੀ ਸ਼ਾਮਲ ਹੈ।

ਪੰਜਾਬ ਬਜਟ ਦਾ ਇਕ ਉਜਾਗਰ ਪੱਖ ਸਿੱਖਿਆ ਖੇਤਰ ਉਤੇ 9 ਫ਼ੀਸਦੀ ਖ਼ਰਚ ਕਰਨਾ ਹੈ, ਜਿਸ ਨਾਲ ਦਿੱਲੀ ਪੈਟਰਨ ਤੇ ਨਵੇਂ ਸਕੂਲ ਖੋਲਣਾ ਸ਼ਾਮਲ ਹੈ। ਇਸ ਅਧੀਨ 'ਸਕੂਲ ਆਫ ਐਮੀਨੈਂਸ' ਖੋਲੇ ਜਾਣਗੇ। ਟੀਚਰਾਂ ਦੀ ਸਿਖਲਾਈ ਲਈ ਵਖਰਾ ਬਜ਼ਟ ਰੱਖਿਆ ਗਿਆ ਹੈ। ਦਿੱਲੀ ਪੈਟਰਨ ਲਾਗੂ ਕਰਨ ਲਈ ਦਿੱਲੀ ਸਰਕਾਰ ਨਾਲ ਸਮਝੌਤੇ ਕਰ ਲਏ ਗਏ ਹਨ। ਇਸ ਸਾਲ 100 ਸਕੂਲ ਅਪਗਰੇਡ ਕਰਨ ਦੀ ਵੀ ਯੋਜਨਾ ਹੈ। ਇੱਕ ਸੌ ਕਰੋੜ ਸਕੂਲਾਂ ਦੀਆਂ ਛੱਤਾਂ ਉਤੇ ਸੋਲਰ ਸਿਸਟਮ ਲਗਾਉਣ ਲਈ ਰਾਖਵੇਂ ਹਨ। ਸਿਰਫ਼ ਦਿੱਲੀ ਸਿੱਖਿਆ ਪੈਟਰਨ ਨੂੰ ਪੰਜਾਬ ਵਿਚ ਲਾਗੂ ਕਰਨਾ ਕੁਝ ਸਵਾਲ ਉਠਾਉਂਦਾ ਹੈ। ਕਿਉਂਕਿ ਪੰਜਾਬ ਦੇ ਸਕੂਲਾਂ ਦੀਆਂ ਸਥਿਤੀਆਂ, ਦਿੱਲੀ ਤੋਂ ਵੱਖਰੀਆਂ ਹਨ। ਅੱਖਾਂ ਮੀਟ ਕਿਸੇ ਸੂਬੇ ਦੀ ਨਕਲ ਨਾਲ ਵੱਡਾ ਧਨ ਤਾਂ ਖਰਾਬ ਕਰੇਗਾ ਹੀ, ਹੋਰ ਸਮੱਸਿਆਵਾਂ ਵੀ ਪੈਦਾ ਕਰੇਗੀ। ਹੈਰਾਨੀ ਦੀ ਗੱਲ ਇਹ ਵੀ ਹੈ ਕਿ ਰਾਜਸਥਾਨ ਨੂੰ ਜਾਂਦੀ ਨਹਿਰ ਪੱਕੀ ਕਰਨ ਲਈ ਕਰੋੜਾਂ ਰੁਪਏ ਬਜਟ ਵਿੱਚ ਰੱਖੇ ਗਏ ਹਨ, ਜਦਕਿ ਰਾਜਸਥਾਨ ਨੂੰ ਦਹਾਕਿਆਂ ਤੋਂ ਪਾਣੀ ਮੁਫ਼ਤ ਜਾਂਦਾ ਹੈ। ਚਾਹੀਦਾ ਤਾਂ ਹੈ ਸੀ ਕਿ ਪੰਜਾਬ ਅਸੰਬਲੀ 'ਚ ਰਾਜਸਥਾਨ ਤੋਂ ਮੁਆਵਜ਼ਾ ਲੈਣ ਲਈ ਮਤਾ ਪਾਸ ਕੀਤਾ ਜਾਂਦਾ, ਪੰਜਾਬ ਸਿਰ ਚੜਿਆ ਵੱਡਾ ਕਰਜ਼ਾ ਖ਼ਤਮ ਹੋਣ ਦੀ ਸੰਭਾਵਨਾ ਵੱਧ ਜਾਂਦੀ।

ਬਿਨਾਂ ਸ਼ੱਕ ਇਸ ਬਜਟ ਸੈਸ਼ਨ ਵਿੱਚ ਵਿਧਾਨ ਸਭਾ ਵਲੋਂ 'ਅਗਨੀਪੱਥ' ਯੋਜਨਾ ਤੇ ਪੰਜਾਬ ਯੂਨੀਵਰਸਿਟੀ ਦੇ ਕੇਂਦਰੀਕਰਨ ਵਿਰੁੱਧ ਮਤਾ ਪਾਸ ਕੀਤਾ ਗਿਆ। ਪਰ ਕੀ ਪੰਜਾਬ ਯੂਨੀਵਰਸਿਟੀ, ਪੰਜਾਬ ਤੋਂ ਖੋਹੇ ਜਾਣ ਲਈ ਸਿਰਫ਼ ਮਤਾ ਪਾਸ ਕਰਨਾ ਹੀ ਕਾਫੀ ਰਹੇਗਾ। ਅਸਲ ਵਿੱਚ ਤਾਂ ਕੇਂਦਰ ਸਰਕਾਰ ਦੀਆਂ ਚੰਡੀਗੜ ਤੇ ਇਸ ਦੇ ਅਦਾਰਿਆਂ ਨੂੰ ਖੋਹਣ ਦੀਆਂ ਸਾਜ਼ਿਸ਼ਾਂ ਵਿਰੁੱਧ ਸਰਬ ਪਾਰਟੀ ਯਤਨਾਂ ਦੀ ਲੋੜ ਹੋਏਗੀ, ਉਵੇਂ ਹੀ ਜਿਵੇਂ ਪਾਣੀਆਂ ਦੇ ਮੁੱਦੇ ਉਤੇ ਪੰਜਾਬ ਕਦੇ ਇੱਕ ਮੁੱਠ ਖੜਾ ਦਿੱਸਿਆ ਸੀ, ਪਰ ਕਈ ਪਾਰਟੀਆਂ ਨੇ ਇਨਾਂ ਯਤਨਾਂ ਨੂੰ ਤਾਰਪੀਡੋ ਕੀਤਾ ਸੀ।

ਪੰਜਾਬ ਦੀਆਂ ਵੱਡੀਆਂ ਮੰਗਾਂ ਕਿ ਪੰਜਾਬੀਆ ਨੂੰ ਬਰਗਾੜੀ ਵਿਚ ਹੋਏ ਬੇਅਦਬੀ ਕਾਂਡ ਅਤੇ ਉਸਤੋਂ ਬਾਅਦ ਪੁਲਿਸ ਦੀ ਗੋਲਾਬਾਰੀ ਦੌਰਾਨ ਮਾਰੇ ਗਏ ਦੋ ਵਿਅਕਤੀਆਂ ਨਾਲ ਸਬੰਧਤ ਸਾਰੇ ਮੁੱਦੇ ਕੀ ਪੰਜਾਬ ਅਸੰਬਲੀ 'ਚ ਨਹੀਂ ਵਿਚਾਰੇ ਜਾਣੇ ਚਾਹੀਦੇ ਸਨ ? ਭਾਵੇਂ ਇਹ ਮੁੱਦਾ ਬਜਟ ਨਾਲ ਸਬੰਧਤ ਨਹੀਂ ਹੈ, ਪਰ ਉਸ ਤੋਂ ਵੀ ਅਹਿਮ ਹੈ, ਕਿਉਂਕਿ ਜਦੋਂ ਇਹ ਘਟਨਾਵਾਂ ਵਾਪਰੀਆਂ ਸਨ, ਪੰਜਾਬ ਵਿਚ ਵਿਆਪਕ ਰੋਸ ਵੇਖਣ ਨੂੰ ਮਿਲਿਆ ਸੀ, ਪੂਰਾ ਪੰਜਾਬ ਸ਼ਾਂਤਮਈ ਢੰਗ ਨਾਲ ਸੜਕਾਂ 'ਤੇ ਆ ਗਿਆ ਸੀ।

ਅਸਲ ਵਿੱਚ ਪੰਜਾਬ ਦੀ 'ਆਪ' ਦਾ ਬਜਟ ਆਮ ਆਦਮੀ ਦਾ ਬਜਟ ਨਹੀਂ ਜਾਪਦਾ। ਇਹ ਓਪਰਾ-ਓਪਰਾ ਆਮ ਲੋਕਾਂ ਦੀ ਗੱਲ ਤਾਂ ਕਰਦਾ ਹੈ ਪਰ ਉਹਨਾ ਪੱਲੇ ਕੁਝ ਨਹੀਂ ਪਾਉਂਦਾ। ਨਾ ਹੀ ਇਹ ਬਜਟ ਉਨਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਦਾ ਹੈ ਅਤੇ ਨਾ ਹੀ ਕੋਈ ਵਿਸ਼ੇਸ਼ ਰਾਹਤ ਦਿੰਦਾ ਹੈ।

# ਊਠ ਨਾਲ ਖੇਤੀ ਕਰਦੈ ਬਠਿੰਡੇ ਪਿੰਡ ਦਿਉਣ ਦਾ ਸੁਖਪਾਲ ਸਿੰਘ

**ਬਠਿੰਡਾ/ਏ.ਟੀ.ਨਿਊਜ਼** :- ਅੱਜ ਦੇ ਤੇਜ਼ ਤਰਾਰ ਯੁੱਗ ਵਿਚ ਜਿੱਥੇ ਹਰ ਕੰਮ ਦਾ ਮਸ਼ੀਨੀਕਰਨ ਹੋ ਚੁੱਕਾ ਹੈ, ਉੱਥੇ ਬਠਿੰਡੇ ਦੇ ਪਿੰਡ ਦਿਉਣ ਦਾ ਸੁਖਪਾਲ ਸਿੰਘ 35 ਸਾਲਾਂ ਤੋਂ ਆਪਣੇ ਪੁਰਖਿਆਂ ਵਾਂਗ ਊਠ ਨਾਲ ਖੇਤੀ ਕਰਨ ਦੇ ਨਾਲ-ਨਾਲ ਊਠ ਗੱਡੀ 'ਤੇ ਢੁਆਈ ਦੇ ਕਿਰਾਏ ਨਾਲ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰ ਰਿਹਾ ਹੈ। ਸੁਖਪਾਲ ਸਿੰਘ ਨੇ ਦੱਸਿਆ ਕਿ ਉਸ ਦਾ ਪਿਤਾ ਸੰਪੂਰਨ ਸਿੰਘ ਪਹਿਲਾਂ ਊਠ ਨਾਲ ਖੇਤੀ ਕਰਦਾ ਸੀ, ਉਸ ਨੇ ਆਪਣੇ ਪਿਤਾ ਪੁਰਖੀ ਕਿੱਤੇ ਨੂੰ ਅੱਗੇ ਤੋਰਦਿਆਂ ਊਠ ਦੀ ਮੁਹਾਰ ਫੜ ਕੇ ਜਿੱਥੇ ਊਠ ਗੱਡੀ ਰਾਹੀਂ ਢੁਆਈ ਸ਼ੁਰੂ ਕਰ ਦਿੱਤੀ, ਉੱਥੇ ਹੁਣ ਉਹ ਨਰਮੇ ਦੇ ਸੀਜ਼ਨ ਵਿਚ ਨਰਮੇ ਵਿਚ ਤਰਪਾਲੀ ਫੇਰ ਕੇ ਪਰਿਵਾਰ ਪਾਲ ਰਿਹਾ ਹੈ। ਸੁਖਪਾਲ ਸਿੰਘ ਦਾ ਕਹਿਣਾ ਹੈ ਕਿ ਉਹ ਸਵੇਰੇ ਤੜਕੇ ਹੀ ਗੋਨਿਆਣਾ ਮੰਡੀ ਊਠ ਗੱਡੀ ਰਾਹੀਂ ਆਪਣੇ ਪਿੰਡ ਦੇ ਕਿਸਾਨਾਂ ਜਾਂ ਦੁਕਾਨਦਾਰਾਂ ਦੀ ਜਿਨਸ ਲੈ ਕੇ ਜਾਂ ਹੋਰ ਸਾਮਾਨ ਦੀ ਢੋਆ-ਢੁਆਈ ਲਈ ਡੇਢ ਘੰਟੇ ਵਿਚ ਗੋਨਿਆਣਾ ਮੰਡੀ ਪਹੁੰਚ ਜਾਂਦਾ ਹੈ



ਤੇ ਉਥੋਂ ਕਿਸਾਨਾਂ ਦੀਆਂ ਰੇਹ, ਸਪਰੇਅ ਤੇ ਘਰੇਲੂ ਸਾਮਾਨ ਜਾਂ ਦੁਕਾਨਦਾਰਾਂ ਦਾ ਸਾਮਾਨ ਸ਼ਾਮ ਨੂੰ ਲੈ ਕੇ ਉਨਾਂ ਤਕ ਪਹੁੰਚਾ ਦਿੰਦਾ ਹੈ। ਹੁਣ ਉਹ ਪਿਛਲੇ ਦਿਨਾਂ ਤੋਂ ਕੰਮ ਵਿਚ ਆਈ ਮੰਦੀ ਕਾਰਨ ਨਰਮੇ ਦੀ ਫ਼ਸਲ 'ਚ ਆਪਣੇ ਊਠ ਰਾਹੀਂ ਤਰਪਾਲੀ ਫੇਰ ਰਿਹਾ ਹੈ। ਉਸ ਦਾ ਕਹਿਣਾ ਹੈ ਕਿ ਉਹ 600 ਰੁਪਏ ਪ੍ਰਤੀ ਏਕੜ ਨਰਮੇ ਨੂੰ ਤਰਪਾਲੀ ਫੇਰਨ ਦਾ ਲੈਂਦਾ ਹੈ। ਊਠ ਨਾਲ ਤਰਪਾਲੀ ਫੇਰਨ ਨਾਲ ਨਰਮੇ ਦੇ ਬੂਟਿਆਂ ਦਾ ਨੁਕਸਾਨ ਵੀ ਨਹੀਂ ਹੁੰਦਾ ਪਰ ਜਿਹੜੇ ਖੇਤਾਂ ਵਿਚ ਮੋਟਰਾਂ ਦਾ ਪਾਣੀ ਜ਼ਿਆਦਾ ਲੱਗਿਆ ਹੁੰਦਾ ਹੈ, ਵਾਹਣ ਕਰੜਾ ਹੋਣ ਕਾਰਨ ਤਿੰਨ ਤੋਂ ਸਾਢੇ ਤਿੰਨ ਘੰਟੇ ਤੇ ਜਿਹਡੇ: ਖੇਤ 'ਵਿਚ ਨਹਿਰੀ ਪਾਣੀ ਲੱਗਦਾ ਹੈ, ਉਸ ਵਾਹਣ ਵਿਚ ਡੇਢ ਘੰਟੇ ਦਾ ਸਮਾਂ ਤਰਪਾਲੀ ਫੇਰਨ ਦਾ ਲਗਦਾ ਹੈ। ਊਠ ਰਾਹੀਂ ਖੇਤ 'ਚ ਤਰਪਾਲੀ ਫੇਰਨ ਨਾਲ ਪੱਠੇ ਵੀ ਜ਼ਿਆਦਾ ਨਿਕਲਦੇ ਹਨ। ਨਰਮੇ ਦੇ ਬੂਟੇ ਨੂੰ ਮਿੱਟੀ ਲੱਗਣ ਕਾਰਨ ਨਰਮੇ ਦੇ ਬੂਟੇ ਨੂੰ ਜ਼ਿਆਦਾ ਤਾਕਤ ਮਿਲਦੀ ਹੈ। ਜਦੋਂ ਕਿ ਟਰੈਕਟਰ ਨਾਲ ਖੇਤ ਵਿਚ ਹਲ ਫੇਰਨ ਨਾਲ ਨਰਮੇ ਦੇ ਬੂਟਿਆਂ ਦਾ ਨੁਕਸਾਨ ਹੁੰਦਾ ਹੈ।

ਉਨਾਂ ਕਿਹਾ ਕਿ ਊਠ ਗੱਡੀ ਰਾਹੀਂ ਮਜ਼ਦੂਰੀ ਕਰ ਕੇ ਉਹ ਆਪਣੇ ਪੰਜ ਜੀਆਂ ਦੇ ਪਰਿਵਾਰ ਦਾ ਵਧੀਆ ਪੇਟ ਪਾਲ ਰਿਹਾ ਹੈ। ਇਸ ਤੋਂ ਇਲਾਵਾ ਉਹ ਬਠਿੰਡਾ ਵਿਚ ਲੱਗਦੇ ਵਿਰਾਸਤੀ ਮੇਲਿਆਂ ਵਿਚ ਵੀ ਆਪਣੇ ਊਠ ਨੂੰ ਸ਼ਿੰਗਾਰ ਕੇ ਲੈ ਜਾਂਦਾ ਹੈ। ਵਿਰਾਸਤੀ ਮੇਲਿਆਂ ਵਿਚ ਉਨਾਂ ਵੱਲੋਂ ਪੁਰਾਤਨ ਵਿਰਾਸਤ ਸਾਂਭਣ ਕਰਕੇ ਉਨਾਂ ਨੂੰ ਚੰਗਾ ਮਾਣ-ਸਨਮਾਨ ਮਿਲਦਾ ਹੈ। ਉਨਾਂ ਕਿਹਾ ਕਿ ਊਠ ਹਰ ਰੋਜ਼ ਗਵਾਰਾ ਤੇ ਮੂੰਗੀ ਦਾ 20 ਕਿੱਲੋ ਨੀਰਾ ਖਾਂਦਾ ਹੈ। ਭਾਵੇਂ ਕਿ ਚਾਰ ਚੁਫੇਰੇ ਤੇਜ਼ ਰਫ਼ਤਾਰ ਜ਼ਿੰਦਗੀ ਵਿਚ ਹਰ ਇਨਸਾਨ ਉਲਝਿਆ ਹੋਇਆ ਹੈ ਪਰ ਉਹ ਸਹਿਜ ਮਤੇ ਵਾਲੀ ਜ਼ਿੰਦਗੀ ਦੌਰਾਨ ਊਠ ਨਾਲ ਖੇਤੀ ਕਰਨ ਤੇ ਢੋਆ-ਢੋਆਈ ਨਾਲ ਪਰਿਵਾਰ ਪਾਲਣ ਵਿਚ ਖ਼ੁਸ਼ੀ ਮਹਿਸੂਸ ਕਰਦਾ ਹੈ। ਉਨਾਂ ਕਿਹਾ ਕਿ ਉਹ ਸਿਰਫ਼ ਨਰਮੇ 'ਚ ਤਿਰਪਾਲੀ ਹੀ ਫੇਰਦਾ ਹੈ। ਨਰਮਾ ਜਾਂ ਕਣਕ ਦੀ ਬਿਜਾਈ ਉਸ ਨਾਲ ਨਹੀਂ ਕਰਦਾ ਕਿਉਂਕਿ ਲੋਕ ਛੇਤੀ ਵਿਹਲਾ ਹੋਣਾ ਚਾਹੁੰਦੇ ਹਨ ਪਰ ਊਠ ਜਾਂ ਬਲਦਾਂ ਨਾਲ ਬਿਜਾਈ ਕਰਨ ਵਿਚ ਸਮਾਂ ਲਗਦਾ ਹੈ, ਇੰਨਾ ਸਮਾਂ ਕਿਸੇ ਕੋਲ ਹੁੰਦਾ ਨਹੀਂ। ਉਨਾਂ ਕਿਹਾ ਕਿ ਊਠ ਨਾਲ ਖੇਤੀ ਕਰਨ ਜਾਂ ਸਾਮਾਨ ਦੀ ਢੋਆ-ਢੁਆਈ ਕਰਨ ਵਾਲਾ ਪਿੰਡ ਵਿਚ ਉਹ ਇਕੱਲਾ ਹੀ ਹੈ।

**ਵਿਚਾਰ ਆਪੋ ਆਪਣਾ**

# ਪੰਜਾਬ ਵਿੱਚ ਦਿੱਲੀ ਦਖਲ਼ ਦੀ ਕਥਾ ਬਨਾਮ ਸਿਆਸਤ

## ਪ੍ਰਿਥੀਪਾਲ ਸਿੰਘ ਸੋਹੀ

ਪੰਜਾਬ ਬੱਜਟ ਤੋਂ ਬਾਅਦ ਅਮਰਿੰਦਰ ਸਿੰਘ ਰਾਜਾ ਵੜਿੰਗ ਕਹਿ ਰਹੇ ਸਨ ਕਿ ਪੰਜਾਬ ਦਾ ਬਜਟ ਦਿੱਲੀ ਤੋਂ ਬਣਕੇ ਆਇਆ ਹੈ। ਇਸ ਨੈਰੇਟਵਿ ਨਾਲ ਕਾਂਗਰਸ ਦੋ ਤੀਰ ਚਲਾ ਰਹੀ ਹੈ। ਇੱਕ, ਭਗਵੰਤ ਮਾਨ ਤੇ ਕਿ ਉਸ ਦੀ ਨਿਕੰਮੀ ਸਰਕਾਰ ਬੱਜਟ ਤਿਆਰ ਕਰਨ ਦੇ ਯੋਗ ਨਹੀਂ, ਇਸ ਲਈ ਬੱਜਟ ਦਿੱਲੀ ਵਾਲਿਆਂ ਤੋਂ ਤਿਆਰ ਕਰਾਇਆ ਗਿਆ; ਦੂਜਾ, ਦਿੱਲੀ ਵਾਲੇ ਪੰਜਾਬ ਦੇ ਬੱਜਟ ਵਿੱਚ ਦਖਲ ਦੇ ਰਹੇ ਹਨ। ਪਰ ਇਸ ਦਾ ਇਕ ਅਰਥ ਆਪ ਦੀ ਦਿੱਲੀ ਇਕਾਈ ਦੀ ਕਾਬਲੀਅਤ ਨੂੰ ਪ੍ਰਵਾਨ ਕਰਨਾ ਵੀ ਹੈ ਜਿਸ ਨੇ ਤਿੰਨ ਚੋਣਾਂ ਜਿੱਤਕੇ ਦਿੱਲੀ ਵਿੱਚੋਂ ਕਾਂਗਰਸ ਖਤਮ ਕਰ ਦਿੱਤੀ। ਅਸਲ ਵਿੱਚ ਇਹੀ ਡਰ ਹੁਣ ਪੰਜਾਬ ਵਿੱਚ ਵੀ ਕਾਂਗਰਸ ਨੂੰ ਸਤਾ ਰਿਹਾ ਹੈ। ਜਦੋਂ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਵਿੱਚ ਬਣੀ ਹੈ ਉਦੋਂ ਤੋਂ ਕਾਂਗਰਸ ਅਤੇ ਅਕਾਲੀ ਇਹੋ ਨੈਰੇਟਿਵ ਸਿਰਜ ਰਹੇ ਹਨ ਕਿ ਭਗਵੰਤ ਮਾਨ ਦਿੱਲੀ ਵਾਲੇ ਲਾਲੇ ਦਾ ਗੁਲਾਮ ਹੈ, ਦਿੱਲੀ ਵਾਲੇ ਦਖਲ ਦੇ ਕੇ ਪੰਜਾਬ ਦੀ ਹਕੂਮਤ ਚਲਾ ਰਹੇ ਹਨ, ਉਹ ਤਾਂ ਵਿਚਾਰਾ ਟਾਕੀ ਵਿੱਚ ਲਮਕਣ ਵਾਲਾ ਨੌਕਰ ਹੈ, ਉਸ ਨੂੰ ਅਜ਼ਾਦ ਰੂਪ ਵਿੱਚ ਕੰਮ ਨਹੀਂ ਕਰਨ ਦਿੱਤਾ ਜਾ ਰਿਹਾ, ਆਦਿ ਆਦਿ । ਪੰਜਾਬ ਦੇ ਕਈ ਟੈਲੀਵਿਜ਼ਨ ਚੈਨਲ ਇਨਾਂ ਪੁਰਾਣੀਆਂ ਪਾਰਟੀਆਂ ਨਾਲ ਜੁੜੇ ਹੋਣ ਕਾਰਨ ਇਸ ਨੈਰੇਟਿਵ ਨੂੰ ਉਭਾਰਨ ਲਈ ਇਨਾਂ ਲੀਡਰਾਂ ਦੇ ਬਿਆਨਾ ਨੂੰ ਤਰਜੀਹ ਦਿੰਦੇ ਹਨ। ਸੋਸ਼ਲ ਮੀਡੀਆ 'ਤੇ ਇਨਾਂ ਦੇ ਆਈ ਟੀ ਵਿੰਗ ਇਸ ਨੈਰੇਟਿਵ ਨੂੰ ਟੂਲ ਦੇਣ ਲਈ ਦਿਨ ਰਾਤ ਹੱਡ-ਭੰਨਵੀਂ ਮਿਹਨਤ ਕਰ ਰਹੇ ਹਨ।

ਸੰਗਰੂਰ ਵਿੱਚ ਆਮ ਆਦਮੀ ਪਾਰਟੀ ਦੀ ਹਾਰ ਦਾ ਕਾਰਨ ਵੀ ਇਹ ਪਾਰਟੀਆਂ ਦਿੱਲੀ ਵਾਲਿਆਂ ਦੇ ਮਾਨ ਸਰਕਾਰ ਵਿੱਚ ਦਖਲ਼ ਨੂੰ ਪ੍ਰਚਾਰਕੇ ਉਭਾਰ ਰਹੀਆਂ ਹਨ। ਇਨਾਂ ਦੇ ਲਗਾਤਾਰ ਪਾਏ ਜਾ ਰਹੇ ਰੌਲੇ ਨੇ ਕੁੱਝ ਲੋਕਾਂ ਦੇ ਮਨ ਵਿੱਚ ਇਹ ਜਰੂਰ ਬਿਠਾ ਦਿੱਤਾ ਹੈ ਕਿ ਪੰਜਾਬ ਦਾ ਰਾਜ ਦਿੱਲੀ ਤੋਂ ਚਲਦਾ ਹੈ। ਹੋ ਸਕਦਾ ਆਮ ਆਦਮੀ ਪਾਰਟੀ ਵੀ ਕੁੱਝ ਚਿਰ ਬਾਅਦ ਆਪਣਾ ਨੈਰੇਟਿਵ ਚਲਾਉਣ ਵਿੱਚ ਸਫਲ ਹੋ ਜਾਵੇ, ਪਰ ਫਿਲਹਾਲ ਤਾਂ ਉਨਾਂ ਨੂੰ ਆਪਣੇ ਕੰਮਾਂ 'ਤੇ ਹੀ ਭਰੋਸਾ ਕਰਨਾ ਪਏਗਾ।

ਸਵਾਲ ਇਹ ਹੈ ਕਿ ਪ੍ਰੰਪਰਾਗਤ ਪਾਰਟੀਆਂ, ਖਾਸ ਤੌਰ 'ਤੇ ਕਾਂਗਰਸ ਇਹ ਬਿਰਤਾਂਤ ਕਿਉਂ ਸਿਰਜ ਰਹੀਆਂ ਹਨ ? ਇਸ ਦਾ ਮੁੱਖ ਕਾਰਨ ਇਹ ਹੈ ਕਿ ਜੇ ਆਮ ਆਦਮੀ ਪਾਰਟੀ ਦੀ ਮਾਨ ਸਰਕਾਰ, ਚੰਗੇ ਕੰਮ ਕਰਕੇ, ਰਿਸ਼ਵਤੀ ਘੁਟਾਲੇ ਬਾਹਰ ਲਿਆਕੇ, ਦਿੱਲੀ ਵਾਂਗ ਲੋਕਾਂ ਦਾ ਵਿਸ਼ਵਾਸ਼ ਜਿੱਤਣ ਵਿੱਚ ਸਫਲ ਹੋ ਜਾਂਦੀ ਹੈ ਤਾਂ ਹਿਮਾਚਲ, ਹਰਿਆਣਾ ਅਤੇ ਗੁਜਰਾਤ ਵਿੱਚ ਕਾਂਗਰਸ ਦਾ ਸਫਾਇਆ ਹੋ ਸਕਦਾ ਹੈ। ਪੰਜਾਬ ਵਿੱਚ ਮਾਨ ਸਰਕਾਰ ਦੇ ਕੰਮ ਅਤੇ ਘਪਲਿਆਂ ਦੇ ਖੁਲਾਸੇ ਅਕਾਲੀ ਦਲ (ਬਾਦਲ) ਦੀ ਹੋਂਦ ਲਈ ਵੀ ਖਤਰਾ ਬਣ ਸਕਦੇ ਹਨ, ਵੈਸੇ ਤਾਂ ਜੋ ਗਰਮ ਖਿਆਲੀ ਸਿਆਸਤ ਦਾ ਪੱਲਾ ਉਹ ਫੜ ਰਹੇ ਹਨ, ਉਹ ਅਕਾਲੀ ਦਲ (ਬਾਦਲ) ਦੇ ਪਤਨ ਲਈ ਕਾਫੀ ਹੈ।

ਰਾਜ ਸਭਾ ਦੇ ਪਹਿਲੇ ਪੰਜ ਮੈਂਬਰ ਬਨਾਉਣ ਸਮੇਂ ਤੋਂ ਹੀ ਕਾਂਗਰਸ-ਅਕਾਲੀ ਦਲ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਕਿ ਉਹ ਪੰਜਾਬੀ ਨਹੀਂ, ਜਦੋਂ ਕਿ ਪਹਿਲੇ ਪੰਜ ਵਿੱਚੋਂ ਤਿੰਨ ਪੰਜਾਬੀ ਸਨ। ਦੋ ਜਰੂਰ ਦਿੱਲੀ ਤੋਂ ਸਨ, ਹਾਂ ਉਨਾਂ ਦੀ ਕਾਰਗੁਜਾਰੀ ਦੀ ਤੁਲਨਾ ਆਉਣ ਵਾਲੇ ਛੇ ਸਾਲਾਂ ਵਿੱਚ ਪਰਖੀ ਜਾਵੇਗੀ। ਜੇ ਸਿਧਾਂਤਕ ਤੌਰ 'ਤੇ ਵੇਖਿਆ ਜਾਵੇ ਤਾਂ ਸਾਰੀਆਂ ਹੀ ਰਾਜਨੀਤਕ ਪਾਰਟੀਆਂ ਆਪਣੇ ਮੁੱਖ ਲੀਡਰਾਂ ਨੂੰ ਰਾਜ ਸਭਾ ਵਿੱਚ ਭੇਜਣ ਲਈ ਇਸ ਤਰਾਂ ਕਰਦੀਆਂ ਰਹੀਆਂ ਹਨ, ਅਕਾਲੀ ਦਲ ਨੇ ਦਿੱਲੀ ਤੋਂ ਨਾਰੇਸ਼ ਗੁਜਰਾਲ ਅਤੇ ਕਾਂਗਰਸ ਨੇ ਅੰਬਿਕਾ ਸੋਨੀ ਵਰਗੇ, ਪੰਜਾਬ ਤੋਂ ਸਮੇਂ ਸਮੇਂ ਭੇਜੇ ਸਨ। ਡਾਕਟਰ ਮਨਮੋਹਨ ਸਿੰਘ ਨੂੰ ਕਾਂਗਰਸ ਨੇ ਅਸਾਮ ਤੋਂ ਰਾਜ ਸਭਾ ਮੈਂਬਰ ਬਣਾਇਆ ਸੀ, ਪਰ ਪੰਜਾਬ ਵਿੱਚ ਇਨਾਂ ਹੀ ਪਾਰਟੀਆਂ ਨੇ ਆਮ ਆਦਮੀ ਪਾਰਟੀ ਵਿਰੁੱਧ ਵੱਡਾ ਫਸਾਦ ਖੜਾ ਕਰ ਦਿੱਤਾ। ਇਹ ਦੋਗਲਾਪਣ ਹੈ। ਰਾਸ਼ਟਰੀ ਪਾਰਟੀਆਂ ਦੀਆਂ ਟਿਕਟਾਂ ਹਮੇਸ਼ਾ ਕੇਂਦਰੀ ਲੀਡਰਸ਼ੀਪ ਹੀ ਜਾਰੀ ਕਰਿਆ ਕਰਦੀ ਹੈ, ਇਹ ਭਗਵੰਤ ਮਾਨ ਨੇ ਨਹੀਂ ਸਨ ਜਾਰੀ ਕਰਨੀਆਂ। ਚਲੋ, ਇਸ ਰਾਜਨਤੀਕ ਰੌਲੇ ਬਾਅਦ, ਦੂਜੇ ਗੇੜ ਵਿੱਚ ਪਾਰਟੀ ਨੇ ਦੋ ਬਹੁਤ ਵਧੀਆ ਪੰਜਾਬੀ ਚੁਣਕੇ, ਰਾਜ ਸਭਾ ਵਿੱਚ ਭੇਜਕੇ, ਆਪਣੇ ਆਪ ਨੂੰ ਸੁਧਾਰ ਵੀ ਲਿਆ। ਪਰ ਇਸ ਬਾਅਦ ਵੀ ਇਹ ਨੈਰੇਟਿਵ ਜਾਰੀ ਰਿਹਾ ਕਿ ਮਾਨ ਸਰਕਾਰ ਨੂੰ ਦਿੱਲੀ ਤੋਂ ਲਾਲਾ ਚਲਾਉਂਦਾ ਹੈ; ਪੰਜਾਬੀ ਦਿੱਲੀ ਵਾਲਿਆਂ ਦੀ ਗੁਲਾਮੀ ਨਹੀਂ ਸਹਾਰ ਸਕਦੇ, ਪੰਜਾਬੀ ਕੁੱਝ ਵੀ ਬਰਦਾਸ਼ਤ ਕਰ ਸਕਦੇ ਹਨ ਪਰ ਦਿੱਲੀ ਵਾਲਿਆਂ ਦੀ ਹਕੂਮਤ ਨਹੀਂ ਝੱਲ ਸਕਦੇ, ਆਦਿ ਆਦਿ। ਵੈਸੇ ਅੱਜ ਫੈਡਰੇਲਿਜ਼ਮ ਨਾਮ ਦਾ ਹੀ ਹੈ, ਸੂਬੇ ਬਹੁਤ ਘੱਟ ਸ਼ਕਤੀਆਂ ਦੇ ਮਾਲਕ ਹਨ। ਬਹੁਤੇ ਅਧਿਕਾਰ ਖੇਤਰ ਅਤੇ ਅਫਸਰਸ਼ਾਹੀ ਕੇਂਦਰ ਸਰਕਾਰ ਦੇ ਹੀ ਅਧੀਨ ਹੈ। ਆਮ ਲੋਕ ਅਜਿਹੇ ਮਾਮਲਿਆਂ ਬਾਰੇ ਬਹੁਤਾ ਵਿਚਾਰ ਨਹੀਂ ਕਰਦੇ। ਉਹ ਤਾਂ ਸਿਰਜੇ ਜਾ ਰਹੇ ਨੈਰੇਟਵਿ ਦੇ ਪ੍ਰਭਾਵ ਹੇਠ ਆ ਜਾਂਦੇ ਹਨ।

ਵਿਧਾਨ ਸਭਾਂ ਚੋਣਾਂ ਵਿੱਚ ਆਪ ਦਾ ਵਿਰੋਧ ਕਰਨ ਵਾਲੇ ਜਾਣਦੇ ਹਨ ਕਿ ਚੋਣਾਂ ਤੋਂ ਪਹਿਲਾਂ ਦਿੱਲੀ ਵਾਲੇ ਮਾਡਲ ਦੇ ਅਧਾਰ ਤੇ ਤਾਂ ਆਪ ਨੇ ਲੋਕਾਂ ਤੋਂ ਵੋਟਾਂ ਮੰਗੀਆਂ ਸਨ, ਉਹੀ ਕੇਜਰੀਵਾਲ ਪੰਜਾਬ ਵਿੱਚ ਸ਼ਾਂਤੀ ਮਾਰਚ ਕੱਢਦਾ ਸੀ, ਰਾਘਵ ਚੱਡਾ ਪ੍ਰੈਸ ਕਾਨਫਰੰਸਾਂ ਕਰਦਾ ਸੀ, ਤੇ ਲੋਕਾਂ ਨੇ ਉਨਾ ਤੇ ਵਿਸ਼ਵਾਸ਼ ਕਰਕੇ ਹੀ ਵੋਟਾਂ ਪਾਈਆਂ ਸਨ ਤੇ 92 ਸੀਟਾਂ ਦਿੱਤੀਆਂ ਸਨ। ਖਾਸ ਤੌਰ 'ਤੇ ਸਾਰੇ ਸ਼ਹਿਰਾਂ ਵਿੱਚ ਵੋਟ ਲਾਲਾ ਜੀ ਦੇ ਮੂੰਹ ਨੂੰ ਹੀ ਪਈਆਂ ਸਨ। ਹੁਣ ਇਹ ਨੈਰੇਟਵਿ ਸਿਰਜਣ ਵਾਲੇ ਕਹਿ ਰਹੇ ਹਨ ਕਿ ਉਨਾਂ ਤਾਂ ਵੋਟਾਂ ਭਗਵੰਤ ਮਾਨ ਦੇ ਮੂੰਹ ਨੂੰ ਪਾਈਆਂ ਸਨ, ਨਾ ਕਿ ਕੇਜਰੀਵਾਲ ਦੇ ਮੂੰਹ ਨੂੰ। ਅਸਲ ਵਿੱਚ ਇਹ ਪ੍ਰਚਾਰ ਕਰਨ ਵਾਲੇ ਤਾਂ ਚੋਣਾਂ ਸਮੇਂ ਆਮ ਆਦਮੀ ਪਾਰਟੀ ਦਾ ਵਿਰੋਧ ਕਰਦੇ ਸਨ। ਇਨਾਂ ਨੂੰ ਕੋਈ ਪੁੱਛੇ ਕਿ ਕੀ ਭਗਵੰਤ ਮਾਨ ਕਿਸੇ ਹੋਰ ਪਾਰਟੀ ਦਾ ਬੰਦਾ ? ਭਗਵੰਤ ਪੰਜਾਬੀ ਹੈ, ਪੰਜਾਬ ਲਈ ਕੰਮ ਕਰ ਰਿਹਾ, ਪਰ ਨਾਲ ਦੀ ਨਾਲ ਆਪਦੀ ਨੈਸ਼ਨਲ ਪਾਰਟੀ ਦੇ ਹਿਤਾਂ ਨੂੰ ਵੀ ਵੇਖ ਰਿਹਾ ਹੈ, ਬਿਲਕੁਲ ਉਸੇ ਤਰਾਂ ਜਿਵੇਂ ਕਾਂਗਰਸ ਜਾਂ ਭਾਜਪਾ ਦੇ ਖੇਤਰੀ ਲੀਡਰ ਵੇਖਦੇ ਹਨ। ਪਾਰਟੀ ਦੀ ਇੱਕ ਨੀਤੀ ਹੁੰਦੀ ਹੈ, ਉਹ ਪ੍ਰਚਾਰੀ ਜਾਂਦੀ ਹੈ। ਲੋਕਾਂ ਨੇ ਵੋਟਾਂ ਕੁਰੱਪਟ ਕਾਂਗਰਸੀ ਅਤੇ ਅਕਾਲੀ ਸਰਕਾਰਾਂ ਦੇ ਵਿਰੋਧ ਵਿੱਚ ਪਾਈਆਂ ਹਨ। 75 ਸਾਲਾਂ ਤੋਂ ਚਲੀਆਂ ਆ ਰਹੀਆਂ ਪਾਰਟੀਆਂ ਨੂੰ ਸੱਤਾ ਵਿੱਚੋਂ ਦੂਰ ਕਰਕੇ, ਨਵੇਂ ਤੀਜੇ ਬਦਲ ਨੂੰ ਪਾਈਆਂ ਹਨ।

ਕੀ ਮਾਨ ਸਰਕਾਰ ਹਰ ਕੰਮ ਦਿੱਲੀ ਵਾਲਿਆਂ ਦੇ ਅਧੀਨ ਹੋ ਕੇ ਕਰਦੀ ਹੈ ? ਪਹਿਲੀ ਗੱਲ ਤਾਂ ਭਗਵੰਤ ਮਾਨ ਆਪਣੀ ਮਰਜ਼ੀ ਨਾਲ ਕੰਮ ਕਰ ਰਿਹਾ ਹੈ, ਦੂਜੇ, ਜੇ ਪੰਜਾਬ ਦੇ ਲੋਕਾਂ ਦੀ ਭਲਾਈ ਲਈ ਲਾਲਾ ਕੋਈ ਸਲਾਹ ਦੇ ਵੀ ਦਿੰਦਾ ਹੈ ਤਾਂ ਇਸ ਵਿੱਚ ਤਕਲੀਫ ਨਹੀਂ ਹੋਣੀ ਚਾਹੀਦੀ। ਹਾਂ ਜੇ ਉਹ ਮਾਨ ਸਰਕਾਰ ਤੋਂ ਧੱਕੇ ਨਾਲ ਕੋਈ ਅਜਿਹਾ ਕੰਮ ਕਰਾਉਂਦਾ ਹੈ ਜੋ ਪੰਜਾਬੀਆਂ ਦੇ ਹੱਕ ਜਾਂ ਲਾਭ ਵਿੱਚ ਨਹੀਂ ਫਿਰ ਉਸ ਦੀ ਉਸਾਰੂ ਅਲੋਚਨਾ ਜਰੂਰ ਹੋਣੀ ਚਾਹੀਦੀ ਹੈ। ਦਿੱਲੀ ਵਿੱਚ ਤਿੰਨ ਵਾਰ ਸਰਕਾਰ ਬਣਾਉਣ ਵਾਲੇ ਕੇਜਰੀਵਾਲ ਤੇ ਕੁਰੱਪਸ਼ਨ ਦਾ ਲੇਵਲ ਨਹੀਂ ਲਗਦਾ, ਉਸ ਦਾ ਕੋਈ ਬਿਜਨਸ ਪੰਜਾਬ ਜਾਂ ਦਿੱਲੀ ਵਿੱਚ ਪੰਜਾਬ ਦੇ ਹਿਤਾਂ ਨਾਲ ਨਹੀਂ ਟਕਰਾਉਂਦਾ। ਇਸ ਲਈ ਜੇ ਉਸ ਦੀ ਸਲਾਹ ਪੰਜਾਬ ਦੇ ਹਿਤਾਂ ਲਈ ਲਾਭਦਾਇਕ ਹੈ ਤੇ ਭਗਵੰਤ ਮਾਨ ਉਸ ਨੂੰ ਮੰਨਦਾ ਹੈ ਤਾਂ ਇਤਰਾਜ਼ ਨਹੀਂ ਹੋਣਾ ਚਾਹੀਦਾ। ਮਾਨ ਸਰਕਾਰ ਨੇ ਜੋ ਹੁਣ ਤੱਕ ਫੈਸਲੇ ਲਏ ਹਨ ਕੀ ਉਹ ਪੰਜਾਬ ਦੇ ਹੱਕ ਵਿੱਚ ਨਹੀਂ ? ਕੀ ਕਿਸੇ ਵੀ ਪੰਜਾਬ ਪ੍ਰਸਤ ਕਹਾਉਣ ਵਾਲੀਆਂ ਸਰਕਾਰਾਂ ਨੇ ਪਹਿਲੇ ਤਿੰਨ ਮਹੀਨੇ ਵਿੱਚ ਇੰਨੇ ਕੰਮ ਕੀਤੇ ਹਨ ? ਅਸਲ ਵਿੱਚ ਭਗਵੰਤ ਮਾਨ ਦੇ ਕੰਮਾਂ ਨੇ ਕਾਂਗਰਸੀਆਂ ਅਤੇ ਅਕਾਲੀਆਂ ਦੀਆਂ ਨੀਹਾਂ ਹਿਲਾ ਦਿੱਤੀਆਂ ਹਨ। ਇਨਾ ਦੇ ਘਪਲੇ, ਰਿਸ਼ਵਤਾਂ ਅਤੇ ਪੰਜਾਬ ਦੇ ਖਜ਼ਾਨੇ ਦੀ ਕੀਤੀ ਲੁੱਟ ਦੇ ਪੋਲ ਖੋਲਣੇ ਸ਼ੁਰੂ ਕਰ ਦਿੱਤੇ ਹਨ। ਇਸੇ ਲਈ ਇਨਾਂ ਸਭ ਨੇ ਆਪਣੀ ਹੋਂਦ ਖਤਮ ਕਰਕੇ, ਸੰਗਰੂਰ ਤੋਂ ਸਿਮਰਨਜੀਤ ਸਿੰਘ ਮਾਨ ਨੂੰ ਜਿਤਾਉਣ ਲਈ ਅੰਦਰਖਾਤੇ ਜੋਰ ਲਾ ਦਿੱਤਾ ਤਾਂ ਜੋ ਆਮ ਆਦਮੀ ਪਾਰਟੀ ਨੂੰ ਝਟਕਾ ਦਿੱਤਾ ਜਾਵੇ। ਜਦੋਂ ਕਿ ਉਸ ਦੀ ਪਾਰਟੀ ਨਾਲ ਇਨਾਂ ਦੀ ਸਿਧਾਂਤਕ ਸੁਰ ਵੀ ਨਹੀਂ ਸੀ ਮਿਲਦੀ। ਕਾਂਗਰਸ ਨੇ 1979 ਅਤੇ ਅੱਸੀਵਿਆਂ ਵਿੱਚ ਵੀ ਪੰਜਾਬ ਵਿੱਚ ਅਜਿਹਾ ਹੀ ਕੀਤਾ ਸੀ। ਹੁਣ ਸੰਗਰੂਰ ਨਤੀਜਿਆਂ ਤੋਂ ਬਾਅਦ ਫਿਰ ਇਹ ਨੈਰੇਟਿਵ ਸਿਰਜ ਰਹੀ ਹੈ ਭਗਵੰਤ ਮਾਨ ਦੇ ਗੜ ਵਿੱਚ ਆਮ ਆਦਮੀ ਪਾਰਟੀ ਦੀ ਹਾਰ ਦਿੱਲੀ ਵਾਲਿਆਂ ਦੇ ਦਖਲ ਕਾਰਨ ਲੋਕਾਂ ਵਿੱਚ ਪੈਦਾ ਹੋਈ ਨਰਾਜ਼ਗੀ ਕਾਰਨ ਹੋਈ ਹੈ। ਜਦੋਂ ਕਿ ਇਸ ਚੋਣ ਵਿੱਚ ਮੁੱਖ ਧੁਰਾ ਮੂਸੇਵਾਲਾ ਦਾ ਕਤਲ ਰਿਹਾ ਸੀ। ਅਸਲ ਵਿੱਚ ਕਿਸੇ ਵੀ ਸਰਕਾਰ ਦੀ ਕਾਰਗੁਜਾਰੀ ਤਿੰਨ ਮਹੀਨੇ ਦੀ ਹਕੂਮਤ ਬਾਅਦ ਨਹੀਂ ਪਰਖੀ ਜਾਂਦੀ। ਇਹ ਦੋ ਸਾਲ ਤੋਂ ਬਾਅਦ, ਲੋਕ ਸਭਾ ਚੋਣਾਂ ਵਿੱਚ ਪਰਖੀ ਜਾ ਸਕਦੀ ਹੈ, ਉਸ ਤੋਂ ਵੀ ਅੱਗੇ ਅਸਲ ਵਿੱਚ ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਹੀ ਪਰਖੀ ਜਾਵੇਗੀ। ਉਦੋਂ ਵੀ ਹੋ ਸਕਦਾ 2017 ਵਾਂਗ ਕਾਂਗਰਸੀ-ਅਕਾਲੀ ਸਮਝੌਤਾ ਉਮੀਦਵਾਰ ਖੜੇ ਕੀਤੇ ਜਾਣ, ਪਰ ਅਸਲ ਜੋਰ ਅਜ਼ਮਾਈ ਉਦੋਂ ਹੀ ਹੋਵੇਗੀ। ਪਰ ਹੁਣ ਜਦੋਂ ਕਾਂਗਰਸ ਆਪ ਨੂੰ ਦਿੱਲੀ ਤੋਂ ਚੱਲਣ ਵਾਲੀ ਸਰਕਾਰ ਕਹਿੰਦੀ ਹੈ, ਤਾਂ ਇਸ ਤੋਂ ਪਹਿਲਾਂ ਇਨਾਂ ਨੂੰ ਆਪਣੀ ਪੀੜੀ ਥੱਲੇ ਸੋਟਾ ਜ਼ਰੂਰ ਮਾਰ ਲੈਣਾ ਚਾਹੀਦਾ।

ਉਹ ਕਾਂਗਰਸ ਜੋ 1966 ਵਿੱਚ ਪੰਜਾਬੀ ਸੂਬਾ ਬਣਨ ਤੋਂ ਪਹਿਲਾਂ 14 ਸਾਲ ਅਤੇ ਬਾਅਦ ਵਿੱਚ 25 ਸਾਲ ਹਕੂਮਤ ਕਰਦੀ ਰਹੀ, ਜੋ ਕਦੇ ਵੀ ਆਪਣੀ ਦਿੱਲੀ ਵਾਲੀ ਲੀਡਰਸ਼ਿਪ ਦੇ ਕਹੇ ਬਗੈਰ ਪਾਣੀ ਨਹੀਂ ਸੀ ਪੀਂਦੀ, ਅੱਜ ਪੰਜਾਬ ਪ੍ਰਸਤ ਹੋ ਗਈ ਹੈ ਅਤੇ ਮਾਨ ਸਰਕਾਰ ਦੇ ਹਰ ਕੰਮ ਨੂੰ ਦਿੱਲੀ ਦੁਆਰਾ ਕੀਤਾ ਦੱਸਕੇ, ਆਪਣਾ ਫੇਕ ਨੈਰੇਟਵਿ ਪ੍ਰਚਾਰ ਰਹੀ ਹੈ । 1966 ਤੋਂ ਪਹਿਲਾਂ ਕਾਂਗਰਸੀ ਨਹਿਰੂ ਨੇ ਪੰਜਾਬ ਦੇ ਪਾਣੀਆਂ ਨੂੰ ਰਾਜਸਥਾਨ ਨੂੰ ਦਿੱਤਾ, ਪੰਜਾਬ ਦੇ ਕਾਂਗਰਸੀ ਮੁੱਖ ਮੰਤਰੀ ਉਸ ਦੀ ਹਾਂ ਵਿੱਚ ਹਾਂ ਮਿਲਾਉਂਦੇ ਰਹੇ। ਪੰਜਾਬ ਵਿੱਚ ਕਾਂਗਰਸੀ ਮੁੱਖ ਮੰਤਰੀ ਦਰਬਾਰਾ ਸਿੰਘ ਨੇ ਦਰਿਆਈ ਪਾਣੀਆਂ ਦੀ ਵੰਡ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਸੁਪਰੀਮ ਕੋਰਟ ਵਿੱਚੋਂ ਵਾਪਸ ਲੈਕੇ ਦਿੱਲੀ ਵਾਲੀ ਇੰਦਰਾ ਗਾਂਧੀ ਅੱਗੇ ਗੋਡੇ ਟੇਕੇ, ਦਿੱਲੀ ਕਾਂਗਰਸੀ ਲੀਡਰਸ਼ੀਪ ਨੇ ਪੰਜਾਬ ਦੀ ਵੰਡ ਸਮੇਂ ਜਾਣਬੁੱਝ ਕੇ ਪੰਜਾਬੀ ਬੋਲਦੇ ਇਲਾਕੇ ਬਾਹਰ ਰੱਖੇ ਅਤੇ ਚੰਡੀਗੜ ਪੰਜਾਬ ਨੂੰ ਨਾ ਦਿੱਤਾ, ਗਿਆਨੀ ਜ਼ੈਲ ਸਿੰਘ ਕੋਈ ਵੀ ਕੰਮ ਦਿੱਲੀ ਵਾਲੀ ਲੀਡਰਸ਼ਿਪ ਤੋਂ ਪੁੱਛੇ ਬਿਨਾਂ ਨਹੀਂ ਸੀ ਕਰਦੇ, ਦਰਬਾਰਾ ਸਿੰਘ ਵਿੱਚ ਤਾਂ ਜਾਨ ਹੀ ਨਹੀਂ ਸੀ। ਉਸ ਤੋਂ ਬਾਅਦ ਪੰਜਾਬ ਵਿੱਚ ਰਾਸ਼ਟਰਪਤੀ ਰਾਜ ਲਾ ਕੇ ਹਰਮਿੰਦਰ ਸਾਹਿਬ 'ਤੇ ਜੋ ਹਮਲਾ ਕੀਤਾ, ਕੀ ਕਾਂਗਰਸ ਉਸ ਤੋਂ ਬਰੀ ਹੋ ਜਾਵੇਗੀ ? ਫਿਰ ਕੈਪਟਨ ਅਮਰਿੰਦਰ ਸਿੰਘ ਵੀ ਦਿੱਲੀ ਤੋਂ ਮੁਕਤ ਨਹੀਂ ਹੋਏ। ਕੈਪਟਨ ਨੂੰ ਪਾਣੀਆਂ ਦਾ ਰਾਖਾ ਕਿਹਾ ਜਾਂਦਾ, ਪਰ ਉਸ ਨੇ ਵਿਧਾਨ ਸਭਾ ਵਿੱਚ 2004 'ਚ ਜੋ ਵਿਧਾਨ ਪਾਸ ਕਰਵਾਇਆ, ਉਹ ਪੰਜਾਬ ਨਾਲ ਨਿਰਾ ਧੋਖਾ ਸੀ, ਉਸ ਦੀ ਧਾਰਾ ਪੰਜ ਕਹਿੰਦੀ ਹੈ ਕਿ ਹਰਿਆਣਾ ਅਤੇ ਰਾਜਸਥਾਨ ਨੂੰ ਜੋ ਪਾਣੀ, ਕਾਨੂੰਨ ਪਾਸ ਕਰਨ ਸਮੇਂ ਜਾ ਰਿਹਾ ਹੈ, ਉਸ ਪਾਣੀ ਵਿੱਚ ਕਮੀ ਨਹੀਂ ਕੀਤੀ ਜਾਵੇਗੀ, ਉਹ ਹਮੇਸ਼ਾ ਜਾਂਦਾ ਰਹੇਗਾ। ਜਦੋਂ ਕਿ ਹਰਿਆਣਾ ਨੂੰ ਪਹਿਲਾਂ ਹੀ ਉਸ ਦੇ ਹਿੱਸੇ ਦਾ ਪਾਣੀ ਭਾਖੜਾ ਨਹਿਰ ਰਾਹੀਂ ਜਾ ਰਿਹਾ ਸੀ। ਕੈਪਟਨ ਨੂੰ ਪਤਾ ਸੀ ਕਿ ਦਰਿਆਵਾਂ ਵਿੱਚ ਹੁਣ ਪਾਣੀ ਘਟ ਰਿਹਾ ਹੈ, ਪਾਣੀਆਂ ਦੀ ਆਂਕੀ ਮਾਤਰਾ ਬਹੁਤ ਘਟ ਗਈ ਹੈ, ਹਰਿਆਣਾ ਨੂੰ ਬਣਦਾ ਹਿੱਸਾ ਜਾਂਦਾ ਰਹੇਗਾ, ਘਟੇ ਪਾਣੀ ਦਾ ਸੰਤਾਪ ਪੰਜਾਬ ਨੂੰ ਝੱਲਣਾ ਪਏਗਾ। ਰਾਜਸਥਾਨ ਫੀਡਰ ਕਨਾਲ ਨੂੰ ਪੱਕਿਆਂ ਕਰਨ ਦਾ ਸਮਝੌਤਾ ਵੀ ਕੈਪਟਨ ਅਮਰਿੰਦਰ ਦੀ ਸਰਕਾਰ ਨੇ ਜਨਵਰੀ 2019 ਵਿੱਚ ਰਾਜਸਥਾਨ ਦੇ ਕਾਂਗਰਸੀ ਮੁੱਖ ਮੰਤਰੀ ਅਸ਼ੋਕ ਗਹਿਲੋਟ ਅਤੇ ਕੇਂਦਰ ਸਰਕਾਰ ਨਾਲ ਕੀਤਾ ਸੀ ਜਿਸ ਅਧੀਨ ਹੁਣ ਆਮ ਆਦਮੀ ਪਾਰਟੀ ਦੇ ਪਹਿਲੇ ਬੱਜਟ ਵਿੱਚ ਵੀ ਪੈਸੇ ਦੇਣੇ ਪਏ ਹਨ। ਹੁਣ ਕਾਂਗਰਸ ਤੋਂ ਵੱਖ ਹੋ ਕੇ ਕੈਪਟਨ ਸ਼ਰੇਆਮ ਦੋਸ਼ ਲਾ ਰਹੇ ਹਨ ਕਿ ਆਪਣੀ ਹੀ ਪਾਰਟੀ ਦੇ ਭ੍ਰਿਸ਼ਟ ਮੰਤਰੀਆਂ ਵਿਰੁੱਧ ਸੋਨੀਆਂ ਗਾਂਧੀ ਨੇ ਉਨਾਂ ਨੂੰ ਕਾਰਵਾਈ ਨਹੀਂ ਕਰਨ ਦਿੱਤੀ। ਕੀ ਇਹ ਦਿੱਲੀ ਦਖਲ ਨਹੀਂ ਸੀ ? ਕਿਸਾਨ ਅੰਦੋਲਨ ਦੇ ਸ਼ੁਰੂਆਤੀ ਦੌਰ ਵਿੱਚ ਕਿਸਾਨ ਵੋਟ ਬੈਂਕ ਨੂੰ ਪ੍ਰਭਾਵਤ ਕਰਨ ਲਈ ਜਦੋਂ ਦਿੱਲੀ ਤੋਂ ਰਾਹੁਲ ਗਾਂਧੀ ਪੰਜਾਬ ਆਏ ਸਨ ਤਾਂ ਪੰਜਾਬ ਦਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਰਾਹੁਲ ਗਾਂਧੀ ਦੀ ਡਰਾਈਵਰ ਵਾਲੀ ਸੀਟ ਦੇ ਨਾਲ ਮੈਡਗਾਰਡ 'ਤੇ ਬੈਠਾ ਸੀ, ਉਸ ਸਮੇਂ ਕਿਸੇ ਕਾਂਗਰਸੀ ਨੂੰ ਪੰਜਾਬ ਦੀ ਅਣਖ ਯਾਦ ਨਹੀਂ ਆਈ। ਸਿੱਧੂ ਮੂਸੇਵਾਲਾ ਨੂੰ ਕਾਂਗਰਸ ਵਿੱਚ ਸ਼ਾਮਲ ਕਰਾਉਣ ਸਮੇਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਨਵਜੋਤ ਸਿੰਘ ਸਿੱਧੂ, ਚੌਪਰ ਲੈ ਕੇ ਜਦੋਂ ਦਿੱਲੀ ਰਾਹੁਲ ਗਾਂਧੀ ਦੀ ਮੋਹਰ ਲਵਾਉਣ ਗਏ ਸਨ, ਉਸ ਸਮੇਂ ਪੰਜਾਬ ਦੇ ਕਾਂਗਰਸੀਆਂ ਦੀ ਜ਼ਮੀਰ ਨੂੰ ਸੱਟ ਨਹੀਂ ਲੱਗੀ। ਜਦੋਂ ਦਿੱਲੀ ਵਾਲਿਆਂ ਨੇ ਦੋ ਐਮ ਐਲ ਏ ਦੀਆਂ ਵੋਟਾਂ ਵਾਲੇ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾ ਦਿੱਤਾ ਅਤੇ 44 ਵੋਟਾਂ ਵਾਲੇ ਨੂੰ ਪਰਾਂ ਕਰ ਦਿੱਤਾ, ਉਦੋਂ ਦਿੱਲੀ ਵਾਲਿਆਂ ਦਾ ਦਖਲ ਯਾਦ ਨਹੀਂ ਆਇਆ। ਦਿੱਲੀ ਵਾਲੀ ਕਾਂਗਰਸ ਨੇ 3510 ਦਿਨ, ਤਕਰੀਬਨ ਦਸ ਸਾਲ ਪੰਜਾਬ ਵਿੱਚ ਗਵਰਨਰੀ ਰਾਜ ਲਾ ਕੇ ਹਕੂਮਤ ਕੀਤੀ ਅਤੇ ਪੰਜਾਬੀਆਂ ਦੀ ਅਣਖ ਨੂੰ ਕੁਚਲਿਆ, ਉਸ ਸਮੇਂ ਪੰਜਾਬੀ ਦਿੱਲੀ ਵਾਲਿਆਂ ਦੀ ਅਧੀਨਗੀ ਕਿਵੇਂ ਪ੍ਰਵਾਨ ਕਰਦੇ ਸਨ ? ਹੁਣ ਕੇਜਰੀਵਾਲ ਦਿੱਲੀ ਦੀ ਕੇਂਦਰੀ ਸਰਕਾਰ ਦਾ ਹਾਕਮ ਨਹੀਂ ਹੈ, ਉਹ ਉਸ ਪਾਰਟੀ ਦਾ ਮੁਖੀ ਹੈ ਜਿਸ ਨੇ ਭਗਵੰਤ ਮਾਨ ਨੂੰ ਮੁੱਖ ਮੰਤਰੀ ਦਾ ਆਹੁਦੇਦਾਰ ਬਣਾਇਆ ਸੀ। ਇਸ ਲਈ ਆਪਣੇ ਮੁੱਖ ਮੰਤਰੀ ਨੂੰ ਪੰਜਾਬ ਦੇ ਭਲੇ ਲਈ, ਚੰਗੇ ਸਕੂਲਾਂ, ਹਸਪਤਾਲਾਂ ਜਾਂ ਕੁਰੱਪਸ਼ਨ ਰੋਕਣ ਆਦਿ ਲਈ ਜੇ ਕੋਈ ਸਲਾਹ ਉਹ ਦੇ ਰਿਹਾ ਤਾਂ ਇਸ ਵਿੱਚ ਕੁੱਝ ਵੀ ਮਾੜਾ ਨਹੀਂ। ਅਸਲ ਵੇਖਣ ਵਾਲੀ ਗੱਲ ਇਹ ਹੈ ਕਿ ਕੋਈ ਗੱਲ ਪੰਜਾਬ ਦੇ ਹਿਤਾਂ ਦੇ ਵਿਰੁੱਧ ਵਿੱਚ ਤਾਂ ਨਹੀਂ ਹੋ ਰਹੀ ?।

ਦੂਜੇ, ਅਕਾਲੀ ਦਲ (ਬਾਦਲ) ਜੋ ਆਪਣੇ ਆਪ ਨੂੰ ਪੰਜਾਬੀਆਂ ਦੀ ਪਾਰਟੀ ਕਹਾਉਂਦੀ ਹੈ, ਜਿਸ ਦਿੱਲੀ ਤੋਂ ਕੋਈ ਹੁਕਮ ਨਹੀਂ ਲਿਆ, ਚੰਡੀਗੜ ਬਹਿਕੇ ਆਪੇ ਹੀ ਹਕੂਮਤ ਕੀਤੀ, ਕੀ ਉਨਾਂ ਦੇ ਫੈਸਲੇ ਪੰਜਾਬ ਦੇ ਲੋਕਾਂ ਦੇ ਹੱਕ ਵਿੱਚ ਰਹੇ ਹਨ ? ਐਸ ਵਾਈ ਐਲ ਲਈ ਦੇਵੀ ਲਾਲ ਤੋਂ ਪੈਸੇ ਲੈਣ ਵਾਲੇ ਬਾਦਲ, ਹੁਣ ਆਪ ਨੂੰ ਸਟੈਂਡ ਸਪੱਸ਼ਟ ਕਰਨ ਲਈ ਕਹਿ ਰਹੇ ਹਨ। ਚੰਡੀਗੜ ਵਿੱਚ ਬਹਿ ਕੇ ਗੈਂਗਾਂ ਨੂੰ ਪੈਦਾ ਕਰਨ ਅਤੇ ਪਾਲਣ ਵਾਲੇ, ਹਰ ਕਿਸਮ ਦੇ ਮਾਫੀਏ ਨੂੰ ਜਨਮ ਦੇਣ ਵਾਲੇ, ਰਾਜ ਦੇ ਖਜ਼ਾਨੇ ਨੂੰ ਆਪਣੇ ਹਿਤਾਂ ਲਈ ਵਰਤਣ ਵਾਲੇ, ਸ਼੍ਰੋਮਣੀ ਕਮੇਟੀ ਨੂੰ ਆਪਣੇ ਨਿੱਜੀ ਹਿਤਾਂ ਲਈ ਵਰਤਣ ਵਾਲੇ, ਬਰਗਾੜੀ ਕਾਂਡ ਦੇ ਦੋਸ਼ੀਆਂ ਨੂੰ ਫੜਨ ਵਿੱਚ ਨਾ-ਕਾਮਯਾਬ ਰਹਿਣ ਵਾਲੇ, ਕੀ ਪੰਜਾਬ ਦੇ ਹਿਤਾਂ ਲਈ ਕੰਮ ਕਰਦੇ ਸਨ ? ਉਹ ਤਾਂ ਨਿਰੋਲ ਖੇਤਰੀ ਪਾਰਟੀ ਸੀ, ਦਿੱਲੀ ਤੋਂ ਹੁਕਮ ਨਹੀਂ ਸਨ ਲੈਂਦੇ। ਹੁਣ ਗਰਮ ਖਿਆਲੀ ਰਾਜਨੀਤੀ ਦਾ ਸਹਾਰਾ ਲੈ ਕੇ ਸਿੱਖ ਨੌਜਵਾਨਾਂ ਨੂੰ ਭੜਕਾ ਕੇ ਉਹ ਪੰਜਾਬ ਦੀ ਕਿਹੜੀ ਭਲਾਈ ਕਰ ਰਹੇ ਹਨ ?

ਹੁਣ ਮਾਨ ਸਰਕਾਰ ਇਕ ਐਮ ਐਲ ਏ ਇਕ ਪੈਨਸ਼ਨ ਦਾ ਫੈਸਲਾ ਲੈ ਰਹੀ ਹੈ, ਭ੍ਰਿਸ਼ਟਾਚਾਰੀਆਂ ਨੂੰ ਨੰਗੇ ਕਰਕੇ, ਜੇਲਾਂ ਵਿੱਚ ਡੱਕ ਰਹੀ ਹੈ ਆਪਣੀ ਪਾਰਟੀ ਦੇ ਮੰਤਰੀਆਂ ਨੂੰ ਵੀ ਨਹੀਂ ਬਖਸ਼ ਰਹੀ, ਵੱਡੇ ਰਾਜਨੀਤਕ ਬੰਦਿਆਂ ਤੋਂ ਸਰਕਾਰੀ ਜ਼ਮੀਨਾਂ ਛੁਡਾ ਰਹੀ ਹੈ, ਰੇਤ ਅਤੇ ਟਰਾਂਸਪੋਰਟ ਮਾਫੀਆ ਨੂੰ ਨੰਗਾ ਕਰਕੇ ਕੰਟਰੋਲ ਕਰ ਰਹੀ ਹੈ, ਸਰਕਾਰੀ ਨੌਕਰੀਆਂ ਭਰਨ ਤੇ ਕੱਚਿਆਂ ਨੂੰ ਪੱਕੇ ਕਰਨ ਲਈ ਕੰਮ ਕਰ ਰਹੀ ਹੈ, ਪੰਜਾਬ ਦੇ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਫਸਲੀ ਚੱਕਰ ਬਦਲਣ ਲਈ ਯਤਨ ਕਰ ਰਹੀ ਹੈ ਤਾਂ ਇਸ ਨੂੰ ਵੀ ਕਾਂਗਰਸ-ਅਕਾਲੀ ਭਾਈਵਾਲ ਦਿੱਲੀ ਦਾ ਦਖਲ ਕਹਿਕੇ, ਲੋਕਾਂ ਨੂੰ ਬੁੱਧੂ ਬਨਾਉਣ ਦਾ ਯਤਨ ਕਰ ਰਹੇ ਹਨ। ਹੁਣ ਰਾਜਾ ਵੜਿੰਗ ਕਹਿ ਰਹੇ ਨੇ ਕਿ ਪੰਜਾਬ ਦਾ ਬਜਟ ਦਿੱਲੀ ਤੋਂ ਬਣਕੇ ਆਇਆ ਹੈ। ਬਜਟ ਵਿੱਚ ਪਹਿਲੀ ਵਾਰ ਸਿੱਖਿਆ ਦੇ ਬਜਟ ਵਿੱਚ 16 ਪਰਸੈਂਟ, ਤਕਨੀਕੀ ਸਿੱਖਿਆ ਦੇ ਖੇਤਰ ਵਿੱਚ 48 ਪਰਸੈਂਟ ਅਤੇ ਮੈਡੀਕਲ ਸਿਖਿਆ ਵਿੱਚ 57 ਪਰਸੈਂਟ ਦਾ ਵਾਧਾ ਕੀਤਾ ਗਿਆ ਹੈ ? ਕੀ ਇਹ ਫੈਸਲੇ ਦਿੱਲੀ ਦੇ ਹੱਕ ਵਿੱਚ ਹਨ ਜਾਂ ਪੰਜਾਬ ਦੇ ਲੋਕਾਂ ਦੇ ਹੱਕ ਵਿੱਚ ? ਲੋਕ ਸਭ ਜਾਣਦੇ ਹਨ। ਝੂਠੇ ਬਿਰਤਾਂਤ ਜਾਂ ਨੈਰੇਟਿਵ ਬਹੁਤਾ ਸਮਾਂ ਚੱਲਣ ਵਾਲੇ ਨਹੀਂ ਹੁੰਦੇ। ਲੋਕ ਭਗਵੰਤ ਮਾਨ ਦੀ ਇਮਾਨਦਾਰੀ ਤੇ ਸ਼ੱਕ ਨਹੀਂ ਕਰਦੇ, ਉਹ ਸੰਜੀਦਗੀ ਨਾਲ ਪੰਜਾਬ ਨੂੰ ਚੰਗੇ ਰਾਹ ਪਾਉਣ ਲਈ ਯਤਨਸ਼ੀਲ ਹੈ। ਹਾਂ, ਗਲਤੀ ਉਸ ਤੋਂ ਵੀ ਹੋ ਸਕਦੀ ਹੈ ਤੇ ਉਹ ਸੁਧਾਰ ਵੀ ਸਕਦਾ ਹੈ। ਜੇ ਨਹੀਂ ਸੁਧਾਰੇਗਾ ਤਾਂ ਲੋਕ ਪੰਜ ਸਾਲ ਬਾਅਦ ਫਿਰ ਆਪਣੀ ਮਰਜ਼ੀ ਦੀ ਸਰਕਾਰ ਲੈ ਆਉਣਗੇ। ਹਾਂ, ਉਸ ਦੇ ਰਾਹ ਵਿੱਚ ਪੁਰਾਣੀਆਂ ਆਦਤਾਂ ਵਾਲੇ ਕੁਰੱਪਟ ਅਫਸਰਾਂ ਅਤੇ ਅਸਪੱਸ਼ਟ ਨਿਯਮਾਂ ਦੇ ਅਨੇਕਾਂ ਅੜਿੱਕੇ ਹਨ, ਪੁਰਾਣੇ ਰਾਜਨੀਤਕ ਲੀਡਰਾਂ ਦੇ ਪੈਦਾ ਕੀਤੇ ਗੈਂਗ, ਨਸ਼ਾ ਤਸਕਰ ਤੇ ਲੋਟੂ ਏਜੰਟ ਆਦਿ ਉਸ ਦੇ ਰਾਹ ਵਿੱਚ ਬੀਜੇ ਉਹ ਕੰਡੇ ਹਨ ਜਿਨਾਂ ਨੂੰ ਦੂਰ ਕਰਨ ਵਿੱਚ ਸਮਾਂ ਲੱਗ ਸਕਦਾ ਹੈ। ਸਿਰਫ ਤਿੰਨ ਮਹੀਨਿਆਂ ਦੀ ਕਾਰਗੁਜਾਰੀ ਦੇ ਅਧਾਰ ਤੇ ਹੀ ਫਤਵੇ ਦੇਣੇ ਠੀਕ ਨਹੀਂ ਲਗਦਾ।

ਜੇ ਮਾਨ ਸਰਕਾਰ ਇਸੇ ਤਰਾਂ ਦਲੇਰੀ ਅਤੇ ਪਾਰਦਰਸ਼ਤਾ ਨਾਲ ਕੰਮ ਕਰਦੀ ਰਹੀ ਤਾਂ ਬਹੁਤ ਜਲਦ ਕਾਂਗਰਸ ਅਤੇ ਅਕਾਲੀ ਦਲ (ਬਾਦਲ) ਦਾ ਨਾਮ ਤੱਕ ਵੀ ਲੋਕ ਭੁੱਲ ਜਾਣਗੇ। ਸਰਕਾਰ ਨੂੰ ਹੋਰ ਦਲੇਰੀ, ਜੋਸ਼ ਅਤੇ ਹੋਸ਼ ਨਾਲ ਕੰਮ ਕਰਨ ਦੀ ਲੋੜ ਹੈ। ਸਰਕਾਰ ਰਾਜਨੀਤੀਵਾਨਾ ਅਤੇ ਅਫਸਰਸ਼ਾਹੀ ਦੇ ਭ੍ਰਿਸ਼ਟਾਚਾਰ ਨੂੰ ਤੇਜੀ ਨਾਲ ਨੰਗਾ ਕਰੇ, ਵਿਜੀਲੈਂਸ ਬਿਊਰੋ ਦਾ ਘੇਰਾ ਵਿਸ਼ਾਲ ਕਰੇ, ਉਸ ਵਿੱਚ ਇਮਾਨਦਾਰ ਮੁਲਾਜ਼ਮਾਂ ਦੀ ਗਿਣਤੀ ਵਿੱਚ ਵੱਡਾ ਵਾਧਾ ਕਰੇ, ਉਨਾਂ ਨੂੰ ਸੁਤੰਤਰਤਾ ਦੇਵੇ ਅਤੇ ਜਿੰਮੇਵਾਰ ਬਣਾਵੇ। ਹੁਣ ਪੁਲਿਸ ਦੇ ਕੰਮ ਵਿੱਚ ਰਾਜਨੀਤਕ ਦਖਲ਼ ਬਹੁਤ ਘਟਿਆ ਹੈ ਤੇ ਪੁਲਿਸ ਦੀ ਵਧੀਆ ਕਾਰਗੁਜਾਰੀ ਸਾਹਮਣੇ ਆ ਵੀ ਰਹੀ ਹੈ। ਸਭ ਤੋਂ ਵੱਧ ਵੇਖਣ ਵਾਲੀ ਗੱਲ ਇਹ ਹੈ ਕਿ ਭਗਵੰਤ ਮਾਨ ਲੋਕਾਂ ਲਈ, ਪੰਜਾਬ ਲਈ ਤੇ ਚੰਗੇ ਪ੍ਰਸ਼ਾਸਨ ਲਈ ਦਿਨ ਰਾਤ ਕੰਮ ਕਰ ਰਿਹਾ ਹੈ। ਉਹ ਆਪਣੇ ਜਾਂ ਆਪਣੇ ਕੁਨਬੇ ਨੂੰ ਪਾਲਣ ਲਈ ਕੰਮ ਨਹੀਂ ਕਰ ਰਿਹਾ। ਉਸ ਦੀ ਪੰਜਾਬ ਪ੍ਰਸਤੀ ਅਤੇ ਭਾਵਨਾ ਤੇ ਫਿਲਹਾਲ ਉਂਗਲ ਨਹੀਂ ਚੁੱਕੀ ਜਾ ਸਕਦੀ।

**ਬਾਕੀ ਸਫ਼ਾ 30 'ਤੇ**

ਅੰਮ੍ਰਿਤਸਰ ਟਾਈਮਜ਼ AMRITSAR TIMES

06 ਜੁਲਾਈ 2022 ਤੋਂ 12 ਜੁਲਾਈ 2022

# ਸਤਲੁਜ ਯਮੁਨਾ ਲਿੰਕ (SYL) ਨਹਿਰ

ਸਤਲੁਜ ਯਮੁਨਾ ਲਿੰਕ (SYL) ਨਹਿਰ ਦਾ ਮਸਲਾ ਇੱਕ ਵਾਰ ਮੁੜ ਚਰਚਾ ਵਿੱਚ ਆਇਆ ਹੈ। ਅਸੀਂ ਭਲੀਭਾਂਤ ਇਸ ਗੱਲ ਤੋਂ ਵਾਕਿਫ ਹਾਂ ਕਿ ਪੰਜਾਬ ਦੇ ਪਾਣੀਆਂ ਦਾ ਮਸਲਾ ਜਿੰਨਾ ਗੰਭੀਰ ਹੁਣ ਹੈ ਉਨਾਂ ਉਦੋਂ ਨਹੀਂ ਸੀ ਜਦੋਂ ਖਾੜਕੂ ਸਿੰਘਾਂ ਨੇ ਇਸ ਨਹਿਰ ਦਾ ਕੰਮ ਰੁਕਵਾਇਆ ਸੀ, ਉਦੋਂ ਇਹ ਮਸਲਾ ਅਣਖ ਦਾ ਸੀ ਤੇ ਅੱਜ ਸਾਡੇ ਕੋਲ ਧਰਤੀ ਹੇਠਲਾ ਪਾਣੀ ਮੁੱਕਣ ਵੱਲ ਤੇਜ਼ੀ ਨਾਲ ਵੱਧ ਰਿਹਾ ਹੈ, ਅੱਜ ਇਹ ਸਾਡੇ ਜਿਉਂਦੇ ਰਹਿਣ ਦਾ ਮਸਲਾ ਹੈ। ਸੋ ਸਾਨੂੰ ਜਿੱਥੇ ਪੰਜਾਬ ਦੇ ਪਾਣੀਆਂ ਦੇ ਮਸਲੇ ਬਾਰੇ ਪੂਰੀ ਜਾਣਕਾਰੀ ਹਾਸਲ ਕਰਨ ਦੀ ਲੋੜ ਹੈ ਉੱਥੇ ਇਸ ਦੀ ਗੰਭੀਰਤਾ ਨੂੰ ਸਮਝਦਿਆਂ ਅਮਲੀ ਪੱਧਰ ਉੱਤੇ ਵੀ ਯਤਨਸ਼ੀਲ ਹੋਣ ਦੀ ਲੋੜ ਹੈ।

ਸੰਨ 1976 ਵਿੱਚ ਇੰਡੀਆ ਦੀ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਇੱਕ ਨੋਟੀਫਿਕੇਸ਼ਨ ਜਾਰੀ ਕਰ ਕੇ ਪੰਜਾਬ ਦਾ 35 ਲੱਖ ਏਕੜ ਫੁੱਟ ਦਰਿਆਈ ਪਾਣੀ ਹਰਿਆਣੇ ਨੂੰ ਦੇਣ ਦਾ ਐਲਾਨ ਕੀਤਾ ਗਿਆ। ਸਤਲੁਜ ਯਮੁਨਾ ਲਿੰਕ ਨਹਿਰ, ਜਿਸ ਨੂੰ ਆਮ ਕਰਕੇ ਐਸ.ਵਾਈ.ਐਲ. (SYL) ਕਿਹਾ ਹਾਂਦਾ ਹੈ, ਰਾਹੀਂ ਸਤਲੁਜ ਦਾ ਇਹ ਪਾਣੀ ਹਰਿਆਣੇ ਨੂੰ ਦਿੱਤਾ ਜਾਣਾ ਸੀ। 1978 ਵਿੱਚ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਨਹਿਰ ਦੀ ਉਸਾਰੀ ਕਰਨੀ ਮਨਜ਼ੂਰ ਕਰ ਲਈ ਪਰ ਬਾਅਦ ਵਿੱਚ ਪੰਜਾਬ ਦੇ ਹੋਰਨਾਂ ਆਗੂਆਂ ਦੇ ਦਬਾਅ ਅੱਗੇ ਝੁਕਦਿਆਂ ਉਸਨੇ ਇਹ ਉਸਾਰੀ ਕਰਵਾਉਣ ਤੋਂ ਇਨਕਾਰ ਕਰ ਦਿੱਤਾ। ਅਪ੍ਰੈਲ 1982 ਵਿੱਚ ਇੰਦਰਾ ਗਾਂਧੀ ਨੇ ਕਪੂਰੀ ਦੇ ਸਥਾਨ ਉੱਪਰ ਟੱਕ ਲਾ ਕੇ ਨਹਿਰ ਦੀ ਉਸਾਰੀ ਦਾ ਕੰਮ ਸ਼ੁਰੂ ਕਰਵਾਉਣ ਦਾ ਯਤਨ ਕੀਤਾ ਪਰ ਇਸੇ ਸਾਲ ਧਰਮ ਯੁੱਧ ਮੋਰਚਾ ਸ਼ੁਰੂ ਹੋ ਜਾਣ ਕਾਰਨ ਇਸ ਨਹਿਰ ਦੀ ਉਸਾਰੀ ਨਾ ਹੋ ਸਕੀ। ਫਿਰ 1985 ਵਿੱਚ ਬਰਨਾਲਾ ਸਰਕਾਰ ਨੇ ਇਸ ਨਹਿਰ ਦੀ ਉਸਾਰੀ ਵੱਡੇ ਪੱਧਰ ਉੱਪਰ ਕਰਵਾਈ ਪਰ ਸੰਘਰਸ਼ਸ਼ੀਲ ਖਾੜਕੂ ਸਿੰਘਾਂ ਦੇ ਐਕਸ਼ਨ ਤੋਂ ਬਾਅਦ ਇਹ ਨਹਿਰ ਅੱਜ ਤੱਕ ਬੰਦ ਪਈ ਹੈ।

ਹਰਿਆਣਾ ਨੇ ਨਹਿਰ ਦੀ ਪੁਨਰ ਉਸਾਰੀ ਲਈ ਇੰਡੀਅਨ ਸੁਪਰੀਮ ਕੋਰਟ ਵਿੱਚ ਇੱਕ ਅਰਜੀ ਦਾਖਲ ਕੀਤੀ ਜਿਸ ਉੱਤੇ ਸੁਣਵਾਈ ਕਰਦਿਆਂ 4 ਜੂਨ 2004 ਨੂੰ ਇਸ ਅਦਾਲਤ ਨੇ ਪੰਜਾਬ ਸਰਕਾਰ ਨੂੰ 14 ਜੁਲਾਈ 2004 ਤੱਕ ਨਹਿਰ ਮੁਕੰਮਲ ਕਰਨ ਦੇ ਆਦੇਸ਼ ਦਿੱਤੇ। ਇਸ ਸਮੇਂ ਦੌਰਾਨ 12 ਜੁਲਾਈ 2004 ਨੂੰ ਪੰਜਾਬ ਦੀ ਵਿਧਾਨ ਸਭਾ ਨੇ 'ਪੰਜਾਬ ਸਮਝੌਤਿਆਂ ਦਾ ਖਾਤਮਾ ਕਾਨੂੰਨ-2004' **(Punjab Termination of Agreements Act, 2004)** ਨਾਂ ਦਾ ਕਾਨੂੰਨ ਬਣਾਇਆ। ਇਸ ਕਾਨੂੰਨ ਤਹਿਤ ਪੰਜਾਬ ਨੇ ਦਰਿਆਈ ਪਾਣੀਆਂ ਦੀ ਵੰਡ ਸਬੰਧੀ ਪਿਛਲੇ ਸਾਰੇ ਕਥਿਤ ਸਮਝੌਤੇ, ਰਾਜੀਵ ਲੌਂਗੋਵਾਲ ਸਮਝੌਤੇ ਸਮੇਤ, ਰੱਦ ਕਰ ਦਿੱਤੇ ਗਏ। ਇਸ ਤਰਾਂ ਵਕਤੀ ਤੌਰ 'ਤੇ ਨਹਿਰ ਦੀ ਉਸਾਰੀ ਇੱਕ ਵਾਰ ਫਿਰ ਸ਼ੁਰੂ ਹੋਣੋਂ ਰੁਕ ਗਈ।

ਪਰ ਇਸ ਕਾਨੂੰਨ ਵਿਚ ਇਕ ਧਾਰਾ 5 ਪਾਈ ਗਈ ਜਿਸ ਵਿਚ ਕਿਹਾ ਗਿਆ ਸੀ ਕਿ ਜੋ ਦਰਿਆਈ ਪਾਣੀ ਪੰਜਾਬ ਤੋਂ ਬਾਹਰ ਦੂਸਰੇ ਸੂਬਿਆਂ (ਰਾਜਸਥਾਨ, ਦਿੱਲੀ ਅਤੇ ਹਰਿਆਣਾ) ਨੂੰ ਦਿੱਤਾ ਜਾ ਰਿਹਾ ਹੈ ਉਹ ਜਾਰੀ ਰਹੇਗਾ। ਇਸ ਤੋਂ ਪਹਿਲਾਂ ਪੰਜਾਬ ਵਿਧਾਨ ਸਭਾ ਨੇ ਕਦੇ ਵੀ ਪੰਜਾਬ ਦੇ ਦਰਿਆਈ ਪਾਣੀਆਂ ਦੀ ਗੈਰ-ਕਾਨੂੰਨੀ ਅਤੇ ਗੈਰ-ਸੰਵਿਧਾਨਕ ਵੰਡ ਨੂੰ ਪ੍ਰਵਾਨਗੀ ਨਹੀਂ ਸੀ ਦਿੱਤੀ। ਇਸ ਤੋਂ ਬਾਅਦ ਬਾਦਲ ਦਲ ਵਲੋਂ ਆਪਣੇ ਚੋਣ ਮਨੋਰਥ ਪੱਤਰਾਂ ਵਿਚ ਪੰਜਾਬ ਦੇ ਲੋਕਾਂ ਨਾਲ ਵਾਅਦਾ ਕੀਤਾ ਗਿਆ ਸੀ ਕਿ ਉਨਾਂ ਦੀ ਸਰਕਾਰ ਬਣਨ ਉੱਤੇ ਇਹ ਧਾਰਾ 5 ਰੱਦ ਕੀਤੀ ਜਾਵੇਗੀ ਪਰ ਸਾਲ 2007 ਅਤੇ 2012 ਵਿਚ ਲਗਾਤਾਰ ਦੋ ਵਾਰ ਪੰਜਾਬ 'ਚ ਸਰਕਾਰ ਬਣਾਉਣ ਦੇ ਬਾਵਜੂਦ ਵੀ ਇਹ ਬਾਦਲ ਦਲ ਵੱਲੋਂ ਧਾਰਾ 5 ਰੱਦ ਨਹੀਂ ਕੀਤੀ ਗਈ।

ਇਸੇ ਦੌਰਾਨ ਕੇਂਦਰ ਸਰਕਾਰ ਨੇ ਪੰਜਾਬ ਦੇ ਇਸ ਕਾਨੂੰਨ ਵਿਰੁੱਧ ਸੁਪਰੀਮ ਕੋਰਟ ਕੋਲ ਇੰਡੀਅਨ ਸੰਵਿਧਾਨ ਦੀ ਧਾਰਾ 143 ਤਹਿਤ 'ਰਾਏਦਾਰੀ ਪਟੀਸ਼ਨ' ਪਾ ਦਿੱਤੀ ਗਈ। 10 ਨਵੰਬਰ 2016 ਨੂੰ ਸੁਪਰੀਮ ਕੋਰਟ ਨੇ ਇਸ ਪਟੀਸ਼ਨ ਦਾ ਫੈਸਲੇ ਪੰਜਾਬ ਦੇ ਉਲਟ ਸੁਣਾ ਦਿੱਤਾ ਤੇ ਨਹਿਰ ਛੇਤੀ ਬਣਾਉਣ ਦਾ ਫੁਰਮਾਨ ਜਾਰੀ ਕਰ ਦਿੱਤਾ। ਨਹਿਰ ਦੀ ਉਸਾਰੀ ਸ਼ੁਰੂ ਹੋਣ ਤੋਂ ਰੋਕਣ ਦੀ ਕੋਸ਼ਿਸ਼ ਕਰਦਿਆਂ ਪੰਜਾਬ ਵਿਧਾਨ ਸਭਾ ਨੇ 16 ਨਵੰਬਰ 2016 ਨੂੰ ਨਹਿਰ ਲਈ ਜ਼ਬਤ ਕੀਤੀ ਗਈ ਜਮੀਨ ਮੂਲ ਮਾਲਕਾਂ ਨੂੰ ਵਾਪਿਸ ਕਰਨ ਦਾ ਐਲਾਨ ਕਰ ਦਿੱਤਾ ਪਰ ਇਹ ਮਾਮਲਾ ਮੁੜ ਸੁਪਰੀਮ ਕੋਰਟ ਵਿਚ ਚਲਾ ਗਿਆ ਅਤੇ 1 ਦਸੰਬਰ 2016 ਨੂੰ ਸੁਪਰੀਮ ਕੋਰਟ ਨੇ ਪੰਜਾਬ ਵਿਧਾਨ ਸਭਾ ਦੇ ਫੈਸਲੇ ਉੱਤੇ ਰੋਕ ਲਗਾ ਦਿੱਤੀ ਤੇ ਬੰਦ ਪਈ ਨਹਿਰ ਦੀ ਸਥਿਤੀ ਉੱਤੇ ਨਿਗਾ ਰੱਖਣ ਲਈ ਰਸੀਵਰ ਨਿਯੁਕਤ ਕਰ ਦਿੱਤਾ।

ਇਹ ਯਾਦ ਰੱਖਣਾ ਚਾਹੀਦਾ ਹੈ ਕਿ ਸਤਲੁਜ-ਯਮੁਨਾ ਲਿੰਕ ਨਹਿਰ ਦਾ ਮਸਲਾ ਪੰਜਾਬ ਦੇ ਦਰਿਆਈ ਪਾਣੀਆਂ ਦੀ ਲੁੱਟ ਦਾ ਸਾਰਾ ਮਸਲਾ ਨਹੀਂ ਹੈ। ਇਸ ਨਹਿਰ ਰਾਹੀਂ ਪੰਜਾਬ ਦੇ ਸਤਲੁਜ ਦਰਿਆ ਦਾ 35 ਲੱਖ ਏਕੜ ਫੁੱਟ ਪਾਣੀ ਹਰਿਆਣੇ ਨੂੰ ਦਿੱਤਾ ਜਾਣਾ ਸੀ ਪਰ ਇਸ ਵਿਚੋਂ ਕਰੀਬ 18 ਲੱਖ ਏਕੜ ਫੁੱਟ ਪਾਣੀ ਪਹਿਲਾਂ ਹੀ ਭਾਖੜਾ ਨਹਿਰ ਵਿਚ ਵਾਧੂ ਪਾਣੀ ਛੱਡ ਕੇ ਹਰਿਆਣੇ ਨੂੰ ਦਿੱਤਾ ਜਾ ਰਿਹਾ ਹੈ। ਸੋ, ਨਹਿਰ ਉਸਾਰੀ ਦਾ ਮਸਲਾ ਰਹਿੰਦਾ 17 ਲੱਖ ਏਕੜ ਫੁੱਟ ਪਾਣੀ ਲੈਣ ਵਾਸਤੇ ਹੈ। ਦੂਜੇ ਪਾਸੇ ਭਾਖੜਾ ਤੇ ਇੰਦਰਾ ਗਾਂਧੀ ਨਹਿਰ ਰਾਹੀਂ ਪੰਜਾਬ ਦੇ ਦਰਿਆਵਾਂ ਦੇ ਪਾਣੀ ਦਾ ਬਹੁਤ ਵੱਡਾ ਹਿੱਸਾ ਗੈਰ-ਰਾਇਪੇਰੀਅਨ ਸੂਬਿਆਂ ਨੂੰ ਦਿੱਤਾ ਜਾ ਰਿਹਾ ਹੈ। ਰਾਜਸਥਾਨ ਨੂੰ ਇੰਦਰਾ ਗਾਂਧੀ ਨਹਿਰ ਰਾਹੀਂ ਪੰਜਾਬ ਦੇ ਦਰਿਆਵਾਂ ਦਾ 80 ਲੱਖ ਏਕੜ ਫੁੱਟ ਪਾਣੀ ਦਿੱਤਾ ਜਾ ਰਿਹਾ ਹੈ। ਹਰਿਆਣੇ ਨੂੰ ਵੀ ਪੰਜਾਬ ਦੇ ਦਰਿਆਵਾਂ ਵਿਚੋਂ 59 ਲੱਖ ਏਕੜ ਫੁੱਟ ਦੇ ਕਰੀਬ ਪਾਣੀ ਪਹਿਲਾਂ ਹੀ ਮਿਲ ਰਿਹਾ ਹੈ। ਪੰਜਾਬ ਦੇ ਡੈਮਾਂ ਉੱਤੇ ਕੇਂਦਰ ਸਰਕਾਰ ਦਾ ਕਬਜ਼ਾ ਹੈ ਜਿਸ ਕਾਰਨ ਪਾਣੀਆਂ ਦੀ ਇਸ ਗੈਰਕਾਨੂੰਨੀ ਤੇ ਗੈਰ-ਸੰਵਿਧਾਨਕ ਵੰਡ ਰਾਹੀਂ ਪੰਜਾਬ ਦੇ ਹਿੱਸੇ ਆਇਆ ਪਾਣੀ ਵੀ ਪੂਰਾ ਨਹੀਂ ਮਿਲਦਾ।

ਪੰਜਾਬ ਆਪਣੀ ਲੋੜਾਂ ਪੂਰੀਆਂ ਕਰਨ ਲਈ ਜ਼ਮੀਨੀ ਪਾਣੀ ਉੱਤੇ ਨਿਰਭਰ ਹੈ ਪਰ ਪੰਜਾਬ ਦਾ ਜ਼ਮੀਨੀ ਪਾਣੀ ਹੁਣ ਮੁੱਕਣ ਕੰਢੇ ਪਹੁੰਚ ਚੁੱਕਾ ਹੈ ਜੋ ਅਗਲੇ ਕਰੀਬ ਡੇਢ ਦਹਾਕੇ ਵਿਚ ਮੁੱਕ ਜਾਵੇਗਾ ਤੇ ਪੰਜਾਬ ਦੀ ਹਾਲਤ ਰੇਗਿਸਤਾਨ ਵਾਲੀ ਹੋਵੇਗੀ। ਇਹ ਲੁੱਟ ਪੰਜਾਬ ਦੀ ਸੱਭਿਅਤਾ ਦੇ ਉਜਾੜੇ ਦਾ ਮੁੱਢ ਬੰਨ ਰਹੀ ਹੈ ਜਿਸ ਨੂੰ ਰੋਕਣਾ ਤਾਂ ਹੀ ਸੰਭਵ ਹੈ ਜੇਕਰ ਇਸ ਬਾਰੇ ਹਰ ਪੰਜਾਬ ਹਿਤੈਸ਼ੀ ਆਪਣੀ ਜਿੰਮੇਵਾਰੀ ਸਮਝੇ। ਇਹ ਮਸਲੇ ਹੱਲ ਕਰਨ ਲਈ ਸੰਬੰਧਤ ਸੂਬਿਆਂ ਦੀਆਂ ਸੰਬੰਧਤ ਸਮਾਜਿਕ ਧਿਰਾਂ ਨੂੰ 'ਨਿਆਂ, ਵਿਚਾਰ ਅਤੇ ਕੌਮਾਂਤਰੀ ਨੇਮਾਂ' ਦੀ ਰੌਸ਼ਨੀ ਵਿਚ ਦਿੱਲੀ ਦਰਬਾਰ ਦੇ ਦਖਲ ਤੋਂ ਮੁਕਤ ਆਪਸੀ ਵਿਚਾਰ ਵਟਾਂਦਰੇ ਦਾ ਅਮਲ ਅਖਤਿਆਰ ਕਰਨ ਲਈ ਲੋੜ ਹੈ। ਹਰ ਪੰਜਾਬ ਹਿਤੈਸੀ ਨੂੰ ਇਸ ਪੰਜਾਬ ਦੇ ਦਰਿਆਈ ਪਾਣੀਆਂ ਦੇ ਮਾਮਲੇ ਬਾਰੇ ਪੰਜਾਬ ਦੇ ਹਿਤਾਂ ਦੀ ਰਾਖੀ ਕਰਨ ਲਈ ਆਪਣਾ ਫਰਜ਼ ਪਛਾਨਣ ਅਤੇ ਅਮਲਾਂ ਤੇ ਕੁਰਬਾਨੀ ਦਾ ਰਸਤਾ ਅਖਤਿਆਰ ਕਰਨ ਲਈ ਤਤਪਰ ਰਹਿਣ ਦੀ ਲੋੜ ਹੈ।

# ਭਾਰਤ ਵਿਚ ਲੋਕਤੰਤਰ ਦਾ ਸੁੰਘੜਦਾ ਘੇਰਾ



ਰਣਜੀਤ ਸਿੰਘ ਕੁਕੀ

ਭਾਰਤ ਵਿਚ ਧਰਮ ਨਿਰਪੱਖਤਾ ਅਤੇ ਧਰਮ ਅਤੇ ਰਾਜ ਦੇ ਸੰਬੰਧਾਂ ਨੂੰ ਲੈ ਕੇ ਬਹੁਤ ਹੀ ਦੁਵਿਧਾ ਛਾਈ ਹੋਈ ਹੈ। ਰਾਜਨੇਤਾ ਰੱਜ ਕੇ ਇਸ ਦਾ ਫਾਇਦਾ ਉਠਾ ਰਹੇ ਹਨ। ਇਹ ਹੀ ਸੰਪ੍ਰਦਾਇਕਤਾ ਦੀ ਲੈਅ ਭੰਗ ਨੂੰ ਜਨਮ ਦਿੰਦਾ ਹੈ।ਜਿਆਦਤਰ ਅਬਾਦੀ ਵਿਚ ਜਾਤ ਨੂੰ ਲੈ ਕੇ ਇਕ ਦੂਜੇ ਨਾਲ ਵਿਤਕਰਾ ਕੀਤਾ ਜਾਂਦਾ ਹੈ। ਭਾਵੇਂ ਜਾਤੀ ਅਧਾਰਿਤ ਰਾਖਵੇਂਕਰਨ ਨੂੰ ਭਾਰਤੀ ਸੰਵਿਧਾਨ ਅਨੁਸਾਰ ਆਰਜੀ ਰੂਪ ਵਿਚ ਸ਼ਾਮਿਲ ਕੀਤਾ ਗਿਆ ਸੀ, ਪਰ ਇਹ ਹਾਲੇ ਵੀ ਇਹ ਪ੍ਰਤਿਭਾ ਦੀ ਕੀਮਤ ਉੱਪਰ ਅਜੇ ਵੀ ਚੱਲ ਰਹੀ ਹੈ। ਚਾਪਲੂਸੀ ਦੀ ਰਾਜਨੀਤੀ ਹੀ ਆਮ ਵਰਤਾਰਾ ਹੋ ਗਈ ਹੈ।ਅੱਜ ਦੇ ਲੋਕਤੰਤਰ ਵਿਚ ਸਾਰਿਆਂ ਨੂੰ ਵੋਟ ਦਾ ਅਧਿਕਾਰ ਦੇ ਆਧਾਰ 'ਤੇ ਚੋਣਾਂ ਹੁੰਦੀਆਂ ਹਨ ਜਿਸ ਵਿਚ ਆਮ ਲੋਕਾਂ ਦਾ ਸਾਥ ਲੈਣ ਲਈ ਰਾਜਨੇਤਾ ਉਨਾਂ ਨੂੰ 'ਉਪਹਾਰ' ਵੰਡਦੇ ਹਨ।ਭਾਰਤ ਵਿਚ ਲੋਕਾਂ ਤੋਂ ਇਕ ਦਮ ਵੋਟਾਂ ਪ੍ਰਾਪਤ ਕਰਨ ਦੇ ਵਰਤਾਰੇ ਨੇ ਉਨਾਂ ਵਿਚ ਮੁਫਤਖੋਰੀ ਅਤੇ ਮਾੜੀਆਂ ਆਰਥਿਕ ਨੀਤੀਆਂ ਨੂੰ ਅੱਗੇ ਲੈ ਕੇ ਆਉਣ ਦੀ ਪਿਰਤ ਨੂੰ ਬੜਾਵਾ ਦਿੱਤਾ ਹੈ ਜਿਸ ਦੇ ਬਹੁਤ ਹੀ ਦੂਰ-ਅੰਦੇਸ਼ੀ ਸਿੱਟੇ ਨਿਕਲਦੇ ਹਨ।

ਭਾਰਤੀ ਲੋਕਤੰਤਰ ਨੂੰ ਅੱਜ ਸਭ ਤੋਂ ਵੱਡੇ ਖਤਰੇ ਹਨ : ਹਿੰਦੂ ਕੱਟੜਪੰਥੀ ਜੋ ਕਦੀ ਹਾਸ਼ੀਏ 'ਤੇ ਹੁੰਦੇ ਸਨ, ਉਹ ਮੋਦੀ-ਸ਼ਾਹ ਦੀ ਜੁਗਲਬੰਦੀ ਵਿਚ ਸੰਸਥਾਵਾਂ ਦਾ ਆਮ ਵਰਤਾਰਾ ਬਣ ਗਏ ਹਨ।ਡਾ. ਬੀ. ਆਰ. ਅੰਬੇਦਕਰ ਨੇ ਸੰਵਿਧਾਨ ਸਭਾ ਦੇ ਆਪਣੇ ਆਖਰੀ ਭਾਸ਼ਣ ਵਿਚ ਕਿਹਾ ਸੀ, 'ਰਾਜਨੀਤਿਕ ਲੋਕਤੰਤਰ ਉਦੋਂ ਤੱਕ ਨਹੀਂ ਕੰਮ ਕਰ ਸਕਦਾ ਜਦੋਂ ਤੱਕ ਇਸ ਦੇ ਸਮਾਜਿਕ ਲੋਕਤੰਤਰ ਦਾ ਆਧਾਰ ਝੂਠ ਹੈ। ਸਮਾਜਿਕ ਲੋਕਤੰਤਰ ਦਾ ਅਰਥ ਸਾਡੀ ਜੀਵਨ ਜਾਚ ਤੋਂ ਵੀ ਹੈ ਜਿਸ ਵਿਚ ਅਜ਼ਾਦੀ, ਭਾਈਚਾਰਾ ਅਤੇ ਬਰਾਬਰੀ ਤਿੰਨਾਂ ਨੂੰ ਇਕ ਦੂਜੇ ਤੋਂ ਅਲੱਗ ਕਰ ਕੇ ਨਹੀਂ ਦੇਖਿਆ ਜਾ ਸਕਦਾ। ਵੀਹਵੀਂ ਸਦੀ ਪੂਰੇ ਵਿਸ਼ਵ ਵਿਚ ਲੋਕਤੰਤਰੀ ਕਦਰਾਂ ਕੀਮਤਾਂ ਦੀ ਪ੍ਰਵਾਨਗੀ ਪੱਖੋਂ ਲੋਕਤੰਤਰ ਦੀ ਸਦੀ ਸੀ। 21ਵੀਂ ਸਦੀ ਵਿਚ ਇਹ ਦੇਖਣ ਵਿਚ ਆਇਆ ਹੈ ਕਿ ਬ੍ਰਾਜੀਲ ਤੋਂ ਲੈ ਕੇ ਮਿਆਂਮਾਰ, ਅਮਰੀਕਾ ਤੋਂ ਲੈ ਕੇ ਹੰਗਰੀ, ਤੁਰਕੀ ਤੋਂ ਭਾਰਤ ਅਤੇ ਫਰਾਂਸ ਅਤੇ ਸ੍ਰੀਲੰਕਾ ਜਿਹੇ ਦੇਸ਼ਾਂ ਵਿਚ ਇਕ ਤਰਾਂ ਦਾ ਹੀ ਵਰਤਾਰਾ ਸਾਹਮਣੇ ਆ ਰਿਹਾ ਹੈ। ਇਹ ਲੋਕਤੰਤਰੀ ਕਦਰਾਂ ਕੀਮਤਾਂ ਨੂੰ ਖੋਰਾ ਲੱਗਣਾ ਹੈ।

ਭਾਰਤ ਵਿਚ ਮੋਦੀ ਸਰਕਾਰ ਦੇ ਸੱਤਾ ਵਿਚ ਆਉਣ ਤੋਂ ਬਾਅਦ ਲੋਕਤੰਤਰ ਦਾ ਬਹੁਤ ਘਾਣ ਹੋਇਆ ਹੈ, ਸੰਸਥਾਵਾਂ ਵਿਚ ਨਿਘਾਰ ਆਇਆ ਹੈ ਅਤੇ ਸੰਪ੍ਰਦਾਇਕ ਵੰਡੀਆਂ ਹੋਰ ਜਿਆਦਾ ਡੂੰਘੀਆਂ ਹੋ ਗਈਆਂ ਹਨ ਜਿਸ ਦਾ ਮਕਸਦ ਮਹਿਜ਼ ਲੋਕਾਂ ਤੋਂ ਵੋਟਾਂ ਬਟੋਰਨਾ ਹੀ ਰਹਿ ਗਿਆ ਹੈ।ਮੌਜੂਦਾ ਨਿਜਾਮ ਲਈ ਸਮਰਥਕਾਂ ਦੀ ਭੀੜ ਦੇ ਪਿੱਛੇ ਪ੍ਰਮੁੱਖ ਕਾਰਨ ਲੋਕਤੰਤਰ ਪ੍ਰਕਿਰਿਆ ਵਿਚ ਨਿਹਤ ਪ੍ਰਕਿਰਿਆ ਦੀ ਬੇਗਾਨਗੀ ਵੀ ਹੈ।ਸੱਭਿਆਚਾਰਕ ਰੂਪ ਵਿਚ ਇਹ ਕਦਰਾਂ-ਕੀਮਤਾਂ ਪੱਛਮ ਵਿਚ ਘੜੀਆਂ ਗਈਆਂ ਹਨ ਜਿਨਾਂ ਨੂੰ ਇੰਨ ਬਿੰਨ ਭਾਰਤ ਵਿਚ ਲਾਗੂ ਨਹੀਂ ਕੀਤਾ ਜਾ ਸਕਦਾ। ਇਸ ਦਲੀਲ ਨੂੰ ਮੂਹਰੇ ਰੱਖ ਕੇ ਹੀ ਵਿਅਕਤੀਗਤ ਅਜ਼ਾਦੀ ਦੇ ਸੁਆਲਾਂ ਨੂੰ ਪਿੱਛੇ ਧੱਕ ਦਿੱਤਾ ਜਾਂਦਾ ਹੈ।

ਭਾਰਤੀ ਲੋਕਤੰਤਰ ਵਿਚ ਜੋ ਵਰਤਾਰੇ ਉੱਭਰ ਰਹੇ ਹਨ ਉਨਾਂ ਦਾ ਪ੍ਰਭਾਵ 1970 ਵਿਆਂ ਵਿਚ ਅਪਣਾਈ ਗਈ ਐਮਰਜੈਂਸੀ ਤੋਂ ਵੀ ਜਿਆਦਾ ਅਤੇ ਲੰਮਾ ਰਹਿਣ ਵਾਲਾ ਹੈ।ਇਸ ਨੇ ਹੀ ਆਉਣ ਵਾਲੇ ਸਮੇਂ ਵਿਚ ਭਾਰਤ ਵਿਚ ਲੋਕਤੰਤਰ ਦਾ ਭਵਿੱਖ ਤੈਅ ਕਰਨਾ ਹੈ।ਲੋਕੰਤਤਰ ਦੇ ਵਿਚਾਰ ਦਾ ਨਵੇਂ ਵਰਗਾਂ ਵਿਚ ਵਿਸਥਾਰ ਕਰਨ ਦੀ ਬਜਾਇ ਅਸੀਂ ਲੋਕਤੰਤਰ ਨੂੰ ਸੁੰਘੜਦਾ ਦੇਖ ਰਹੇ ਹਾਂ। ਸੰਸਥਾਵਾਂ ਵਿਚ ਲੋਕਤੰਤਰ ਖਤਮ ਹੁੰਦਾ ਜਾ ਰਿਹਾ ਹੈ, ਲੋਕਾਂ ਦੇ ਹੱਕਾਂ ਉੱਪਰ ਨਿੱਤ ਨਵੀਆਂ ਪਾਬੰਦੀਆਂ ਲਗਾਈਆਂ ਜਾ ਰਹੀਆਂ ਹਨ।ਲੋਕਾਂ ਦਾ ਰਾਜਨੀਤਿਕ ਕਿਰਿਆ ਨੂੰ ਲੈ ਕੇ ਜਨਤਕ ਵਿਚਾਰ ਅੰਦੋਲਨ ਕਰਨ ਲਈ ਸਹਿਮਤੀ ਲੈਣ ਅਤੇ ਇਸ ਪ੍ਰਤੀ ਸ਼ੰਕੇ ਦੀਆਂ ਭਾਵਨਾਵਾਂ ਵਿਚ ਘਿਰਿਆ ਹੋਇਆ ਹੈ। ਸਭ ਤੋਂ ਵੱਡੀ ਵਿਡੰਬਨਾ ਇਹ ਹੈ ਕਿ ਸਥਾਪਤੀ ਸੰਸਦ ਵਿਚ ਪ੍ਰਾਪਤ ਕੀਤੇ ਗਏ ਬਹੁਮਤ ਨੂੰ ਲੋਕਤੰਤਰ ਦਾ ਨਾਂ ਦੇ ਰਹੀ ਹੈ।ਪਿਛਲੇ ਅੱਠ ਸਾਲਾਂ ਵਿਚ ਇੰਟਰਨੈੱਟ ਨੂੰ ਬੰਦ ਕਰਨ ਦੇ 400 ਤੋਂ ਜਿਆਦਾ ਕੇਸ ਹੋਏ ਹਨ। ਮੀਡੀਆ ਨੂੰ ਨਿਯੰਤ੍ਰਿਤ ਕਰਨ ਲਈ ਵਿਵਸਥਿਤ ਢੰਗ ਨਾਲ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਜਿਸ ਵਿਚ ਪੱਤਰਕਾਰਾਂ ਉੱਪਰ ਕੇਸ ਪਾਏ ਜਾਂਦੇ ਹਨ ਅਤੇ ਮੀਡੀਆ ਘਰਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ। 2020 ਵਿਚ ਹੀ 67 ਪੱਤਰਕਾਰਾਂ ਨੂੰ ਗ੍ਰਿਫਤਾਰੀਆਂ ਦਾ ਸਾਹਮਣਾ ਕਰਨਾ ਪਿਆ ਜਿਸ ਵਿਚ ਮੀਡੀਆ ਨੂੰ ਨਿਸ਼ਾਨਾ ਬਣਾਉਣਾ ਅਧਿਕਾਰਕ ਨੀਤੀ ਦਾ ਹਿੱਸਾ ਹੀ ਹੋ ਨਿਬੜਿਆ।ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਵਿਅਕਤੀ ਅਜ਼ਾਦੀ ਨੂੰ ਵਿਵਸਥਾ ਦਾ ਗੁਲਾਮ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ; ਸੰਸਥਾਵਾਂ ਖੁਦਮੁਖਤਿਆਰ ਢੰਗ ਨਾਲ ਕੰਮ ਨਾ ਕਰਕੇ ਸਥਾਪਤੀ ਦੇ ਹੱਕ ਵਿਚ ਹੀ ਭੁਗਤ ਰਹੀਆਂ ਹਨ।ਲੋਕਾਂ ਦੇ ਪ੍ਰਦਰਸ਼ਨ ਕਰਨ ਦੇ ਹੱਕ ਨੂੰ ਦਬਾਇਆ ਜਾ ਰਿਹਾ ਹੈ।ਸੰਸਦ ਦੀ ਕਾਰਵਾਈ ਨੂੰ ਲੋਕਤੰਤਰੀ ਢੰਗ ਨਾਲ ਚਲਾਉਣ ਦੀ ਪ੍ਰਕਿਰਿਆ ਨੂੰ ਪਿੱਛੇ ਧੱਕਿਆ ਜਾ ਰਿਹਾ ਹੈ ਅਤੇ ਸੰਘੀ ਢਾਂਚੇ ਲਈ ਥਾਂ ਦਿਨ-ਬ-ਦਿਨ ਸੌੜੀ ਹੁੰਦੀ ਜਾ ਰਹੀ ਹੈ। ਸੰਵਿਧਾਨਕ ਪ੍ਰਕਿਰਿਆਵਾਂ ਦੀ ਉਲੰਘਣਾ ਕੀਤੀ ਜਾ ਰਹੀ ਹੈ।ਮੌਜੂਦਾ ਸਥਾਪਤੀ ਨੇ ਸੰਵਿਧਾਨ ਨੂੰ ਲੋਕਤੰਤਰ ਦਾ ਆਧਾਰ ਬਣਾਉਣ ਦੀ ਬਜਾਇ ਇਸ ਨੂੰ ਮਹਿਜ਼ ਇਕ ਕਹਾਣੀ ਬਣਾ ਕੇ ਰੱਖ ਦਿੱਤਾ ਹੈ।

ਅਗਰ ਅਸੀਂ ਐਮਰਜੈਂਸੀ ਨੂੰ ਪਾਸੇ ਵੀ ਰੱਖ ਦੇਈਏ ਤਾਂ ਅਣਲੋਕਤੰਤਰੀ ਪ੍ਰਕਿਰਿਆਵਾਂ ਨੂੰ ਬਿਨਾਂ ਕਿਸੇ ਜਨਤਕ ਵਿਰੋਧ ਤੋਂ ਸਹਿਮਤੀ ਮਿਲ ਰਹੀ ਹੈ। ਕਿਉਂਕਿ ਲੋਕਾਂ ਦਾ ਤਾਨਾਸ਼ਾਹੀ ਸਰਕਾਰ ਖਿਲਾਫ ਵਿਰੋਧ ਕਮਜ਼ੋਰ ਹੈ, ਇਸ ਲਈ ਜਦੋਂ ਵੀ ਲੋਕਤੰਤਰ ਉੱਪਰ ਕੋਈ ਵੀ ਹਮਲਾ ਹੁੰਦਾ ਹੈ ਤਾਂ ਇਹ ਸਹਿਜੇ ਹੀ ਅਵਿਵਸਥਿਤ ਹੋ ਜਾਂਦਾ ਹੈ। ਵੋਟ ਅਧਾਰਿਤ ਲੋਕਤੰਤਰ ਕਰਕੇ ਸੰਸਥਾਵਾਂ ਵਿਚ ਲੋਕਤੰਤਰੀ ਪ੍ਰਕਿਰਿਆ ਤੋਂ ਵਿਹੂਣੀ 'ਲੋਕਤੰਤਰੀ ਭਾਸ਼ਾ' ਵਿਕਸਿਤ ਹੋ ਜਾਂਦੀ ਹੈ। ਇਹ ਵਿਅਕਤੀਗਤ ਅਜ਼ਾਦੀ ਨੂੰ ਮਹਤੱਵ ਦਿੱਤੇ ਬਗੈਰ ਜਨਤਾ ਉਤਸਵ ਮਨਾਉਂਦੀ ਹੈ। ਵੋਟ ਅਧਾਰਿਤ ਅਤੇ 'ਜਨਤਕ' ਕੇਂਦਰਿਤ ਲੋਕਤੰਤਰ ਵਿਚ ਦੂਰ ਅੰਦੇਸ਼ੀ ਲੋਕਤੰਤਰ ਦਾ ਘਾਣ ਹੁੰਦਾ ਹੈ। ਲੋਕਤੰਤਰ ਵਿਚ ਲੋਕਾਂ ਦੀ ਭਾਗੀਦਾਰੀ ਵੀ ਬਹੁਤ ਸੀਮਿਤ ਹੋ ਗਈ ਹੈ।ਕੋਈ ਵੀ ਸਮਾਜਿਕ ਸ਼ਕਤੀ ਨਹੀਂ ਮੌਜੂਦ ਜੋ ਕਿ ਲੋਕਤੰਤਰ ਨੂੰ ਬਚਾ ਸਕੇ।ਭਾਰਤ ਵਿਚ ਇਕ ਪਾਸੇ ਲੋਕਤੰਤਰੀ ਕਦਰਾਂ-ਕੀਮਤਾਂ ਦਾ ਘਾਣ ਹੋ ਰਿਹਾ ਹੈ, ਦੂਜੇ ਪਾਸੇ, ਰਾਸ਼ਟਰਵਾਦ ਅਤੇ ਬਹੁਮਤ ਦੇ ਆਧਾਰ ਤੇ ਹਿੰਦੂਵਾਦੀ ਰਾਜਨੀਤੀ ਕਾਫੀ ਜਿਆਦਾ ਜੋਰ ਫੜ ਗਈ ਹੈ।

ਭਾਰਤ ਦੇ ਸੰਵਿਧਾਨ ਵਿਚ ਸ਼ਾਮਿਲ ਰਾਜ ਦੀਆਂ ਨੀਤੀ ਨਿਰਦੇਸ਼ਾਂ ਅਨੁਸਾਰ ਹੁਣ ਇਹ 'ਕਲਿਆਣਕਾਰੀ' ਰਾਜ ਨਹੀਂ ਹੈ। ਇਸ ਤਰਾਂ ਦੀ ਨੀਤੀ ਦਾ ਮੁੱਖ ਸਿਧਾਂਤ ਹੁੰਦਾ ਹੈ ਕਿ ਸਾਰੇ ਹੀ ਨਾਗਰਿਕਾਂ ਕੋਲ ਆਪਣੇ ਰਹਿਣ ਸਹਿਣ ਦੇ ਸਾਧਨ ਹੁੰਦੇ ਹਨ : ਭਾਈਚਾਰੇ ਦੇ ਸ੍ਰੋਤਾਂ ਨੂੰ ਇਸ ਤਰਾਂ ਸਾਰੇ ਲੋਕਾਂ ਵਿਚ ਵੰਡਿਆ ਜਾਂਦਾ ਹੈ ਕਿ ਉਸ ਨਾਲ ਸਾਰਿਆਂ ਦਾ ਭਲਾ ਹੋਵੇ ਅਤੇ ਆਰਥਿਕ ਵਿਵਸਥਾ ਦਾ ਨਤੀਜਾ ਧਨ ਦਾ ਕੁਝ ਕੁ ਹੱਥਾਂ ਵਿਚ ਹੀ ਸੀਮਿਤ ਹੋਣਾ ਨਹੀਂ ਹੁੰਦਾ। ਪਰ ਇਨਾਂ ਸਿਧਾਤਾਂ ਨੂੰ ਛੱਡ ਕੇ ਦੇਸ਼ ਨੂੰ 'ਮੰਡੀ ਆਧਾਰਿਤ ਰਾਜ' ਬਣਨ ਵੱਲ ਧੱਕਿਆ ਜਾ ਰਿਹਾ ਹੈ ਜੋ ਕਿ ਆਪਣੇ ਆਪ ਵਿਚ ਬਹੁਤ ਹੀ ਜ਼ਾਲਿਮਾਨਾ ਹੈ ਕਿਉਂ ਕਿ ਦੇਸ਼ ਦੀ ਸੱਠ ਪ੍ਰਤੀਸ਼ਤ ਤੋਂ ਜਿਆਦਾ ਅਬਾਦੀ ਮੁੱਖ ਧਾਰਾ ਦੀ ਆਰਥਿਕਤਾ ਤੋਂ ਬਾਹਰ ਹੈ।

ਕੋਵਿਡ-19 ਨੇ ਲੋਕਾਂ ਦੇ ਗਰੀਬੀ ਪੱਧਰ ਵਿਚ ਹੋਰ ਵੀ ਜਿਆਦਾ ਵਾਧਾ ਕੀਤਾ ਹੈ। ਪਿਊ ਖੋਜ ਕੇਂਦਰ ਨੇ ਸੰਸਾਰ ਬੈਂਕ ਦਾ ਡਾਟਾ ਵਰਤਦੇ ਹੋਏ ਇਹ ਅਨੁਮਾਨ ਲਗਾਇਆ ਹੈ ਕਿ ਭਾਰਤ ਵਿਚ ਗਰੀਬਾਂ ਦੀ ਗਿਣਤੀ ਇਕ ਸਾਲ ਵਿਚ ਹੀ ਦੁੱਗਣੀ ਹੋ ਗਈ ਹੈ। ਇਸ ਦਾ ਅਰਥ ਇਹ ਹੈ ਕਿ ਭਾਰਤ ਮੁੜ ਤੋਂ 'ਸਮੂਹਿਕ ਗਰੀਬੀ' ਵਾਲਾ ਦੇਸ਼ ਬਣ ਗਿਆ ਹੈ। ਗਲੋਬਲ ਭੁੱਖ ਸੂਚੀ ਵਿਚ ਭਾਰਤ ਦਾ ਸਥਾਨ 94 ਤੋਂ 101 'ਤੇ ਆ ਗਿਆ ਹੈ।ਬੇਰੁਜ਼ਗਾਰੀ ਬੇਇੰਤਹਾ ਵਧ ਰਹੀ ਹੈ। ਸੀ ਐਮ ਆਈ ਈ ਦੇ ਰੁਜਗਾਰ ਡਾਟਾ ਨੇ ਇਹ ਦਿਖਾਇਆ ਹੈ ਕਿ ਪੇਂਡੂ ਬੇਰੋਜ਼ਗਾਰੀ 14.34 ਪ੍ਰਤੀਸ਼ਤ ਅਤੇ ਸ਼ਹਿਰੀ ਬੇਰੁਜ਼ਗਾਰੀ 14.71 ਪ੍ਰਤੀਸ਼ਤ ਤੱਕ ਪਹੁੰਚ ਗਈ ਹੈ। ਇਸ ਤਰਾਂ ਦੀ ਭਿਆਨਕ ਸਥਿਤੀ ਦਾ ਮੁਕਾਬਲਾ ਕਰਨ ਦੀ ਬਜਾਇ ਨਰਿੰਦਰ ਮੋਦੀ ਸਰਕਾਰ ਉਲਟ ਦਿਸ਼ਾ ਵੱਲ ਕਦਮ ਉਠਾ ਰਹੀ ਹੈ ਜਿਸ ਵਿਚ ਉਹ ਧਨਾਢਾਂ ਨੂੰ ਬੜਾਵਾ ਦੇ ਰਹੀ ਹੈ।ਇਸ ਨੇ ਪੂੰਜੀ ਨੂੰ ਕੁਝ ਕੁ ਹੱਥਾਂ ਵਿਚ ਹੀ ਕੇਂਦਰਿਤ ਕਰ ਦਿੱਤਾ ਹੈ ਅਤੇ ਭਾਰਤ ਦੇ 10 ਪ੍ਰਤੀਸ਼ਤ ਧਨਾਢਾਂ ਕੋਲ ਦੇਸ਼ ਦੀ 75 ਪ੍ਰਤੀਸ਼ਤ ਪੂੰਜੀ ਜਮਾਂ ਹੈ ਅਤੇ ਹੇਠਲੇ ਸੱਠ ਪ੍ਰਤੀਸ਼ਤ ਤਬਕੇ ਕੋਲ 5 ਪ੍ਰਤੀਸ਼ਤ ਤੋਂ ਵੀ ਘੱਟ ਸ੍ਰੋਤ ਹਨ।

'ਦ ਇਕੋਨੋਮਿਸਟ' ਮੈਗਜ਼ੀਨ ਨੇ ਇਹ ਰਿਪੋਰਟ ਪੇਸ਼ ਕੀਤੀ ਸੀ ਕਿ 2016 ਅਤੇ 2020 ਦੇ ਵਿਚਕਾਰ ਮੁਕੇਸ਼ ਅੰਬਾਨੀ ਅਤੇ ਗੌਤਮ ਅਡਾਨੀ ਦੀ ਪੂੰਜੀ ਵਿਚ ਕ੍ਰਮਵਾਰ 350 ਅਤੇ 750 ਪ੍ਰਤੀਸ਼ਤ ਵਾਧਾ ਹੋਇਆ ਸੀ। ਰੂਸ ਤੋਂ ਬਾਅਦ ਭਾਰਤ ਨਾਬਰਾਬਰੀ ਵਾਲੇ ਦੇਸ਼ਾਂ ਵਿਚ ਸ਼ਾਮਿਲ ਹੁੰਦਾ ਹੈ ਜੋ ਇਸ ਗੱਲ ਵੱਲ ਸੰਕੇਤ ਕਰਦਾ ਹੈ ਕਿ ਇਹ ਦੇਸ਼ 'ਅਸਫਲ ਰਾਜ' ਹੋਣ ਵੱਲ ਵਧ ਰਿਹਾ ਹੈ ਜਿਵੇਂ ਕਿ ਰੌਬਰਟ ਰੋਟਬਰਗ ਨੇ ਆਪਣੀ ਪੁਸਤਕ 'ਵੈਨ ਸਟੇਟਜ਼ ਫੇਲ : ਕਾਜ਼ਜ਼ ਐਂਡ ਕਸੀਂਕੁਵੀਸਸ' ਵਿਚ ਦਰਜ ਕੀਤਾ ਹੈ। ਅਸਫਲ ਰਾਜਾਂ ਵਿਚ ਆਰਥਿਕ ਮੌਕੇ ਕੁਝ ਕੁ ਲੋਕਾਂ ਨੂੰ ਹੀ ਮਿਲਦੇ ਹਨ। ਸਥਾਪਤੀ ਦੇ ਨੇੜੇ ਰਹਿਣ ਵਾਲੇ ਧਨਾਢਾਂ ਨੂੰ ਇਸ ਦਾ ਫਾਇਦਾ ਹੁੰਦਾ ਹੈ ਜਦੋਂ ਕਿ ਦੂਜੇ ਲੋਕ ਭੁੱਖੇ ਮਰਦੇ ਹਨ। ਨੇਸ਼ਨ ਸਟੇਟ ਦੀ ਜ਼ਿੰਮੇਵਾਰੀ ਸਾਰੇ ਹੀ ਵਰਗਾਂ ਦੀ ਭਲਾਈ ਯਕੀਨੀ ਬਣਾਉਣਾ ਹੁੰਦਾ ਹੈ। 'ਟ੍ਰਾਈਸਟ ਵਿਦ ਡੈਸਟਨੀ' ਵਾਲੀ 14 ਅਗਸਤ 1948 ਦੇ ਭਾਸ਼ਣ ਤੋਂ ਬਾਅਦ ਬਰਾਬਰੀ ਦਾ ਭਾਈਚਾਰਾ ਵਿਕਸਤ ਕਰਨ ਦਾ ਵਾਅਦਾ ਲਗਾਤਾਰ ਗਲਤ ਸਿੱਧ ਹੋਇਆ ਹੈ। ਇਸ ਵਿਚੋਂ ਨਾ ਭਾਈਚਾਰਾ ਬਣ ਪਾਇਆ ਅਤੇ ਨਾ ਹੀ ਬਰਾਬਰੀ ਜੋ ਰਾਜਨੀਤਿਕ ਭਾਈਚਾਰਾ ਇਸ ਵਿਚੋਂ ਪੈਦਾ ਹੋਇਆ ਹੈ, ਉਸ ਦੀ ਸਾਂਝ ਦਾ ਪੱਧਰ ਬਹੁਤ ਹੀ ਪੇਤਲਾ ਹੈ। ਜੋ ਅਜ਼ਾਦੀ ਇਸ ਦੁਆਰਾ ਦਿੱਤੀ ਜਾਂਦੀ ਹੈ, ਉਸ ਵਿਚੋਂ ਨਾਬਰਾਬਰੀ ਹੀ ਨਿਕਲਦੀ ਹੈ।ਭਾਰਤ ਵਿਚ ਬਹੁਗਿਣਤੀ ਅਜੇ ਵੀ ਉਹ ਲੋਕ ਹਨ ਜੋ ਕਿ ਲੋਕਤੰਤਰ ਵਿਚ ਸ਼ਕਤੀਹੀਣ ਮਹਿਸੂਸ ਕਰਦੇ ਹਨ ਜਿਵੇਂ ਕਿ ਉਹ ਬ੍ਰਿਟਿਸ਼ ਰਾਜ ਸਮੇਂ ਕਰਦੇ ਸਨ।

**ਬਾਕੀ ਸਫ਼ਾ 30 'ਤੇ**

# ਬਹਿਬਲ ਕਾਂਡ ਕੇਸ ਵਿਚ ਪੁਲਿਸ ਅਧਿਕਾਰੀਆਂ ਨੂੰ ਹਾਈ ਕੋਰਟ ਤੋਂ ਨਾ ਮਿਲੀ ਰਾਹਤ

## ✪ ਆਪਣੀ ਗੱਲ ਫਰੀਦਕੋਟ ਅਦਾਲਤ ਵਿੱਚ ਰੱਖਣ ਦੀ ਹਦਾਇਤ ✪ ਮੁੱਖ ਮੰਤਰੀ ਵੱਲੋਂ ਹਾਈ ਕੋਰਟ ਦੇ ਫੈਸਲੇ ਦੀ ਸ਼ਲਾਘਾ

## ✪ ਬੇਅਦਬੀ ਕਾਂਡ ਬਾਰੇ ਜਾਂਚ ਰਿਪੋਰਟ ਵਿਚੋਂ ਬਾਦਲਾਂ ਨੂੰ ਬਾਹਰ ਰੱਖਣਾ ਕਲੀਨ ਚਿੱਟ ਦੇਣ ਬਰਾਬਰ : ਮਾਨ

**ਫ਼ਰੀਦਕੋਟ/ਏ.ਟੀ.ਨਿਊਜ਼ :-** ਬਹਿਬਲ ਗੋਲੀ ਕਾਂਡ ਦੀ ਪੜਤਾਲ ਰਿਪੋਰਟ ਨੂੰ ਚੁਣੌਤੀ ਦੇਣ ਵਾਲੀਆਂ ਚਾਰ ਪਟੀਸ਼ਨਾਂ ਦਾ ਨਿਪਟਾਰਾ ਕਰਦਿਆਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸੂਬੇ ਦੇ ਸਾਬਕਾ ਡੀਜੀਪੀ ਸੁਮੇਧ ਸੈਣੀ, ਆਈਜੀ ਪਰਮਰਾਜ ਸਿੰਘ ਉਮਰਾਨੰਗਲ ਅਤੇ ਦੋ ਹੋਰ ਅਰਜ਼ੀਕਾਰਾਂ ਨੂੰ ਹੁਕਮ ਦਿੱਤੇ ਹਨ ਕਿ ਜੇਕਰ ਉਹ ਆਪਣੀ ਬੇਗੁਨਾਹੀ ਬਾਰੇ ਕੋਈ ਗੱਲ ਕਰਨੀ ਚਾਹੁੰਦੇ ਹਨ ਤਾਂ ਉਹ ਫਰੀਦਕੋਟ ਅਦਾਲਤ ਵਿੱਚ ਚੱਲ ਰਹੇ ਮੁਕੱਦਮੇ ਵਿੱਚ ਦੋਸ਼ ਆਇਦ ਹੋਣ ਸਮੇਂ ਹੋਣ ਵਾਲੀ ਬਹਿਸ ਵਿੱਚ ਇਸ ਦੀ ਜਾਣਕਾਰੀ ਦੇਣ। ਪੰਜਾਬ ਹਰਿਆਣਾ ਹਾਈ ਕੋਰਟ ਦੇ ਜਸਟਿਸ ਰਾਜ ਮੋਹਨ ਸਿੰਘ ਨੇ ਆਪਣੇ 28 ਪੰਨਿਆਂ ਦੇ ਫੈਸਲੇ ਵਿੱਚ ਬਹਿਬਲ ਗੋਲੀ ਕਾਂਡ ਦੀ ਪੜਤਾਲ ਕਰ ਰਹੀ ਜਾਂਚ ਟੀਮ ਨੂੰ ਆਦੇਸ਼ ਦਿੱਤੇ ਹਨ ਕਿ ਉਹ ਇਸ ਦੀ ਰਿਪੋਰਟ ਫ਼ਰੀਦਕੋਟ ਅਦਾਲਤ ਵਿੱਚ ਪੇਸ਼ ਕਰੇ। ਅਦਾਲਤ ਨੇ ਕੋਟਕਪੂਰਾ ਗੋਲੀ ਕਾਂਡ ਦੀ ਪੜਤਾਲ ਕਰ ਰਹੇ ਏਡੀਜੀਪੀ ਐੱਲ ਕੇ ਯਾਦਵ ਨੂੰ ਵੀ ਨਿਰਦੇਸ਼ ਦਿੱਤੇ ਹਨ ਕਿ ਉਹ ਆਪਣੀ ਪੜਤਾਲ ਰਿਪੋਰਟ ਤੁਰੰਤ ਅਦਾਲਤ ਵਿੱਚ ਪੇਸ਼ ਕਰਨ। ਸਾਬਕਾ ਡੀਜੀਪੀ ਸੈਣੀ, ਆਈਜੀ ਪਰਮਰਾਜ ਸਿੰਘ ਉਮਰਾਨੰਗਲ ਅਤੇ ਇੰਸਪੈਕਟਰ ਗੁਰਦੀਪ ਸਿੰਘ ਪੰਧੇਰ ਨੇ ਬਹਿਬਲ ਗੋਲੀ ਕਾਂਡ ਦੀ ਪੜਤਾਲ ਨੂੰ ਗੈਰਕਾਨੂੰਨੀ ਅਤੇ ਪੱਖਪਾਤੀ ਦੱਸਦਿਆਂ ਇਹ ਰਿਪੋਰਟ ਰੱਦ ਕਰਨ ਦੀ ਮੰਗ ਕੀਤੀ ਸੀ ਅਤੇ ਬਹਿਬਲ ਗੋਲੀ ਕਾਂਡ ਦੀ ਪੜਤਾਲ ਸੀਬੀਆਈ ਜਾਂ ਕਿਸੇ ਹੋਰ ਕੇਂਦਰੀ ਏਜੰਸੀ ਨੂੰ ਸੌਂਪਣ ਦੀ ਮੰਗ ਕੀਤੀ ਸੀ। ਹਾਲ ਦੀ ਘੜੀ ਪੰਜਾਬ ਹਰਿਆਣਾ ਹਾਈ ਕੋਰਟ ਨੇ ਬਹਿਬਲ ਕਾਂਡ ਵਿੱਚ ਨਾਮਜ਼ਦ ਮੁਲਜ਼ਮਾਂ ਨੂੰ ਕਿਸੇ ਵੀ ਤਰਾਂ ਦੀ ਕੋਈ ਰਾਹਤ ਨਹੀਂ ਦਿੱਤੀ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਬਹਿਬਲ ਕਲਾਂ ਗੋਲੀਕਾਂਡ ਵਿਚ ਦਰਜ ਐਫਆਈਆਰ ਅਤੇ ਹੋਈ ਜਾਂਚ ਨੂੰ ਰੱਦ ਕਰਨ ਬਾਰੇ ਦਾਇਰ ਵੱਖ-ਵੱਖ ਪਟੀਸ਼ਨਾਂ ਨੂੰ ਪੰਜਾਬ ਹਰਿਆਣਾ ਹਾਈ ਕੋਰਟ ਵੱਲੋਂ ਖਾਰਜ ਕਰ ਦੇਣ ਦੇ ਫੈਸਲਾ ਦਾ ਸਵਾਗਤ ਕੀਤਾ ਹੈ। ਉਨਾਂ ਕਿਹਾ ਕਿ ਇਸ ਫੈਸਲੇ ਨੇ ਬਹਿਬਲ ਕਲਾਂ ਵਿਚ ਬੇਕਸੂਰ ਲੋਕਾਂ ਉਤੇ ਗੋਲੀ ਚਲਾਉਣ ਵਾਲੇ ਪੁਲੀਸ ਕਰਮੀਆਂ ਖਿਲਾਫ਼ ਸਖ਼ਤ ਕਾਰਵਾਈ ਕਰਨ ਦੀ ਮੰਗ ਕਰਨ ਲਈ ਸਰਕਾਰ ਵਾਸਤੇ ਰਾਹ ਪੱਧਰਾ ਕਰ ਦਿੱਤਾ ਹੈ। ਉਨਾਂ ਕਿਹਾ ਕਿ ਜਦੋਂ ਅਕਾਲੀ ਸਰਕਾਰ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਉਸ ਤੋਂ ਬਾਅਦ ਬੇਕਸੂਰ ਪ੍ਰਦਰਸ਼ਨਕਾਰੀਆਂ ਉਤੇ ਗੋਲੀ ਚਲਾਉਣ ਦੀਆਂ ਘਟਨਾਵਾਂ ਵਾਪਰੀਆਂ ਸਨ ਤਾਂ ਕਾਂਗਰਸ ਨੇ ਕੋਟਕਪੂਰਾ ਵਿਚ ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਦੀ ਪੈਰਵੀ ਠੋਸ ਢੰਗ ਨਾਲ ਨਾ ਕਰਕੇ ਇਸ ਜੁਰਮ ਦੇ ਦੋਸ਼ੀਆਂ ਨੂੰ ਬਚਾਉਣ ਕੰਮ ਕੀਤਾ। ਹਾਈ ਕੋਰਟ ਵੱਲੋਂ ਸਿਆਸੀ ਆਗੂਆਂ ਅਤੇ ਸੀਨੀਅਰ ਅਧਿਕਾਰੀਆਂ ਖ਼ਿਲਾਫ਼ ਕੇਸ ਵਿੱਚ ਪੇਸ਼ ਕੀਤੇ ਚਲਾਨ ਨੂੰ ਰੱਦ ਕਰ ਦਿੱਤਾ। ਉਨਾਂ ਕਿਹਾ ਕਿ ਇਹ ਫੈਸਲਾ 'ਆਪ' ਸਰਕਾਰ ਦੀ ਮੁਲਜ਼ਮਾਂ ਨੂੰ ਕਾਨੂੰਨੀ ਘੇਰੇ ਵਿੱਚ ਲਿਆਉਣ ਦੀ ਦ੍ਰਿੜ ਵਚਨਬੱਧਤਾ ਦਾ ਨਤੀਜਾ ਹੈ।

### ਸਿਮਰਨਜੀਤ ਸਿੰਘ ਮਾਨ ਨੇ ਸਵਾਲ ਉਠਾਏ

ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਤੇ ਲੋਕ ਸਭਾ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਬੇਅਦਬੀ ਮਾਮਲਿਆਂ ਨਾਲ ਸਬੰਧਤ ਸਿੱਖ ਜਥੇਬੰਦੀਆਂ ਨੂੰ ਸੌਂਪੀ ਗਈ ਜਾਂਚ ਰਿਪੋਰਟ 'ਤੇ ਸਵਾਲ ਖੜੇ ਕੀਤੇ ਹਨ।ਉਨਾਂ ਕਿਹਾ ਕਿ ਇਸ ਜਾਂਚ ਰਿਪੋਰਟ ਵਿਚੋਂ ਬਾਦਲਾਂ ਨੂੰ ਬਾਹਰ ਰੱਖਣ ਦਾ ਮਤਲਬ ਕਲੀਨ ਚਿੱਟ ਦੇਣ ਦੇ ਬਰਾਬਰ ਹੈ ਕਿਉਂਕਿ ਬੇਅਦਬੀ ਦੇ ਮੁੱਖ ਮੁਲਜ਼ਮਾਂ ਵਿੱਚ ਡੇਰਾ ਮੁਖੀ ਅਤੇ ਉਸ ਨੂੰ ਮੁਆਫ਼ੀ ਦੇਣ ਵਾਲਿਆਂ ਦਾ ਨਾਮ ਸਭ ਤੋਂ ਉੱਪਰਲੀ ਕਤਾਰ ਵਿੱਚ ਹੈ। ਉਨਾਂ ਕਿਹਾ ਕਿ ਇਹ ਜਾਂਚ ਰਿਪੋਰਟ ਅਧੂਰੀ ਕਿਉਂ ਹੈ ਜਦੋਂ ਕਿ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦੀਆਂ ਬੇਅਦਬੀ ਦੀਆਂ ਹੋਰ ਘਟਨਾਵਾਂ ਵੀ ਵਾਪਰੀਆਂ ਸਨ। ਬਹਿਬਲ ਕਲਾਂ ਵਿੱਚ ਦੋ ਸਿੱਖਾਂ ਦਾ ਗੋਲੀ ਮਾਰ ਕੇ ਬੇਰਹਿਮੀ ਨਾਲ ਕਤਲ ਕੀਤਾ ਗਿਆ ਸੀ ਜਿਸ ਦਾ ਵੇਰਵਾ ਮੁੱਖ ਮੰਤਰੀ ਵੱਲੋਂ ਸੌਂਪੀ ਰਿਪੋਰਟ ਵਿੱਚ ਨਹੀਂ ਹੈ। ਸ੍ਰੀ ਮਾਨ ਨੇ ਕਿਹਾ ਕਿ ਸਿੱਖ ਕੌਮ ਦੇ ਇਸ ਘਾਣ ਨੂੰ ਰਿਪੋਰਟ ਤੋਂ ਬਾਹਰ ਕਿਉਂ ਰੱਖਿਆ ਗਿਆ ਹੈ। ਉਨਾਂ ਕਿਹਾ ਕਿ 'ਆਪ' ਨੇ ਚੋਣਾਂ ਤੋਂ ਪਹਿਲਾਂ ਵਾਅਦਾ ਕੀਤਾ ਸੀ ਕਿ ਬੇਅਦਬੀ ਦੀਆਂ ਘਟਨਾਵਾਂ ਦੇ ਦੋਸ਼ੀਆਂ ਨੂੰ ਸਰਕਾਰ ਬਣਨ ਮਗਰੋਂ ਇੱਕ ਮਹੀਨੇ ਵਿੱਚ ਵੀ ਸਜ਼ਾਵਾਂ ਦਿੱਤੀਆਂ ਜਾਣਗੀਆਂ ਤੇ ਇਹ ਵਾਅਦਾ ਅਜੇ ਤੱਕ ਪੂਰਾ ਨਹੀਂ ਹੋਇਆ। ਉਨਾਂ ਕਿਹਾ ਕਿ ਬਹਿਬਲ ਕਲਾਂ ਵਿੱਚ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰ ਰਹੇ ਸਿੱਖਾਂ ਉੱਤੇ ਗੋਲੀਆਂ ਚਲਾ ਕੇ ਦੋ ਸਿੱਖ ਗੁਰਜੀਤ ਸਿੰਘ ਅਤੇ ਹਰਕ੍ਰਿਸ਼ਨ ਭਗਵਾਨ ਸਿੰਘ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ ਜਿਸ ਦਾ ਇਨਸਾਫ਼ ਅਜੇ ਵੀ ਅਧੂਰਾ ਹੈ।

## ਕਾਂਗਰਸ ਤੇ 'ਆਪ' ਬੇਅਦਬੀ ਰਿਪੋਰਟ 'ਤੇ ਗੁਰੂ ਗ੍ਰੰਥ ਸਾਹਿਬ ਤੋਂ ਮੁਆਫ਼ੀ ਮੰਗੇ : ਅਕਾਲੀ ਦਲ

**ਚੰਡੀਗੜ੍ਹ :** ਕਾਂਗਰਸ ਤੇ ਆਮ ਆਦਮੀ ਪਾਰਟੀ ਬੇਅਦਬੀ ਮਾਮਲੇ 'ਤੇ ਆਈ ਵਿਸ਼ੇਸ਼ ਜਾਂਚ ਟੀਮ ਦੀ ਰਿਪੋਰਟ ਨੂੰ ਮੁੱਖ ਰੱਖਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਮੁਆਫ਼ੀ ਮੰਗੇ ਕਿਉਂਕਿ ਇਨਾਂ ਪਾਰਟੀਆਂ ਦੇ ਨੇਤਾਵਾਂ ਨੇ ਬੇਅਦਬੀ ਮਾਮਲੇ 'ਤੇ ਝੂਠ ਬੋਲ ਕੇ ਲੋਕਾਂ ਵਿਚ ਗੁੰਮਰਾਹਕੁਨ ਪ੍ਰਚਾਰ ਕਰ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਖ਼ਿਲਾਫ਼ ਬੱਜਰ ਪਾਪ ਕੀਤਾ ਹੈ। ਇਹ ਵਿਚਾਰ ਇੱਥੇ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਦਫ਼ਤਰ ਵਿਖੇ ਬੇਅਦਬੀ ਮਾਮਲੇ 'ਤੇ ਆਈ ਵਿਸ਼ੇਸ਼ ਜਾਂਚ ਟੀਮ ਦੀ ਰਿਪੋਰਟ ਨੂੰ ਲੈ ਕੇ ਇਕ ਪ੍ਰੈਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਅਕਾਲੀ ਦਲ ਦੇ ਸੀਨੀਅਰ ਨੇਤਾ ਬਲਵਿੰਦਰ ਸਿੰਘ ਭੂੰਦੜ ਤੇ ਮਹੇਸ਼ ਇੰਦਰ ਸਿੰਘ ਗਰੇਵਾਲ ਨੇ ਪ੍ਰਗਟਾਏ। ਇਨਾਂ ਆਗੂਆਂ ਨੇ ਕਿਹਾ ਕਿ ਪੰਥਕ ਆਗੂ ਪ੍ਰਕਾਸ਼ ਸਿੰਘ ਬਾਦਲ ਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸਮੁੱਚੀ ਅਕਾਲੀ ਲੀਡਰਸ਼ਿਪ, ਅਹੁਦੇਦਾਰਾਂ, ਵਰਕਰਾਂ ਤੇ ਸਮੁੱਚੇ ਸਿੱਖ ਜਗਤ ਨੇ ਜੋ ਪੀੜਾ ਪਿਛਲੇ 7 ਸਾਲਾਂ ਵਿਚ ਝੱਲੀ, ਉਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਅਕਾਲੀ ਨੇਤਾਵਾਂ ਨੇ ਇਹ ਵੀ ਕਿਹਾ ਕਿ ਕਾਂਗਰਸ ਦੇ ਕੈਪਟਨ ਅਮਰਿੰਦਰ ਸਿੰਘ, ਚਰਨਜੀਤ ਸਿੰਘ ਚੰਨੀ, ਸੁਖਜਿੰਦਰ ਸਿੰਘ ਰੰਧਾਵਾ, ਅਮਰਿੰਦਰ ਸਿੰਘ ਰਾਜਾ ਵੜਿੰਗ, ਨਵਜੋਤ ਸਿੰਘ ਸਿੱਧੂ, ਪ੍ਰਤਾਪ ਸਿੰਘ ਬਾਜਵਾ ਅਤੇ 'ਆਪ' ਦੇ ਭਗਵੰਤ ਮਾਨ, ਅਰਵਿੰਦ ਕੇਜਰੀਵਾਲ ਆਦਿ ਨੇਤਾਵਾਂ ਵਿਰੁੱਧ ਸ਼੍ਰੋਮਣੀ ਅਕਾਲੀ ਦਲ ਜਲਦੀ ਕਾਨੂੰਨੀ ਮਾਹਿਰਾਂ ਨਾਲ ਸਲਾਹ ਮਸ਼ਵਰਾ ਕਰਕੇ ਮਾਣਹਾਨੀ ਦਾ ਕੇਸ ਵੀ ਪਾਵੇਗਾ।

# ਸ਼੍ਰੋਮਣੀ ਕਮੇਟੀ ਵੱਲੋਂ ਸ਼ਹੀਦ ਪਰਿਵਾਰਾਂ ਨੂੰ ਸਹਾਇਤਾ ਦੇਣ ਵਿੱਚ ਵਿਤਕਰਾ



**ਬਘੇਲ ਸਿੰਘ ਪੱਤਰਕਾਰ**

**99142-58142**

ਸ਼੍ਰੋਮਣੀ ਕਮੇਟੀ ਸਿੱਖਾਂ ਦੀ ਸਿਰਮੌਰ ਧਾਰਮਿਕ ਸੰਸਥਾ ਹੈ, ਇਸ ਸੰਸਥਾ ਨੂੰ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਵੀ ਕਿਹਾ ਜਾਂਦਾ ਹੈ, ਜਿਸ ਦੀ ਜਿੰਮੇਵਾਰੀ ਸਿੱਖੀ ਦੇ ਪ੍ਰਚਾਰ, ਪਾਸਾਰ ਤੋ ਇਲਾਵਾ ਇਤਿਹਾਸਿਕ ਗੁਰਦੁਆਰਾ ਸਾਹਿਬਾਨਾਂ ਦੀ ਸਾਂਭ ਸੰਭਾਲ, ਸਿੱਖੀ ਦੀ ਸਾਂਭ ਸੰਭਾਲ, ਸਿਧਾਂਤਾਂ ਦੀ ਰਾਖੀ ਅਤੇ ਸਮੁੱਚੇ ਗੁਰਦੁਆਰਾ ਪ੍ਰਬੰਧਾਂ ਵਿਚ ਸੁਧਾਰ ਕਰਨ ਦੀ ਹੈ। ਗੁਰੂ ਕੀ ਗੋਲਕ ਨਾਲ ਗਰੀਬ ਲੋੜਬੰਦ ਸਿੱਖਾਂ ਦੀਆਂ ਜਰੂਰੀ ਲੋੜਾਂ ਦੀ ਪੂਰਤੀ, ਜਿਵੇਂ ਸਿੱਖ ਬੱਚਿਆਂ ਨੂੰ ਸਿੱਖਿਆ ਦੇ ਪ੍ਰਬੰਧ ਕਰਨੇ ਅਤੇ ਸਮੇਂ ਦੀ ਲੋੜ ਅਨੁਸਾਰ ਸਿਹਤ ਸਹੂਲਤਾਂ ਲਈ ਚੰਗੇ ਹਸਪਤਾਲ ਬਨਾਉਣੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਫਰਜਾਂ ਵਿੱਚ ਸ਼ਾਮਲ ਹੈ। ਸਿੱਖੀ ਦੀ ਸਾਂਭ ਸੰਭਾਲ ਤੋ ਭਾਵ ਹੈ ਕਿ ਸਿੱਖੀ ਤੇ ਹੋ ਰਹੇ ਬਾਹਰੀ ਹਮਲਿਆਂ ਨੂੰ ਰੋਕਣ ਲਈ ਸਿੱਖ ਲਾਮਬੰਦੀ ਅਤੇ ਸਿੱਖੀ ਦੀ ਆਣ ਇਜ਼ਤ ਦੀ ਰਾਖੀ ਕਰਦੇ ਜੁਝਾਰੂ ਸਿੰਘਾਂ ਦੀ ਹਰ ਤਰਾਂ ਦੀ ਸਹਾਇਤਾ ਕਰਨਾ ਵੀ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਦੇ ਫਰਜਾਂ ਵਿੱਚੋਂ ਇੱਕ ਅਹਿਮ ਫਰਜ ਹੈ, ਪਰ ਅਫਸੋਸ, ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਬਹੁਤ ਲੰਮੇ ਅਰਸੇ ਤੋਂ ਅਜਿਹੇ ਲੋਕ ਕਾਬਜ ਹਨ, ਜਿਹੜੇ ਸਿੱਖੀ ਦੀ ਸਾਂਭ ਸੰਭਾਲ ਨਹੀ, ਬਲਕਿ ਸਿੱਖੀ ਦੇ ਦੁਸ਼ਮਣ ਬਣ ਕੇ ਵਿਚਰ ਰਹੇ ਹਨ। ਸ਼੍ਰੋਮਣੀ ਕਮੇਟੀ ਦੇ ਜਿੰਨੇ ਕੁ ਉੱਪਰ ਦਿੱਤੇ ਫਰਜ਼ਾਂ ਅਤੇ ਸੇਵਾਵਾਂ ਦੀ ਗੱਲ ਕੀਤੀ ਗਈ ਹੈ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਕਾਬਜ਼ ਸਿੱਖੀ ਭੇਖ ਵਿੱਚ ਬੈਠੇ ਨਰੈਣੂ ਮਹੰਤ ਦੇ ਵਾਰਸ ਉਹਨਾਂ ਸਾਰੇ ਫਰਜਾਂ ਤੋਂ ਉਲਟ ਕਰ ਰਹੇ ਹਨ। ਗੁਦੁਆਰਾ ਪ੍ਰਬੰਧਾਂ ਵਿਚ ਵਿਪਰਵਾਦ, ਪਖੰਡਵਾਦ ਅਤੇ ਬ੍ਰਾਹਮਵਾਦੀ ਕਰਮਕਾਂਡਾਂ ਨੂੰ ਰਲਗੱਡ ਕਰਨ ਦੇ ਸਫਲ ਜਤਨ ਲਗਾਤਾਰ ਕੀਤੇ ਜਾ ਰਹੇ ਹਨ। ਪੰਥਕ ਸੋਚ ਰੱਖਣ ਵਾਲੇ ਲੋਕਾਂ ਲਈ ਕਈ ਵਾਰ ਗੁਰਦੁਆਰਾ ਸਾਹਿਬਾਨਾਂ ਦੇ ਦਰਵਾਜੇ ਵੀ ਬੰਦ ਹੋ ਜਾਂਦੇ ਹਨ, ਕਿਉਂਕਿ ਸਿੱਖ ਦੁਸ਼ਮਣ ਤਾਕਤਾਂ ਕਦੇ ਵੀ ਨਹੀਂ ਚਾਹੁੰਦੀਆਂ ਕਿ ਗੁਰਦਆਰਿਆਂ ਵਿਚੋਂ ਸਿੱਖੀ ਸਿਧਾਂਤਾਂ ਦੀ ਗੱਲ ਕੀਤੀ ਜਾਵੇ। ਤਤਕਾਲੀ ਕੇਂਦਰੀ ਕਾਂਗਰਸ ਸਰਕਾਰ ਨਾਲ ਸਾਂਝ ਭਿਆਲੀ ਪਾ ਕੇ ਜੂਨ 1984 ਵਿੱਚ ਫੌਜੀ ਹਮਲੇ ਨਾਲ ਪਵਿੱਤਰ ਸ੍ਰੀ ਅਕਾਲ ਤਖਤ ਸਾਹਿਬ ਢਹਿ ਢੇਰੀ ਕਰਵਾਉਣ, ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਬਾਬਾ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਸਮੇਤ ਉਨਾਂ ਦੇ ਮੁੱਠੀ ਭਰ ਜੁਝਾਰੂ ਸਿੱਖ ਸਾਥੀਆਂ ਦੇ ਨਾਲ ਹਜ਼ਾਰਾਂ ਬੇਗੁਨਾਹ ਸਿੱਖ ਸ਼ਰਧਾਲੂਆਂ ਨੂੰ ਕੋਹ ਕੋਹ ਕੇ ਮਾਰਨ ਲਈ ਜੋ ਲੋਕ ਜਿੰਮੇਵਾਰ ਹਨ, ਬਦਕਿਸਮਤੀ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਕਾਬਜ ਵੀ ਉਹ ਹੀ ਲੋਕ ਹਨ। ਜੂਨ 84 ਦੇ ਰੋਸ ਵਜੋਂ ਸੀਸ ਤਲੀ 'ਤੇ ਧਰਕੇ ਧਰਮ ਕੌਮ ਦੀ ਰਾਖੀ ਖਾਤਰ ਉੱਠੀ ਸਿੱਖ ਖਾੜਕੂ ਲਹਿਰ ਨੂੰ ਖਤਮ ਕਰਨ ਦੇ ਬਹਾਨੇ ਜਿਸ ਤਰਾਂ ਸਿੱਖਾਂ ਦੀ ਇੱਕ ਪੀੜੀ ਨੂੰ ਖਤਮ ਕੀਤਾ ਗਿਆ, ਉਹ ਜੁਲਮੀ ਦਾਸਤਾਨ ਤੋਂ ਪੂਰੀ ਦੁਨੀਆਂ ਬਾਖ਼ੂਬੀ ਵਾਕਫ ਹੈ। ਇਸ ਜਬਰ ਜ਼ੁਲਮ ਦਾ ਬਦਲਾ ਲੈਣ ਵਾਲੇ ਭਾਵ ਪੰਜਾਬ ਦੇ ਤਤਕਾਲੀਨ ਮੁੱਖ ਮੰਤਰੀ ਬੇਅੰਤ ਸਿੰਘ ਨੂੰ ਮਾਰਨ ਵਾਲੇ ਜੁਝਾਰੂ ਸਿੰਘਾਂ ਦੇ ਕਾਰਨਾਮੇ ਨੂੰ ਸਿੱਖ ਜਗਤ ਝੁਕ ਝੁਕ ਕੇ ਸਲਾਮ ਕਰਦਾ ਹੈ ਅਤੇ ਉਨਾਂ ਜੁਝਾਰੂਆਂ ਨੂੰ ਵੀ ਕੌਮ ਦੇ ਨਾਇਕ ਸਮਝਦਾ ਹੈ, ਪ੍ਰੰਤੂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਾ ਹੀ ਕਦੇ ਆਪ ਉਪਰੋਕਤ ਫਰਜਾਂ ਵੱਲ ਧਿਆਨ ਦਿੱਤਾ ਹੈ ਅਤੇ ਨਾ ਹੀ ਕੌਮੀ ਫਰਜ ਨਿਭਾਉਣ ਵਾਲਿਆਂ ਨੂੰ ਕੋਈ ਸਹਿਯੋਗ ਦਿੱਤਾ ਹੈ, ਕਿਉਂਕਿ ਜੇਕਰ ਇਹ ਅਜਿਹਾ ਕਰਦੇ ਹਨ, ਤਾਂ ਨਿੱਜੀ ਲੋਭ ਲਾਲਸਾਵਾਂ ਦੀ ਪੂਰਤੀ ਨਹੀ ਹੋ ਸਕਦੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਘਰਸ਼ੀ ਨੌਜਵਾਨਾਂ ਜਾਂ ਸੰਘਰਸ਼ੀ ਪਰਿਵਾਰਾਂ ਦੀ ਸਹਾਇਤਾ ਕਰਨ ਦੇ ਬਹੁਤ ਘੱਟ ਮਾਮਲੇ ਸਾਹਮਣੇ ਆਏ ਹਨ। ਬੀਤੇ ਦਿਨੀਂ ਸ਼੍ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਵੱਲੋਂ 2022 ਦੀ 8 ਮਾਰਚ ਨੂੰ ਭਾਈ ਬਲਵੰਤ ਸਿੰਘ ਰਾਜੋਆਣਾ ਅਤੇ ਉਨਾਂ ਦੀ ਮੂੰਹ ਬੋਲੀ ਭੈਣ ਦੀ ਆਰਥਿਕ ਸਹਾਇਤਾ ਕਰਨ ਲਈ ਪਾਏ ਗਏ ਮਤੇ ਜਨਤਕ ਹੋਏ ਹਨ, ਜਿਨਾਂ ਨੇ ਨਵੀਂ ਚਰਚਾ ਛੇੜ ਦਿੱਤੀ ਹੈ। ਸ਼੍ਰੋਮਣੀ ਕਮੇਟੀ ਵੱਲੋਂ 4 ਜਨਵਰੀ 2019 ਤੋਂ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ 10,000 ਰੁਪਏ ਪ੍ਰਤੀ ਮਹੀਨਾ ਸਹਾਇਤਾ ਦਿੱਤੀ ਜਾ ਰਹੀ ਹੈ। ਇਸ ਤੋਂ ਉਪਰੰਤ 8 ਮਾਰਚ 2022 ਦੇ ਮਤਾ ਨੰਬਰ 192 ਮੁਤਾਬਿਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬੀਬੀ ਕਮਲਦੀਪ ਕੌਰ ਨੂੰ 10,00,000/ (ਦਸ ਲੱਖ ਰੁਪਏ) ਭੁਗਤਾਨ ਕਰਨ ਦਾ ਮਤਾ ਪਾਸ ਕੀਤਾ ਸੀ, ਉਸ ਦਿਨ ਹੀ ਇੱਕ ਹੋਰ ਮਤਾ ਨੰਬਰ 223 ਵੀ ਪਾਸ ਕੀਤਾ ਗਿਆ ਸੀ, ਜਿਸ ਵਿੱਚ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਮਿਤੀ 04/01/2019 ਨੂੰ ਮਤਾ ਨੰਬਰ 75 ਮੁਤਾਬਿਕ ਸ਼੍ਰੋਮਣੀ ਕਮੇਟੀ ਵੱਲੋਂ ਦਿੱਤੇ ਜਾ ਰਹੇ 10,000/- ਮਹੀਨਾ ਨੂੰ ਵਧਾ ਕੇ 20,000 ਰੁਪਏ ਕੀਤਾ ਗਿਆ ਹੈ। ਮਤੇ ਵਿੱਚ ਲਿਖਿਆ ਗਿਆ ਹੈ ਕਿ ਭਾਈ ਰਾਜੋਆਣਾ ਨੂੰ ਇਹ ਸਹਾਇਤਾ ਜਿਹੜੀ ਪਹਿਲਾਂ 10,000 ਪ੍ਰਤੀ ਮਹੀਨਾ ਦਿੱਤੀ ਜਾ ਰਹੀ ਸੀ, ਹੁਣ ਵਧਾ ਕੇ 20,000 ਪ੍ਰਤੀ ਮਹੀਨਾ ਕਰ ਦਿੱਤੀ ਗਈ ਹੈ। ਇੱਥੇ ਇਹ ਦੱਸਣਾ ਵੀ ਜਰੂਰੀ ਬਣਦਾ ਹੈ ਕਿ ਉਕਤ ਪਾਸ ਕੀਤੇ ਮਤੇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਹ ਸਹਾਇਤਾ ਭਾਈ ਰਾਜੋਆਣਾ ਨੂੰ ਉਨਾਂ ਦੀ ਰਿਹਾਈ ਹੋਣ ਤੱਕ ਦਿੱਤੀ ਜਾਂਦੀ ਰਹੇਗੀ। ਸੋ ਉੱਪਰ ਵੀ ਲਿਖਿਆ ਗਿਆ ਹੈ ਕਿ ਸੰਘਰਸਸ਼ੀ ਸਿੰਘਾਂ ਦੀ ਮਦਦ ਕਰਨਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਢਲੇ ਫਰਜਾਂ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ, ਇਸ ਲਈ ਇਹ ਫੈਸਲਾ ਸ਼ਲਾਘਾਯੋਗ ਤਾਂ ਹੈ, ਪਰ ਇਸ ਫੈਸਲੇ ਨੇ ਕੁੱਝ ਹੋਰ ਨਵੀਆਂ ਸ਼ੰਕਾਵਾਂ ਅਤੇ ਨਵੇਂ ਸਵਾਲਾਂ ਨੂੰ ਜਨਮ ਦਿੱਤਾ ਹੈ। ਸਵਾਲ ਇਹ ਹੈ ਕਿ ਬੰਦੀ ਸਿੰਘਾਂ ਨੂੰ ਇਹ ਸਹਾਇਤਾ ਦੇਣ ਸਮੇਂ ਵਿਤਕਰੇਬਾਜੀ ਕਿਉਂ ਕੀਤੀ ਜਾ ਰਹੀ ਹੈ ? ਕਿਉਂ ਬਾਕੀ ਦੇ ਸਿੰਘਾਂ ਨੂੰ ਇਸ ਸਹਾਇਤਾ ਤੋ ਵਾਂਝੇ ਰੱਖਿਆ ਗਿਆ ਹੈ ? ਕਿੰਨੇ ਹੀ ਸਿੰਘ ਪੰਜਾਬ ਤੋਂ ਬਾਹਰਲੀਆਂ ਜੇਲਾਂ ਵਿੱਚ ਬੰਦ ਹਨ, ਜਿਨਾਂ ਦੀ ਰਿਹਾਈ ਲਈ ਖਾਲਸਾ ਪੰਥ ਲੰਮੇ ਸਮੇਂ ਤੋਂ ਚਾਰਾਜੋਈ ਕਰਦਾ ਆ ਰਿਹਾ ਹੈ, ਪਰ ਸਮੇਂ ਦੀਆਂ ਹਕੂਮਤਾਂ ਸਿੱਖ ਬੰਦੀਆਂ ਨੂੰ ਸਜ਼ਾਵਾਂ ਪੂਰੀਆਂ ਹੋਣ ਦੇ ਬਾਵਜੂਦ ਵੀ ਰਿਹਾਅ ਨਹੀਂ ਕਰ ਰਹੀਆਂ, ਉਨਾਂ ਦੇ ਪਰਿਵਾਰਾਂ ਦੀ ਕਦੇ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੋਈ ਜਿਕਰਯੋਗ ਸਹਾਇਤਾ ਨਹੀਂ ਕੀਤੀ। ਸਿਰਫ ਤੇ ਸਿਰਫ ਇੱਕੋ ਇੱਕ ਵਿਅਕਤੀ ਨੂੰ ਮਦਦ ਕਰਨ ਦੇ ਕੀ ਅਰਥ ਹੋ ਸਕਦੇ ਹਨ ? ਜਦੋਂ ਕਿ ਬੇਅੰਤ ਕਤਲ ਕੇਸ ਵਿੱਚ ਵੀ ਸਰਬਤ ਖਾਲਸਾ ਵੱਲੋਂ ਥਾਪੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ, ਭਾਈ ਪਰਮਜੀਤ ਸਿੰਘ ਭਿਉਰਾ, ਭਾਈ ਜਗਤਾਰ ਸਿੰਘ ਤਾਰਾ, ਸਮੇਤ ਹੋਰ ਵੀ ਬਹੁਤ ਸਾਰੇ ਸਿੱਖ ਨੌਜਵਾਨ ਸ਼ਾਮਲ ਹਨ। ਫਿਰ ਸ਼੍ਰੋਮਣੀ ਕਮੇਟੀ ਨੇ ਬਾਕੀ ਸਾਰੇ ਸਿੰਘਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਿਉਂ ਕੀਤਾ ਹੈ ? ਮਤੇ ਵਿੱਚ ਭਾਈ ਰਾਜੋਆਣਾ ਦੀ ਮੂੰਹ ਬੋਲੀ ਭੈਣ ਨੂੰ ਦਸ ਲੱਖ ਰੁਪਏ ਇੱਕੋ ਸਮੇਂ ਇਕੱਠ ਦਿੱਤੇ ਜਾ ਰਹੇ ਹਨ, ਜਦੋਂ ਕਿ ਮਰਹੂਮ ਸਿੱਧੂ ਮੂਸੇ ਵਾਲਾ ਦੇ ਪਾਬੰਦੀਸ਼ੁਦਾ ਗੀਤ ਐਸ ਵਾਈ ਐਲ ਨਾਲ ਮੁੜ ਤੋਂ ਚਰਚਾ ਵਿੱਚ ਆਏ ਖਾੜਕੂ ਸੰਘਰਸ਼ ਦੇ ਸ਼ਹੀਦ ਭਾਈ ਬਲਵਿੰਦਰ ਸਿੰਘ ਜਟਾਣਾ ਦੀ ਸਕੀ ਭੈਣ, ਜਿਸਦੀ ਇੱਕ ਮੁਲਾਕਾਤ ਨਿੱਜੀ ਵੈਬ ਚੈਨਲ 'ਤੇ ਚਲ ਰਹੀ ਹੈ, ਜਿਸ ਵਿੱਚ ਉਸ ਭੈਣ ਦੀ ਬਦਤਰ ਹਾਲਤ ਨੂੰ ਉਸ ਚੈਨਲ ਦੇ ਪੱਤਰਕਾਰ ਵੱਲੋਂ ਨਿੱਜੀ ਦਿਲਚਸਪੀ ਨਾਲ ਬਿਆਨ ਕੀਤਾ ਗਿਆ ਹੈ ਅਤੇ ਖਾਲਸਾ ਪੰਥ ਤੇ ਉਸ ਬੀਬੀ ਦੇ ਪਰਿਵਾਰ ਦੀ ਕਿਸੇ ਵੀ ਕਿਸਮ ਦੀ ਕੋਈ ਵੀ ਮਦਦ ਨਾ ਕੀਤੇ ਜਾਣ ਦਾ ਉਲਾਹਮਾ ਵੀ ਦਿੱਤਾ ਗਿਆ ਹੈ, ਪ੍ਰੰਤੂ ਇਸ ਦੇ ਬਾਵਜੂਦ ਵੀ ਇੱਕ ਵਿਅਕਤੀ ਨੂੰ ਦਸ ਦਸ ਲੱਖ ਦੀ ਸਹਾਇਤਾ ਅਤੇ ਵੀਹ-ਵੀਹ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ ਵਾਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੰਘਰਸ਼ਸ਼ੀ ਪਰਿਵਾਰਾਂ ਦੀ ਇੱਕ ਨਵੇਂ ਪੈਸੇ ਦੀ ਮਦਦ ਨਹੀਂ ਕੀਤੀ। ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਰਿਹਾਈ ਤੱਕ ਵੀਹ ਹਜਾਰ ਰੁਪਏ ਪ੍ਰਤੀ ਮਹੀਨਾ ਦੇਣ ਬਾਰੇ ਜ਼ਿਕਰ ਕਰਨਾ ਇਹ ਸ਼ੱਕ ਜਾਹਰ ਹੁੰਦਾ ਹੈ ਕਿ ਸ਼੍ਰੋਮਣੀ ਕਮੇਟੀ ਦੇ ਆਕਾਵਾਂ ਨੂੰ ਇਹ ਸਾਫ ਤੌਰ 'ਤੇ ਪਤਾ ਹੈ ਕਿ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਹੀ ਰਿਹਾਈ ਕਦੋਂ ਹੋਣੀ ਹੈ, ਦੂਜੇ ਸਿੰਘਾਂ ਦੀ ਨਹੀਂ। ਇਹ ਸਵਾਲ ਬੇਹੱਦ ਗੰਭੀਰ ਹਨ, ਜਿਨਾਂ ਦਾ ਜਵਾਬ ਸਿੱਖ ਸੰਗਤਾਂ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕਾਂ ਤੋਂ ਜਰੂਰ ਮੰਗਣਾ ਚਾਹੀਦਾ ਹੈ।

# ਪੰਜਾਬ ਦੇ ਹੱਕਾਂ ਦੀ ਗੱਲ ਕਰਨ ਵਾਲੇ ਸਿਮਰਨਜੀਤ ਸਿੰਘ ਮਾਨ ਦੀ ਪੰਜਾਬ ਸਿਆਸਤ 'ਚ ਵਾਪਸੀ

## ਪੰਜਾਬ ਦੀ ਸਿਆਸਤ ਲਈ ਕੀ ਮਾਇਨੇ ਰੱਖਦਾ ਹੈ ਇਹ ਪਰਤਵਾਂ ?



**ਸਰਬਜੀਤ ਕੌਰ ਸਰਬ**

ਆਈ.ਪੀ.ਐੱਸ. ਅਫਸਰ ਤੋਂ ਖਾਲਿਸਤਾਨੀ ਕਾਰਕੁਨ ਬਣੇ ਰਾਜਨੇਤਾ 77 ਸਾਲਾ ਸਿਮਰਨਜੀਤ ਸਿੰਘ ਮਾਨ ਨੇ ਲੰਘੇ ਐਤਵਾਰ ਨੂੰ ਪੰਜਾਬ ਲੋਕ ਸਭਾ ਦੀ ਸੀਟ ਸੰਗਰੂਰ ਤੋਂ ਜਿੱਤੀ, 1999 ਤੋਂ ਬਾਅਦ ਉਨਾਂ ਦੀ ਇਹ ਪਹਿਲੀ ਚੋਣ ਜਿੱਤ ਸੀ। ਸਿਮਰਨਜੀਤ ਸਿੰਘ ਮਾਨ ਦੇ ਪਿਛੋਕੜ ਜੀਵਨ 'ਤੇ ਜੇ ਝਾਤ ਮਾਰੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਉਹ ਪੰਜਾਬ 'ਚ ਨਸ਼ਾ ਤਸਕਰਾਂ 'ਤੇ ਸ਼ਿਕੰਜਾ ਕੱਸਣ ਵਾਲੇ ਸਖ਼ਤ ਪੁਲਿਸ ਅਧਿਕਾਰੀ ਸੀ ਤੇ ਬਾਅਦ ਵਿਚ ਇੱਕ ਕੱਟੜਪੰਥੀ ਸਿੱਖ ਆਗੂ ਵਜੋਂ ਉਭਰੇ ਜੋ ਖਾਲਿਸਤਾਨ ਦੀ ਵਕਾਲਤ ਕਰਦੇ ਹਨ ਅਤੇ ਇੱਕ ਲੋਕ ਸਭਾ ਮੈਂਬਰ ਜਿਸ ਨੂੰ ਇੱਕ ਵਾਰ ਕਿਰਪਾਨ ਲੈ ਕੇ ਸੰਸਦ ਵਿੱਚ ਜਾਣ ਤੋਂ ਰੋਕ ਦਿੱਤਾ ਗਿਆ ਸੀ ਦੁਬਾਰਾ ਫਿਰ ਪੰਜਾਬ 'ਚ ਇਕ ਵਾਰ ਫਿਰ ਸਿੱਖ ਸਿਆਸੀ ਰਾਜਨੇਤਾ ਵਜੋਂ ਸਾਹਮਣੇ ਆਏ ਹਨ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਜੋ ਬਾਦਲ ਪਰਿਵਾਰ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ ਦਾ ਇੱਕ ਵੱਖਰਾ ਧੜਾ ਹੈ। ਸਿਮਰਨਜੀਤ ਮਾਨ ਨੇ ਪੰਜਾਬ ਦੀ ਸਿਆਸਤ ਵਿਚ ਉਦੋਂ ਤਰਥਲੀ ਮਚਾ ਦਿੱਤੀ ਜਦੋਂ ਸੰਗਰੂਰ ਲੋਕ ਸਭਾ ਸੀਟ ਦੀ ਉਪ ਚੋਣ ਬਹੁਤ ਵੱਡੇ ਫਰਕ ਨਾਲ 5,822 ਵੋਟਾਂ ਤੋਂ ਜਿੱਤੀ ਲਈ।ਇਹ ਸੀਟ 'ਆਪ' ਨੇਤਾ ਅਤੇ ਮੁੱਖ ਮੰਤਰੀ ਭਗਵੰਤ ਮਾਨ ਦਾ ਘਰੇਲੂ ਮੈਦਾਨ ਹੈ, ਜਿਨਾਂ ਨੇ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਆਪਣੀ ਪਾਰਟੀ ਦੀ ਵੱਡੀ ਜਿੱਤ ਦਰਜ ਕਰਨ ਤੋਂ ਬਾਅਦ ਸਿਰਫ ਤਿੰਨ ਮਹੀਨੇ ਪਹਿਲਾਂ ਹੀ ਅਹੁਦਾ ਸੰਭਾਲਿਆ ਸੀ। ਭਗਵੰਤ ਮਾਨ 2014 ਤੋਂ ਸੰਗਰੂਰ ਤੋਂ ਸੰਸਦ ਮੈਂਬਰ ਸਨ ਅਤੇ ਪੰਜਾਬ ਦੇ ਮੁੱਖ ਮੰਤਰੀ ਵਜੋਂ ਅਹੁਦਾ ਸੰਭਾਲਣ ਤੋਂ ਬਾਅਦ ਇਹ ਸੀਟ ਖਾਲੀ ਹੋ ਗਈ ਸੀ।

### ਸਿਆਸਤੀ ਸਫ਼ਰ ਵਿਚ ਉਤਰਾਅ ਚੜਾਅ

ਸਿਮਰਨਜੀਤ ਮਾਨ 1989 ਵਿੱਚ ਤਰਨ ਤਾਰਨ ਤੋਂ ਅਤੇ 1999 ਵਿੱਚ ਦੁਬਾਰਾ ਸੰਗਰੂਰ ਤੋਂ ਸੰਸਦ ਮੈਂਬਰ ਚੁਣੇ ਗਏ ਸਨ, ਨਾ ਤਾਂ ਉਹ ਅਤੇ ਨਾ ਹੀ ਸ਼੍ਰੋਮਣੀ ਅਕਾਲੀ ਦਲ (ਅ) ਦੇ ਕਿਸੇ ਹੋਰ ਆਗੂ ਨੇ ਅਗਲੇ ਸਾਲਾਂ ਵਿੱਚ ਕੋਈ ਵੀ ਚੋਣ ਜਿੱਤੀ। ਇਸ ਲਈ, ਅਕਾਲੀ ਦਲ (ਏ) ਦੇ ਨੇਤਾ ਦੀ ਸਪੱਸ਼ਟ ਵਾਪਸੀ ਨੇ ਬਹੁਤ ਸਾਰੀਆਂ ਕਿਆਸਅਰਾਈਆਂ ਨੂੰ ਸੱਦਾ ਦਿੱਤਾ ਹੈ, ਕੁਝ ਸਿਆਸੀ ਨਿਰੀਖਕਾਂ ਨੇ ਉਸ ਦੀ ਅਣਕਿਆਸੀ ਸਫਲਤਾ ਨੂੰ ਕੱਟੜਪੰਥੀ ਅਕਾਲੀ ਰਾਜਨੀਤੀ ਦੀ ਪੁਨਰ-ਸੁਰਜੀਤੀ ਲਈ ਜ਼ਿੰਮੇਵਾਰ ਠਹਿਰਾਇਆ ਹੈ, ਜਿਸਦਾ ਅੰਸ਼ਕ ਤੌਰ 'ਤੇ 'ਆਪ' ਨਾਲ ਅਸੰਤੁਸ਼ਟੀ ਕਾਰਨ ਹੈ, ਖਾਸ ਕਰਕੇ ਇਸ ਦੇ ਮੱਦੇਨਜ਼ਰ ਜਿਸ ਵਿਚ ਪ੍ਰਸਿੱਧ ਗਾਇਕ ਅਤੇ ਕਾਂਗਰਸੀ ਆਗੂ ਸਿੱਧੂ ਮੂਸੇ ਵਾਲਾ ਦਾ ਕਤਲ ਜੋ ਮਈ ਵਿਚ ਹੋਇਆ ਉਸ ਨੂੰ ਆਪ ਸਰਕਾਰ ਦੀ ਸਭ ਤੋਂ ਵੱਡੀ ਹਾਰ ਦਾ ਕਾਰਨ ਮੰਨਿਆ ਜਾ ਸਕਦਾ ਹੈ।

### ਅਕਾਲੀ ਰਾਜਨੀਤੀ ਦੇ ਉਭਾਰ ਤੋਂ ਬਾਅਦ ਇੱਕ ਗਿਰਾਵਟ ਦਾ ਦੌਰ

ਚੋਣ ਕਮਿਸ਼ਨ ਦੇ ਅੰਕੜਿਆਂ ਅਨੁਸਾਰ, 2004 ਤੋਂ 2019 ਦੇ ਵਿਚਕਾਰ, ਸਿਮਰਨਜੀਤ ਮਾਨ ਨੇ ਸਾਰੀਆਂ ਲੋਕ ਸਭਾ ਚੋਣਾਂ ਲੜੀਆਂ ਪਰ ਉਨਾਂ ਦੇ ਵੋਟ ਸ਼ੇਅਰ ਵਿੱਚ ਲਗਭਗ ਲਗਾਤਾਰ ਗਿਰਾਵਟ ਦੇਖੀ ਗਈ। 2004 ਵਿੱਚ, ਉਹ ਸੰਗਰੂਰ 'ਚ 26 ਪ੍ਰਤੀਸ਼ਤ ਵੋਟਾਂ ਨਾਲ ਤੀਜੇ ਸਥਾਨ 'ਤੇ ਰਹੇ ਜੋ ਪਿਛਲੀਆਂ ਚੋਣਾਂ ਵਿੱਚ 41.7 ਪ੍ਰਤੀਸ਼ਤ ਤੋਂ ਘੱਟ ਸਨ। 2009 ਵਿੱਚ, ਉਹ ਪੰਜਵੇਂ ਸਥਾਨ 'ਤੇ ਚਲਾ ਗਿਆ ਅਤੇ 3.62 ਪ੍ਰਤੀਸ਼ਤ ਦੇ ਮਾਮੂਲੀ ਵੋਟ ਸ਼ੇਅਰ ਨਾਲ ਉਹ ਹੇਠਾਂ ਚਲਾ ਗਿਆ, 2014 ਵਿੱਚ, ਉਨਾਂ ਨੇ ਖਡੂਰ ਸਾਹਿਬ ਸੀਟ ਤੋਂ ਚੋਣ ਲੜਨ ਦਾ ਤਜਰਬਾ ਕੀਤਾ, ਪਰ 1.34 ਪ੍ਰਤੀਸ਼ਤ ਦੇ ਵੋਟ ਹਿੱਸੇ ਨਾਲ ਆਪਣਾ ਸਭ ਤੋਂ ਮਾੜਾ ਚੋਣ ਪ੍ਰਦਰਸ਼ਨ ਕੀਤਾ ਗਿਆ। 2019 ਵਿੱਚ, ਉਹ ਸੰਗਰੂਰ ਵਾਪਸ ਚਲੇ ਗਏ, ਜਿੱਥੇ ਉਨਾਂ ਦੇ ਵੋਟ ਹਿੱਸੇ ਵਿੱਚ ਮਾਮੂਲੀ ਵਾਧਾ ਹੋਇਆ ਜੋ 4.37 ਪ੍ਰਤੀਸ਼ਤ ਸੀ। ਇਸ ਸਮੇਂ ਦੌਰਾਨ, ਵਿਧਾਨ ਸਭਾ ਚੋਣਾਂ ਵਿੱਚ ਵੀ ਉਨਾਂ ਦੀ ਕਾਰਗੁਜ਼ਾਰੀ ਨੇ ਵੀ ਅਜਿਹਾ ਹੀ ਚਾਲ ਚੱਲਿਆ। ਉਹ ਢੰਡੋਲੀ (2007), ਫਤਹਿਗੜ ਸਾਹਿਬ (2012) ਅਤੇ ਬਰਨਾਲਾ (2017) ਵਿਧਾਨ ਸਭਾ ਸੀਟਾਂ ਤੋਂ ਅਸਫ਼ਲ ਚੋਣ ਲੜੇ, ਜਿੱਥੇ ਉਸਦੀ ਵੋਟ 2007 ਵਿੱਚ 15 ਪ੍ਰਤੀਸ਼ਤ ਤੋਂ 2012 ਵਿੱਚ 2.9 ਪ੍ਰਤੀਸ਼ਤ ਅਤੇ 2017 ਵਿੱਚ 3.8 ਪ੍ਰਤੀਸ਼ਤ ਹੋ ਗਈ।

### ਪੰਜਾਬ ਦੀ ਸਿਆਸਤ 'ਚ ਮੁੜ ਵਾਪਸੀ

ਮਾਨ ਦੀ ਇਸ ਮਹੀਨੇ ਸੰਗਰੂਰ ਵਿੱਚ ਹੋਈ ਜਿੱਤ, ਪੰਜਾਬ ਵਿੱਚ 'ਆਪ' ਦੀ ਲਹਿਰ ਦੇ ਮੱਦੇਨਜ਼ਰ ਕਮਾਲ ਦੀ ਗੱਲ ਹੈ। 'ਦਿ ਪ੍ਰਿੰਟ' ਨਾਲ ਗੱਲ ਕਰਦੇ ਹੋਏ, ਚੰਡੀਗੜ ਵਿੱਚ ਇੰਸਟੀਚਿਊਟ ਫਾਰ ਡਿਵੈਲਪਮੈਂਟ ਐਂਡ ਕਮਿਊਨੀਕੇਸ਼ਨ ਦੇ ਡਾਇਰੈਕਟਰ ਪ੍ਰਮੋਦ ਕੁਮਾਰ ਨੇ ਕਿਹਾ ਕਿ ਪੰਜਾਬ ਵਿੱਚ 'ਕੱਟੜਵਾਦ ਦੇ ਭਾਰੂ ਰੰਗਾਂ ਨਾਲ' ਅਕਾਲੀ ਰਾਜਨੀਤੀ ਦਾ ਮੁੜ ਉਭਾਰ ਹੋ ਰਿਹਾ ਹੈ, ਅਤੇ ਮਾਨ ਦੀ ਜਿੱਤ ਇਸ ਦਾ ਪ੍ਰਤੀਬਿੰਬ ਹੈ। 'ਇਸ ਰਾਜਨੀਤੀ ਦੇ ਤਿੰਨ ਵੱਡੇ ਹਿੱਸੇ ਹਨ :- ਪੰਥਕ , ਸੂਬਾਈ ਅਤੇ ਕਿਸਾਨੀ। ਅਜਿਹਾ ਲਗਦਾ ਹੈ ਕਿ (ਮਾਨ) ਨੂੰ ਇਨਾਂ ਸਾਰੇ ਹਿੱਸਿਆਂ ਤੋਂ ਸਮਰਥਨ ਮਿਲਿਆ ਹੈ।

ਕੁਝ ਰਾਜਨੀਤਿਕ ਮਾਹਿਰ ਅਤੇ ਨਿਰੀਖਕ ਇਹ ਵੀ ਦੱਸਦੇ ਹਨ ਕਿ ਕਿਸਾਨ ਅੰਦੋਲਨ ਜੋ 2020 ਵਿੱਚ ਸ਼ੁਰੂ ਹੋਇਆ ਅਤੇ ਇੱਕ ਸਾਲ ਤੋਂ ਵੱਧ ਸਮੇਂ ਤੱਕ ਚੱਲਿਆ, ਨੇ ਪੰਜਾਬ ਦੇ ਕਈ ਹਿੱਸਿਆਂ ਵਿੱਚ ਪੁਰਾਣੀਆਂ ਕੱਟੜਪੰਥੀ ਭਾਵਨਾਵਾਂ ਨੂੰ ਭੜਕਾਇਆ, ਜਿਸ ਨਾਲ ਗੈਰ-ਵਿਰੋਧੀ, ਸਿੱਖ-ਕੇਂਦ੍ਰਿਤ ਰਾਜਨੀਤਿਕ ਆਵਾਜ਼ਾਂ ਲਈ ਵਧੇਰੇ ਜਗਾ ਪੈਦਾ ਹੋਈ। ਉਨਾਂ ਦਾ ਕਹਿਣਾ ਹੈ ਕਿ ਸਿੱਖ ਸਿਆਸਤ ਵਿੱਚ ਖਲਾਅ ਬਣਿਆ ਹੋਇਆ ਹੈ ਅਤੇ ਮਾਨ ਵਰਗਾ ਆਗੂ ਇਸ ਮੋੜ 'ਤੇ ਕਾਬਜ਼ ਹੁੰਦਾ ਦੇਖਿਆ ਜਾ ਸਕਦਾ ਹੈ। ਚੰਡੀਗੜ ਵਿੱਚ ਪੰਜਾਬ ਯੂਨੀਵਰਸਿਟੀ ਵਿੱਚ ਰਾਜਨੀਤੀ ਸ਼ਾਸਤਰ ਦੇ ਪ੍ਰੋਫੈਸਰ ਰੌਣਕੀ ਰਾਮ ਦੇ ਅਨੁਸਾਰ, ਸੰਗਰੂਰ ਦੇ ਨਤੀਜੇ ਨੂੰ 'ਆਪ' ਸਰਕਾਰ ਲਈ ਜਨਤਾ ਵੱਲੋਂ ਇੱਕ 'ਮਜ਼ਬੂਤ ਸੰਦੇਸ਼' ਵਜੋਂ ਦੇਖਿਆ ਜਾ ਰਿਹਾ ਹੈ ਜੋ 'ਬਦਲਾਵ (ਤਬਦੀਲੀ)' ਦੇ ਆਪਣੇ ਚੋਣ ਵਾਅਦੇ ਨੂੰ ਜਲਦੀ ਪੂਰਾ ਕਰਨ ਦਾ ਪ੍ਰਚਾਰ ਕਰਦੇ ਹਨ। 'ਲੋਕਾਂ ਵੱਲੋਂ ਰਵਾਇਤੀ ਸਿਆਸੀ ਪਾਰਟੀ ਵੱਲ ਜਾਣ ਦੀ ਬਜਾਏ ਸਿਮਰਨਜੀਤ ਸਿੰਘ ਮਾਨ ਵਰਗੇ ਉਮੀਦਵਾਰ ਨੂੰ ਵੋਟ ਦੇਣਾ 'ਆਪ' ਲਈ ਇੱਕ ਮਜ਼ਬੂਤ ਸੰਦੇਸ਼ ਤੋਂ ਇਲਾਵਾ ਹੋਰ ਕੁਝ ਨਹੀਂ ਹੈ। ਲੋਕ 'ਆਪ' ਸਰਕਾਰ ਤੋਂ ਢਾਂਚਾਗਤ ਤਬਦੀਲੀਆਂ ਦੇ ਮਾਮਲੇ ਵਿਚ ਜਲਦੀ ਨਤੀਜਿਆਂ ਦੀ ਮੰਗ ਕਰਦੇ ਹਨ। ਪਰ ਇਸਦਾ ਮਤਲਬ ਇਹ ਨਹੀਂ ਹੈ ਕਿ ਉਨਾਂ ਨੂੰ ਅਜੇ ਵੀ ਦੂਜੀਆਂ ਪਾਰਟੀਆਂ ਵਿੱਚ ਭਰੋਸਾ ਹੈ, ਉਨਾਂ ਨੇ ਅੱਗੇ ਕਿਹਾ, ਲੋਕਾਂ 'ਚ ਇਹ ਧਾਰਨਾ ਕਿ ਭਗਵੰਤ ਮਾਨ ਦਿੱਲੀ ਵਿੱਚ ਆਪਣੀ ਪਾਰਟੀ ਦੇ ਪ੍ਰਮੁੱਖ ਨੇਤਾਵਾਂ ਤੋਂ ਦਿਸ਼ਾ ਨਿਰਦੇਸ਼ ਲੈਂਦੇ ਹਨ ਜਿਸ ਤੋਂ ਅਜਿਹਾ ਲੱਗਦਾ ਹੈ ਕਿ 'ਆਪ' ਦੇ ਵਿਰੁੱਧ ਵੀ ਕੰਮ ਕੀਤਾ ਗਿਆ ਹੈ।

ਲੋਕਾਂ ਵਿਚ ਇਸ ਅਸੰਤੁਸ਼ਟੀ ਦੀ ਭਾਵਨਾ ਦੇ ਨਾਲ ਹੀ ਸਿੱਧੂ ਮੂਸੇ ਵਾਲਾ ਦੀ ਮੌਤ ਦੇ ਮੱਦੇਨਜ਼ਰ ਕਾਨੂੰਨ ਅਤੇ ਵਿਵਸਥਾ ਨੂੰ ਲੈ ਕੇ ਲੋਕਾਂ ਵਿਚ ਬਹੁਤ ਜ਼ਿਆਦਾ ਚਿੰਤਾਵਾਂ ਸਨ। ਇਸ ਸੰਦਰਭ ਵਿੱਚ, ਮਾਨ ਦਾ ਪਿਛੋਕੜ ਇੱਕ ਮਜ਼ਬੂਤ ਸਿੱਖ ਪੱਖੀ ਆਵਾਜ਼ ਦੇ ਨਾਲ-ਨਾਲ ਇੱਕ ਪੁਲਿਸ ਅਧਿਕਾਰੀ ਵਜੋਂ ਵੀ ਉਸਦੀ ਅਪੀਲ ਨੇ ਲੋਕਾਂ ਵਿਚ ਪ੍ਰਭਾਵ ਪਾਇਆ ਸੀ।

### ਸਿਮਰਨਜੀਤ ਸਿੰਘ ਮਾਨ ਦਾ ਆਈਪੀਐਸ ਵਿੱਚ ਕਰੀਅਰ, ਅਤੇ ਇੱਕ ਸਿਆਸੀ ਕੱਟੜਪੰਥੀ ਮੋੜ

ਸਿਮਰਨਜੀਤ ਮਾਨ ਸਿਆਸੀ ਤੌਰ 'ਤੇ ਜੁੜੇ ਹੋਏ ਪਰਿਵਾਰ ਨਾਲ ਸਬੰਧਤ ਹਨ। ਉਨਾਂ ਦੇ ਪਿਤਾ ਲੈਫਟੀਨੈਂਟ ਕਰਨਲ ਜੋਗਿੰਦਰ ਸਿੰਘ ਮਾਨ (ਸੇਵਾਮੁਕਤ), ਇੱਕ ਅਕਾਲੀ ਦਲ ਦੇ ਆਗੂ, ਜਿਨਾਂ ਨੇ 1960 ਦੇ ਅਖੀਰ ਵਿੱਚ ਪੰਜਾਬ ਵਿਧਾਨ ਸਭਾ ਦੇ ਸਪੀਕਰ ਵਜੋਂ ਸੇਵਾ ਕੀਤੀ। ਉਨਾਂ ਦੀ ਪਤਨੀ ਗੀਤਇੰਦਰ ਕੌਰ ਮਾਨ , ਪ੍ਰਨੀਤ ਕੌਰ ਦੀ ਵੱਡੀ ਭੈਣ ਹੈ, ਜੋ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਦੀ ਪਤਨੀ ਹੈ।

ਮਾਨ ਨੇ ਭਾਰਤੀ ਪੁਲਿਸ ਸੇਵਾ (**IPS**) ਦੇ 1967-ਬੈਚ ਦੇ ਅਧਿਕਾਰੀ ਵਜੋਂ ਆਪਣਾ ਕੈਰੀਅਰ ਸ਼ੁਰੂ ਕੀਤਾ ਸੀ, ਪਰ 1984 ਵਿੱਚ ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ ਵਿੱਚ ਬੰਦ ਸਿੱਖਾਂ ਵਿਰੁੱਧ ਇੱਕ ਫੌਜੀ ਕਾਰਵਾਈ ਜਿਸਨੂੰ ਸਾਕਾ ਨੀਲਾ ਤਾਰਾ ਵੀ ਕਿਹਾ ਜਾਂਦਾ ਹੈ, ਦੇ ਵਿਰੋਧ ਵਿੱਚ ਅਸਤੀਫਾ ਦੇ ਦਿੱਤਾ ਸੀ।ਮਾਨ ਇਸ ਤੋਂ ਪਹਿਲਾਂ ਪੰਜਾਬ ਪੁਲਿਸ ਦੇ ਵਿਜੀਲੈਂਸ ਵਿਭਾਗ ਵਿੱਚ ਪੁਲਿਸ ਸੁਪਰਡੈਂਟ ਅਤੇ ਫਿਰੋਜ਼ਪੁਰ ਅਤੇ ਫ਼ਰੀਦਕੋਟ ਜ਼ਿਲਿਆਂ ਦੇ ਸੀਨੀਅਰ ਸੁਪਰਡੈਂਟ ਸਮੇਤ ਹੋਰ ਅਹੁਦਿਆਂ 'ਤੇ ਵੀ ਸੇਵਾਵਾਂ ਨਿਭਾਅ ਚੁੱਕੇ ਹਨ। ਫ਼ਰੀਦਕੋਟ ਵਿੱਚ ਆਪਣੇ ਕਾਰਜਕਾਲ ਦੌਰਾਨ, ਉਨਾਂ ਨੇ ਨਸ਼ਾ ਤਸਕਰਾਂ ਵਿਰੁੱਧ ਇੱਕ ਵੱਡੀ ਕਾਰਵਾਈ ਦੀ ਅਗਵਾਈ ਵੀ ਕੀਤੀ ਸੀ।

1984 ਵਿੱਚ, ਜਦੋਂ ਸਿਮਰਨਜੀਤ ਸਿੰਘ ਮਾਨ ਨੇ ਸੇਵਾ ਛੱਡ ਦਿੱਤੀ ਤਦ ਉਹ ਬੰਬਈ (ਹੁਣ ਮੁੰਬਈ) ਵਿੱਚ ਕੇਂਦਰੀ ਉਦਯੋਗਿਕ ਸੁਰੱਖਿਆ ਬਲ (ਸੀਆਈਐਸਐਫ) ਵਿੱਚ



ਕਮਾਂਡੈਂਟ ਵਜੋਂ ਡੈਪੂਟੇਸ਼ਨ 'ਤੇ ਸੀ। ਇਸ ਸਮੇਂ, ਮਾਨ, ਜੋ ਕਿ ਹਮੇਸ਼ਾ ਇੱਕ 'ਡੂੰਘੇ ਧਾਰਮਿਕ' ਵਿਅਕਤੀ ਵਜੋਂ ਜਾਣਿਆ ਜਾਂਦਾ ਹੈ, ਸਾਕਾ ਨੀਲਾ ਤਾਰਾ ਦੇ ਵਿਰੋਧ ਵਿੱਚ ਸਰਗਰਮੀ ਨਾਲ ਸ਼ਾਮਲ ਸੀ।ਆਪਣੇ ਅਸਤੀਫ਼ੇ ਦੇ ਪੱਤਰ ਵਿੱਚ, ਉਸਨੇ ਕਥਿਤ ਤੌਰ 'ਤੇ ਭਾਰਤੀ ਫੌਜ ਦੀ ਤੁਲਨਾ ਜਨਰਲ ਡਾਇਰ ਨਾਲ ਕੀਤੀ ਅਤੇ ਹਰਿਮੰਦਰ ਸਾਹਿਬ ਵਿੱਚ ਇਸ ਦੇ ਦਾਖਲੇ ਦੀ 1919 ਦੇ ਜਲਿਆਂਵਾਲਾ ਬਾਗ ਕਤਲੇਆਮ ਨਾਲ ਕੀਤੀ, ਜਿਸ ਨਾਲ ਸਰਕਾਰ ਦਾ ਗੁੱਸਾ ਭੜਕਿਆ। ਬਾਅਦ ਵਿਚ ਮਾਨ ਨੂੰ ਦੇਸ਼ਧ੍ਰੋਹ ਅਤੇ ਰਾਜ ਦੇ ਵਿਰੁੱਧ ਜੰਗ ਛੇੜਨ ਵਰਗੇ ਦੋਸ਼ਾਂ ਦਾ ਸਾਹਮਣਾ ਕਰਦੇ ਹੋਏ ਕੈਦ ਕਰ ਦਿੱਤਾ ਗਿਆ ਸੀ। ਉਸ ਤੋਂ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਦੇ ਸਬੰਧ ਵਿਚ ਵੀ ਕਥਿਤ ਤੌਰ 'ਤੇ ਜਾਂਚ ਕੀਤੀ ਗਈ ਸੀ। ਮਾਨ 1984 ਅਤੇ 1989 ਦੇ ਵਿਚਕਾਰ ਜੇਲ ਵਿੱਚ ਸੀ। 1989 ਦੇ ਅਖੀਰ ਵਿੱਚ, ਉਹ 100 ਤੋਂ ਵੱਧ ਸਿੱਖ ਕੈਦੀਆਂ ਵਿੱਚੋਂ ਇੱਕ ਸੀ, ਜਿਨਾਂ ਨੂੰ ਕੇਂਦਰ ਸਰਕਾਰ ਦੁਆਰਾ ਬਿਨਾਂ ਸ਼ਰਤ ਰਿਹਾਅ ਕੀਤਾ ਗਿਆ ਸੀ, ਅਤੇ ਸਾਰੇ ਦੋਸ਼ਾਂ ਨੂੰ ਹਟਾ ਦਿੱਤਾ ਗਿਆ ਸੀ।

ਜਦੋਂ ਉਹ ਭਾਗਲਪੁਰ ਜੇਲ ਵਿੱਚ ਬੰਦ ਸੀ ਤਦ ਮਾਨ ਨੇ ਤਰਨਤਾਰਨ ਸੀਟ ਤੋਂ 1989 ਵਿੱਚ ਲੋਕ ਸਭਾ ਚੋਣ ਲੜੀ ਅਤੇ ਜਿੱਤੀ। ਉਸ ਸਾਲ, ਉਸ ਦੀ ਪਾਰਟੀ, ਬਾਦਲਾਂ ਦੇ ਅਕਾਲੀ ਦਲ ਤੋਂ ਵੱਖ ਹੋਏ ਸਮੂਹ ਨੇ ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਵਿੱਚੋਂ 6 ਜਿੱਤੀਆਂ ਸਨ। 'ਇਹ ਪੰਜਾਬ ਵਿੱਚ ਜੁਝਾਰੂਵਾਦ ਦਾ ਸਿਖਰ ਦੌਰ ਵੀ ਸੀ। ਇਸ ਸਮੇਂ ਵਿੱਚ ਮਾਨ ਵਰਗੇ ਨੇਤਾਵਾਂ ਨੇ ਵੱਡੀਆਂ ਚੋਣ ਜਿੱਤਾਂ ਵੇਖੀਆਂ, 'ਪੰਜਾਬ ਦੇ ਇੱਕ ਸੀਨੀਅਰ ਕਾਂਗਰਸੀ ਆਗੂ ਨੇ ਆਪਣੀ ਪਛਾਣ ਨਾ ਦੱਸਦਿਆਂ ਕਿਹਾ, ੧੯੯੦ ਵਿੱਚ, ਮਾਨ ਨੇ ਇੱਕ ਵਾਰ ਫਿਰ ਸੁਰਖੀਆਂ ਵਿੱਚ ਆ ਗਿਆ ਜਦੋਂ ਉਸਨੇ ਆਪਣੀ ਕਿਰਪਾਨ - ਜਿਸਨੂੰ ਸਿੱਖ ਧਰਮ ਦੇ ਇੱਕ ਚਿੰਨ ਵਜੋਂ ਦਰਸਾਇਆ ਗਿਆ ਤੇ ਪਾਰਲੀਮੈਂਟ ਵਿੱਚ ਲਿਜਾਣ 'ਤੇ ਜ਼ੋਰ ਦਿੱਤਾ, ਪਰ ਅਜਿਹਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ। ਅੱਜ ਵੀ, ਸਿਮਰਨਜੀਤ ਸਿੰਘ ਮਾਨ-ਜਿਸਦਾ ਕੱਦ ਛੇ ਫੁੱਟ ਤੋਂ ਵੱਧ ਹੈ ਅਤੇ ਲੰਮੀ ਸਲੇਟੀ ਦਾੜੀ ਹੈ- ਨੂੰ ਕਿਰਪਾਨ ਤੋਂ ਬਿਨਾਂ ਜਨਤਕ ਤੌਰ 'ਤੇ ਘੱਟ ਹੀ ਦੇਖਿਆ ਜਾਂਦਾ ਹੈ। ਉਨਾਂ ਨੂੰ ਅਗਲੀਆਂ ਦੋ ਲੋਕ ਸਭਾ ਚੋਣਾਂ ਵਿੱਚ ਸਫਲਤਾ ਨਹੀਂ ਮਿਲੀ ਪਰ 1999 ਵਿੱਚ ਅਕਾਲੀ ਆਗੂ ਅਤੇ ਸਾਬਕਾ ਕੇਂਦਰੀ ਮੰਤਰੀ ਸੁਰਜੀਤ ਸਿੰਘ ਬਰਨਾਲਾ ਤੋਂ ਸੰਗਰੂਰ ਸੀਟ ਜਿੱਤ ਕੇ ਥੋੜੇ ਸਮੇਂ ਲਈ ਵਾਪਸੀ ਕੀਤੀ।

### ਸਿਮਰਨਜੀਤ ਸਿੰਘ ਮਾਨ ਕਦੇ ਹਾਰ ਨਾ ਮੰਨਣ ਵਾਲਾ ਇਨਸਾਨ

ਜਿਵੇਂ-ਜਿਵੇਂ ਪੰਜਾਬ ਜੁਝਾਰੂਵਾਦ ਦੇ ਦੌਰ ਵਿੱਚੋਂ ਹੌਲੀ-ਹੌਲੀ ਉੱਭਰਨਾ ਸ਼ੁਰੂ ਹੋਇਆ, ਮਾਨ ਦਾ ਰਾਜਨੀਤੀ ਸਮਰਥਨ ਘਟਣ ਲੱਗਾ, 1999 ਤੋਂ ਲੈ ਕੇ, ਮਾਨ ਅਤੇ ਉਸਦੀ ਪਾਰਟੀ ਲਗਾਤਾਰ ਹਾਰਦੇ ਰਹੇ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) ਦੀਆਂ ਚੋਣਾਂ ਵਿੱਚ ਵੀ ਜਿੱਤਣ ਵਿੱਚ ਅਸਫਲ ਰਹੇ। ਪਰ, ਮਾਨ ਨੇ 'ਕਦੇ ਹਾਰ ਨਹੀਂ ਮੰਨੀ', ਇੱਕ ਪੰਜਾਬ-ਅਧਾਰਤ ਕਾਂਗਰਸ ਆਗੂ ਨੇ ਕਿਹਾ, 'ਇਸ ਦਾ ਇੱਕ ਕਾਰਨ ਸੀ ਜਿਵੇਂ ਹੀ ਪੰਜਾਬ ਵਿੱਚ ਜੁਝਾਰੂਵਾਦ ਘਟਿਆ, ਬਾਦਲਾਂ ਦੀ ਅਗਵਾਈ ਵਾਲੀ ਅਕਾਲੀ ਦਲ ਨੇ ਮੁੱਖ ਧਾਰਾ ਦੇ ਰਾਸ਼ਟਰਵਾਦ ਨੂੰ ਹੋਰ ਮਜ਼ਬੂਤੀ ਨਾਲ ਅਪਣਾਉਣੀ ਸ਼ੁਰੂ ਕਰ ਦਿੱਤੀ, ਪਰ ਬਹੁਤ ਸਾਰੇ ਰਵਾਇਤੀ ਅਕਾਲੀ ਵੋਟਰਾਂ ਨੇ ਇਸ ਨੂੰ ਪਸੰਦ ਨਹੀਂ ਕੀਤਾ। ਇਸ ਲਈ, ਇੱਕ ਕੱਟੜਪੰਥੀ ਸਿੱਖ-ਕੇਂਦ੍ਰਿਤ ਆਵਾਜ਼ ਵਜੋਂ, ਮਾਨ ਨੇ ਹਮੇਸ਼ਾ ਆਪਣੀ ਕਿਸਮ ਦੀ ਰਾਜਨੀਤੀ ਲਈ ਵੱਖਰੀ ਜਗਾ ਵੇਖੀ।'

ਇਹ ਖੇਤਰ ਉਦੋਂ ਵਧਿਆ ਜਦੋਂ 2020 ਵਿੱਚ ਤਿੰਨ ਨਵੇਂ ਖੇਤੀ ਕਾਨੂੰਨਾਂ ਵਿਰੁੱਧ ਕਿਸਾਨਾਂ ਦਾ ਅੰਦੋਲਨ ਸ਼ੁਰੂ ਹੋਇਆ। ਪੰਜਾਬ ਦੇ ਇੱਕ ਸਾਬਕਾ ਸਿਵਲ ਸੇਵਕ ਨੇ ਕਿਹਾ, 'ਮਾਨ ਨੇ ਕਿਸਾਨਾਂ ਦੇ ਅੰਦੋਲਨ ਵਿੱਚ ਇੱਕ ਸਰਗਰਮ ਭੂਮਿਕਾ ਨਿਭਾਈ ਜਿਸ ਨੇ ਉਸਨੂੰ ਵਿਆਪਕ ਸਮਰਥਨ ਪ੍ਰਾਪਤ ਕੀਤਾ ਅਤੇ ਅੰਤ ਵਿੱਚ ਉਸਦੇ ਮੁੜ ਉਭਾਰ ਵਿੱਚ ਵੱਡੇ ਪੱਧਰ 'ਤੇ ਯੋਗਦਾਨ ਪਾਇਆ। ਇਹ ਨਵੀਂ ਪ੍ਰਮੁੱਖਤਾ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਝਲਕਦੀ ਹੈ, ਜੋ ਮਾਨ ਨੇ ਮਾਲਵਾ ਖੇਤਰ ਵਿੱਚ ਅਮਰਗੜ ਸੀਟ ਤੋਂ ਲੜੀ ਸੀ। ਭਾਵੇਂ ਉਹ 'ਆਪ' ਤੋਂ ਲਗਭਗ 6,000 ਵੋਟਾਂ ਦੇ ਫਰਕ ਨਾਲ ਹਾਰ ਗਿਆ ਸੀ, ਪਰ ਉਹ 30 ਪ੍ਰਤੀਸ਼ਤ ਵੋਟ ਸ਼ੇਅਰ ਹਾਸਲ ਕਰਨ ਵਿੱਚ ਕਾਮਯਾਬ ਰਹੇ-ਪਿਛਲੇ ਦੋ ਦਹਾਕਿਆਂ ਵਿੱਚ ਉਸਦੇ ਚੋਣ ਪ੍ਰਦਰਸ਼ਨ ਵਿੱਚ ਇੱਕ ਮਹੱਤਵਪੂਰਨ ਸੁਧਾਰ ਹੋਇਆ। ਇਹ ਹੋਰ ਵੀ ਸਾਰਥਕ ਸੀ ਕਿਉਂਕਿ ਇਹ ਉਸ ਸਮੇਂ ਸੀ ਜਦੋਂ ਸੂਬੇ ਦੀ 'ਆਪ' ਲਹਿਰ ਨੇ ਕਈ ਸਿਆਸੀ ਵੱਡੀਆਂ ਬੰਦੂਕਾਂ ਨੂੰ ਆਪਣੀਆਂ ਸੀਟਾਂ ਗੁਆ ਦਿੱਤੀਆਂ ਸਨ।

ਪ੍ਰਸਿੱਧ ਪੰਜਾਬੀ ਸ਼ਖ਼ਸੀਅਤਾਂ ਜਿਵੇਂ ਕਿ ਦੀਪ ਸਿੱਧੂ, ਜੋ ਕਿਸਾਨ ਅੰਦੋਲਨ ਵਿੱਚ ਵੀ ਸਰਗਰਮੀ ਨਾਲ ਸ਼ਾਮਲ ਸਨ, ਨੇ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਮਾਨ ਲਈ ਪ੍ਰਚਾਰ ਕੀਤਾ। ਅਕਾਲੀ ਦਲ ਦੇ ਇੱਕ ਸੀਨੀਅਰ ਆਗੂ ਨੇ ਕਿਹਾ ਕਿ ਪੰਜਾਬ ਵਿੱਚ 20 ਫਰਵਰੀ ਦੀਆਂ ਚੋਣਾਂ ਤੋਂ ਪੰਜ ਦਿਨ ਪਹਿਲਾਂ ਜਦੋਂ ਸਿੱਧੂ ਦੀ ਇੱਕ ਹਾਈਵੇਅ ਦੁਰਘਟਨਾ ਵਿੱਚ ਮੌਤ ਹੋ ਗਈ ਸੀ, ਤਾਂ ਉਨਾਂ ਦਾ ਸਮਰਥਨ ਮਾਨ ਲਈ ਵੋਟਾਂ ਵਿੱਚ ਬਦਲ ਗਿਆ ਸੀ।

'ਆਪਣੀ ਚੋਣ ਮੁਹਿੰਮ ਵਿੱਚ, ਸਿਮਰਨਜੀਤ ਸਿੰਘ ਮਾਨ ਨੇ ਅਕਸਰ ਦਾਅਵਾ ਕੀਤਾ ਸੀ ਕਿ ਸਿੱਧੂ ਮੂਸੇ ਵਾਲਾ ਨੇ ਉਨਾਂ ਨੂੰ ਭਰੋਸਾ ਦਿੱਤਾ ਸੀ ਕਿ ਉਹ ਸੰਗਰੂਰ ਵਿੱਚ ਮਾਨ ਦੀ ਉਮੀਦਵਾਰੀ ਲਈ ਆਪਣਾ ਸਮਰਥਨ ਦੇਣਗੇ। ਪੰਜਾਬ ਵਿੱਚ ਅਮਨ-ਕਾਨੂੰਨ ਦੀ ਸਥਿਤੀ ਬਾਰੇ ਵਧੀਆਂ ਚਿੰਤਾਵਾਂ ਦੇ ਵਿਚਕਾਰ 29 ਮਈ ਨੂੰ ਮੂਸੇ ਵਾਲਾ ਦੀ ਹੱਤਿਆ ਦਾ ਸੰਗਰੂਰ ਜ਼ਿਮਨੀ ਚੋਣਾਂ ਵਿੱਚ ਬਿਨਾਂ ਸ਼ੱਕ ਪ੍ਰਭਾਵ ਪਿਆ, 'ਪੰਜਾਬ-ਅਧਾਰਤ ਇੱਕ ਸੀਨੀਅਰ ਆਪ ਆਗੂ ਨੇ ਕਿਹਾ ਮੂਸੇ ਵਾਲਾ, ਇੱਕ ਪ੍ਰਸਿੱਧ ਪੰਜਾਬੀ ਹਿਪ-ਹੋਪ ਗਾਇਕ ਅਤੇ ਕਾਂਗਰਸੀ ਸਿਆਸਤਦਾਨ ਦਾ ਸੂਬੇ ਵਿੱਚ ਬਹੁਤ ਵੱਡਾ ਪ੍ਰਭਾਵ ਹੈ।

ਉਨਾਂ ਦੀ ਮੌਤ ਤੋਂ ਇਕ ਦਿਨ ਪਹਿਲਾਂ ਹੀ ਉਨਾਂ ਦੇ ਵੱਡੀ ਗਿਣਤੀ ਸਮਰਥਕ 'ਆਪ' ਸਰਕਾਰ 'ਤੇ ਉਨਾਂ ਦੀ ਨਿੱਜੀ ਸੁਰੱਖਿਆ ਨੂੰ ਘੱਟ ਕਰਨ ਦਾ ਦੋਸ਼ ਲਗਾ ਰਹੇ ਸਨ। ਬਾਅਦ ਵਿੱਚ, ਮੂਸੇ ਵਾਲਾ ਦੀ ਹੱਤਿਆ ਨੂੰ 'ਗੈਂਗ ਦੁਸ਼ਮਣੀ' ਦੇ ਮਾਮਲੇ ਵਜੋਂ ਦਰਸਾਉਣ ਦੇ ਮਾਮਲੇ ਵਿੱਚ ਪੰਜਾਬ ਸਰਕਾਰ ਦਾ ਸਟੈਂਡ ਹੋਰ ਉਲਟ ਹੋ ਗਿਆ-ਬਾਅਦ ਵਿੱਚ 'ਆਪ' ਨੂੰ ਆਪਣੇ ਸਟੈਂਡ ਵਿੱਚ ਇੱਕ ਛੋਟਾ ਜਿਹਾ ਬਦਲਾਅ ਲਿਆਉਣ ਲਈ ਮਜਬੂਰ ਕੀਤਾ ਗਿਆ।

ਮਾਨ ਦੀ ਪਾਰਟੀ ਨੇ ਆਪਣੀ ਸੰਗਰੂਰ ਮੁਹਿੰਮ ਦੀ ਪੂਰੀ ਤਰਾਂ ਭਾਵਨਾਤਮਕ ਅਪੀਲਾਂ 'ਤੇ ਅਗਵਾਈ ਕੀਤੀ-ਅਕਸਰ ਪੰਜਾਬ ਦੀ ਭਲਾਈ ਲਈ ਮਾਨ ਦੀਆਂ 'ਕੁਰਬਾਨੀਆਂ' ਬਾਰੇ ਗੱਲ ਕਰਦੇ ਹੋਏ, ਖਾਲਿਸਤਾਨ ਦੇ ਮੁੱਦੇ ਦੁਆਲੇ ਪੁਰਾਣੀਆਂ ਭਾਵਨਾਵਾਂ ਨੂੰ ਮੁੜ ਉਭਾਰਨ ਦੀ ਕੋਸ਼ਿਸ਼ ਕਰਦੇ ਹੋਏ, ਸਿੱਖ ਕੈਦੀਆਂ ਦੀ ਰਿਹਾਈ ਦਾ ਭਰੋਸਾ ਦਿੰਦੇ ਹੋਏ, ਮੂਸੇ ਵਾਲਾ ਦੀ ਮੌਤ ਦੇ ਵਿਸ਼ੇ ਨੂੰ ਫੈਲਾਉਂਦੇ ਹੋਏ। ਪਾਰਟੀ ਦੇ ਕੁਝ ਮੈਂਬਰਾਂ ਨੇ ਮਾਨ ਦੀ ਉਮਰ 'ਤੇ ਵੀ ਚਾਨਣਾ ਪਾਇਆ ਅਤੇ ਦਾਅਵਾ ਕੀਤਾ ਕਿ ਇਹ ਉਨਾਂ ਲਈ ਸੰਸਦ ਵਿਚ ਰਹਿਣ ਦਾ ਆਖਰੀ ਮੌਕਾ ਹੋ ਸਕਦਾ ਹੈ।ਸੰਗਰੂਰ ਜ਼ਿਮਨੀ ਚੋਣ ਜਿੱਤਣ ਤੋਂ ਬਾਅਦ, ਮਾਨ ਨੇ ਕਿਹਾ ਕਿ ਉਨਾਂ ਦੀ ਜਿੱਤ ਇੱਕ ਵਿਵਾਦਪੂਰਨ ਧਾਰਮਿਕ ਆਗੂ ਜਰਨੈਲ ਸਿੰਘ ਭਿੰਡਰਾਂਵਾਲੇ, ਜੋ ਕਿ ਸਾਕਾ ਨੀਲਾ ਤਾਰਾ ਦੌਰਾਨ ਸ਼ਹੀਦ ਹੋਏ ਸਨ ਉਨਾਂ ਦੀਆਂ 'ਸਿੱਖਿਆਵਾਂ' ਲਈ ਇੱਕ ਵੱਡੀ ਜਿੱਤ ਹੈ।

ਪੱਤਰਕਾਰਾਂ ਨਾਲ ਗੱਲ ਕਰਦੇ ਮਾਨ ਨੇ ਕਿਹਾ ਕਿ 'ਸਾਡਾ ਮਜ਼ਾਕ ਉਡਾਇਆ ਗਿਆ ਕਿ ਅਸੀਂ ਜਿੱਤਣ ਦੇ ਯੋਗ ਨਹੀਂ ਹੋਵਾਂਗੇ, ਪਰ ਇਸ ਸਮੇਂ ਪੰਜਾਬ ਦੀਆਂ ਸਾਰੀਆਂ ਪਾਰਟੀਆਂ ਪਰੇਸ਼ਾਨ ਹੋਣਗੀਆਂ ਕਿਉਂਕਿ ਅਸੀਂ ਲੰਬੇ ਸਮੇਂ ਬਾਅਦ ਜਿੱਤੇ ਹਾਂ।'

# ਸ਼ਿਵ ਸੈਨਾ ਦਾ ਮਹਾਰਾਸ਼ਟਰ ਵਿਚ ਕਿਲਾ ਢਹਿਆ, ਏਕਨਾਥ ਸ਼ਿੰਦੇ ਨੇ ਕੀਤਾ ਬਹੁਮਤ ਸਾਬਤ

## ਹੱਕ 'ਚ 164 ਤੇ ਵਿਰੋਧ ਵਿਚ ਪਈਆਂ 99 ਵੋਟਾਂ

**ਮੁੰਬਈ/ਏ.ਟੀ.ਨਿਊਜ਼ :-** ਮਹਾਰਾਸ਼ਟਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਮਹਾਰਾਸ਼ਟਰ ਵਿਧਾਨ ਸਭਾ ਦੇ ਦੋ ਦਿਨਾ ਵਿਸ਼ੇਸ਼ ਇਜਲਾਸ ਦੇ ਆਖਰੀ ਦਿਨ ਸਦਨ ਵਿਚ ਬਹੁਮਤ ਸਾਬਤ ਕਰਨ 'ਚ ਸਫਲ ਰਹੇ। 288 ਮੈਂਬਰਾਂ ਵਾਲੇ ਸਦਨ ਵਿਚ 164 ਵਿਧਾਇਕਾਂ ਨੇ ਭਰੋਸਗੀ ਮਤੇ ਦੇ ਹੱਕ 'ਚ ਵੋਟ ਪਾਈ ਜਦਕਿ 99 ਵਿਧਾਇਕਾਂ ਨੇ ਖ਼ਿਲਾਫ਼ ਵੋਟ ਪਾਈ। ਤਿੰਨ ਵਿਧਾਇਕ ਵੋਟਿੰਗ ਪ੍ਰਕਿਰਿਆ ਵਿਚ ਸ਼ਾਮਿਲ ਨਹੀਂ ਹੋਏ ਜਦਕਿ ਕਾਂਗਰਸ ਦੇ ਅਸ਼ੋਕ ਚਵਾਨ ਤੇ ਵਿਜੈ ਵਡੇਤੀਵਾਰ ਸਮੇਤ 21 ਵਿਧਾਇਕ ਵੋਟਿੰਗ ਦੌਰਾਨ ਗ਼ੈਰਹਾਜ਼ਰ ਰਹੇ। ਸਪਕੀਰ ਰਾਹੁਲ ਨਾਰਵੇਕਰ ਨੇ ਵੋਟਿੰਗ ਤੋਂ ਬਾਅਦ ਬਹੁਮਤ ਸਾਬਤ ਹੋਣ ਬਾਰੇ ਐਲਾਨ ਕੀਤਾ। ਹਾਲ ਹੀ ਵਿਚ ਇਕ ਸ਼ਿਵ ਸੈਨਾ ਵਿਧਾਇਕ ਦੀ ਮੌਤ ਹੋਣ ਤੋਂ ਬਾਅਦ ਵਿਧਾਨ ਸਭਾ ਦੀ ਮੌਜੂਦਾ ਸਮਰੱਥਾ 287 ਰਹਿ ਗਈ ਸੀ ਅਤੇ ਬਹੁਮਤ ਦਾ ਅੰਕੜਾ 144 ਸੀ। ਬਹੁਮਤ ਸਾਬਤ ਕਰਨ ਦੇ ਅਮਲ ਦੌਰਾਨ ਸਮਾਜਵਾਦੀ ਪਾਰਟੀ ਦੇ ਦੋਵੇਂ ਵਿਧਾਇਕ ਅਬੂ ਆਜ਼ਮੀ ਅਤੇ ਰਾਈਸ ਸ਼ੇਖ਼ ਤੇ ਏ. ਆਈ. ਐਮ. ਆਈ. ਐਮ. ਦੇ ਸ਼ਾਹ ਫ਼ਾਰੂਕ ਅਨਵਰ ਵੋਟਿੰਗ ਤੋਂ ਦੂਰ ਰਹੇ। 11 ਕਾਂਗਰਸੀ ਵਿਧਾਇਕ ਵੋਟਿੰਗ ਦੌਰਾਨ ਗ਼ੈਰ ਹਾਜ਼ਰ ਰਹੇ। ਕਾਂਗਰਸੀ ਆਗੂ ਚਵਾਨ ਤੇ ਵਡੇਤੀਵਾਰ ਦੇਰੀ ਨਾਲ ਆਏ ਅਤੇ ਵੋਟਿੰਗ ਦੇ ਸਮੇਂ ਸਦਨ 'ਚ ਦਾਖਲ ਨਹੀਂ ਹੋ ਸਕੇ। ਫਲੋਰ ਟੈਸਟ ਤੋਂ ਪਹਿਲਾਂ ਊਧਵ ਠਾਕਰੇ ਖੇਮੇ ਤੋਂ ਸ਼ਿਵ ਸੈਨਾ ਦੇ ਇਕ ਹੋਰ ਵਿਧਾਇਕ ਸੰਤੋਸ਼ ਬਾਂਗਰ ਨੇ ਮੁੱਖ ਮੰਤਰੀ ਸ਼ਿੰਦੇ ਦੇ ਖੇਮੇ 'ਵਿਚ ਸ਼ਮੂਲੀਅਤ ਕਰ ਲਈ, ਜਿਸ ਨਾਲ ਸ਼ਿੰਦੇ ਖੇਮੇ ਦੀ ਗਿਣਤੀ ਵਧ ਕੇ 40 ਹੋ ਗਈ ਹੈ।

**ਸਦਨ 'ਚ ਲੱਗੇ 'ਈ.ਡੀ.,ਈ.ਡੀ.' ਦੇ ਨਾਅਰੇ**

ਬਹੁਮਤ ਸਾਬਤ ਕੀਤੇ ਜਾਣ ਤੋਂ ਬਾਅਦ ਸਦਨ ਵਿਚ ਬੋਲਦਿਆਂ ਦੇਵੇਂਦਰ ਫੜਨਵੀਸ ਨੇ ਕਿਹਾ ਕਿ ਜਦ ਕੁਝ ਵਿਧਾਇਕ ਵੋਟਿੰਗ ਕਰ ਰਹੇ ਸਨ ਤਾਂ ਵਿਰੋਧੀ ਬੈਂਚਾਂ ਦੇ ਮੈਂਬਰ 'ਈ.ਡੀ., ਈ.ਡੀ.' ਦੇ ਨਾਅਰੇ ਲਗਾ ਰਹੇ ਸਨ। ਫੜਨਵੀਸ ਨੇ ਕਿਹਾ ਕਿ ਇਹ ਸੱਚ ਹੈ ਕਿ ਨਵੀਂ ਸਰਕਾਰ ਈ.ਡੀ. ਦੁਆਰਾ ਬਣਾਈ ਗਈ ਹੈ, ਜਿਸਦਾ ਅਰਥ ਏਕਨਾਥ ਤੇ ਦੇਵੇਂਦਰ ਹੈ। ਉਨਾਂ ਊਧਵ ਠਾਕਰੇ ਦਾ ਨਾਂ ਲਏ ਬਗੈਰ ਦਾਅਵਾ ਕੀਤਾ ਕਿ ਮਹਾਰਾਸ਼ਟਰ ਨੇ ਪਿਛਲੇ ਕੁਝ ਸਾਲਾਂ ਵਿਚ ਲੀਡਰਸ਼ਿਪ



ਦੀ ਉਪਲਬਧਤਾ ਦੀ ਘਾਟ ਵੇਖੀ ਹੈ ਪਰ ਸਦਨ 'ਚ ਦੋ ਆਗੂ (ਸ਼ਿੰਦੇ ਤੇ ਉਹ ਖ਼ੁਦ) ਹਨ, ਜੋ ਹਮੇਸ਼ਾ ਲੋਕਾਂ ਲਈ ਉਪਲਬਧ ਰਹਿਣਗੇ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਫਿਲਹਾਲ, ਮਹਾਰਾਸ਼ਟਰ ਦੀ ਹਿੰਦੂਤਵਵਾਦੀ ਰਾਜਨੀਤੀ 'ਵਿਚ ਬਾਲ ਠਾਕਰੇ ਦੀ ਸ਼ਿਵ ਸੈਨਾ ਇਤਿਹਾਸ ਬਣਨ ਵੱਲ ਹੈ ਅਤੇ ਭਾਜਪਾ ਇਤਿਹਾਸ ਬਣਾਉਣ ਜਾਂ ਆਪਣੇ ਦਮ 'ਤੇ ਬਹੁਮਤ ਹਾਸਲ ਕਰਨ ਦੀ ਸਥਿਤੀ ਵਿਚ ਆ ਚੁੱਕੀ ਹੈ। ਮਹਾਰਾਸ਼ਟਰ ਦੀ ਏਕਨਾਥ ਸ਼ਿੰਦੇ ਸਰਕਾਰ ਨੇ ਵਿਧਾਨ ਸਭਾ ਅੰਦਰ ਭਰੋਸੇ ਦਾ ਵੋਟ ਹਾਸਿਲ ਕਰਨ ਵੱਲ ਪਹਿਲੀ ਜਿੱਤ ਦਰਜ ਕਰਵਾ ਦਿੱਤੀ ਹੈ। ਸੂਬੇ ਅੰਦਰ ਨਵੇਂ ਸਿਆਸੀ ਸਮੀਕਰਨ ਬਣਨ ਦੀ ਪ੍ਰਕਿਰਿਆ ਹੋਰ ਅੱਗੇ ਵਧ ਰਹੀ ਹੈ। 288 ਮੈਂਬਰੀ ਵਿਧਾਨ ਸਭਾ ਵਿਚ ਸ਼ਿਵ ਸੈਨਾ ਦੇ ਬਾਗ਼ੀ ਗਰੁੱਪ ਅਤੇ ਭਾਰਤੀ ਜਨਤਾ ਪਾਰਟੀ ਦੇ ਸਪੀਕਰ ਦੇ ਉਮੀਦਵਾਰ ਨੇ 164 ਵੋਟਾਂ ਹਾਸਿਲ ਕਰਕੇ ਮਹਾ ਵਿਕਾਸ ਅਗਾੜੀ ਦੇ ਉਮੀਦਵਾਰ ਨੂੰ ਹਰਾ ਦਿੱਤਾ। ਭਾਜਪਾ ਵਿਧਾਇਕ ਰਾਹੁਲ ਨਰਵੇਕਰ ਸਪੀਕਰ ਬਣੇ ਹਨ ਅਤੇ ਸ਼ਿਵ ਸੈਨਾ ਦੇ ਵਿਧਾਇਕ ਰਾਜਨ ਸਾਹੂ 107 ਵੋਟਾਂ ਹਾਸਿਲ ਕਰ ਕੇ ਚੋਣ ਹਾਰ ਗਏ ਹਨ। ਇਹ ਵੀ ਸਾਬਿਤ ਹੋ ਗਿਆ ਹੈ ਕਿ ਸ਼ਿਵ ਸੈਨਾ ਦੇ ਬਾਗ਼ੀ ਧੜੇ ਨਾਲ 39 ਵਿਧਾਇਕਾਂ ਹਨ। ਸ਼ਿਵ ਸੈਨਾ ਨੇ ਇਸ ਚੋਣ ਉੱਤੇ ਇਤਰਾਜ਼ ਕੀਤਾ ਹੈ, ਪਾਰਟੀ ਦਾ ਕਹਿਣਾ ਹੈ ਕਿ ਉਸ ਨੇ ਇਕ ਦਰਜਨ ਤੋਂ ਵੱਧ ਵਿਧਾਇਕਾਂ ਨੂੰ ਦਲਬਦਲੀ ਵਿਰੋਧੀ ਕਾਨੂੰਨ ਤਹਿਤ ਨੋਟਿਸ ਦਿੱਤਾ ਹੋਇਆ ਹੈ। ਇਨਾਂ ਵਿਧਾਇਕਾਂ ਦੇ ਪਾਰਟੀ ਦੇ ਵਿਪ ਦਾ ਉਲੰਘਣ ਕਰਨ ਕਰ ਕੇ ਮੈਂਬਰਸ਼ਿਪ ਖਾਰਿਜ ਹੋ ਸਕਦੀ ਹੈ।

ਕਾਂਗਰਸ ਨੇ ਮਹਾਰਾਸ਼ਟਰ ਦੇ ਰਾਜਪਾਲ ਭਗਤ ਸਿੰਘ ਕੋਸ਼ਿਆਰੀ ਉੱਤੇ ਇਲਜ਼ਾਮ ਲਗਾਇਆ ਹੈ ਕਿ ਸਪੀਕਰ ਦਾ ਅਹੁਦਾ ਲਗਭਗ ਡੇਢ ਸਾਲ ਤੋਂ ਖਾਲੀ ਸੀ ਅਤੇ ਇੰਨੇ ਲੰਮਾ ਸਮੇਂ ਤੱਕ ਚੋਣ ਪ੍ਰਕਿਰਿਆ ਸ਼ੁਰੂ ਕਿਉਂ ਨਹੀਂ ਹੋ ਸਕੀ। ਸਪੀਕਰ ਦਾ ਅਹੁਦਾ ਫਰਵਰੀ 2021 ਵਿਚ ਕਾਂਗਰਸ ਆਗੂ ਨਾਨਾ ਰਟੌਲ ਦੇ ਅਸਤੀਫ਼ਾ ਦੇਣ ਤੋਂ ਪਿੱਛੋਂ ਖਾਲੀ ਹੋਇਆ ਸੀ। ਭਾਜਪਾ ਅਤੇ ਸ਼ਿਵ ਸੈਨਾ ਨੇ ਵਿਧਾਨ ਸਭਾ ਦੀਆਂ ਚੋਣਾਂ ਗੱਠਜੋੜ ਬਣਾ ਕੇ ਲੜੀਆਂ ਸਨ। ਝਗੜਾ ਮੁੱਖ ਮੰਤਰੀ ਦੇ ਅਹੁਦੇ ਨੂੰ ਲੈ ਕੇ ਸ਼ੁਰੂ ਹੋਇਆ ਸੀ। ਭਾਜਪਾ ਜ਼ਿਆਦਾ ਸੀਟਾਂ ਹਾਸਿਲ ਕਰਨ ਕਰਕੇ ਵੱਡੀ ਪਾਰਟੀ ਵਜੋਂ ਮੁੱਖ ਮੰਤਰੀ ਦੇ ਅਹੁਦੇ ਉੱਤੇ ਦਾਅਵਾ ਜਤਾ ਰਹੀ ਸੀ : ਸ਼ਿਵ ਸੈਨਾ ਨੇ ਇਸ ਅਹੁਦੇ ਨੂੰ ਆਪਣੀ ਇੱਜ਼ਤ ਦਾ ਸਵਾਲ ਬਣਾ ਲਿਆ ਸੀ। ਇਸੇ ਦੌਰਾਨ ਨਿਵੇਕਲਾ ਤਜਰਬਾ ਸਾਹਮਣੇ ਆ ਗਿਆ। ਵੱਖ ਵੱਖ ਵਿਚਾਰਧਾਰਾਵਾਂ ਵਾਲੀਆਂ ਕਾਂਗਰਸ, ਨੈਸ਼ਨਲਿਸਟ ਕਾਂਗਰਸ ਪਾਰਟੀ (ਐੱਨਸੀਪੀ) ਅਤੇ ਸ਼ਿਵ ਸੈਨਾ ਨੇ ਮਹਾ ਵਿਕਾਸ ਅਗਾੜੀ ਮੰਚ ਬਣਾ ਕੇ ਸ਼ਿਵ ਸੈਨਾ ਦੇ ਪ੍ਰਧਾਨ ਊਧਵ ਠਾਕਰੇ ਨੂੰ ਮੁੱਖ ਮੰਤਰੀ ਬਣਾ ਦਿੱਤਾ।

ਭਾਜਪਾ ਉਦੋਂ ਤੋਂ ਹੀ ਸ਼ਿਵ ਸੈਨਾ ਦਾ ਅੰਦਰੂਨੀ ਵਿਵਾਦ ਵਧਣ ਦੀ ਤਾਕ ਵਿਚ ਸੀ। ਹੁਣ ਰਣਨੀਤੀ ਤਹਿਤ ਏਕਨਾਥ ਸ਼ਿੰਦੇ ਦੀ ਅਗਵਾਈ ਵਿਚ ਬਾਗ਼ੀ ਵਿਧਾਇਕਾਂ ਨੂੰ ਪਹਿਲਾਂ ਗੁਜਰਾਤ ਅਤੇ ਫਿਰ ਅਸਾਮ ਵਿਚ ਰੱਖਿਆ ਗਿਆ। ਛੋਟੀ ਧਿਰ ਹੋਣ ਦੇ ਬਾਵਜੂਦ ਮੁੱਖ ਮੰਤਰੀ ਵੀ ਸ਼ਿਵ ਸੈਨਾ ਦੇ ਬਾਗ਼ੀ ਆਗੂ ਨੂੰ ਬਣਾਇਆ ਅਤੇ ਭਾਜਪਾ ਨੇ ਆਪਣੇ ਰਹਿ ਚੁੱਕੇ ਮੁੱਖ ਮੰਤਰੀ ਨੂੰ ਉਪ ਮੁੱਖ ਮੰਤਰੀ ਬਣਨ ਦਾ ਹੁਕਮ ਦੇ ਦਿੱਤਾ। ਇਸੇ ਸਮਝੌਤੇ ਤਹਿਤ ਸਪੀਕਰ ਦਾ ਅਹੁਦਾ ਭਾਜਪਾ ਕੋਲ ਚਲਾ ਗਿਆ। ਹੁਣ ਸਰਕਾਰ ਦੀ ਕਾਰਗੁਜ਼ਾਰੀ ਭਾਜਪਾ 'ਤੇ ਨਿਰਭਰ ਹੈ। 'ਅਸਲੀ ਸ਼ਿਵ ਸੈਨਾ ਕੌਣ ?' ਵਾਲੀ ਸਿਆਸੀ ਲੜਾਈ ਵੀ ਸ਼ੁਰੂ ਹੋਣ ਦੇ ਆਸਾਰ ਹਨ। ਊਧਵ ਠਾਕਰੇ ਨੇ ਸ਼ਿੰਦੇ ਨੂੰ ਪਾਰਟੀ ਵਿਚੋਂ ਕੱਢ ਦਿੱਤਾ ਹੈ। ਉਸ ਦੇ ਪੁੱਤਰ ਆਦਿੱਤਿਆ ਠਾਕਰੇ ਦਾ ਇਹ ਕਹਿਣਾ ਜ਼ਮੀਨੀ ਲੜਾਈ ਦਾ ਸੰਕੇਤ ਹੈ ਕਿ ਬਾਗ਼ੀ ਵਿਧਾਇਕ ਸ਼ਿਵ ਸੈਨਿਕਾਂ ਨਾਲ ਅੱਖ ਕਿਸ ਤਰਾਂ ਮਿਲਾਉਣਗੇ ? ਖ਼ੈਰ, ਇਕ ਵਾਰ ਤਾਂ ਬਾਜ਼ੀ ਬਾਗੀਆਂ ਦੇ ਹੱਥ ਰਹੀ ਹੈ, ਹੁਣ ਇਹ ਦੇਖਣਾ ਦਿਲਚਸਪ ਹੋਵੇਗਾ ਕਿ ਸ਼ਿਵ ਸੈਨਾ ਦੇ ਅਗਲੇ ਕਦਮ ਕੀ ਹੋਣਗੇ ?

# ਕੈਨੇਡਾ ਵੱਲ ਪ੍ਰਵਾਸ ਬਨਾਮ ਪੰਜਾਬੀਆਂ ਦਾ ਦੁਖਾਂਤ

**ਦਮਨਜੀਤ ਕੌਰ**
**ਮੋਬਾਈਲ : ੯੯੧੫੦-੬੫੯੯੩**

ਕੈਨੇਡਾ, ਇਹ ਸਿਰਫ਼ ਇਕ ਦੇਸ਼ ਨਾ ਹੋ ਕੇ ਸਾਡੇ ਪੰਜਾਬੀਆਂ ਦੀ ਕਮਜ਼ੋਰੀ ਵੀ ਹੈ। ਅੱਜ ਪੰਜਾਬ ਵਿਚ ਜੇ ਤੁਸੀਂ 10 ਲੋਕਾਂ ਨੂੰ ਪੁੱਛੋ ਕਿ ਉਹ ਕੈਨੇਡਾ ਜਾਣ ਦੇ ਚਾਹਵਾਨ ਹਨ ਤਾਂ 9 ਲੋਕਾਂ ਦਾ ਜਵਾਬ ਹਾਂ-ਪੱਖੀ ਹੋਵੇਗਾ। ਬੱਚੇ ਤਾਂ ਬਾਰਵੀਂ ਪਾਸ ਕਰਨ ਤੋਂ ਬਾਅਦ ਹੀ ਕੈਨੇਡਾ ਜਾਣ ਬਾਰੇ ਸੋਚਦੇ ਹਨ ਜਦਕਿ ਉਨਾਂ ਦੇ ਮਾਪੇ ਪਹਿਲਾਂ ਹੀ ਮਨ ਬਣਾ ਲੈਂਦੇ ਹਨ ਕਿ ਹੁਣ ਇਸ ਨੂੰ ਆਈਲੈਟਸ ਕਰਵਾ ਕੇ ਵਿਦੇਸ਼ ਭੇਜ ਦਿੱਤਾ ਜਾਵੇ। ਵਿਦੇਸ਼ ਜਾਣ ਦਾ ਸਭ ਤੋਂ ਵੱਡਾ ਕਾਰਨ ਇਹੀ ਹੈ ਕਿ ਪੰਜਾਬ ਵਿਚ ਰੁਜ਼ਗਾਰ ਦੇ ਮੌਕੇ ਘੱਟ ਹਨ। ਇਸ ਤੋਂ ਇਲਾਵਾ ਵਧੀਆ ਲਾਈਫਸਟਾਈਲ ਲਈ ਲੋਕ ਵਿਦੇਸ਼ ਵੱਲ ਰੁਖ਼ ਕਰਦੇ ਹਨ। ਬਹੁਤੇ ਲੋਕ ਤਾਂ ਆਪਣੇ ਬੱਚਿਆਂ ਨੂੰ ਵੇਖਾ-ਵੇਖੀ ਹੀ ਬਾਹਰ ਭੇਜ ਦਿੰਦੇ ਹਨ। ਬਾਰਵੀਂ ਤੋਂ ਬਾਅਦ ਬੱਚੇ ਇੰਨੇ ਸਿਆਣੇ ਨਹੀਂ ਹੁੰਦੇ ਕਿ ਉਨਾਂ ਨੂੰ ਆਈਲੈਟਸ ਕਰਵਾ ਕੇ ਬਾਹਰਲੇ ਮੁਲਕਾਂ ਵਿਚ ਭੇਜ ਦਿੱਤਾ ਜਾਵੇ। ਜਿਸ ਸੂਬੇ 'ਚ ਮਾਂ-ਪਿਓ ਗੁਆਂਢੀਆਂ ਘਰ ਵੀ ਆਪਣੇ ਬੱਚੇ ਸੋਚ-ਸਮਝ ਕੇ ਭੇਜਦੇ ਹਨ ਉਹੀ ਸੂਬੇ ਦੇ ਮਾਂ-ਪਿਓ ਅੱਜ ਸਿਰਫ਼ ਚਕਾਚੌਂਧ ਕਾਰਨ ਹੀ ਆਪਣੇ ਬੱਚਿਆਂ ਨੂੰ ਝੱਟ ਦੇਣੀ ਵਿਦੇਸ਼ ਭੇਜਣ ਦੀਆਂ ਕੋਸ਼ਿਸ਼ਾਂ 'ਚ ਲੱਗ ਜਾਂਦੇ ਹਨ। ਪੰਜਾਬ 'ਚ ਵੱਡੇ-ਵੱਡੇ ਆਈਲੈਟਸ ਸੈਂਟਰ ਖੁੰਬਾਂ ਵਾਂਗ ਖੁੱਲ ਗਏ ਹਨ ਅਤੇ ਰੋਜ਼ ਪਤਾ ਨੀ ਕਿੰਨੇ ਹੀ ਨੌਜਵਾਨ ਉਨਾਂ 'ਚ ਦਾਖ਼ਲਾ ਲੈਂਦੇ ਹਨ। ਕੀ ਕੁਝ ਸਮੇਂ ਤੋਂ ਕਿਸੇ ਨੇ ਇਸ ਗੱਲ 'ਤੇ ਗ਼ੌਰ ਕੀਤਾ ਹੈ ਕਿ ਵਿਦੇਸ਼ 'ਚ ਸਾਡੇ ਕਿੰਨੇ ਹੀ ਨੌਜਵਾਨ ਰੋਜ਼ ਕਿਸੇ ਨਾ ਕਿਸੇ ਹਾਦਸੇ ਦਾ ਸ਼ਿਕਾਰ ਹੋ ਕੇ ਉਨਾਂ ਜਹਾਜ਼ਾਂ ਵਿਚ ਹੀ ਲਾਸ਼ਾਂ ਬਣ ਕੇ ਪਰਤ ਰਹੇ ਹਨ ਜਿਨਾਂ 'ਚ ਉਹ ਚਾਈਂ-ਚਾਈਂ ਗਏ ਸਨ। ਜੇ ਆਪਾਂ ਪਿਛਲੇ ਕੁਝ ਦਿਨਾਂ ਦੀਆਂ ਖ਼ਬਰਾਂ 'ਤੇ ਝਾਤ ਮਾਰੀਏ ਤਾਂ ਕਿੰਨੀਆਂ ਹੀ ਖ਼ਬਰਾਂ ਅਜਿਹੀਆਂ ਹਨ ਕਿ ਕੈਨੇਡਾ ਵਿਚ ਫਲਾਣੀ ਜਗਾ ਪੰਜਾਬੀ ਨੌਜਵਾਨ ਦਾ ਕਤਲ ਹੋ ਗਿਆ ਜਾਂ ਉਹ ਕਿਸੇ ਲੜਾਈ ਵਿਚ ਮਾਰਿਆ ਗਿਆ। ਬੀਤੇ ਦਿਨੀਂ ਕੈਨੇਡਾ ਦੇ ਐਡਮਿੰਟਨ ਵਿਚ 16 ਸਾਲਾਂ ਦੇ ਪੰਜਾਬ ਤੋਂ ਗਏ ਨੌਜਵਾਨ ਕਰਨਵੀਰ ਸਿੰਘ ਸਹੋਤਾ ਨੂੰ ਇਕ ਗਰੁੱਪ ਵੱਲੋਂ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ ਗਿਆ। ਇਸ ਤੋਂ ਇਲਾਵਾ ਪੰਜਾਬ ਦੇ ਮੋਗਾ ਤੋਂ ਗਏ 23 ਸਾਲਾ ਪ੍ਰਭਜੋਤ ਸਿੰਘ ਦਾ ਵੀ ਤੇਜ਼ਧਾਰ ਹਥਿਆਰ ਨਾਲ ਕਤਲ ਕਰ ਦਿੱਤਾ ਗਿਆ। ਕਪੂਰਥਲਾ ਦੀ ਰਹਿਣ ਵਾਲੀ 24 ਸਾਲਾ ਹਰਮਨਦੀਪ ਕੌਰ ਸਕਿਉਰਿਟੀ ਗਾਰਡ ਵਜੋਂ ਕੰਮ ਕਰਦੀ ਮੁਟਿਆਰ ਦਾ ਵੀ ਗੋਰੇ ਵੱਲੋਂ ਤੇਜ਼ਧਾਰ ਹਥਿਆਰ ਨਾਲ ਕਤਲ ਕਰ ਦਿੱਤਾ ਗਿਆ। ਹੋਰ ਪਤਾ ਨਹੀਂ ਕਿੰਨੀਆਂ ਹੀ ਅਣਗਿਣਤ ਖ਼ਬਰਾਂ ਹਨ ਜੋ ਇਹ ਦੱਸਦੀਆਂ ਹਨ ਕਿ ਵਿਦੇਸ਼ਾਂ 'ਚ ਸਾਡੇ ਬੱਚੇ ਨਫ਼ਰਤ ਦਾ ਸ਼ਿਕਾਰ ਹੋ ਕੇ ਜਾਨਾਂ ਗੁਆ ਰਹੇ ਹਨ। ਅੱਜ ਇਕ ਪੀਐੱਚਡੀ ਵਿਦਿਆਰਥੀ ਦੀ ਵੁੱਕਤ ਇਕ ਆਈਲੈਟਸ ਕਰਨ ਵਾਲੇ ਨੌਜਵਾਨ ਨਾਲੋਂ ਘੱਟ ਹੈ ਜੋ ਵੱਡੀ ਤ੍ਰਾਸਦੀ ਹੈ। ਇਹ ਚਿੰਤਾ



ਵਾਲੀ ਗੱਲ ਹੈ ਕਿ ਸਾਡੇ ਬੱਚਿਆਂ ਨੂੰ ਵਿਦੇਸ਼ਾਂ ਵਿਚ ਸੁਰੱਖਿਅਤ ਮਾਹੌਲ ਨਹੀਂ ਮਿਲ ਰਿਹਾ। ਹੁਣ ਕਈ ਕਹਿਣਗੇ ਕਿ ਮਾਹੌਲ ਤਾਂ ਇੱਥੇ ਵੀ ਸੁਰੱਖਿਅਤ ਨਹੀਂ ਪਰ ਇੱਥੇ ਤੁਸੀਂ ਆਪਣੇ ਮਾਪਿਆਂ ਕੋਲ ਤਾਂ ਹੈਗੇ ਹੋ ਨਾ। ਵਿਦੇਸ਼ਾਂ ਵਿਚ ਜਦੋਂ ਤੁਹਾਡਾ ਕੋਈ ਆਪਣਾ ਇਸ ਤਰਾਂ ਦੀ ਘਟਨਾ ਦਾ ਸ਼ਿਕਾਰ ਹੋ ਜਾਂਦਾ ਹੈ ਤਾਂ ਉੱਥੇ ਤੁਹਾਡਾ ਕੋਈ ਆਪਣਾ ਨਹੀਂ ਹੁੰਦਾ... ਕਿੰਨੇ-ਕਿੰਨੇ ਦਿਨ ਘਰਦਿਆਂ ਨੂੰ ਆਪਣੇ ਬੱਚਿਆਂ ਦੀਆਂ ਲਾਸ਼ਾਂ ਨੂੰ ਉਡੀਕਣਾ ਪੈਂਦਾ ਹੈ। ਜੇ ਅਸੀਂ ਘੱਟ ਵਿਚ ਗੁਜ਼ਾਰਾ ਕਰਨਾ ਸਿੱਖ ਜਾਈਏ ਤਾਂ ਬਹੁਤ ਸਾਰੀਆਂ ਮੰਦਭਾਗੀਆਂ ਘਟਨਾਵਾਂ ਤੋਂ ਬਚਿਆ ਜਾ ਸਕਦਾ ਹੈ। ਕੈਨੇਡਾ ਸਰਕਾਰ ਨੂੰ ਕਾਨੂੰਨਾਂ ਨੂੰ ਹੋਰ ਸਖ਼ਤ ਕਰਨਾ ਚਾਹੀਦਾ ਹੈ ਤਾਂ ਜੋ ਸਾਡੇ ਪੰਜਾਬੀ ਨੌਜਵਾਨ ਨਸਲਵਾਦ ਦਾ ਸ਼ਿਕਾਰ ਨਾ ਹੋ ਸਕਣ। ਇਕ ਵਜਾ ਹੋਰ ਇਹ ਵੀ ਹੈ ਕਿ ਸਾਡੇ ਨੌਜਵਾਨ ਇੱਥੋਂ ਜਾ ਕੇ ਬਾਹਰ ਖੁੱਲੇ ਮਾਹੌਲ ਵਿਚ ਖੁੱਲ ਜਾਂਦੇ ਹਨ ਅਤੇ ਗ਼ਲਤ ਕੰਮਾਂ ਵਿਚ ਪੈ ਕੇ ਗ਼ਲਤ ਮਾਹੌਲ ਸਿਰਜਦੇ ਹਨ। ਉਹ ਗੈਂਗਵਾਰ ਦਾ ਹਿੱਸਾ ਬਣ ਜਾਂਦੇ ਹਨ ਤੇ ਆਪਣੇ ਹੀ ਪੰਜਾਬੀ ਨੌਜਵਾਨਾਂ 'ਤੇ ਵਾਰ ਕਰਦੇ ਹਨ। ਮਾਪੇ ਆਪਣੀ ਸਾਰੀ ਉਮਰ ਦੀ ਕਮਾਈ ਆਪਣੇ ਬੱਚਿਆਂ 'ਤੇ ਲਾ ਕੇ ਉਨਾਂ ਨੂੰ ਵਿਦੇਸ਼ਾਂ ਵਿਚ ਭੇਜਦੇ ਹਨ ਅਤੇ ਜਦੋਂ ਇਹੀ ਬੱਚੇ ਬਾਹਰ ਜਾ ਕੇ ਆਪਣੀ ਅਜ਼ਾਦੀ ਦਾ ਗ਼ਲਤ ਫ਼ਾਇਦਾ ਚੁੱਕਦੇ ਹਨ ਤੇ ਗ਼ਲਤ ਕੰਮਾਂ ਵਿਚ ਪੈ ਕੇ ਅਜਿਹੀਆਂ ਘਟਨਾਵਾਂ ਨੂੰ ਅੰਜਾਮ ਦਿੰਦੇ ਹਨ ਤਾਂ ਇਸ ਦਾ ਖ਼ਮਿਆਜ਼ਾ ਪੰਜਾਬ ਬੈਠੇ ਉਨਾਂ ਦੇ ਮਾਪਿਆਂ ਨੂੰ ਭੁਗਤਣਾ ਪੈਂਦਾ ਹੈ। ਜੇਕਰ ਅਸੀਂ ਇੱਥੇ ਰਹਾਂਗੇ ਤਾਂ ਹੀ ਆਪਣੇ ਪੰਜਾਬ ਨੂੰ ਬਦਲ ਸਕਾਂਗੇ। ਮੈਨੂੰ ਲੱਗਦਾ ਹੈ ਕਿ ਦੁਨੀਆ ਦੀ ਹਰ ਸ਼ੈਅ ਨਾਲੋਂ ਸਭ ਤੋਂ ਜ਼ਿਆਦਾ ਮਾਅਨੇ ਇਹ ਰੱਖਦਾ ਹੈ ਕਿ ਤੁਸੀਂ ਆਪਣੇ ਘਰ ਹੋਵੋ ਤੇ ਆਪਣੇ ਮਾਪਿਆਂ ਦੇ ਕੋਲ ਹੋਵੋ ਪਰ ਅੱਜ ਦੇ ਦੌਰ ਵਿਚ ਅਸੀਂ ਇਨਾਂ ਗੱਲਾਂ ਨੂੰ ਤਵੱਜੋ ਨਾ ਦੇ ਕੇ ਆਪਣੇ ਬੱਚਿਆਂ ਨੂੰ ਆਪਣਿਆਂ ਤੋਂ ਦੂਰ ਕਰ ਰਹੇ ਹਾਂ ਅਤੇ ਕਈ ਵਾਰ ਉਹ ਇੰਨਾ ਦੂਰ ਹੋ ਜਾਂਦੇ ਹਨ ਕਿ ਫਿਰ ਅਸੀਂ ਉਨਾਂ ਦਾ ਦੁਬਾਰਾ ਚਿਹਰਾ ਵੀ ਨਹੀਂ ਦੇਖ ਪਾਉਂਦੇ। ਸੋ, ਇੱਥੇ ਸਾਨੂੰ ਸਾਰਿਆਂ ਨੂੰ ਖ਼ੁਦ ਸੋਚਣ, ਸਮਝਣ ਤੇ ਸੰਭਲਣ ਦੀ ਲੋੜ ਹੈ।




# ਕੀ 50 ਸਾਲਾਂ ਦੀ ਉਮਰ ਤੋਂ ਬਾਅਦ ਦਿਮਾਗ਼ ਤੇ ਸਰੀਰ ਜਵਾਨ ਕੀਤਾ ਜਾ ਸਕਦਾ ਹੈ ?



**ਡਾ. ਹਰਸ਼ਿੰਦਰ ਕੌਰ, ਐਮ. ਡੀ.**
ਫੋਨ ਨੰ. : 0175-2216783

ਜਿਵੇਂ-ਜਿਵੇਂ ਉਮਰ ਵਧਦੀ ਹੈ, ਦਿਮਾਗ਼ ਦਾ ਸੁੰਗੜਨਾ ਵਧਦਾ ਜਾਂਦਾ ਹੈ। ਇਸੇ ਲਈ ਯਾਦਾਸ਼ਤ ਦੀ ਕਮੀ ਵੀ ਦਿਸਣ ਲੱਗ ਪੈਂਦੀ ਹੈ। ਕਈ ਕਿਸਮਾਂ ਦੇ ਹਾਰਮੋਨ ਅਤੇ ਰਸ ਵੀ ਘੱਟ ਜਾਂਦੇ ਹਨ।

ਖੋਜਾਂ ਸਾਬਤ ਕਰ ਚੁੱਕੀਆਂ ਹਨ ਕਿ ਰੈਗੂਲਰ ਕਸਰਤ ਅਤੇ ਸੰਤੁਲਿਤ ਖ਼ੁਰਾਕ ਦਿਮਾਗ਼ ਨੂੰ ਲੰਮੇ ਸਮੇਂ ਤੱਕ ਚੁਸਤ ਦਰੁਸਤ ਰੱਖ ਸਕਦੇ ਹਨ ਕਿਉਂਕਿ ਦਿਮਾਗ਼ ਵੱਲ ਜਾਂਦਾ ਲਹੂ ਰਵਾਂ ਹੋ ਜਾਂਦਾ ਹੈ।

40 ਸਾਲਾਂ ਦੀ ਉਮਰ ਤੋਂ ਬਾਅਦ ਹਰ ਦਸ ਸਾਲਾਂ ਵਿਚ 5 ਫੀਸਦੀ ਦਿਮਾਗ਼ ਸੁੰਗੜ ਜਾਂਦਾ ਹੈ। ਇਸੇ ਲਈ ਸੱਤਰਿਆ ਬਹੱਤਰਿਆ ਸ਼ਬਦ ਵਰਤਿਆ ਜਾਂਦਾ ਹੈ। ਮਜ਼ੇਦਾਰ ਤੱਥ ਇਹ ਹੈ ਕਿ ਆਦਮੀ ਅਤੇ ਔਰਤ ਦੇ ਦਿਮਾਗ਼ ਦੇ ਵੱਖੋ-ਵੱਖ ਹਿੱਸੇ ਉਮਰ ਨਾਲ ਸੁੰਗੜਦੇ ਹਨ। ਦਿਮਾਗ਼ ਦੇ ਅਗਲੇ ਸਿਰੇ (ਫਰੰਟਲ ਅਤੇ ਟੈਂਪੋਰਲ) ਦਾ ਬੰਦਿਆਂ ਵਿਚ ਘਟਣਾ ਅਤੇ ਔਰਤਾਂ ਵਿਚ ਪਾਸੇ ਦਾ ਹਿੱਸਾ (ਪੈਰਾਈਟਲ) ਘਟਦਾ ਵੇਖਿਆ ਗਿਆ ਹੈ।

ਇਸੇ ਲਈ ਇੱਕੋ ਜਿੰਨੇ ਲਾਇਕ ਔਰਤ ਅਤੇ ਮਰਦ ਹੋਣ ਤਾਂ ਵਧਦੀ ਉਮਰ ਨਾਲ ਬੌਧਿਕ ਵਿਕਾਸ ਵਿਚ ਘਾਟਾ ਬੰਦਿਆਂ ਵਿਚ ਵੱਧ ਦਿਸਣ ਲੱਗ ਪੈਂਦਾ ਹੈ। ਇਸ ਵਾਸਤੇ ਸਿਰਫ਼ 140 ਜਣਿਆਂ ਉੱਤੇ ਲੰਮੇ ਸਮੇਂ ਤੱਕ ਖੋਜ ਕੀਤੀ ਗਈ ਸੀ, ਜੋ 50 ਤੋਂ 81 ਵਰਿਆਂ ਦੇ ਸਨ।

ਢਹਿੰਦੀ ਕਲਾ ਦਾ ਬਹੁਤ ਅਹਿਮ ਰੋਲ ਲੱਭਿਆ ਗਿਆ, ਜਿਸ ਨਾਲ ਦਿਮਾਗ਼ ਦਾ ਸੁੰਗੜਨਾ ਵਕਤ ਤੋਂ ਪਹਿਲਾਂ ਹੀ ਸ਼ੁਰੂ ਹੋ ਜਾਂਦਾ ਹੈ। ਨਿੱਕੀਆਂ-ਨਿੱਕੀਆਂ ਗੱਲਾਂ ਭੁੱਲਣੀਆਂ, ਨਾਂ ਭੁੱਲ ਜਾਣੇ, ਚੀਜ਼ ਰੱਖ ਕੇ ਭੁੱਲ ਜਾਣੀ, ਜਿੱਥੇ ਗਏ ਹੋਵੇ, ਉੱਥੇ ਕੁੱਝ ਛੱਡ ਆਉਣਾ ਆਦਿ ਆਮ ਹੀ ਲੋੜੋਂ ਵੱਧ ਦਿਮਾਗ਼ ਉੱਤੇ ਬੋਝ, ਤਣਾਓ ਜਾਂ ਢਹਿੰਦੀ ਕਲਾ ਵਿਚ ਦਿਸਣ ਲੱਗ ਪੈਂਦਾ ਹੈ।

ਇਹ ਵੀ ਆਮ ਹੀ ਵੇਖਣ ਵਿਚ ਆਉਂਦਾ ਹੈ ਕਿ ਵਧਦੀ ਉਮਰ ਨਾਲ ਆਵਾਜ਼ ਦੀ ਗੜਕ ਵਿਚ ਫ਼ਰਕ ਪੈ ਜਾਂਦਾ ਹੈ। ਕਈ ਵਾਰ ਲੋਕਾਂ ਜਾਂ ਸ਼ਹਿਰਾਂ ਦੇ ਨਾਂ ਵੀ ਚੇਤੇ ਵਿੱਚੋਂ ਵਿਸਰ ਜਾਂਦੇ ਹਨ। ਕੁੱਝ ਬਹੁਤ ਹੌਲੀ ਬੋਲਣ ਲੱਗ ਪੈਂਦੇ ਹਨ। ਇਹ ਸਭ ਕੁੱਝ ਦਿਮਾਗ਼ ਵੱਲ ਜਾਂਦੇ ਲਹੂ ਦਾ ਘਟਣਾ, ਦਿਮਾਗ਼ ਦੀਆਂ ਨਾੜੀਆਂ ਦਾ ਭੀੜੀਆਂ ਹੋਣਾ, ਲਹੂ ਦੇ ਝੱਪੇ ਜੰਮਣੇ, ਬੋਲਣ ਵਾਲੇ ਜੰਤਰ ਦਾ ਸੁੰਗੜ ਜਾਣਾ, ਗਲੇ ਦੇ ਪੱਠਿਆਂ ਦੀ ਕਮਜ਼ੋਰੀ ਆਦਿ, ਅਨੇਕ ਕਾਰਨਾਂ ਕਰ ਕੇ ਉੱਚੀ ਆਵਾਜ਼ ਨਾ ਨਿਕਲਣੀ ਅਤੇ ਤੇਜ਼ੀ ਨਾਲ ਨਾ ਬੋਲ ਸਕਣਾ ਆਮ ਹੀ ਦਿਸਦੇ ਹਨ। ਜੇ ਪਾਰਕਿਨਸਨ ਰੋਗ ਹੋ ਜਾਵੇ ਜਾਂ ਦਿਮਾਗ਼ੀ ਸੱਟ ਵੱਜੀ ਹੋਵੇ ਤਾਂ ਹਾਲਾਤ ਹੋਰ ਵੀ ਬਦਤਰ ਹੋ ਸਕਦੇ ਹਨ।

ਕਈ ਵਾਰ ਬੋਲਣ ਵੇਲੇ ਮੂੰਹ ਦਾ ਕਾਂਬਾ ਜਾਂ ਰਲਗਡ ਜਿਹੇ ਬੋਲ ਵੀ ਸੁਣੇ ਜਾ ਸਕਦੇ ਹਨ। ਇਹ ਮੂੰਹ, ਗਲੇ ਅਤੇ ਚਿਹਰੇ ਦੇ ਪੱਠਿਆਂ ਦੀ ਲੋੜੋਂ ਵੱਧ ਕਮਜ਼ੋਰੀ ਕਾਰਨ ਹੋ ਜਾਂਦਾ ਹੈ ਕਿਉਂਕਿ ਪ੍ਰੋਟੀਨ ਦੀ ਘਾਟ ਨਾਲ ਪੱਠੇ ਵੀ ਬਹੁਤੇ ਕਮਜ਼ੋਰ ਹੋ ਜਾਂਦੇ ਹਨ।

ਜੇ ਦਿਮਾਗ਼ ਨੂੰ ਲਗਾਤਾਰ ਰਵਾਂ ਨਾ ਕੀਤਾ ਜਾ ਰਿਹਾ ਹੋਵੇ, ਯਾਨੀ ਇਕੱਲੇ ਬਹਿ ਜਾਣਾ ਜਾਂ ਘਰ ਅੰਦਰ ਹੀ ਤੜੇ ਜਾਣਾ ਅਤੇ ਕੁੱਝ ਵੀ ਨਵਾਂ ਨਾ ਲਿਖਣਾ ਜਾਂ ਪੜ੍ਹਨਾ, ਤਾਂ 50 ਵਰਿਆਂ ਦੀ ਉਮਰ ਤੋਂ ਪਹਿਲਾਂ ਹੀ ਦਿਮਾਗ਼ ਲੋੜੋਂ ਵੱਧ ਸੁੰਗੜ ਜਾਂਦਾ ਹੈ।

ਇਸੇ ਲਈ ਬੁਝਾਰਤਾਂ ਬੁੱਝਣੀਆਂ, ਨਵੀਂ ਜ਼ਬਾਨ ਸਿੱਖਣੀ, ਨੱਚਣਾ, ਤੇਜ਼ ਤੁਰਨਾ, ਸਵੈਟਰ ਬੁਣਨਾ, ਗੀਤ ਗਾਉਣੇ, ਗਿੱਧਾ ਪਾਉਣਾ, ਖੇਤੀ ਕਰਨੀ, ਗੋਡੀ ਕਰਨੀ, ਨਵੀਂ ਚੀਜ਼ ਬਣਾ ਕੇ ਖਾਣੀ, ਤਾਸ਼ ਖੇਡਣੀ, ਅਖਬਾਰ ਜਾਂ ਨਾਵਲ ਪੜ੍ਹਨੇ, ਸੰਗੀਤ ਸਿਰਜਣਾ ਜਾਂ ਸੁਣਨਾ ਆਦਿ, ਵਰਗੇ ਕੰਮ ਦਿਮਾਗ਼ ਨੂੰ ਚੁਸਤ ਰੱਖਣ ਲਈ ਜ਼ਰੂਰ ਕਰਨੇ ਚਾਹੀਦੇ ਹਨ। ਦਿਮਾਗ਼ ਵਿਹਲਾ ਹੁੰਦੇ ਸਾਰ ਸੁਸਤ ਪੈ ਕੇ ਵਾਧੂ ਚੀਜ਼ਾਂ ਬਾਹਰ ਕੱਢ ਦਿੰਦਾ ਹੈ।

ਖੋਜਾਂ ਤਾਂ ਇੱਥੋਂ ਤੱਕ ਸਾਬਤ ਕਰ ਚੁੱਕੀਆਂ ਹਨ ਕਿ ਵਿਹਲੇ ਸਮੇਂ ਤਾਸ਼ ਖੇਡਣ ਜਾਂ ਅਖ਼ਬਾਰ ਪੜ੍ਹਨ ਨਾਲ ਵੀ ਬੌਧਿਕ ਵਿਕਾਸ ਵਾਲਾ ਸੈਂਟਰ ਰਵਾਂ ਹੁੰਦਾ ਰਹਿੰਦਾ ਹੈ ਤੇ ਸੁੰਗੜਦਾ ਨਹੀਂ। ਇੰਜ ਹੀ ਨਵੇਂ ਲੋਕਾਂ ਨੂੰ ਮਿਲਣ ਗਿਲਣ ਜਾਂ ਵੈਸੇ ਹੀ ਖਲੋ ਕੇ ਉਨਾਂ ਨਾਲ ਗੱਲ ਕਰਨ ਨਾਲ ਵੀ ਦਿਮਾਗ਼ ਵੱਲ ਜਾਂਦਾ ਲਹੂ ਰਵਾਂ ਹੁੰਦਾ ਰਹਿੰਦਾ ਹੈ।

ਇਸ ਦੇ ਨਾਲੋ ਨਾਲ ਸਵੇਰ ਵੇਲੇ ਦੀ ਲੰਮੀ ਸੈਰ ਅਤੇ ਹਰੀਆਂ ਸਬਜ਼ੀਆਂ ਤੇ ਫਲ ਖਾਂਦੇ ਰਹਿਣਾ ਅਧੇੜ ਉਮਰ ਤੱਕ ਦਿਮਾਗ਼ੀ ਤੰਦਰੁਸਤੀ ਦਾ ਰਾਜ਼ ਮੰਨੇ ਗਏ ਹਨ।

ਨੈਸ਼ਨਲ ਰਿਸਰਚ ਕਾਊਂਸਲ ਨੇ ਸੰਨ 2000 ਵਿਚ ਤੇ ਫਿਰ ਸੰਨ 2003 ਵਿਚ ਇਹ ਸਪਸ਼ਟ ਕੀਤਾ ਸੀ ਕਿ ਕੋਈ ਵੀ ਨਵੀਂ ਖੋਜ ਪੜ੍ਹਦੇ ਰਹਿਣ ਨਾਲ ਵੀ ਵਡੇਰੀ ਉਮਰ ਤੱਕ ਯਾਦਾਸ਼ਤ ਦਾ ਸੈਂਟਰ ਤਾਜ਼ਾ ਰੱਖਿਆ ਜਾ ਸਕਦਾ ਹੈ। ਇਹ ਵੀ ਅਣਗਿਣਤ ਲੋਕਾਂ ਉੱਤੇ ਖੋਜ ਕੀਤੀ ਜਾ ਚੁੱਕੀ ਹੈ ਕਿ ਦੋਸਤਾਂ ਮਿੱਤਰਾਂ ਜਾਂ ਆਂਢੀਆਂ ਗੁਆਂਢੀਆਂ ਨਾਲ ਗੱਲਬਾਤ ਕਰਦੇ ਰਹਿਣ ਵਾਲੇ ਲੰਮੀ ਉਮਰ ਭੋਗਦੇ ਹਨ।

ਇਸ ਦੇ ਸਬੂਤ ਵੀ ਮਿਲ ਚੁੱਕੇ ਹਨ ਕਿ ਪੋਤਰੇ ਦੋਹਤਰਿਆਂ ਨਾਲ ਸਾਂਝ ਗੰਢਣ ਵਾਲੇ ਬਜ਼ੁਰਗਾਂ ਦੀ ਸਰੀਰਕ ਅਤੇ ਮਾਨਸਿਕ ਸਿਹਤ ਜ਼ਿਆਦਾ ਦੇਰ ਤੱਕ ਠੀਕ ਰਹਿੰਦੀ ਹੈ।

ਯੋਗ ਅਤੇ ਹਲਕੀ ਫੁਲਕੀ ਕਸਰਤ ਤਾਂ 95 ਸਾਲ ਦੇ ਬਜ਼ੁਰਗਾਂ ਨੂੰ ਵੀ ਤੰਦਰੁਸਤ ਰੱਖਦੀ ਹੈ। ਇਸ ਨਾਲ ਉਮਰ ਵੀ ਲੰਮੀ ਭੋਗੀ ਜਾ ਸਕਦੀ ਹੈ।

ਜਾਨਵਰ ਵੀ ਜੇ ਇਕੱਲੇ ਰੱਖ ਕੇ ਪਾਲੇ ਜਾਣ ਤਾਂ ਉਨਾਂ ਦੇ ਦਿਮਾਗ਼ ਦਾ ਸੁੰਗੜਨਾ ਵੇਖਿਆ ਗਿਆ ਹੈ। ਇੰਜ ਹੀ ਇਕੱਲਾ ਰਹਿ ਗਿਆ ਬਜ਼ੁਰਗ ਆਪਣੇ ਆਪ ਤੱਕ ਹੀ ਸੀਮਤ ਹੋ ਕੇ ਰਹਿ ਜਾਂਦਾ ਹੈ। ਇਸ ਚੁੱਪ ਅਤੇ ਜ਼ਿੰਦਗੀ ਵਿਚਲੇ ਖੋਖਲੇਪਨ ਨੂੰ ਭਰਨ ਲਈ ਬਜ਼ੁਰਗ ਘਰ ਅਤੇ ਬਜ਼ੁਰਗਾਂ ਲਈ ਕਈ ਪ੍ਰੋਗਰਾਮ ਉਲੀਕੇ ਜਾਂਦੇ ਹਨ ਤਾਂ ਜੋ ਵਡੇਰੀ ਉਮਰ ਵਿਚ ਵੀ ਬਜ਼ੁਰਗ ਕਿਸੇ ਉੱਤੇ ਆਸ਼ਰਿਤ ਮਹਿਸੂਸ ਨਾ ਕਰਨ। ਇੰਜ ਹੀ ਵਿਸ਼ਵ ਪੱਧਰ ਉੱਤੇ ਬਜ਼ੁਰਗਾਂ ਦੀਆਂ ਖੇਡਾਂ ਪ੍ਰਚਲਿਤ ਕੀਤੀਆਂ ਗਈਆਂ ਹਨ। ਢਹਿੰਦੀ ਕਲਾ ਵਡੇਰੀ ਉਮਰ ਵਿਚ ਆਮ ਹੀ ਆ ਦਬੋਚਦੀ ਹੈ। ਕਾਰਨ-ਮੌਤ ਦਾ ਭੈਅ, ਪੈਸੇ ਦੀ ਘਾਟ, ਆਪਣਿਆਂ ਵੱਲੋਂ ਬੇਕਦਰੀ, ਜੀਵਨ ਸਾਥੀ ਦਾ ਤੁਰ ਜਾਣਾ ਆਦਿ।

ਇਸੇ ਲਈ ਰੈਗੂਲਰ ਸਿਹਤ ਦਾ ਚੈੱਕਅੱਪ ਅਤੇ ਵੇਲੇ ਸਿਰ ਬੀਮਾਰੀਆਂ ਦਾ ਇਲਾਜ ਕਰਨ ਦੀ ਲੋੜ ਹੁੰਦੀ ਹੈ। ਇਸ ਦੇ ਨਾਲ ਹੀ ਮਨੋਰੋਗ ਸਪੈਸ਼ਲਿਸਟ ਵੱਲੋਂ ਚੈੱਕਅੱਪ ਜ਼ਰੂਰੀ ਹੁੰਦਾ ਹੈ।

ਮਨੋਰੋਗਾਂ ਤੋਂ ਬਚਾਓ ਲਈ ਬਜ਼ੁਰਗਾਂ ਨੂੰ ਬੈਂਕ, ਸੈਰ ਸਪਾਟਾ ਜਾਂ ਬਜ਼ਾਰ ਵਿਚ ਖਰੀਦੋ ਫਰੋਖ਼ਤ ਲਈ ਜਾਣ ਵਾਸਤੇ ਪ੍ਰੋਤਸਾਹਿਤ ਕੀਤਾ ਜਾਂਦਾ ਹੈ।

ਨਵੀਂ ਜ਼ਬਾਨ ਸਿੱਖਣ, ਨਵੀਆਂ ਗੱਲਾਂ ਸੁਣਨ ਅਤੇ ਨਵੀਆਂ ਚੀਜ਼ਾਂ ਵੇਖਣ ਨਾਲ ਦਿਮਾਗ਼ ਦੇ ਵੱਖੋ-ਵੱਖ ਹਿੱਸਿਆਂ ਵੱਲ ਜਾਂਦੀਆਂ ਤਰੰਗਾਂ ਦਿਮਾਗ਼ ਦੇ ਸਾਰੇ ਹਿੱਸਿਆਂ ਨੂੰ ਚੁਸਤ ਕਰ ਦਿੰਦੀਆਂ ਹਨ। ਹਰ ਨਵੇਂ ਸਿੱਖੇ ਸ਼ਬਦ ਨੂੰ ਬੱਚਿਆਂ ਵਾਂਗ ਪੰਜ ਜਾਂ ਛੇ ਵਾਰ ਦੁਹਰਾਉਣਾ ਚਾਹੀਦਾ ਹੈ। ਬਿਲਕੁਲ ਇੰਜ ਹੀ ਨੱਚਣ ਨਾਲ ਜਿੱਥੇ ਵੱਖੋ-ਵੱਖ ਜੋੜ ਅਤੇ ਪੱਠੇ ਠੀਕ ਰਹਿੰਦੇ ਹਨ, ਉੱਥੇ ਦਿਮਾਗ਼ ਵੀ ਪੂਰਾ ਚੁਸਤ ਹੋ ਜਾਂਦਾ ਹੈ।

ਚੰਗੇ ਸਪੈਸ਼ਲਿਸਟ ਡਾਕਟਰਾਂ ਅਨੁਸਾਰ ਹਰ ਇੰਦ੍ਰੀ ਨੂੰ ਰੋਜ਼ ਚੁਸਤ ਕਰਨ ਲਈ ਵੇਖਣ, ਸੁਣਨ, ਛੋਹਣ, ਸੁਆਦ ਅਤੇ ਸੁੰਘਣ ਦੀਆਂ ਤੰਤੀਆਂ ਨੂੰ ਵਰਤਣ ਦੀ ਲੋੜ ਹੁੰਦੀ ਹੈ। ਨਵੇਂ ਹੋਟਲ ਵਿਚ ਰੋਟੀ ਖਾਣੀ, ਬਾਗ਼ ਵਿਚ ਸੈਰ ਕਰਨੀ, ਨਵੀਂ ਪਰਫਿਊਮ ਲਾਉਣੀ, ਨਵੀਂ ਚਾਦਰ ਵਿਛਾਉਣੀ, ਨਵੇਂ ਫੁੱਲ ਲਾਉਣੇ, ਪਾਲਤੂ ਜਾਨਵਰ ਰੱਖਣਾ ਆਦਿ, ਹਰ ਗੱਲ ਨੂੰ ਵਾਰੀ-ਵਾਰੀ ਕਰ ਕੇ ਅਜਿਹਾ ਕੀਤਾ ਜਾ ਸਕਦਾ ਹੈ।

ਜੇ ਬਜ਼ੁਰਗ ਆਪ ਕਾਰ ਚਲਾ ਸਕਦੇ ਹੋਣ ਜਾਂ ਸਾਈਕਲ ਚਲਾ ਰਹੇ ਹੋਣ ਤਾਂ ਬਹੁਤ ਵਧੀਆ ਹੈ। ਜੇ ਨਾ ਕਰ ਸਕਦੇ ਹੋਣ ਤਾਂ ਕਿਸੇ ਹੋਰ ਨੂੰ ਨਵੀਂ ਚੀਜ਼ ਚਲਾਉਣੀ ਜਾਂ ਬਣਾਉਣੀ ਸਿਖਾਈ ਜਾ ਸਕਦੀ ਹੈ। **ਬਾਕੀ ਸਫ਼ਾ 30 'ਤੇ**

## ਸਿਹਤਮੰਦ ਰਹਿਣ ਲਈ ਰਾਤ ਨੂੰ ਕਿਹੋ ਜਿਹਾ ਖਾਣਾ ਖਾਧਾ ਜਾਵੇ

ਹੈਲਦੀ ਡਿਨਰ ਰੈਸਿਪੀ : ਜਿਵੇਂ ਕਿ ਅਸੀਂ ਸਾਰਿਆਂ ਨੇ ਸੁਣਿਆ ਹੈ ਕਿ ਰਾਤ ਦਾ ਖਾਣਾ ਹਲਕਾ ਹੋਣਾ ਚਾਹੀਦਾ ਹੈ। ਪਰ ਹਲਕਾ ਭੋਜਨ ਖਾਣ ਤੋਂ ਬਾਅਦ ਕਈ ਵਾਰ ਭੁੱਖ ਨਹੀਂ ਮਿਟਦੀ ਤੇ ਫਿਰ ਥੋੜੀ ਦੇਰ ਬਾਅਦ ਜਦੋਂ ਭੁੱਖ ਲੱਗਦੀ ਹੈ ਤਾਂ ਉਹ ਖਾ ਲੈਂਦੇ ਹਨ ਜੋ ਸਾਹਮਣੇ ਦਿਖਾਈ ਦਿੰਦਾ ਹੈ।ਇਸ ਲਈ ਅੱਜ ਅਸੀਂ ਜਾਣਾਂਗੇ ਕੁਝ ਅਜਿਹੀਆਂ ਹੀ ਡਿਨਰ ਰੈਸਿਪੀਜ਼ ਦੇ ਬਾਰੇ, ਜੋ ਹਲਕੇ ਹੋਣ ਦੇ ਨਾਲ-ਨਾਲ ਸਿਹਤਮੰਦ ਵੀ ਹਨ ਅਤੇ ਇਨਾਂ ਨੂੰ ਖਾਣ ਨਾਲ ਪੇਟ ਵੀ ਭਰਦਾ ਹੈ।

### 1. ਦਾਲ ਦਾ ਸੂਪ

ਮੂੰਗ ਜਾਂ ਤੁੜ ਦੀ ਦਾਲ ਦਾ ਸੂਪ ਪਾਚਨ ਕਿਰਿਆ ਨੂੰ ਸੁਧਾਰਨ ਦਾ ਕੰਮ ਕਰਦਾ ਹੈ। ਇਸ ਨੂੰ ਜ਼ਿਆਦਾ ਸਿਹਤਮੰਦ ਅਤੇ ਪਚਣਯੋਗ ਬਣਾਉਣ ਲਈ ਤੁਸੀਂ ਇਸ 'ਚ ਆਪਣੀ ਮਨਪਸੰਦ ਸਬਜ਼ੀਆਂ ਮਿਲਾ ਸਕਦੇ ਹੋ। ਪਰ ਇਸ ਨੂੰ ਜ਼ਿਆਦਾ ਮਿਰਚ, ਮਸਾਲੇ ਪਾ ਕੇ ਨਾ ਬਣਾਓ ਕਿਉਂਕਿ ਇਸ ਨਾਲ ਸਵਾਦ ਜ਼ਰੂਰ ਵਧੇਗਾ ਪਰ ਜਿਸ ਫਾਇਦੇ ਲਈ ਤੁਸੀਂ ਇਸ ਨੂੰ ਪੀਣ ਦੀ ਕੋਸ਼ਿਸ਼ ਕਰ ਰਹੇ ਹੋ, ਉਹ ਘੱਟ ਹੋ ਜਾਣਗੇ। ਜੀ ਹਾਂ, ਜੀਰਾ, ਲਸਣ ਅਤੇ ਕੜੀ ਪੱਤੇ ਦਾ ਸੇਵਨ ਕਿਸੇ ਵੀ ਤਰਾਂ ਨਾਲ ਨੁਕਸਾਨਦੇਹ ਨਹੀਂ ਹੈ।

**ਲਾਭ**

ਪ੍ਰੋਟੀਨ ਤੋਂ ਇਲਾਵਾ ਦਾਲਾਂ ਵਿਚ ਆਇਰਨ, ਕਾਰਬੋਹਾਈਡਰੇਟ, ਵਿਟਾਮਿਨ, ਸੋਡੀਅਮ ਅਤੇ ਰਿਬੋਫਲੇਵਿਨ ਭਰਪੂਰ ਮਾਤਰਾ ਵਿਚ ਹੁੰਦੇ ਹਨ। ਜਿਸ ਦੀ ਸਾਡੇ ਸਰੀਰ ਨੂੰ ਲੋੜ ਹੁੰਦੀ ਹੈ। ਦਾਲ ਦਾ ਗਰਮ ਸੂਪ ਪੀਣ ਨਾਲ ਵੀ ਗਲੇ ਦੀ ਖਰਾਸ਼ ਅਤੇ ਜ਼ੁਕਾਮ ਤੋਂ ਰਾਹਤ ਮਿਲਦੀ ਹੈ।

### 2. ਪਨੀਰ ਭੁਰਜੀ

ਪ੍ਰੋਟੀਨ ਨਾਲ ਭਰਪੂਰ ਭੋਜਨ ਪੇਟ ਨੂੰ ਲੰਬੇ ਸਮੇਂ ਤਕ ਭਰਿਆ ਰੱਖਦਾ ਹੈ, ਜਿਸ ਨਾਲ ਭਾਰ ਘਟਾਉਣ ਦਾ ਸਫਰ ਆਸਾਨੀ ਨਾਲ ਪੂਰਾ ਕੀਤਾ ਜਾ ਸਕਦਾ ਹੈ। ਇਸ ਲਈ ਇਸ 'ਚ ਪਨੀਰ ਭੁਰਜੀ ਬਹੁਤ ਵਧੀਆ ਬਦਲ ਹੈ। ਇਸ ਨੂੰ ਸਵਾਦ ਅਤੇ ਸਿਹਤਮੰਦ ਬਣਾਉਣ ਲਈ ਤੁਸੀਂ ਇਸ ਵਿਚ ਪਿਆਜ਼, ਟਮਾਟਰ, ਹਰੀ ਮਿਰਚ, ਅਦਰਕ ਵਰਗੀਆਂ ਹੋਰ ਵੀ ਕਈ ਚੀਜ਼ਾਂ ਮਿਲਾ ਸਕਦੇ ਹੋ। ਲਾਲ ਮਿਰਚ, ਗਰਮ ਮਸਾਲਾ ਇਨਾਂ ਸਾਰੀਆਂ ਚੀਜ਼ਾਂ ਤੋਂ ਬਚੋ। ਤੁਸੀਂ ਭੁਰਜੀ ਨੂੰ ਇਸ ਤਰਾਂ ਖਾਓ ਜਾਂ ਫਿਰ ਰੋਟੀ, ਪਰਾਠਾ, ਹਰ ਤਰਾਂ ਨਾਲ ਸਭ ਤੋਂ ਵਧੀਆ ਹੈ। ਇਸ ਵਿਚ ਪ੍ਰੋਟੀਨ ਦਾ ਚੰਗਾ ਸਰੋਤ ਹੈ। ਇਸ 'ਚ ਵਿਟਾਮਿਨ ਡੀ ਦੀ ਮਾਤਰਾ ਵੀ ਹੁੰਦੀ ਹੈ। ਜੋ ਨਾ ਸਿਰਫ਼ ਹੱਡੀਆਂ ਨੂੰ ਮਜ਼ਬੂਤ ਬਣਾਉਂਦਾ ਹੈ ਬਲਕਿ ਮਾਨਸਿਕ ਵਿਕਾਸ ਲਈ ਵੀ ਜ਼ਰੂਰੀ ਹੈ।

### 3. ਪਾਲਕ ਦੀ ਦਾਲ ਖਿਚੜੀ

ਬਹੁਤ ਤੇਜ਼ ਤੇ ਸਿਹਤਮੰਦ ਡਿਨਰ ਵਿਕਲਪ ਹੈ ਇਸ ਨੂੰ ਸਿਹਤਮੰਦ ਬਣਾਉਣ ਲਈ ਪਾਲਕ ਤੋਂ ਇਲਾਵਾ ਤੁਸੀਂ ਇਸ 'ਚ ਗੋਭੀ, ਮਟਰ, ਬੀਨਜ਼ ਵਰਗੀਆਂ ਹੋਰ ਸਬਜ਼ੀਆਂ ਵੀ ਪਾ ਸਕਦੇ ਹੋ।

**ਲਾਭ**

ਆਇਰਨ ਤੋਂ ਇਲਾਵਾ ਪਾਲਕ ਵਿਚ ਵਿਟਾਮਿਨ ਡੀ, ਕੈਲਸ਼ੀਅਮ, ਮੈਗਨੀਸ਼ੀਅਮ, ਵਿਟਾਮਿਨ ਕੇ ਹੁੰਦਾ ਹੈ। ਇਸ ਨਾਲ ਸਰੀਰ ਨੂੰ ਊਰਜਾ ਅਤੇ ਤਾਕਤ ਮਿਲਦੀ ਹੈ। ਇਹ ਡਿਸ਼ ਈਮਿਊਨਿਟੀ ਵਧਾਉਣ ਵਿਚ ਵੀ ਫਾਇਦੇਮੰਦ ਹੈ।

# ਬਿਨਾਂ ਤਲੀ ਹੋਈ ਮੱਛੀ, ਹੋ ਸਕਦਾ ਹੈ ਚਮੜੀ ਦਾ ਕੈਂਸਰ

ਮੱਛੀ ਬਹੁਤ ਸਾਰੇ ਲੋਕਾਂ ਦਾ ਪਸੰਦੀਦਾ ਪਕਵਾਨ ਹੈ, ਪਰ ਜੇਕਰ ਤੁਸੀਂ ਲਗਾਤਾਰ ਜ਼ਿਆਦਾ ਮਾਤਰਾ ਵਿੱਚ ਮੱਛੀ ਖਾਣ ਦੇ ਸ਼ੌਕੀਨ ਹੋ, ਤਾਂ ਤੁਹਾਨੂੰ ਸਾਵਧਾਨ ਰਹਿਣਾ ਚਾਹੀਦਾ ਹੈ। ਇਹ ਤੁਹਾਨੂੰ ਮੇਲਾਨੋਮਾ ਕੈਂਸਰ (ਚਮੜੀ ਦੇ ਕੈਂਸਰ ਦੀ ਇੱਕ ਕਿਸਮ) ਦਾ ਸ਼ਿਕਾਰ ਬਣਾ ਸਕਦਾ ਹੈ। ਸੰਯੁਕਤ ਰਾਜ ਵਿੱਚ ਬੱਚਿਆਂ ਉੱਤੇ ਇੱਕ ਵੱਡੇ ਪੱਧਰ ਦੀ ਖੋਜ ਵਿੱਚ ਪਾਇਆ ਗਿਆ ਹੈ ਕਿ ਜੋ ਲੋਕ ਵੱਡੀ ਮਾਤਰਾ ਵਿੱਚ ਮੱਛੀਆਂ (ਟੂਨਾ ਅਤੇ ਅਨਫ੍ਰਾਈਡ ਮੱਛੀਆਂ) ਦਾ ਸੇਵਨ ਕਰਦੇ ਹਨ, ਉਨਾਂ ਵਿੱਚ ਖਤਰਨਾਕ ਮੇਲਾਨੋਮਾ ਹੋਣ ਦਾ ਖਤਰਾ ਜ਼ਿਆਦਾ ਹੁੰਦਾ ਹੈ। ਅਧਿਐਨ ਲੇਖਕ ਯੂਨਯਾਂਗ ਚੋ ਦੇ ਅਨੁਸਾਰ, ਮੇਲਾਨੋਮਾ ਸੰਯੁਕਤ ਰਾਜ ਵਿੱਚ ਪੰਜਵਾਂ ਸਭ ਤੋਂ ਆਮ ਕੈਂਸਰ ਹੈ। ਇੰਨਾ ਹੀ ਨਹੀਂ, ਹਰ 38 ਵਿੱਚੋਂ ਇੱਕ ਗੋਰਾ ਆਪਣੀ ਸਾਰੀ ਉਮਰ ਮੇਲਾਨੋਮਾ ਤੋਂ ਪੀੜਤ ਹੋਵੇਗਾ। ਇਸ ਦੇ ਨਾਲ ਹੀ, 1,000 ਵਿੱਚੋਂ ਇੱਕ ਸਿਆਹਫਾਮ ਵਿਅਕਤੀ, ਜਦੋਂ ਕਿ 167 ਵਿੱਚੋਂ ਇੱਕ ਹਿਸਪੈਨਿਕ ਇਸ ਬਿਮਾਰੀ ਦਾ ਸ਼ਿਕਾਰ ਹੁੰਦਾ ਹੈ। ਦਰਅਸਲ, ਪਿਛਲੇ ਦਹਾਕੇ ਵਿੱਚ ਅਮਰੀਕਾ ਅਤੇ ਯੂਰਪ ਵਿੱਚ ਮੱਛੀ ਖਾਣ ਦਾ ਰੁਝਾਨ ਬਹੁਤ ਤੇਜ਼ੀ ਨਾਲ ਵਧਿਆ ਹੈ। ਮੱਛੀ ਦੇ ਸੇਵਨ ਅਤੇ ਮੇਲਾਨੋਮਾ ਵਿਚਕਾਰ ਸਬੰਧਾਂ ਦੀ ਜਾਂਚ ਕਰਨ ਲਈ, ਖੋਜਕਰਤਾਵਾਂ ਨੇ 491,367 ਬਾਲਗਾਂ ਦੇ ਨਮੂਨਿਆਂ ਦਾ ਵਿਸ਼ਲੇਸ਼ਣ ਕੀਤਾ ਜਿਨਾਂ ਨੂੰ 1995 ਅਤੇ 1996 ਦੇ ਵਿਚਕਾਰ ਅਮਰੀਕਾ ਤੋਂ ਐਨ ਆਈ ਐਚ ਖ਼ੁਰਾਕ ਅਤੇ ਸਿਹਤ ਅਧਿਐਨ ਲਈ ਭਰਤੀ ਕੀਤਾ ਗਿਆ ਸੀ। ਇਨਾਂ ਦੀ ਔਸਤ ਉਮਰ 60 ਸਾਲ ਸੀ।



ਇਨਾਂ ਨੇ ਦੱਸਿਆ ਕਿ ਉਨਾਂ ਨੇ ਕਿੰਨੀ ਵਾਰ ਤਲੀ ਹੋਈ ਮੱਛੀ, ਅਨਫ੍ਰਾਈਡ ਫਿਸ਼ ਅਤੇ ਟੂਨਾ ਖਾਧੀ ਅਤੇ ਪਿਛਲੇ ਸਾਲ ਉਨਾਂ ਦਾ ਕਿਹੜਾ ਹਿੱਸਾ ਖਾਧਾ ਸੀ। ਖੋਜਕਰਤਾਵਾਂ ਨੇ ਫਿਰ ਔਸਤਨ 15 ਸਾਲਾਂ ਵਿੱਚ ਵਿਕਸਿਤ ਹੋਏ ਨਵੇਂ ਮੇਲਾਨੋਮਾ ਦੀਆਂ ਘਟਨਾਵਾਂ ਦੀ ਗਣਨਾ ਕਰਨ ਲਈ ਕੈਂਸਰ ਰਜਿਸਟਰੀਆਂ ਦੇ ਡੇਟਾ ਦੀ ਵਰਤੋਂ ਕੀਤੀ।

ਖੋਜਕਰਤਾਵਾਂ ਨੇ ਪਾਇਆ ਕਿ ਜਿਨਾਂ ਲੋਕਾਂ ਨੇ ਟੂਨਾ ਅਤੇ ਗੈਰ-ਤਲੀ ਹੋਈ ਮੱਛੀ ਖਾਧੀ ਉਨਾਂ ਵਿੱਚ ਮੇਲਾਨੋਮਾ ਅਤੇ ਪੜਾਅ ਦਾ ਖ਼ਤਰਾ ਕਾਫ਼ੀ ਜ਼ਿਆਦਾ ਸੀ। ਜਿਹੜੇ ਲੋਕ ਰੋਜ਼ਾਨਾ 14.2 ਗ੍ਰਾਮ ਟੂਨਾ ਮੱਛੀ ਖਾਂਦੇ ਹਨ, ਉਨਾਂ ਵਿੱਚ ਮੇਲਾਨੋਮਾ ਦਾ 20 ਪ੍ਰਤੀਸ਼ਤ ਵੱਧ ਜੋਖਮ ਹੁੰਦਾ ਹੈ ਅਤੇ ਪੜਾਅ ੦ ਦਾ 17 ਪ੍ਰਤੀਸ਼ਤ ਵੱਧ ਜੋਖਮ ਹੁੰਦਾ ਹੈ, ਉਨਾਂ ਲੋਕਾਂ ਦੇ ਮੁਕਾਬਲੇ ਜੋ ਪ੍ਰਤੀ ਦਿਨ 0.3 ਗ੍ਰਾਮ ਖਾਂਦੇ ਹਨ। ਇਸ ਦੇ ਨਾਲ ਹੀ, ਪ੍ਰਤੀ ਦਿਨ 0.3 ਗ੍ਰਾਮ ਅਨਫ੍ਰਾਈਡ ਮੱਛੀ ਖਾਣ ਵਾਲੇ ਲੋਕਾਂ ਦੇ ਮੁਕਾਬਲੇ, ਪ੍ਰਤੀ ਦਿਨ 17.8 ਗ੍ਰਾਮ ਅਨਫ੍ਰਾਈਡ ਮੱਛੀ ਖਾਣ ਨਾਲ ਮੇਲਾਨੋਮਾ ਦਾ 18 ਪ੍ਰਤੀਸ਼ਤ ਅਤੇ ਸਟੇਜ-੦ ਮੇਲਾਨੋਮਾ ਦਾ 25 ਪ੍ਰਤੀਸ਼ਤ ਜੋਖਮ ਹੁੰਦਾ ਹੈ।

### ਖ਼ਤਰਾ ਇਸ ਹੱਦ ਤੱਕ ਵੱਧ ਜਾਂਦਾ ਹੈ

ਯੂਐਸ ਦੀ ਬ੍ਰਾਊਨ ਯੂਨੀਵਰਸਿਟੀ ਦੇ ਖੋਜਕਰਤਾਵਾਂ ਨੇ ਪਾਇਆ ਕਿ ਜੋ ਲੋਕ ਪ੍ਰਤੀ ਦਿਨ 42.8 ਗ੍ਰਾਮ ਮੱਛੀ ਖਾਂਦੇ ਹਨ, ਉਨਾਂ ਵਿੱਚ ਮੇਲਾਨੋਮਾ ਦਾ ਖ਼ਤਰਾ 3.2 ਗ੍ਰਾਮ ਪ੍ਰਤੀ ਦਿਨ ਮੱਛੀ ਖਾਣ ਵਾਲਿਆਂ ਨਾਲੋਂ 22 ਪ੍ਰਤੀਸ਼ਤ ਵੱਧ ਸੀ। ਇਸ ਦੇ ਨਾਲ ਹੀ, ਜੋ ਲੋਕ ਪ੍ਰਤੀ ਦਿਨ 42.8 ਗ੍ਰਾਮ ਮੱਛੀ ਖਾਂਦੇ ਹਨ, ਉਨਾਂ ਦੀ ਚਮੜੀ ਦੀ ਬਾਹਰੀ ਪਰਤ ਵਿੱਚ ਅਸਧਾਰਨ ਸੈੱਲਾਂ ਦੇ ਵਿਕਾਸ ਦਾ 28 ਪ੍ਰਤੀਸ਼ਤ ਵੱਧ ਜੋਖਮ ਸੀ। ਇਸ ਨੂੰ ਸਟੇਜ-੦ ਮੇਲਾਨੋਮਾ ਜਾਂ ਮੇਲਾਨੋਮਾ ਇਨ ਸੀਟੂ ਕਿਹਾ ਜਾਂਦਾ ਹੈ।

# ਨਵੇਂ ਮੰਤਰੀਆਂ ਨੂੰ ਮਿਲੇ ਵਿਭਾਗ, ਕੁਝ ਪੁਰਾਣੇ ਮੰਤਰੀਆਂ ਦੇ ਵਿਭਾਗਾਂ ਵਿਚ ਤਬਦੀਲੀ

## ਮਾਨ ਦੀ ਕੈਬਨਿਟ ਵਿਚ ਮਾਝੇ ਦੇ ਛੇ ਮੰਤਰੀ, ਮਾਲਵੇ ਦੇ ਪੰਜ, ਦੁਆਬੇ ਅਤੇ ਪੁਆਧ ਦੇ ਦੋ ਦੋ ਮੰਤਰੀ

**ਚੰਡੀਗੜ/ਏ.ਟੀ.ਨਿਊਜ਼ :-** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਕੈਬਨਿਟ ਦਾ 107 ਦਿਨਾਂ ਬਾਅਦ ਬੀਤੇ ਸੋਮਵਾਰ ਨੂੰ ਵਿਸਥਾਰ ਕੀਤਾ ਗਿਆ ਸੀ। ਮੰਗਲਵਾਰ ਨੂੰ ਸਾਰੇ ਮੰਤਰੀਆਂ ਨੂੰ ਵਿਭਾਗ ਵੰਡੇ ਗਏ ਸਨ। ਕੁਝ ਪੁਰਾਣੇ ਮੰਤਰੀਆਂ ਦੇ ਵਿਭਾਗਾਂ ਵਿਚ ਵੀ ਬਦਲਾਅ ਕੀਤੇ ਗਏ ਹਨ। ਮੁੱਖ ਮੰਤਰੀ ਸਮੇਤ ਸਰਕਾਰ ਵਿੱਚ ਮੰਤਰੀਆਂ ਦੀ ਕੁੱਲ ਗਿਣਤੀ 15 ਹੋ ਗਈ ਹੈ।

ਨਵੇਂ ਮੰਤਰੀਆਂ ਵਿੱਚ ਸੁਨਾਮ ਤੋਂ ਦੂਜੀ ਵਾਰ ਵਿਧਾਇਕ ਚੁਣੇ ਗਏ ਅਮਨ ਅਰੋੜਾ, ਅੰਮ੍ਰਿਤਸਰ ਦੱਖਣੀ ਤੋਂ ਵਿਧਾਇਕ ਡਾ: ਇੰਦਰਬੀਰ ਸਿੰਘ ਨਿੱਝਰ, ਗੁਰੂਹਰਸਹਾਏ ਤੋਂ ਵਿਧਾਇਕ ਫੌਜਾ ਸਿੰਘ ਸਰਾੜੀ, ਸਮਾਣਾ ਤੋਂ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਅਤੇ ਖਰੜ ਤੋਂ ਬੀਬੀ ਵਿਧਾਇਕ ਅਨਮੋਲ ਗਗਨ ਮਾਨ ਸ਼ਾਮਲ ਹਨ।

ਅਮਨ ਅਰੋੜਾ ਨੂੰ ਸੂਚਨਾ ਵਿਭਾਗ ਦਿੱਤਾ ਗਿਆ ਹੈ ਜਦੋਂਕਿ ਹਰਪਾਲ ਸਿੰਘ ਚੀਮਾ ਤੋਂ ਸਹਿਕਾਰਤਾ ਵਿਭਾਗ ਵਾਪਸ ਲੈ ਲਿਆ ਗਿਆ ਹੈ। ਇੰਦਰਬੀਰ ਸਿੰਘ ਨਿੱਜਰ ਸਥਾਨਕ ਸਰਕਾਰਾਂ ਵਿਭਾਗ, ਚੇਤਨ ਸਿੰਘ ਜੌੜਾਮਾਜਰਾ ਨੂੰ ਸਿਹਤ ਮਹਿਕਮਾ ਸੰਭਾਲਣਗੇ। ਫੌਜਾ ਸਿੰਘ ਨੂੰ ਫੂਡ ਪ੍ਰੋਸੈਸਿੰਗ ਮੰਤਰਾਲਾ ਦਿੱਤਾ ਗਿਆ ਹੈ। ਅਨਮੋਲ ਗਗਨ ਮਾਨ ਸੱਭਿਆਚਾਰ ਤੇ ਸੰਸਕ੍ਰਿਤੀ ਮੰਤਰਾਲਾ ਸੰਭਾਲਣਗੇ।

1. ਹਰਪਾਲ ਸਿੰਘ : ਵਿੱਤ ਵਿਭਾਗ, ਪ੍ਰੋਗਰਾਮ ਸੰਚਾਲਨ, ਉਤਪਾਦ ਫੀਸ ਤੇ ਟੈਕਸੇਸ਼ਨ
2. ਡਾ. ਬਲਜੀਤ ਕੌਰ : ਸਮਾਜਿਕ ਨਿਆਂ, ਅਧਿਕਾਰਤ ਤੇ ਘੱਟਗਿਣਤੀ, ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ
3. ਹਰਭਜਨ ਸਿੰਘ : ਲੋਕ ਨਿਰਮਾਣ (ਬੀ ਐਂਡ ਆਰ), ਸ਼ਕਤੀ
4. ਲਾਲ ਚੰਦ : ਖ਼ੁਰਾਕ, ਨਾਗਰਿਕ ਸਪਲਾਈ ਤੇ ਖਪਤਕਾਰ ਮਾਮਲੇ, ਜੰਗਲਾਤ, ਜੰਗਲੀ ਜੀਵ
5. ਗੁਰਮੀਤ ਸਿੰਘ ਮੀਤ ਹੇਅਰ : ਸ਼ਾਸਨ ਸੁਧਾਰ, ਪ੍ਰਿੰਟਿੰਗ ਤੇ ਸਟੇਸ਼ਨਰੀ, ਸਾਇੰਸ ਟੈਕਨਾਲੋਜੀ ਐਂਡ ਐਨਵਾਇਰਮੈਂਟ, ਖੇਡ ਅਤੇ ਯੁਵਾ ਸੇਵਾ, ਉੱਚ ਸਿੱਖਿਆ
6. ਕੁਲਦੀਪ ਸਿੰਘ ਧਾਲੀਵਾਲ : ਪੇਂਡੂ ਵਿਕਾਸ, ਐੱਨਆਰਆਈ ਮਾਮਲੇ, ਖੇਤੀ ਅਤੇ ਕਿਸਾਨ ਕਲਿਆਣ
7. ਲਾਲਜੀਤ ਭੁੱਲਰ : ਆਵਾਜਾਈ, ਪਸ਼ੂਪਾਲਣ, ਮਛਲੀ ਪਾਲਣ ਤੇ ਡੇਅਰੀ ਵਿਕਾਸ
8. ਬ੍ਰਹਮ ਸ਼ੰਕਰ : ਮਾਲੀਆ, ਪੁਨਰਵਾਸ ਅਤੇ ਆਫ਼ਤ ਪ੍ਰਬੰਧਨ, ਜਲ ਸਪਲਾਈ ਅਤੇ ਸਵੱਛਤਾ
9. ਹਰਜੋਤ ਸਿੰਘ ਬੈਂਸ : ਵਾਟਰ ਰਿਸੋਰਸਿਜ਼, ਖ਼ਾਨ ਅਤੇ ਭੂ-ਵਿਗਿਆਨ, ਜੇਲ, ਸਕੂਲੀ ਸਿੱਖਿਆ
10. ਅਮਨ ਅਰੋੜਾ : ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਨਵੀਂ ਅਤੇ ਨਵਿਆਉਣਯੋਗ ਊਰਜਾ ਸਾਧਨ, ਆਵਾਸ ਤੇ ਸ਼ਹਿਰੀ ਵਿਕਾਸ
11. ਡਾ. ਇੰਦਰਬੀਰ ਸਿੰਘ ਨਿੱਜਰ : ਸਥਾਨਕ ਸਰਕਾਰਾਂ, ਸੰਸਦੀ ਕਾਰਜ, ਭੂਮੀ ਬਚਾਅ ਅਤੇ ਜਲ, ਪ੍ਰਸ਼ਾਸਨਿਕ ਸੁਧਾਰ।
12. ਫੌਜਾ ਸਿੰਘ : ਸੁਤੰਤਰਤਾ ਸੈਨਾਨੀ, ਰੱਖਿਆ ਸੇਵਾ ਕਲਿਆਣ, ਫੂਡ ਪ੍ਰੋਸੈੱਸਿੰਗ, ਬਾਗ਼ਬਾਨੀ
13. ਚੇਤਨ ਸਿੰਘ ਜੌੜਾਮਾਜਰਾ : ਸਿਹਤ ਅਤੇ ਪਰਿਵਾਰ ਕਲਿਆਣ, ਮੈਡੀਕਲ ਸਿੱਖਿਆ ਅਤੇ ਖੋਜ, ਚੋਣ
14. ਅਨਮੋਲ ਗਗਨ ਮਾਨ : ਸੈਰ-ਸਪਾਟਾ ਅਤੇ ਸੱਭਿਆਚਾਰ ਵਿਭਾਗ, ਨਿਵੇਸ਼ ਪ੍ਰੋਤਸਾਹਣ, ਕਿਰਤ



ਆਮ ਆਦਮੀ ਪਾਰਟੀ ਨੇ ਪਹਿਲੀ ਵਾਰ ਚੋਣ ਜਿੱਤਣ ਵਾਲੇ ਵਿਧਾਇਕਾਂ 'ਤੇ ਜ਼ਿਆਦਾ ਭਰੋਸਾ ਜਤਾਇਆ ਹੈ। ਵਿੱਤ ਮੰਤਰੀ ਹਰਪਾਲ ਚੀਮਾ ਤੇ ਸਿੱਖਿਆ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਤੋਂ ਬਾਅਦ ਅਮਨ ਅਰੋੜਾ ਹੀ ਅਜਿਹੇ ਮੰਤਰੀ ਹਨ ਜੋ ਲਗਾਤਾਰ ਦੋ ਵਾਰ ਚੋਣ ਜਿੱਤ ਚੁੱਕੇ ਹਨ। ਜਦੋਂਕਿ ਮੁੱਖ ਮੰਤਰੀ ਭਗਵੰਤ ਮਾਨ ਤੋਂ ਇਲਾਵਾ 11 ਮੰਤਰੀ ਪਹਿਲੀ ਵਾਰ ਵਿਧਾਇਕ ਬਣੇ ਹਨ।

### ਮਾਝੇ ਦੀ ਸਰਦਾਰੀ, ਸੰਗਰੂਰ ਤੋਂ ਚਾਰ ਮੰਤਰੀ

ਜੇਕਰ ਖਿੱਤੇ ਮੁਤਾਬਕ ਗੱਲ ਕਰੀਏ ਤਾਂ ਮੰਤਰੀ ਮੰਡਲ 'ਚ ਮਾਝੇ ਦੀ ਸਰਦਾਰੀ ਹੋ ਗਈ ਹੈ। ਮਾਨ ਦੀ ਕੈਬਨਿਟ ਵਿਚ ਮਾਝੇ ਦੇ ਛੇ ਮੰਤਰੀ, ਮਾਲਵੇ ਦੇ ਪੰਜ, ਦੁਆਬੇ ਅਤੇ ਪੁਆਧ ਦੇ ਦੋ ਦੋ ਮੰਤਰੀ ਹਨ। ਇਸੇ ਤਰਾਂ ਅਮਨ ਅਰੋੜਾ ਨੂੰ ਕੈਬਨਿਟ ਮੰਤਰੀ ਬਣਾਉਣ ਤੋਂ ਬਾਅਦ ਸੰਗਰੂਰ ਜ਼ਿਲੇ ਤੋਂ ਮੁੱਖ ਮੰਤਰੀ ਭਗਵੰਤ ਮਾਨ, ਸਮੇਤ ਚਾਰ ਮੰਤਰੀ ਹੋ ਗਏ ਹਨ। ਡਾ. ਨਿੱਜਰ ਦੇ ਮੰਤਰੀ ਬਣਨ ਤੋਂ ਬਾਅਦ ਅੰਮ੍ਰਿਤਸਰ ਜ਼ਿਲੇ ਤੋਂ ਤਿੰਨ ਮੰਤਰੀ ਹਨ। ਫਿਰੋਜ਼ਪੁਰ, ਮੋਹਾਲੀ ਤੇ ਪਟਿਆਲਾ ਜ਼ਿਲਿਆਂ ਨੂੰ ਵੀ ਨੁਮਾਇੰਦਗੀ ਮਿਲ ਗਈ ਹੈ। ਜਦਕਿ ਰੂਪਨਗਰ ਤੇ ਹੁਸ਼ਿਆਰਪੁਰ ਨੂੰ ਪਹਿਲਾਂ ਹੀ ਨੁਮਾਇੰਦਗੀ ਮਿਲ ਗਈ ਸੀ।

### ਪੁਲਿਸ ਇੰਸਪੈਕਟਰ ਦੇ ਅਹੁਦੇ ਤੋਂ ਸੇਵਾਮੁਕਤ ਹੋਏ ਸਰਾਰੀ ਬਣੇ ਮੰਤਰੀ

ਮੰਤਰੀ ਫੌਜਾ ਸਿੰਘ ਸਰਾਂ 1982 ਵਿੱਚ ਗ੍ਰੈਜੂਏਸ਼ਨ ਕਰਨ ਤੋਂ ਬਾਅਦ 1984 ਵਿੱਚ ਪੁਲਿਸ ਵਿੱਚ ਭਰਤੀ ਹੋਏ ਸਨ। ਕਰੀਬ 38 ਸਾਲ ਪੁਲਿਸ ਵਿੱਚ ਨੌਕਰੀ ਕਰਨ ਤੋਂ ਬਾਅਦ 2020 ਵਿੱਚ ਬਠਿੰਡੇ ਤੋਂ ਇੰਸਪੈਕਟਰ ਵਜੋਂ ਸੇਵਾਮੁਕਤ ਹੋਏ। 2022 ਵਿਚ 'ਆਪ' ਨੇ ਉਨਾਂ ਨੂੰ ਟਿਕਟ ਦੇ ਕੇ ਮੈਦਾਨ 'ਚ ਉਤਾਰਿਆ ਸੀ ਅਤੇ ਉਹ ਜਿੱਤ ਗਏ ਸਨ। ਆਮ ਆਦਮੀ ਪਾਰਟੀ ਨੇ ਸਰੀ ਨੂੰ ਮੰਤਰੀ ਬਣਾ ਕੇ ਰਾਏ ਸਿੱਖ ਭਾਈਚਾਰੇ ਨੂੰ ਨੁਮਾਇੰਦਗੀ ਦਿੱਤੀ ਹੈ।

### ਪਿਤਾ ਦੀ ਵਿਰਾਸਤ ਨੂੰ ਅੱਗੇ ਤੋਰਨਗੇ ਅਰੋੜਾ

ਪੂਰੇ ਸੂਬੇ ਵਿਚ ਸਭ ਤੋਂ ਵੱਧ 75277 ਵੋਟਾਂ ਦੇ ਫਰਕ ਨਾਲ ਵਿਧਾਨ ਸਭਾ ਚੋਣਾਂ ਜਿੱਤਣ ਵਾਲੇ ਮੰਤਰੀ ਅਮਨ ਅਰੋੜਾ ਆਪਣੇ ਪਿਤਾ ਦੀ ਸਿਆਸਤ ਨੂੰ ਅੱਗੇ ਵਧਾਉਣਗੇ। ਅਮਨ ਅਰੋੜਾ ਨੂੰ ਆਪਣੇ ਪਿਤਾ ਮਰਹੂਮ ਕਾਂਗਰਸੀ ਆਗੂ ਭਗਵਾਨ ਦਾਸ ਅਰੋੜਾ ਦੀ ਮੌਤ ਤੋਂ 22 ਸਾਲ ਬਾਅਦ ਮੰਤਰੀ ਦਾ ਅਹੁਦਾ ਮਿਲਿਆ ਹੈ। ਪੇਸ਼ੇ ਤੋਂ ਵਪਾਰੀ ਅਮਨ ਨੇ ਦੂਜੀ ਵਾਰ ਸੁਨਾਮ ਤੋਂ ਚੋਣ ਜਿੱਤੀ ਹੈ। ਉਨਾਂ ਦੇ ਪਿਤਾ 1995 ਵਿੱਚ ਕਾਂਗਰਸ ਸਰਕਾਰ ਵਿੱਚ ਮੰਤਰੀ ਸਨ।

### ਸੀਕੇਡੀ ਦੇ ਪ੍ਰਧਾਨ ਵੀ ਹਨ ਮੰਤਰੀ ਡਾ. ਨਿੱਝਰ

ਮੰਤਰੀ ਡਾ. ਇੰਦਰਬੀਰ ਸਿੰਘ ਨਿੱਝਰ ਸ਼੍ਰੋਮਣੀ ਕਮੇਟੀ ਤੋਂ ਬਾਅਦ ਸਿੱਖਾਂ ਦੀ ਦੂਜੀ ਸਭ ਤੋਂ ਵੱਡੀ ਸੰਸਥਾ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਵੀ ਹਨ। ਉਸਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਐਮਡੀ ਰੇਡੀਓ ਡਾਇਗਨੌਸਟਿਕ ਦੀ ਪੜਾਈ ਪੂਰੀ ਕਰਨ ਤੋਂ ਬਾਅਦ 1980 ਵਿੱਚ ਜੰਮੂ ਕਸ਼ਮੀਰ ਯੂਨੀਵਰਸਿਟੀ ਤੋਂ ਐਮਬੀਬੀਐਸ ਕੀਤੀ। ਉਹ ਆਪਣਾ ਸਕੈਨਿੰਗ ਸੈਂਟਰ ਚਲਾਉਂਦਾ ਹੈ। ਡਾ. ਨਿੱਝਰ ਨੇ 2017 ਵਿੱਚ ਵੀ ਚੋਣ ਲੜੀ ਸੀ ਪਰ ਜਿੱਤ ਨਹੀਂ ਸਕੇ ਸਨ।

### ਗਾਇਕੀ ਰਸਤੇ ਸਿਆਸਤ ਵਿਚ ਪ੍ਰਵੇਸ਼, ਮੰਤਰੀ ਦਾ ਅਹੁਦਾ ਮਿਲਿਆ

ਮੰਤਰੀ ਅਨਮੋਲ ਗਗਨ ਮਾਨ ਮੂਲ ਰੂਪ 'ਚ ਜ਼ਿਲਾ ਮਾਨਸਾ ਦੇ ਪਿੰਡ ਖਿੱਲਣ ਦੇ ਰਹਿਣ ਵਾਲੇ ਹਨ। ਗਾਇਕੀ ਨਾਲ ਆਪਣੇ ਕਰੀਅਰ ਦੀ ਸ਼ੁਰੂਆਤ ਕਰਨ ਵਾਲੇ ਅਨਮੋਲ ਲੰਬੇ ਸਮੇਂ ਤੋਂ ਮੋਹਾਲੀ 'ਚ ਰਹਿ ਰਹੇ ਹਨ ਤੇ ਖਰੜ ਤੋਂ ਵਿਧਾਇਕ ਚੁਣੇ ਗਏ ਹਨ। ਉਹ 'ਆਪ' ਦੇ ਯੂਥ ਵਿੰਗ ਦੀ ਸੂਬਾ ਉਪ ਪ੍ਰਧਾਨ ਵੀ ਰਹਿ ਚੁੱਕੀ ਹੈ। ਇਕ ਕਿਸਾਨ ਪਰਿਵਾਰ ਵਿੱਚ ਪੈਦਾ ਹੋਏ ਅਨਮੋਲ ਨੇ ਗਾਇਕੀ ਤੋਂ ਰਾਜਨੀਤੀ ਵਿੱਚ ਪ੍ਰਵੇਸ਼ ਕੀਤਾ ਅਤੇ ਹੁਣ ਮੰਤਰੀ ਬਣ ਚੁੱਕੇ ਹਨ।

ਜ਼ਿਕਰਯੋਗ ਹੈ ਕਿ ਪੰਜਾਬ ਦੇ ਰਾਜਪਾਲ ਅਤੇ ਚੰਡੀਗੜ ਯੂ.ਟੀ. ਦੇ ਪ੍ਰਸ਼ਾਸਕ ਬਨਵਾਰੀ ਲਾਲ ਪੁਰੋਹਿਤ ਨੇ ਸੋਮਵਾਰ ਨੂੰ ਇੱਥੇ ਪੰਜਾਬ ਰਾਜ ਭਵਨ ਵਿਖੇ ਮੁੱਖ ਮੰਤਰੀ ਭਗਵੰਤ ਮਾਨ ਦੀ ਮੌਜੂਦਗੀ ਵਿੱਚ ਸੰਖੇਪ ਪਰ ਪ੍ਰਭਾਵਸ਼ਾਲੀ ਸਮਾਰੋਹ ਵਿੱਚ ਸੂਬੇ ਦੇ ਪੰਜ ਨਵੇਂ ਕੈਬਨਿਟ ਮੰਤਰੀਆਂ ਨੂੰ ਅਹੁਦੇ ਅਤੇ ਭੇਦ ਗੁਪਤ ਰੱਖਣ ਦਾ ਹਲਫ਼ ਦਿਵਾਇਆ।

ਪੰਜਾਬ ਰਾਜ ਭਵਨ ਦੇ ਕੰਪਲੈਕਸ ਅੰਦਰ ਗੁਰੂ ਨਾਨਕ ਦੇਵ ਆਡੀਟੋਰੀਅਮ ਵਿੱਚ ਸਹੁੰ ਚੁੱਕਣ ਵਾਲੇ ਕੈਬਨਿਟ ਮੰਤਰੀਆਂ ਵਿੱਚ ਅਮਨ ਅਰੋੜਾ (ਵਿਧਾਇਕ ਸੁਨਾਮ), ਇੰਦਰਬੀਰ ਸਿੰਘ ਨਿੱਝਰ (ਵਿਧਾਇਕ ਅੰਮ੍ਰਿਤਸਰ ਦੱਖਣੀ), ਫੌਜਾ ਸਿੰਘ (ਵਿਧਾਇਕ ਗੁਰੂ ਹਰਸਹਾਏ), ਚੇਤਨ ਸਿੰਘ ਜੌੜਾਮਾਜਰਾ (ਵਿਧਾਇਕ ਸਮਾਣਾ) ਅਤੇ ਅਨਮੋਲ ਗਗਨ ਮਾਨ (ਵਿਧਾਇਕ ਖਰੜ) ਨੂੰ ਸਮਾਰੋਹ ਦੌਰਾਨ ਰਾਜਪਾਲ ਵਲੋਂ ਸਹੁੰ ਚੁਕਾਈ ਗਈ।

ਸਹੁੰ ਚੁੱਕ ਸਮਾਗਮ ਵਿੱਚ ਹਾਜ਼ਰ ਪ੍ਰਮੁੱਖ ਸ਼ਖ਼ਸੀਅਤਾਂ ਵਿੱਚ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਤੇ ਡਿਪਟੀ ਸਪੀਕਰ ਜੈ ਕਿਸ਼ਨ ਰੌੜੀ, ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ, ਡਾ. ਬਲਜੀਤ ਕੌਰ, ਹਰਭਜਨ ਸਿੰਘ ਈ.ਟੀ.ਓ., ਲਾਲ ਚੰਦ ਕਟਾਰੂਚੱਕ, ਗੁਰਮੀਤ ਸਿੰਘ ਮੀਤ ਹੇਅਰ, ਕੁਲਦੀਪ ਸਿੰਘ ਧਾਲੀਵਾਲ, ਲਾਲਜੀਤ ਸਿੰਘ ਭੁੱਲਰ, ਬ੍ਰਹਮ ਸ਼ੰਕਰ ਜਿੰਪਾ ਅਤੇ ਹਰਜੋਤ ਸਿੰਘ ਬੈਂਸ ਸ਼ਾਮਲ ਸਨ।

# ਦਲ ਖਾਲਸਾ ਵਲੋਂ ਬੱਸਾਂ ਤੋਂ ਸੰਤ ਭਿੰਡਰਾਂਵਾਲੇ ਦੀਆਂ ਤਸਵੀਰਾਂ ਹਟਾਉਣ ਦਾ ਵਿਰੋਧ

**ਹੁਸ਼ਿਆਰਪੁਰ/ਏ.ਟੀ.ਨਿਊਜ਼ :-** ਸਿੱਖ ਜਥੇਬੰਦੀ ਦਲ ਖਾਲਸਾ ਨੇ ਪੈਪਸੂ ਰੋਡਵੇਜ਼ ਟਰਾਂਸਪੋਰਟ ਕਾਰਪੋਰੇਸ਼ਨ ਬਠਿੰਡਾ ਵੱਲੋਂ ਪੀਆਰਟੀਸੀ ਬੱਸਾਂ ਤੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਭਾਈ ਜਗਤਾਰ ਸਿੰਘ ਹਵਾਰਾ ਦੀਆਂ ਤਸਵੀਰਾਂ ਨੂੰ ਉਤਰਵਾਉਣ ਦਾ ਸਖ਼ਤ ਨੋਟਿਸ ਲਿਆ ਹੈ। ਦਲ ਖਾਲਸਾ ਦੇ ਸੀਨੀਅਰ ਮੀਤ ਪ੍ਰਧਾਨ ਬਾਬਾ ਹਰਦੀਪ ਸਿੰਘ ਮਹਿਰਾਜ ਨੇ ਪੀਆਰਟੀਸੀ ਦੇ ਜ਼ੋਨਲ ਮੈਨੇਜਰ ਨੂੰ ਇਸ ਕਾਰਵਾਈ ਨੂੰ ਤੁਰੰਤ ਰੋਕਣ ਦੀ ਮੰਗ ਕੀਤੀ। ਦਲ ਖਾਲਸਾ ਦੇ ਆਗੂਆਂ ਨੇ ਦੱਸਿਆ ਕਿ ਜਥੇਬੰਦੀ ਵਲੋਂ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਕੇ ਸਪੱਸ਼ਟ ਕੀਤਾ ਹੈ ਕਿ ਜੇਕਰ 7 ਜੁਲਾਈ ਤੱਕ ਤਸਵੀਰਾਂ ਉਤਰਵਾਉਣ ਦੇ ਅਮਲ ਨੂੰ ਨਾ ਰੋਕਿਆ ਗਿਆ ਤਾਂ ਅਗਲੇ ਦਿਨ ਹਰੇਕ ਸਰਕਾਰੀ ਬੱਸ 'ਤੇ ਸੰਤ ਜਰਨੈਲ ਸਿੰਘ ਅਤੇ ਭਾਈ ਹਵਾਰਾ ਦੀਆਂ ਤਸਵੀਰਾਂ ਲਗਾਈਆਂ ਜਾਣਗੀਆਂ। ਉਨਾਂ ਕਿਹਾ ਕਿ ਜੇਕਰ ਸਰਕਾਰੀ ਟਰਾਂਸਪੋਰਟੇਸ਼ਨ ਨੂੰ ਠੱਪ ਕਰਨ ਦੀ ਜ਼ਰੂਰਤ ਪਈ ਤਾਂ ਵੀ ਉਹ ਪਿੱਛੇ ਨਹੀਂ ਹਟਣਗੇ। ਦਲ ਖਾਲਸਾ ਦੇ ਬੁਲਾਰੇ ਪਰਮਜੀਤ ਸਿੰਘ ਮੰਡ ਅਤੇ ਸਿੱਖ ਯੂਥ ਆਫ਼ ਪੰਜਾਬ ਦੇ ਪ੍ਰਧਾਨ ਗੁਰਨਾਮ ਸਿੰਘ ਮੂਨਕਾਂ ਨੇ ਕਿਹਾ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਸਿੱਖ ਕੌਮ ਦੇ ਸ਼ਹੀਦ ਹਨ ਅਤੇ ਭਾਈ ਜਗਤਾਰ ਸਿੰਘ ਹਵਾਰਾ ਇੱਕ ਸਤਿਕਾਰਯੋਗ ਸ਼ਖ਼ਸੀਅਤ ਹਨ, ਜਿਨਾਂ ਨੇ ਪੰਜਾਬ ਅਤੇ ਪੰਥ ਦੇ ਹੱਕਾਂ ਖ਼ਾਤਰ ਆਪਣੀਆਂ ਜ਼ਿੰਦਗੀਆਂ ਦਾਅ 'ਤੇ ਲਗਾ ਦਿੱਤੀਆਂ। ਸਿੱਖ ਕੌਮ ਇਨਾਂ ਦੇ ਨਿਰਾਦਰ ਨੂੰ ਬਰਦਾਸ਼ਤ ਨਹੀਂ ਕਰੇਗੀ। ਉਨਾਂ ਉੱਚ ਅਧਿਕਾਰੀਆਂ ਵੱਲੋਂ ਨੋਟੀਫਿਕੇਸ਼ਨਾਂ ਰਾਹੀਂ ਡਰਾਈਵਰਾਂ ਤੇ ਕੰਡਕਟਰਾਂ ਨੂੰ ਧਮਕਾਉਣ ਦੇ ਦੋਸ਼ ਲਗਾਏ।

# ਆਜ਼ਾਦੀ ਪਰੇਡ ਉਪਰ ਗੋਲੀਬਾਰੀ ਕਰਨ ਵਾਲੇ ਦੋਸ਼ੀ ਦੀ ਜ਼ਿੰਦਗੀ ਜੇਲ 'ਚ ਬੀਤੇਗੀ : ਅਟਾਰਨੀ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :-** ਸ਼ਿਕਾਗੋ ਦੇ ਨੀਮ ਸ਼ਹਿਰੀ ਖੇਤਰ ਇਲੀਨੋਇਸ ਦੇ ਹਾਈਲੈਂਡ ਪਾਰਕ ਵਿਚ ਚਲ ਰਹੀ ਅਜ਼ਾਦੀ ਦੀ ਪਰੇਡ ਉਪਰ ਗੋਲੀਬਾਰੀ ਕਰਕੇ 7 ਲੋਕਾਂ ਦੀ ਹੱਤਿਆ ਕਰਨ ਤੇ 40 ਤੋਂ ਵਧ ਲੋਕਾਂ ਨੂੰ ਜ਼ਖ਼ਮੀ ਕਰਨ ਵਾਲੇ ਰਾਬਰਟ ਈ ਕ੍ਰਿਮੋ ਵਿਰੁੱਧ ਫਸਟ ਡਿਗਰੀ ਕਤਲ ਦਾ ਮੁਕੱਦਮਾ ਦਰਜ ਕੀਤਾ ਗਿਆ ਹੈ। ਲੇਕ ਕਾਊਂਟੀ ਦੇ ਅਟਾਰਨੀ ਐਰਿਕ ਰੀਨੇਹਾਰਟ ਨੇ ਕਿਹਾ ਹੈ ਕਿ ਜੇਕਰ ਅਦਾਲਤ ਕ੍ਰਿਮੋ ਨੂੰ ਦੋਸ਼ੀ ਮੰਨ ਲੈਂਦੀ ਹੈ ਤਾਂ ਉਹ ਉਮਰ ਭਰ ਲਈ ਬਿਨਾਂ ਜਮਾਨਤ ਜੇਲ ਵਿਚ ਰਹੇਗਾ ਇਸ ਗੱਲ ਦੀ ਪੂਰੀ ਸੰਭਾਵਨਾ ਹੈ। ਉਨਾਂ ਕਿਹਾ ਕਿ ਅਜੇ ਮੁੱਢਲੇ ਤੌਰ 'ਤੇ ਕ੍ਰਿਮੋ ਵਿਰੁੱਧ ਪਹਿਲਾ ਕਤਲ ਦਾ ਦੋਸ਼ ਆਇਦ ਕੀਤਾ ਗਿਆ ਹੈ ਤੇ ਉਸ ਵਿਰੁੱਧ ਦਰਜ਼ਨ ਤੋਂ ਵਧ ਹੋਰ ਦੋਸ਼ ਆਇਦ ਕੀਤੇ ਜਾਣਗੇ। ਲੰਘੇ ਸੋਮਵਾਰ ਕ੍ਰਿਮੋ ਨੇ ਹਾਈਲੈਂਡ ਪਾਰਕ ਨਾਲ ਲੱਗਦੀ ਇਮਾਰਤ ਦੀ ਛੱਤ ਤੋਂ ਕਾਨੂੰਨੀ ਤੌਰ 'ਤੇ ਖਰੀਦੀ ਅਸਾਲਟ ਰਾਈਫਲ ਨਾਲ ਅੰਧਾਧੁੰਦ ਗੋਲੀਬਾਰੀ ਕੀਤੀ ਸੀ। ਉਸ ਨੇ 70 ਤੋਂ ਵਧ ਗੋਲੀਆਂ ਚਲਾਈਆਂ ਤੇ ਮੌਕੇ ਤੋਂ ਫਰਾਰ ਹੋ ਗਿਆ ਸੀ ਜਿਸ ਨੂੰ ਬਾਅਦ ਵਿਚ ਗ੍ਰਿਫਤਾਰ ਕਰ ਲਿਆ ਗਿਆ ਸੀ।

### ਇੰਡੀਆਨਾ 'ਚ ਇਕ ਪਾਰਟੀ ਦੌਰਾਨ ਹੋਈ ਗੋਲੀਬਾਰੀ ਵਿਚ 3 ਮੌਤਾਂ ਤੇ 7 ਜ਼ਖ਼ਮੀ

ਉੱਤਰ ਪੱਛਮੀ ਇੰਡੀਆਨਾ ਵਿਚ ਇਕ ਬਲਾਕ ਪਾਰਟੀ ਦੌਰਾਨ ਹੋਈ ਗੋਲੀਬਾਰੀ ਵਿਚ 3 ਵਿਅਕਤੀਆਂ ਦੀ ਮੌਤ ਹੋ ਗਈ ਤੇ 7 ਹੋਰ ਜ਼ਖ਼ਮੀ ਹੋ ਗਏ। ਪੁਲਿਸ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਗੋਲੀਬਾਰੀ ਗੈਰੀ, ਇੰਡੀਆਨਾ ਦੇ ਰਿਹਾਇਸ਼ੀ ਖੇਤਰ ਵਿਚ ਹੋਈ। ਪੁਲਿਸ ਅਧਿਕਾਰੀ ਲੈਫਟੀਨੈਂਟ ਡਾਨ ਵੈਸਟਰਫੀਲਡ ਨੇ ਕਿਹਾ ਹੈ ਕਿ ਜਦੋਂ ਪੁਲਿਸ ਮੌਕੇ ਉਪਰ ਪੁੱਜੀ ਤਾਂ 3 ਵਿਅਕਤੀਆਂ ਦੀ ਮੌਤ ਹੋ ਚੁੱਕੀ ਸੀ। ਜ਼ਖਮੀਆਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਵੈਸਟਰਫੀਲਡ ਅਨੁਸਾਰ ਜਖਮੀਆਂ ਦੀ ਹਾਲਤ ਬਾਰੇ ਅਜੇ ਕੋਈ ਜਾਣਕਾਰੀ ਨਹੀਂ ਮਿਲੀ ਹੈ। ਉਨਾਂ ਕਿਹਾ ਹੈ ਕਿ ਅਧਿਕਾਰੀ ਮੌਕੇ ਉਪਰ ਹਾਲਾਤ ਦਾ ਜਾਇਜ਼ਾ ਲੈ ਰਹੇ ਹਨ ਤੇ ਅਜੇ ਇਹ ਵੀ ਪਤਾ ਨਹੀਂ ਲੱਗ ਸਕਿਆ ਕਿ ਹਮਲਾਵਰ ਕਿੰਨੇ ਸਨ। ਮ੍ਰਿਤਕਾਂ ਵਿਚ ਇਕ 20 ਸਾਲ ਦੀ ਔਰਤ ਸ਼ਾਮਿਲ ਹੈ ਜੋ ਓਲਿੰਪਿਆ ਫੀਲਡਜ ਦੀ ਰਹਿਣ ਵਾਲੀ ਸੀ। ਇਕ ਮ੍ਰਿਤਕ 26 ਸਾਲਾ ਵਿਅਕਤੀ ਲਾਫੇਟੇ, ਇੰਡੀਆਨਾ ਦਾ ਵਸਨੀਕ ਸੀ ਤੇ ਤੀਸਰਾ ਮ੍ਰਿਤਕ 25 ਸਾਲਾ ਵਿਅਕਤੀ ਮੈਰਿਲਵਿਲੇ, ਇੰਡੀਆਨਾ ਦਾ ਵਸਨੀਕ ਸੀ।

# ਸੰਤ ਬਾਬਾ ਜਵੰਦ ਸਿੰਘ ਜੀ (1880-1922)

## 'ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਏਅਰਪੋਰਟ' ਵਿਖੇ ਸਾਲਾਨਾ ਜੋੜ ਮੇਲੇ ਤੇ ਵਿਸ਼ੇਸ਼

**ਓਇ ਪੁਰਖ ਪ੍ਰਾਣੀ ਧੰਨਿ ਜਨ ਹਹਿ ਉਪਦੇਸੁ ਕਰਹਿ ਪਰਉਪਕਾਰਿਆ ॥**
**ਹਰਿ ਨਾਮ ਦ੍ਰਿੜਾਵਹਿ ਹਰਿ ਨਾਮੁ ਸੁਣਾਵਹਿ ਹਰਿ ਨਾਮੇ ਜਗੁ ਨਿਸਤਾਰਿਆ ॥**

### ਸ਼ਮਸ਼ੇਰ ਸਿੰਘ ਜੇਠੂਵਾਲ

ਸੰਤ ਬਾਬਾ ਜਵੰਦ ਸਿੰਘ ਜੀ ਦਾ ਜਨਮ ਮਾਤਾ ਖੇਮੀ ਜੀ ਦੀ ਕੁੱਖੋਂ ਪਿਤਾ ਭਾਈ ਨੱਥਾ ਸਿੰਘ ਜੀ ਦੇ ਗ੍ਰਹਿ ਪਿੰਡ ਭੰਗਵਾਂ ਜ਼ਿਲਾ ਸ੍ਰੀ ਅੰਮ੍ਰਿਤਸਰ ਵਿਖੇ ਹੋਇਆ।

ਮੁੱਢਲੀ ਵਿੱਦਿਆ ਤੋਂ ਬਾਅਦ ਦਿੱਲੀ ਪੁਲਿਸ ਵਿਚ ਭਰਤੀ ਹੋ ਗਏ। ਪੁਰਬਲੇ ਕਰਮਾਂ ਕਰਕੇ ਬਚਪਨ ਤੋਂ ਹੀ ਸਾਧੂ ਸੁਭਾਅ ਦੇ ਮਾਲਕ ਹੋਣ ਕਰਕੇ ਚਿਤ ਹਮੇਸ਼ਾ ਗੁਰੂਘਰ ਨਾਲ ਅਕਾਲਪੁਰਖ਼ ਦੀ ਯਾਦ 'ਚ ਜੁੜਿਆ ਰਹਿੰਦਾ। ਪ੍ਰਭੂ ਸਿਮਰਨ ਦੀ ਐਸੀ ਖਿਚ ਬਣੀ ਰਹਿੰਦੀ ਜਿਸਦੀ ਪੂਰਤੀ ਲਈ ਰੋਜ਼ਾਨਾ ਅੰਮ੍ਰਿਤ ਵੇਲੇ ਗੁਰਦੁਆਰਾ ਸੀਸ ਗੰਜ ਦਿੱਲੀ ਵਿਖੇ ਪਹੁੰਚ ਜਾਂਦੇ ਪੁਲਿਸ ਮੁਲਾਜ਼ਮ ਹੁੰਦਿਆਂ ਖੁੱਦ ਕੀਰਤਨ ਦੀ ਸੇਵਾ ਨਿਭਾਉਦੇ।

ਪ੍ਰਭੂ ਪਿਆਰ ਵੇਖ ਦੂਰੋਂ-ਦੂਰੋਂ ਸੰਗਤਾਂ ਕੀਰਤਨ ਸ੍ਰਵਣ ਕਰਨ ਆਉਂਦੀਆਂ, ਪ੍ਰਭੂ ਪਿਆਰ ਕਰਕੇ ਜਿੰਦਗੀ ਵਿਚ ਐਸਾ ਮੋੜ ਆਇਆ, ਬਾਬਾ ਜੀ ਨੌਕਰੀ ਛੱਡ ਕੇ ਰਾਵਲਪਿੰਡੀ ਚਲੇ ਗਏ।

ਸੇਵਾ/ਸਿਮਰਨ ਆਦਿ ਮਹਾਨ ਗੁਣਾਂ ਸਦਕਾ ਰਾਵਲਪਿੰਡੀ ਵਿਖੇ ਪ੍ਰਸਿੱਧੀ ਵੱਧਣ ਲੱਗੀ ਤਾਂ ਉਥੋਂ ਫਿਰੋਜ਼ਪੁਰ ਗੁਰਦੁਆਰਾ ਸਾਰਾਗੜੀ ਆ ਗਏ, ਜਿਥੇ ਸੰਤ ਬਾਬਾ ਨੰਦ ਸਿੰਘ ਜੀ ਨਾਨਕਸਰ ਕਲੇਰਾਂ ਵਾਲਿਆਂ ਨਾਲ ਮੇਲ ਹੋਇਆ ਜੋ ਬਹੁਤ ਪੁੱਜੇ ਮਹਾਂਪੁਰਸ਼ ਹੋਏ, ਦੋਹਾਂ ਮਹਾਂਪੁਰਸ਼ਾਂ ਨੇ ਬਹੁਤ ਭਜਨ ਬੰਦਗੀ ਕੀਤੀ। ਉਸੇ ਸਾਰਾਗੜੀ ਫਿਰੋਜਪੁਰ ਦੇ ਅਸਥਾਨ 'ਤੇ ਹੀ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਨੇ ਪ੍ਰਸਨ ਹੋ ਕੇ ਬਖਸ਼ਿਸ਼ ਕੀਤੀ।

ਬਾਬਾ ਜਵੰਦ ਸਿੰਘ ਜੀ ਇਲਾਹੀ ਗੁਰਬਾਣੀ ਦਾ ਕੀਰਤਨ ਬਹੁਤ ਰਸਭਿੰਨਾ ਕਰਦੇ ਸਨ, ਜਿਸ ਵਡਿਆਈ ਨੂੰ ਵਡਿਆਉਣ ਦੀ ਬਜਾਏ ਉਹ ਮੰਨਦੇ ਸਨ ਇਸ ਵਿਚ ਸਾਡਾ ਕੋਈ ਗੁਣ ਨਹੀਂ ਸਗੋਂ 'ਅਸਾਂ ਪਾਤਸ਼ਾਹ ਜੀ ਤੋਂ ਏਹੀ ਦਾਤ ਮੰਗੀ ਹੈ' ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲੇ ਮਹਾਂਪੁਰਖਾਂ ਗੁਰੂ ਨਾਨਕ ਦੇਵ ਮਹਾਰਾਜ ਜੀ ਦੇ ਚਰਨ ਕੰਵਲਾਂ ਵਿਚ ਨਿਵਾਸ ਮੰਗਿਆ ਅਤੇ ਬਾਬਾ ਜਵੰਦ ਸਿੰਘ ਜੀ ਨੇ ਕੀਰਤਨ ਦੀ ਦਾਤ ਝੋਲੀ ਅੱਡ ਕੇ ਪ੍ਰਾਪਤ ਕੀਤੀ।

ਬਾਬਾ ਜਵੰਦ ਸਿੰਘ ਜੀ ਦੀ ਸਾਰਾਗੜੀ ਵਿਖੇ ਜਦੋਂ ਦੂਰ-ਦੂਰ ਪ੍ਰਸਿੱਧੀ ਵੱਧਣ ਲੱਗੀ ਤਾਂ ਉਥੋਂ ਟਿਕਾਣਾ ਬਦਲਕੇ ਸ੍ਰੀ ਅੰਮ੍ਰਿਤਸਰ ਦੇ ਪ੍ਰਸਿਧ ਪਿੰਡ ਰਾਜਾਸਾਂਸੀ ਦੇ ਬਾਹਰਵਾਰ ਜੰਗਲ ਵਿਚ ਲਹਿੰਦੇ ਪਾਸੇ ਆਣ ਡੇਰਾ ਲਾਇਆ। ਇਸ ਅਸਥਾਨ ਤੋਂ ਥੋੜੀ ਦੂਰੀ ਤੇ ਸਿੱਖ ਰਾਜ ਦੇ ਸੰਤ ਸਿਪਾਹੀ ਯੋਧੇ ਸੰਤ ਬਾਬਾ ਬੀਰ ਸਿੰਘ ਨੌਰਗਾਂਬਾਦ ਵਾਲੇ ਮਹਾਂਪੁਰਸ਼ਾਂ ਦਾ ਇਤਿਹਾਸਕ ਅਸਥਾਨ ਵੀ ਮੌਜੂਦ ਹੈ।

ਮਾਝੇ ਦੇ ਇਸ ਇਤਿਹਾਸਕ ਪਿੰਡ ਰਾਜਾਸਾਂਸੀ ਨੂੰ ਮਾਣ ਹੈ ਇਹ ਪਿੰਡ ਸਿੱਖ ਰਾਜ ਦੇ ਉਸਰਈਏ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੇ ਖ਼ਾਨਦਾਨ 'ਚੋਂ ਸੰਧਾਵਾਲੀਏ ਸਰਦਾਰਾਂ ਦਾ ਪਿੰਡ ਹੈ ਜਿਥੇ ਚੜਦੇ ਪਾਸੇ ਸੰਧਾਵਾਲੀਏ ਸਰਦਾਰਾਂ ਦਾ ਸ਼ਾਹੀ ਮਹਿਲ ਅੱਜ ਵੀ ਮੌਜੂਦ ਹੈ।




ਬਾਬਾ ਜਵੰਦ ਸਿੰਘ ਜੀ ਜੰਗਲ ਵਿਚ ਛੰਨ ਪਾ ਕੇ ਜਿਸ ਅਸਥਾਨ ਤੇ ਬੰਦਗੀ ਕਰਦੇ ਸਨ। ਉਹ ਜਗਾ ਅੰਤਰਰਾਸ਼ਟਰੀ ਏਅਰਪੋਰਟ ਲਈ ਅਕੁਆਇਰ ਕਰਕੇ ਏਅਰਪੋਰਟ ਅਥਾਰਟੀ ਅਧੀਨ ਆ ਗਈ ਆਲੇ ਦੁਆਲੇ ਕੰਡਿਆਲੀ ਤਾਰ ਲਾ ਦਿੱਤੀ ਗਈ।

ਏਅਰਪੋਰਟ ਬਣਨ ਵੇਲੇ ਕੇਂਦਰੀ ਸੁਰਖਿਆ ਏਜੰਸੀਆਂ ਅਤੇ ਏਅਰਪੋਰਟ ਅਥਾਰਟੀ ਵਲੋਂ ਇਸ ਜਗਾ ਨੂੰ ਇਸ ਕਦਰ ਅਣਗੌਲਿਆ ਕੀਤਾ ਗਿਆ ਯਾਦਗਾਰ ਨੂੰ ਹਟਾਉਣ ਦੇ ਯਤਨ ਕੀਤੇ ਗਏ।

ਜਦੋਂ ਵੀ ਕਾਨੂੰਨੀ ਕਾਰਵਾਈ ਨੂੰ ਅਮਲੀਜਾਮਾ ਪਹਿਨਾਉਣ ਲੱਗਦੇ ਤਾਂ ਏਅਰਪੋਰਟ ਅਥਾਰਟੀ ਨੂੰ ਭਾਰੀ ਨੁਕਸਾਨ ਪਹੁੰਚਦਾ। ਇਹ ਵੀ ਮਸ਼ਹੂਰ ਹੈ ਕਿ ਜਦੋਂ ਇਹ ਪ੍ਰਸਤਾਵ ਤੇ ਕਾਰਵਾਈ ਕੀਤੀ ਜਾ ਰਹੀ ਸੀ, ਉਨਾਂ ਦਿਨਾਂ ਵਿਚ ਬਾਹਰੋਂ ਆਈਆਂ ਫਲਾਈਟਾਂ ਦੇ ਪਾਇਲਟਾਂ ਨੂੰ ਹੇਠਾਂ ਰਨਵੇਅ ਨਹੀਂ ਲੱਭਦਾ ਸੀ। ਅਖੀਰ ਏਅਰਪੋਰਟ ਅਥਾਰਟੀ ਵਲੋਂ ਪੁਰਾਣੇ ਐਂਟਰੀ ਗੇਟ ਦੇ ਸਾਹਮਣੇ ਗਰਿਲਾਂ ਲਗਵਾ ਕੇ ਇਹ ਅਸਥਾਨ ਸਿੱਖ ਸੰਗਤ ਨੂੰ ਸੌਂਪਣਾ ਪਿਆ। ਜਿਥੇ ਅੱਜ ਆਲੀਸ਼ਾਨ ਗੁਰਦੁਆਰਾ ਸੰਤਸਰ ਸਾਹਿਬ ਮੌਜੂਦ ਹੈ।

**ਅਠਸਠਿ ਤੀਰਥ ਜਹ ਸਾਧ ਪਗ ਧਰਹਿ ॥**
**ਤਹ ਬੈਕੁੰਠ ਜਹ ਨਾਮੁ ਉਚਰਹਿ ॥**
**(ਅੰਗ ੮੯੦)**

ਗੁਰਦੁਆਰਾ ਸੰਤਸਰ ਸਾਹਿਬ ਜੀ ਵਿਖੇ ਹਰ ਵਰੇ ਦੋ ਜੁਲਾਈ ਨੂੰ ਜੋੜ ਮੇਲਾ ਮਨਾਇਆ ਜਾਂਦਾ ਹੈ, ਜਿਥੇ ਦੇਸ਼-ਵਿਦੇਸ਼ 'ਚੋਂ ਲੱਖਾਂ ਸਿੱਖ ਸੰਗਤਾਂ ਸੰਗਤਾਂ ਨਤਮਸਤਕ ਹੁੰਦੀਆਂ ਹਨ ਅੱਜ ਬਾਬਾ ਜਵੰਦ ਸਿੰਘ ਮਹਾਂਪੁਰਸ਼ਾਂ ਦੀ ਸੌ ਸਾਲਾ ਬਰਸੀ ਮਨਾਈ ਜਾ ਰਹੀ ਹੈ।



# ਅੱਖੀਂ ਦੇਖਿਆ ਤੇ ਹੰਡਾਇਆ ਜੂਨ 1984 : 5 ਜੂਨ 1984

**ਭਾਗ 5**



**ਬਾਬਾ ਮੁਖਤਿਆਰ ਸਿੰਘ**
**ਮੁਖੀ USA (ਵਿਦਿਆਰਥੀ ਦਮਦਮੀ ਟਕਸਾਲ)**

4 ਅਤੇ 5 ਜੂਨ ਦੀ ਪੂਰੀ ਰਾਤ ਨੂੰ ਦੋਨਾਂ ਪਾਸਿਆਂ ਤੋਂ ਚਾਰ ਚੁਫੇਰੇ ਲਗਾਤਾਰ ਕਦੇ ਤੇਜ਼ੀ ਨਾਲ ਕਦੇ ਕਦੇ ਥੋੜਾ ਰੁਕ ਰੁਕ ਗੋਲਾਬਾਰੀ ਹੁੰਦੀ ਰਹੀ। ਸਾਰੇ ਟੈਲੀਫ਼ੋਨ ਅਤੇ ਬਿਜਲੀ ਵੀ ਕੱਟ ਦਿੱਤੀ ਗਈ ਸੀ। ਬਹੁਤ ਦੂਰ ਦੂਰ ਤੱਕ ਗੋਲੇ ਅਤੇ ਗੋਲ਼ੀਆਂ ਦੀ ਅਵਾਜ਼ ਸੁਣਾਈ ਦੇ ਰਹੀ ਸੀ। ਕਰਫਿਊ ਲੱਗਾ ਹੋਇਆ ਸੀ, ਕੋਈ ਵੀ ਘਰ ਮੈਂਬਰ ਘਰ ਤੋਂ ਬਾਹਰ ਅਤੇ ਬਾਹਰੋਂ ਘਰ ਦੇ ਅੰਦਰ ਨਹੀਂ ਸੀ ਆ ਜਾ ਸਕਦਾ। ਜਿਹੜਾ ਵੀ ਕੋਈ ਬਾਹਰੋਂ ਅੰਦਰ ਦਰਬਾਰ ਸਾਹਿਬ ਵਿੱਚ ਆਉਣ ਦੀ ਜਾਂ ਦਰਬਾਰ ਸਾਹਿਬ ਤੋਂ ਬਾਹਰ ਜਾਣ ਦੀ ਕੋਸ਼ਿਸ਼ ਕਰਦਾ ਤਾਂ ਉਸ ਨੂੰ ਫ਼ੌਜੀ ਗੋਲੀਆਂ ਨਾਲ ਉਡਾ ਦਿੰਦੇ ਸਨ।

ਇਸ ਤਰਾਂ ਵੀ ਬਹੁਤ ਸਾਰੇ ਯਾਤਰੂ ਜਿਸ ਵਿੱਚ ਬੀਬੀਆਂ, ਬੱਚੇ, ਬਜ਼ੁਰਗ ਅਤੇ ਨੌਜਵਾਨ ਸਿੰਘ ਸ਼ਹੀਦ ਕਰ ਦਿੱਤੇ ਗਏ। ਉਸ ਸਮੇ ਦੇ ਇਸ ਵਰਤ ਰਹੇ ਕਹਿਰ ਨੂੰ ਦੇਖ ਕੇ ਇਸ ਤਰਾਂ ਵੀ ਮਹਿਸੂਸ ਹੁੰਦਾਂ ਸੀ ਕਿ ਅਬਦਾਲੀ ਅਤੇ ਮੱਸੇ ਰੰਗੜ ਦੀ ਰੂਹ ਨੇ ਹੁਣ ਫੇਰ ਫੌਜ ਦੇ ਜਨਰਲ ਵੈਦਿਆ, ਬਰਾੜ ਅਤੇ ਰਣਜੀਤ ਦਿਆਲ ਦੇ ਵਿੱਚ ਪ੍ਰਵੇਸ ਕਰਕੇ ਜ਼ੁਲਮਾਂ ਦੀ ਅਤਿ ਕਰ ਦਿੱਤੀ ਹੈ।

ਔਰੰਗਜੇਬ ਦੀ ਰੂਹ ਇੰਦਰਾ ਗਾਂਧੀ ਨੂੰ ਇਨਾਂ ਫ਼ੌਜੀ ਜਰਨੈਲਾਂ ਨੇ ਕਿਹਾ ਸੀ ਕਿ ਅਸੀਂ ਸੰਤ ਬਾਬਾ ਜਰਨੈਲ ਸਿੰਘ ਜੀ ਨੂੰ ਦੋ ਘੰਟਿਆਂ ਵਿੱਚ ਫੜਕੇ ਤੁਹਾਡੇ ਹਵਾਲੇ ਕਰ ਦਿਆਂਗੇ ਪਰ ਜਦੋਂ ਅੱਗੋਂ ਗੁਰੂ ਕਲਗ਼ੀਧਰ ਦੇ ਗੁਰਸਿੱਖਾਂ ਨੇ ਅਤੇ ਭਿੰਡਰਾਂਵਾਲੇ ਮਹਾਂਪੁਰਖਾਂ ਦੇ ਸਾਥੀ ਸਿੰਘਾਂ ਸ਼ੇਰਾਂ ਨੇ ਜਾਲਮ ਫੌਜੀਆਂ ਨੂੰ ਦਿਨੇ ਹੀ ਤਾਰੇ ਅਤੇ ਕਰਾਰੇ ਹੱਥ ਦਿਖਾਏ ਤਾਂ ਇਨਾਂ ਦੀ ਇਕੱਠੀ ਹੋਈ ਲੱਖਾਂ ਦੀ ਗਿਣਤੀ ਵਿੱਚ ਫ਼ੌਜੀਆਂ ਦੀ ਟੋਲੀ ਦੀ ਕੋਈ ਪੇਸ਼ ਨਾ ਗਈ। ਤਾਂ ਫਿਰ ਜਿਹੜੇ ਕਹਿੰਦੇ ਸੀ ਕਿ ਵੱਧ ਤੋਂ ਵੱਧ ਦੋ ਘੰਟਿਆਂ ਵਿੱਚ ਸੰਤ ਭਿੰਡਰਾਂਵਾਲਿਆਂ ਨੂੰ ਜਿਉਂਦਾ ਜਾਂ ਮੁਰਦਾ ਫੜਕੇ ਲੈ ਆਵਾਂਗੇ, ਉਨਾਂ ਨੇ ਜਦੋਂ ਸੰਤਾਂ ਸਮੇਤ ਸਿੰਘਾਂ ਨਾਲ ਮੁਕਾਬਲੇ ਦੇ ਹੱਥ ਦੇਖੇ, ਫੇਰ ਇਨਾਂ ਵੱਡਿਆਂ ਫ਼ੌਜੀ ਜਰਨੈਲਾਂ ਨੇ ਕਰਫਿਊ ਨੂੰ ਹੋਰ ਵਧਾਉਣ ਲਈ ਸੈਂਟਰ ਸਰਕਾਰ ਦੇ ਤਰਲੇ ਲਏ ਅਤੇ 5 ਜੂਨ ਨੂੰ ਸਾਰੇ ਪੰਜਾਬ ਵਿੱਚ ਕਰਫਿਊ ਰਾਤ ਦੇ 0 ਵਜੇ ਵਧਾ ਦਿੱਤਾ ਗਿਆ ਅਤੇ ਗੱਡੀਆਂ ਉੱਤੇ ਵੀ ਪੂਰੀ ਤਰਾਂ ਪਾਬੰਦੀ ਲਾ ਦਿੱਤੀ ਗਈ ਸੀ।

5 ਜੂਨ ਨੂੰ ਅੰਮ੍ਰਿਤ-ਵੇਲ਼ੇ ਰੋਜ਼ਾਨਾ ਦੀ ਮਰਯਾਦਾ ਅਨੁਸਾਰ ਅਸੀਂ ਸ੍ਰੀ ਅਕਾਲ ਤਖਤ ਸਾਹਿਬ ਜੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕੀਤਾ, ਪਰ ਇੱਥੇ ਸਾਰੀਆਂ ਸਿੱਖ ਸੰਗਤਾਂ ਨੂੰ ਇਹ ਵੀ ਦੱਸਣਾ ਬਹੁਤ ਜ਼ਰੂਰੀ ਹੈ ਕਿ ਸੱਚ-ਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ 4 ਜੂਨ ਨੂੰ ਅੰਮ੍ਰਿਤ-ਵੇਲ਼ੇ ਸ੍ਰੀ ਅਕਾਲ ਤਖਤ ਸਾਹਿਬ ਦੇ ਕੋਠਾ ਸਾਹਿਬ ਤੋਂ ਗਏ ਸਨ, ਉਹ ਸਰੂਪ ਰੋਜ਼ਾਨਾ ਦੀ ਤਰਾਂ 8 ਜੂਨ ਦੀ ਰਾਤ ਨੂੰ ਭਾਰੀ ਗੋਲਾਬਾਰੀ ਕਾਰਨ ਸ੍ਰੀ ਦਰਬਾਰ ਸਾਹਿਬ ਤੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਕੋਠਾ ਸਾਹਿਬ ਤੇ ਨਹੀਂ ਆਏ। ਗੁਰੂ ਸਾਹਿਬ ਦੇ ਉਸੇ ਸਰੂਪ ਨੂੰ ਹੀ ਸ੍ਰੀ ਦਰਬਾਰ ਸਾਹਿਬ ਵਿਖੇ ਡਿਊਟੀ 'ਤੇ ਹਾਜ਼ਰ ਸਿੰਘ ਸਾਹਿਬਾਨ ਭਾਈ ਪੂਰਨ ਸਿੰਘ ਜੀ ਅਤੇ ਭਾਈ ਮੋਹਣ ਸਿੰਘ ਜੀਆਂ ਨੇ ਰਾਤ ਨੂੰ ਸੁਖਾਸਣ ਕਰ ਦਿੱਤੇ ਸਨ। 5 ਜੂਨ ਨੂੰ ਅੰਮ੍ਰਿਤ-ਵੇਲ਼ੇ ਸ੍ਰੀ ਦਰਬਾਰ ਸਾਹਿਬ ਵਿਖੇ ਗੁਰੂ ਸਾਹਿਬ ਜੀ ਦੇ ਉਸੇ ਸਰੂਪ ਨੂੰ ਹੀ ਪ੍ਰਕਾਸ਼ ਕੀਤਾ ਗਇਆ ਸੀ।

5 ਜੂਨ ਨੂੰ ਅਸੀਂ ਸ੍ਰੀ ਅਕਾਲ ਤਖਤ ਸਾਹਿਬ ਜੀ ਵਿਖੇ ਅੰਮ੍ਰਿਤ-ਵੇਲ਼ੇ ਰੋਜ਼ਾਨਾ ਦੀ ਤਰਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕੀਤੇ ਗਏ ਫੇਰ ਰੋਜ਼ਾਨਾ ਦੀ ਮਰਯਾਦਾ ਉਨਸਾਰ ਅਸੀਂ ਤਿੰਨਾਂ ਸਿੰਘਾਂ ਨੇ ਸ੍ਰੀ ਆਸਾ ਜੀ ਦੀ ਵਾਰ ਦਾ ਸ਼ਬਦ ਕੀਰਤਨ ਅੰਰਭ ਕੀਤਾ ਅਤੇ ਉਸ ਸਮੇਂ ਵੀ ਮੀਂਹ ਵਾਂਗ ਵਰਦੀਆਂ ਗੋਲ਼ੀਆਂ ਅਤੇ ਗੋਲਿਆਂ ਵਿੱਚ ਹੀ ਸਤਿਗੁਰੂ ਜੀ ਦੀ ਅਪਾਰ ਕ੍ਰਿਪਾ ਦਾ ਸਦਕਾ ਸੰਪੂਰਨ ਸ੍ਰੀ ਆਸਾ ਜੀ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਕੀਤੀ ਅਤੇ ਰੋਜ਼ਾਨਾ ਦੀ ਤਰਾਂ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਸਾਰੀ ਮਾਣ ਮਰਯਾਦਾ ਨਿਭਾਈ ਗਈ ਅਤੇ ਅਸੀਂ ਫੇਰ ਤਿੰਨੇ ਸਿੰਘ ਸੰਤਾਂ ਦੇ ਕੋਲੇ ਭੋਰੇ ਵਿੱਚ ਬਣੇ ਹੋਏ ਮੋਰਚੇ ਵਿੱਚ ਚਲੇ ਗਏ।

5 ਜੂਨ ਨੂੰ ਅੰਮ੍ਰਿਤ-ਵੇਲ਼ੇ ਵੀ ਬਹੁਤ ਤੇਜ਼ੀ ਨਾਲ ਲਗਾਤਾਰ ਦੋਵਾਂ ਪਾਸਿਆਂ ਤੋਂ ਗੋਲਾਵਾਰੀ ਚਲ ਰਹੀ ਸੀ ਅਤੇ ਫੌਜ ਵੀ ਨਾਲ਼ੋਂ ਨਾਲ ਅੱਗੇ ਸ੍ਰੀ ਦਰਬਾਰ ਸਾਹਿਬ ਵੱਲ ਨੂੰ ਵੱਧ ਰਹੀ ਸੀ, ਗੁਰੂ ਸਾਹਿਬ ਜੀ ਦੀ ਮਹਾਨ ਕ੍ਰਿਪਾ ਨਾਲ ਸਿੰਘ, ਸੂਰਮੇ ਯੋਧੇ ਪੂਰੇ ਜੋਸ਼ ਅਤੇ ਜ਼ੋਰ ਨਾਲ ਫੌਜ ਨੂੰ ਪਿੱਛੇ ਨੂੰ ਪਛਾੜ ਰਹੇ ਸਨ, ਸੰਤਾਂ ਮਹਾਂਪੁਰਖਾਂ ਨੇ ਅਤੇ ਜਨਰਲ ਸੁਬੇਗ ਸਿੰਘ ਜੀ ਨੇ 3 ਜੂਨ ਨੂੰ ਹੀ ਵਖੋ ਵੱਖਰੇ ਮੋਰਚਿਆਂ ਵਿੱਚ ਸਿੰਘਾਂ ਦੀਆਂ ਡਿਊਟੀਆਂ ਲਾ ਕੇ ਪੂਰੀਆਂ ਸਿੰਘਾਂ ਨੂੰ ਹਦਾਇਤਾਂ ਦਿੱਤੀਆਂ ਹੋਈਆਂ ਸਨ ਅਤੇ ਸਾਰੇ ਵਖੋ ਵਖਰੇ ਮੋਰਚਿਆਂ ਦੀ ਵੰਡ ਇਸ ਤਰਾਂ ਕੀਤੀ ਗਏ ਸੀ, ਨਾਨਕ ਨਿਵਾਸ ਸਰਾਂ ਅਤੇ ਬਾਬਾ ਅਟੱਲ ਸਾਹਿਬ ਜੀ ਦਾ ਅਸਥਾਨ ਅਖੰਡ ਕੀਰਤਨੀ ਬੱਬਰਾਂ ਦੀ ਜਥੇਬੰਦੀ ਕੋਲੇ ਸੀ, ਸਮੁੰਦਰੀ ਹਾਲ ਵਿੱਚ ਸ਼੍ਰੋਮਣੀ ਅਕਾਲੀ ਦਲ ਵਾਲੇ ਸਨ। ਗੁਰੂ ਰਾਮਦਾਸ ਸਰਾਂ, ਅਕਾਲ ਰੈਸਟ ਹਾਉਸ, ਪਾਣੀ ਵਾਲੀ ਟੈਂਕੀ ਤੇ ਭਾਈ ਹਰਮਿੰਦਰ ਸਿੰਘ ਸੰਧੂ ਦੀ ਅਗਵਾਈ ਵਿੱਚ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਵਾਲੇ ਸਨ

ਗੁਰੂ ਰਾਮਦਾਸ ਲੰਗਰ ਅਤੇ ਦੀਵਾਨ ਮੰਜੀ ਸਾਹਿਬ ਹਾਲ ਤੇ ਜਥੇਦਾਰ ਬਾਬਾ ਥਾਰਾ ਸਿੰਘ ਜੀ, ਜਥੇਦਾਰ ਭਾਈ ਰਾਮ ਸਿੰਘ ਜੀ ਸੁਲਤਾਨਪੁਰੀ, ਜਥੇਦਾਰ ਬਾਈ ਗੁਰਮੇਲ ਸਿੰਘ ਜੀ (ਹਜੂਰ ਸਾਹਿਬ ਕਾਰਸੇਵਾ ਵਾਲਿਆਂ) ਦੀ ਅਗਵਾਈ ਵਿੱਚ ਅਤੇ ਦਮਦਮੀ ਟਕਸਾਲ ਦੇ ਹੋਰ ਸਿੰਘਾਂ ਨਾਲ ਸਨ।

ਅਖਾੜਾ ਬ੍ਰਹਮ ਬੂਟਾ ਅਤੇ ਦੋਵੇਂ ਬੁਰਜ ਰਾਮਗੜੀਆ ਵਾਲੇ ਤੇ ਜਥੇਦਾਰ ਭਾਈ ਦਲਬੀਰ ਸਿੰਘ ਜੀ ਅਭਿਆਸੀ ਜੀ ਦੀ ਅਗਵਾਈ ਵਿੱਚ ਭਾਈ ਸਵਰਨ ਸਿੰਘ ਜੀ ਰੋਡੇ (ਸੰਤਾਂ ਦੇ ਭਤੀਜੇ) ਭਾਈ ਮੇਜਰ ਸਿੰਘ ਨਾਗੋਕੇ, ਭਾਈ ਕੁਲਵੰਤ ਸਿੰਘ ਭੰਡ, ਭਾਈ ਮੋਹਕਮ ਸਿੰਘ, ਭਾਈ ਸਾਹਿਬ ਸਿੰਘ, ਰਾਗੀ ਭਾਈ ਸੁਰਜੀਤ ਸਿੰਘ ਭੰਡ, ਰਾਗੀ ਭਾਈ ਦਿਆਲ ਸਿੰਘ, ਭਾਈ ਸ਼ਾਮ ਸਿੰਘ, ਭਾਈ ਸੁਰਿੰਦਰ ਸਿੰਘ ਨਾਗੋਕੇ, ਭਾਈ ਬਲਵਿੰਦਰ ਸਿੰਘ ਨਾਗੋਕੇ, ਭਾਈ ਲੱਖਾਂ ਸਿੰਘ ਨਾਗੋਕੇ ਅਤੇ ਦਮਦਮੀ ਟਕਸਾਲ ਦੇ ਅਤੇ ਕਾਰ-ਸੇਵਾ ਦੇ ਸਿੰਘਾਂ ਦੇ ਨਾਲ ਸਨ

ਘੰਟਾ ਘਰ ਤੇ ਜਿਲਿਆਂ ਵਾਲੇ ਬਾਗ਼ ਵਾਲੇ ਪਾਸੇ, ਜਥੇਦਾਰ ਭਾਈ ਜੋਗਿੰਦਰ ਸਿੰਘ ਜੀ ਫੌਜੀ ਚੱਕ ਰਾਜੂ ਵਾਲੇ ਦੀ ਅਗਵਾਈ ਵਿੱਚ ਦਮਦਮੀ ਟਕਸਾਲ ਦੇ ਹੋਰ ਸਿੰਘਾਂ ਨਾਲ ਸਨ

ਗੁਦੁਆਰਾ ਥੜਾ ਸਾਹਿਬ ਅਤੇ ਦੋਨਾਂ ਨਿਸਾਨ ਸਾਹਿਬਾਂ ਵਾਲੀ ਦਰਸ਼ਨੀ ਡਿਊੜੀ ਤੇ ਡਾਕਟਰ ਭਗਵਾਨ ਸਿੰਘ ਅਤੇ ਜਥੇਦਾਰ ਭਾਈ ਅਨੋਖ ਸਿੰਘ ਜੀ ਉਬੋਕੇ, ਜਥੇਦਾਰ ਭਾਈ ਲਾਭ ਸਿੰਘ ਜੀ, ਜਥੇਦਾਰ ਭਾਈ ਬਲਵਿੰਦਰ ਸਿੰਘ ਖੋਜਕੀਪੁਰ ਦੀ ਅਗਵਾਈ ਵਿੱਚ ਦਮਦਮੀ ਟਕਸਾਲ ਦੇ ਹੋਰ ਸਿੰਘਾਂ ਨਾਲ ਸਨ।

ਸ੍ਰੀ ਅਕਾਲ ਤਖਤ ਸਾਹਿਬ ਦੇ ਥੜਾ ਸਾਹਿਬ ਦੇ ਵਿਚਕਾਰ ਵਾਲੀ ਉਚੀ ਇਮਾਰਤ 'ਤੇ ਜਥੇਦਾਰ ਬਾਈ ਜੋਗਿੰਦਰ ਸਿੰਘ ਜੀ ਰੋਡੇ, ਬਾਈ ਪਰਸਾ ਸਿੰਘ ਜੀ (ਰੋਡਿਆਂ ਵਾਲੇ) ਅਤੇ ਭਾਈ ਕਾਬਲ ਸਿੰਘ ਜੀ ਉਰਫ ਭਾਈ ਨਿਰੰਤਰ ਸਿੰਘ ਜੀ ਦੀ ਅਗਵਾਈ ਵਿੱਚ ਦਮਦਮੀ ਟਕਸਾਲ ਦੇ ਭਾਈ ਇੱਕਬਾਲ ਸਿੰਘ, ਭਾਈ ਜਗਦੀਸ ਸਿੰਘ, ਭਾਈ ਬੁੱਧ ਸਿੰਘ ਅਤੇ ਹੋਰ ਸਿੰਘਾਂ ਨਾਲ ਸਨ

ਸ੍ਰੀ ਅਕਾਲ ਤਖਤ ਸਾਹਿਬ ਤੇ ਮਹਾਂਪੁਰਖਾਂ ਦੀ ਅਗਵਾਈ ਵਿੱਚ ਭਾਈ ਅਮਰੀਕ ਸਿੰਘ ਜੀ, ਜਨਰਲ ਸੁਬੇਗ ਸਿੰਘ ਜੀ ਜੋ ਸਾਰਿਆਂ ਮੋਰਚਿਆਂ ਵਿੱਚ ਤਾਲ-ਮੇਲ ਰੱਖ ਰਹੇ ਸੀ, ਭਾਈ ਗੁਰਮੁਖ ਸਿੰਘ ਜੀ (ਗੜਵਈ), ਭਾਈ ਰਛਪਾਲ ਸਿੰਘ ਜੀ(ਸੰਤਾਂ ਦੇ ਪੀ ਏ), ਭਾਈ ਦਾਰਾ ਸਿੰਘ ਜੀ ਪੂਨੀਆਂ (ਸੰਤਾਂ ਦੇ ਡਰਾਇਵਰ) ਭਾਈ ਤਰਲੋਚਨ ਸਿੰਘ ਫ਼ੌਜੀ(ਲੱਧੂਵਾਲ) ਬਾਪੂ ਜੰਗੀਰ ਸਿੰਘ ਜੀ(ਸੰਤਾਂ ਦੇ ਵੱਡੇ ਭਾਈ ਸਾਹਿਬ) ਭਾਈ ਅਜਾਇਬ ਸਿੰਘ ਜੀ ਅਭਿਆਸੀ ਮਹਿਤੇ ਵਾਲੇ ਜਿਹੜੇ ਕਿ ਸੰਤਾਂ ਦੇ (ਡਰਾਇਵਰ) ਸਨ, ਭਾਈ ਸੰਤੋਖ ਸਿੰਘ(ਟੇਪਾਂਵਾਲੇ), ਭਾਈ ਹਰਚਰਨ ਸਿੰਘ ਮੁਕਤਾ ਜੀ, ਭਾਈ ਰਾਮ ਸਿੰਘ ਬੋਲਾ(ਛੋਟਾ ਗੜਵਈ), ਭਾਈ ਮੋਹਨ ਸਿੰਘ(ਛੋਟਾ ਗੜਵਈ), ਭਾਈ ਗੁਰਮੁਖ ਸਿੰਘ ਮਹਾਪੁਖਾਂ ਦਾ (ਡਰਾਇਵਰ ਭੂਰਿਆ ਵਾਲਾ), ਭਾਈ ਪ੍ਰੀਤਮ ਸਿੰਘ ਪ੍ਰੀਤਾ (ਫਤੂਢੀਗਾ), ਭਾਈ ਹਰਵਿੰਦਰ ਸਿੰਘ(ਸ਼ੈਤਾਨ ਮਨਾਵਾਂ), ਭਾਈ ਗੁਰਜੀਤ ਸਿੰਘ (ਹਰੀਹਰ ਝੋਕ ਵਾਲੇ) ਆਦਿ ਹੋਰ ਕਾਫ਼ੀ ਸਿੰਘ ਸਨ। ਰਾਗੀ ਭਾਈ ਗੁਰਸ਼ਰਨ ਸਿੰਘ ਜੀ, ਭਾਈ ਠਾਕੁਰ ਸਿੰਘ ਜੀ, ਦਾਸ ਮੁਖ਼ਤਿਆਰ ਸਿੰਘ ਮੁਖੀ, ਹੈੱਡ ਗਰੰਥੀ ਭਾਈ ਪ੍ਰੀਤਮ ਸਿੰਘ ਜੀ, ਗ੍ਰੰਥੀ ਭਾਈ ਭਗਵਾਨ ਸਿੰਘ ਜੀ, ਕੁਝ ਹੋਰ ਸ੍ਰੋਮਣੀ ਕਮੇਟੀ ਦੇ ਸੇਵਾਦਾਰ ਵੀ ਹਾਜ਼ਰ ਸਨ ਅਤੇ ਲਗਾਤਾਰ ਸੰਤਾਂ ਕੋਲੇ ਸਿੰਘ ਹੋਰ ਵੀ ਆ ਜਾ ਰਹੇ ਸਨ।

ਅੱਗੇ ਸਿੰਮਕੋ ਵਾਲੇ ਚੁਬਾਰੇ ਤੇ ਜਥੇਦਾਰ ਭਾਈ ਗੁਲਜ਼ਾਰ ਸਿੰਘ ਫ਼ੌਜੀ ਦੀ ਅਗਵਾਈ ਵਿੱਚ ਭਾਈ ਕੁਲਬੀਰ ਸਿੰਘ ਗੰਡੀਵਿੰਡ, ਭਾਈ ਮਿਹਰਵਾਨ ਸਿੰਘ, ਭਾਈ ਮੁਹਿੰਦਰ ਸਿੰਘ ਫ਼ੌਜੀ ਅਤੇ ਦਮਦਮੀ ਟਕਸਾਲ ਦੇ ਹੋਰ ਸਿੰਘਾਂ ਨਾਲ ਸਨ।

ਨਵੀਂ ਦਰਸ਼ਨੀ ਡਿਊੜੀ 'ਤੇ ਜਥੇਦਾਰ ਭਾਈ ਰਸਾਲ ਸਿੰਘ ਜੀ ਆਰਫ਼ਕੇ ਦੀ ਅਗਵਾਈ ਵਿੱਚ ਭਾਈ ਸੁਖਦੇਵ ਸਿੰਘ ਭੱਠਲ, ਭਾਈ ਕਰਤਾਰ ਸਿੰਘ ਭੱਠਲ, ਭਾਈ ਜਸਵਿੰਦਰ ਸਿੰਘ ਡਰੋਲੀ, ਭਾਈ ਰਣਧੀਰ ਸਿੰਘ ਮਹਾਕਾਲ ਜੀ, ਭਾਈ ਜਰਨੈਲ ਸਿੰਘ ਬੂਅ, ਭਾਈ ਅਜਾਇਬ ਸਿੰਘ ਭਾਊ, ਭਾਈ ਹੀਰਾ ਸਿੰਘ ਅਤੇ ਦਮਦਮੀ ਟਕਸਾਲ ਦੇ ਹੋਰ ਸਿੰਘਾਂ ਨਾਲ ਸਨ।



ਅੱਗੇ ਛਬੀਲ ਤੇ ਜਥੇਦਾਰ ਬਾਈ ਸ਼ੇਰ ਸਿੰਘ ਜੀ ਫ਼ੌਜੀ ਕਾਰ-ਸੇਵਾ ਵਾਲੇ ਦੀ ਅਗਵਾਈ ਵਿੱਚ ਦਮਦਮੀ ਟਕਸਾਲ ਦੇ ਹੋਰ ਸਿੰਘਾਂ ਦੇ ਨਾਲ ਸਨ।

ਆਟਾ ਮੰਡੀ ਘੰਟਾ ਘਰ ਤੇ ਜਥੇਦਾਰ ਗਿਆਨੀ ਮੋਹਰ ਸਿੰਘ ਜੀ ਦੀ ਅਗਵਾਈ ਵਿੱਚ ਅਤੇ ਭਾਈ ਸਤਿੰਦਰਪਾਲ ਸਿੰਘ ਪੀ ਟੀ (ਸਿੱਖ ਸਟੂਡੈਂਟ ਫੈਡਰੇਸ਼ਨ) ਦਮਦਮੀ ਟਕਸਾਲ ਦੇ ਹੋਰ ਸਿੰਘਾਂ ਨਾਲ ਸਨ।

ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਅਸਥਾਨ ਦੇ ਨੇੜੇ ਭਾਈ ਹਰਬੰਸ ਸਿੰਘ ਪੱਪੂ ਵਾਲੇ ਚੁਬਾਰੇ ਤੇ ਅਤੇ ਦੀਵਾਨ ਮੰਜੀ ਸਾਹਿਬ ਵਾਲੀ ਸਾਇਡ ਦੀ ਅਗਵਾਈ ਜਥੇਦਾਰ ਭਾਈ ਗੁਰਨਾਮ ਸਿੰਘ ਜੀ, ਭਾਈ ਅਮਰਜੀਤ ਸਿੰਘ ਜੀ ਖੇਮਕਰਨ ਵਾਲੇ ਅਤੇ ਭਾਈ ਉੱਜਲ ਸਿੰਘ ਜੀ (ਮਲਸੀਹਾਂ), ਭਾਈ ਜੰਗੀਰ ਸਿੰਘ ਜੀ ਮਹੰਤ, ਭਾਈ ਮਹਾਂ ਸਿੰਘ (ਉਰਫ ਹਰਭਜਨ ਸਿੰਘ) ਅਤੇ ਦਮਦਮੀ ਟਕਸਾਲ ਦੇ ਹੋਰ ਸਿੰਘਾਂ ਨਾਲ ਸਾਰੀ ਮੋਰਚਾਬੰਦੀ ਕਰਕੇ ਫੌਜਾਂ ਨੂੰ ਮੂੰਹ ਤੋੜਵਾਂ ਜਵਾਬ ਦੇ ਰਹੇ ਸਨ, ਜਨਰਲ ਸੁਬੇਗ ਸਿੰਘ ਜੀ ਨੇ ਲਗਾਤਾਰ ਜ਼ੁੰਮੇਵਾਰ ਸਿੰਘਾਂ ਨਾਲ ਸਾਰਾ ਸੰਪਰਕ ਰੱਖਿਆ ਹੋਇਆ ਸੀ।

5 ਜੂਨ ਹੀ ਦੁਪਹਿਰ ਤੋਂ ਬਾਅਦ ਸੰਤਾਂ ਨੂੰ ਭਾਈ ਅਮਰੀਕ ਸਿੰਘ ਜੀ ਨੇ ਕੁਝ ਸਿੰਘਾਂ ਦੀ ਅਗਵਾਈ ਵਿੱਚ ਬੇਨਤੀ ਕਰਨੀ ਚਾਹੀ, ਉਸ ਵੇਲੇ ਦਾਸ ਮਹਾਂਪੁਰਖਾਂ ਦੀ ਸੇਵਾ ਵਿੱਚ ਹਾਜ਼ਰ ਸੀ, ਸੰਤਾਂ ਨੇ ਜਿਸ ਵੇਲੇ ਸਿੰਘਾਂ ਨੂੰ ਇਕੱਠੇ ਹੋਏ ਦੇਖਿਆ ਤਾਂ ਸਿੰਘਾਂ ਦੇ ਕੁਝ ਕਹਿਣ ਤੋਂ ਪਹਿਲਾਂ ਹੀ ਸੰਤਾਂ ਨੇ ਬਹੁਤ ਨਿਮਰਤਾ ਨਾਲ ਸਿੰਘਾਂ ਨੂੰ ਬੇਨਤੀ ਕੀਤੀ ਸਿੰਘੋ ਤੁਹਾਡੇ ਹੁਕਮ ਕਰਨ ਤੋਂ ਪਹਿਲਾਂ ਮੇਰੀ ਬੇਨਤੀ ਨੂੰ ਸੁਣ ਲਵੋ। ਫੇਰ ਤੁਸੀਂ ਜੋ ਮਰਜ਼ੀ ਹੁਕਮ ਕਰ ਦਿਓ, ਮੇਰੀ ਬੇਨਤੀ ਇਹ ਹੈ ਮੈਨੂੰ ਇੱਥੋਂ ਜਾਣ ਬਾਰੇ ਨਾ ਕੋਈ ਹੁਕਮ ਕਰਿਓ ਕਿਉਂਕਿ ਜਦੋਂ ਅਹਿਮਦ ਸ਼ਾਹ ਅਬਦਾਲੀ ਨੇ ਸੱਚਖੰਡ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਸੀ, ਸੱਚਖੰਡ ਸ੍ਰੀ ਦਰਬਾਰ ਸਾਹਿਬ ਦੀ ਕੀਤੀ ਬੇਅਦਵੀ ਦਾ ਬਦਲਾ ਲੈਣ ਲਈ ਤਾਂ ਦਮਦਮੀ ਟਕਸਾਲ ਦੇ ਪਹਿਲੇ ਮੁਖੀ ਅਨੋਖੇ ਅਮਰ ਸ਼ਹੀਦ ਸ੍ਰੀ ਮਾਨ ਬਾਬਾ ਦੀਪ ਸਿੰਘ ਜੀ ਨੇ ਦਮਦਮਾ ਸਾਹਿਬ ਦੀ ਪਾਵਨ ਧਰਤੀ ਤੋਂ ਚੱਲਕੇ ਆਪਣੀ ਸ਼ਹਾਦਤ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੀ ਹੋਈ ਬੇਅਦਬੀ ਨੂੰ ਨਾ ਸਹਾਰਦਿਆਂ ਦਿੱਤੀ ਸੀ।

ਦਮਦਮੀ ਟਕਸਾਲ ਦੇ ਦੂਜੇ ਮੁਖੀ ਬਾਬਾ ਗੁਰਬਖਸ਼ ਸਿੰਘ ਜੀ ਨੇ ਵੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੀ ਰਾਖੀ ਕਰਦਿਆਂ ਸ਼ਹੀਦੀ ਦਿੱਤੀ ਹੈ।

ਦਾਸ ਵੀ ਗੁਰੂ ਕਲਗ਼ੀਧਰ ਸੱਚੇ ਪਾਤਸ਼ਾਹ ਦੀ ਚਲਾਈ ਹੋਈ ਇਸ ਟਕਸਾਲ ਦਾ ਇੱਕ ਸੇਵਾਦਾਰ ਹੈ। ਸਮੇਂ ਦੀ ਹਕੂਮਤ ਨੇ ਸ੍ਰੀ ਦਰਬਾਰ ਸਾਹਿਬ ਤੇ ਹਮਲਾ ਕਰ ਦਿੱਤਾ ਹੈ ਦਾਸ ਤਾਂ ਅਖੀਰਲੇ ਸੁਆਸ ਤੱਕ ਸਰਕਾਰ ਨੂੰ ਮੂੰਹ ਤੋੜਵਾਂ ਜੁਵਾਬ ਦਿੰਦਾ ਹੋਇਆ ਸ਼ਹਾਦਤ ਪ੍ਰਾਪਤ ਕਰੇਗਾ ਕ੍ਰਿਪਾ ਕਰਕੇ ਤੁਸੀਂ ਮੈਨੂੰ ਇੱਥੋਂ ਜਾਣ ਵਾਰੇ ਕੋਈ ਵੀ ਹੁਕਮ ਨਹੀਂ ਕਰਨਾ। ਤੁਸੀਂ ਸਾਰੇ ਸਿੰਘਾਂ ਨੇ ਦਾਸ ਦੀ ਇਹ ਬੇਨਤੀ ਜ਼ਰੂਰ ਪ੍ਰਵਾਨ ਕਰਨੀ ਹੈ, ਸੰਤਾਂ ਦੇ ਪੂਰੀ ਦ੍ਰਿੜਤਾ ਵਾਲੇ ਬਚਨ ਸੁਣਕੇ ਇਕੱਠੇ ਹੋਏ ਸਿੰਘਾਂ ਨੇ ਸੰਤਾਂ ਨੂੰ ਫੇਰ ਕੋਈ ਵੀ ਕਿਸੇ ਕਿਸਮ ਦਾ ਹੁਕਮ ਜਾਂ ਬੇਨਤੀ ਨਹੀਂ ਕੀਤੀ, ਇਕੱਠੇ ਹੋਏ ਸਿੰਘ ਆਪੋ ਆਪਣੀ ਮੁੜ ਸੇਵਾ ਵਿੱਚ ਲੱਗ ਗਏ।

ਜਿਹੜਾ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਖੂਹ ਹੈ ਉਸ ਦਾ ਅੱਧਾ ਹਿੱਸਾ ਉਸ ਵੇਲੇ ਸ੍ਰੀ ਅਕਾਲ ਤਖਤ ਸਾਹਿਬ ਦੀ ਇਮਾਰਤ ਤੋਂ ਬਾਹਰ ਸੀ ਅਤੇ ਅੱਧਾ ਹਿੱਸਾ ਭੋਰੇ ਦੇ ਅੰਦਰ ਵਾਲੀ ਜਗਾ ਵਿੱਚ ਸੀ, ਸੰਤ ਸਿੰਘਾਂ ਨਾਲ ਕੁੱਝ ਵਿਚਾਰ ਕਰਨ ਤੋਂ ਉਪਰੰਤ ਉੱਥੇ ਹੀ ਥੋੜਾ ਜਿਹਾ ਸਮਾਂ ਲੰਮੇ ਪਏ ਸਨ, ਦਾਸ ਸੇਵਾ ਕਰਨ ਲੱਗ ਪਿਆ, ਉਸ ਸਮੇਂ ਫੌਜ ਦੀਆਂ ਤੋਪਾਂ ਦੇ ਗੋਲੇ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਇਮਾਰਤ ਨੂੰ ਪਿਛਲੀ ਸਾਇਡ ਤੋਂ ਵੀ ਮਾਰੇ ਜਾ ਰਹੇ ਸਨ,ਖੂਹ ਵਾਲੇ ਪਾਸੇ ਤੋਂ ਆ ਰਹੇ ਤੋਪਾਂ ਦੇ ਗੋਲਿਆਂ ਦੀ ਬਹੁਤ ਹੀ ਭਿਆਨਕ ਅਵਾਜ਼ ਜੀ ਉਨਾਂ ਤੋਪਾਂ ਦੇ ਗੋਲਿਆਂ ਨਾਲ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਇਮਾਰਤ ਦਾ ਕੁਝ ਹਿੱਸਾ ਜਦੋਂ ਖੂਹ ਵਿੱਚ ਡਿਗਿਆ ਤਾਂ ਮੈਨੂੰ ਇਸ ਤਰਾਂ ਲੱਗਾ ਕਿ ਇਹ ਗੋਲਾ ਸਾਡੇ ਉਤੇ ਹੀ ਆ ਡਿੱਗਾ ਹੈ ਦਾਸ ਨੇ ਇਕ ਦਮ ਆਪਣੇ ਸਰੀਰ ਨੂੰ ਸੰਤਾਂ ਦੇ ਸਰੀਰ ਦੇ ਨੇੜੇ ਉਪਰ ਕਰਨ ਲਈ ਯਤਨ ਕੀਤਾ, ਤਾਂ ਉਸੇ ਵੇਲੇ ਇਕ ਦਮ ਲੰਮੇ ਪਏ ਮਹਾਂਪੁਰਖਾਂ ਨੇ ਆਪੁਣੇ ਦੋਵੇਂ ਚਰਨਾ ਨਾਲ ਮੇਰੇ ਸਰੀਰ ਨੂੰ ਪਰੇ ਧੱਕ ਕੇ ਪਿਆਰ ਨਾਲ ਕਹਿੰਦੇ ਕੰਜਰਾ ਡਰ ਗਿਆ ? ਦਾਸ ਨੇ ਉਸੇ ਵੇਲੇ ਬੇਨਤੀ ਕੀਤੀ ਨਹੀਂ ਬਾਬਾ ਜੀ ਮੈਂ ਸੋਚਿਆ ਆਪ ਜੀ ਦੇ ਸਰੀਰ ਨੂੰ ਨਾਂ ਕੁਝ ਹੋਵੇ, ਮਹਾਂਪੁਰਖਾਂ ਨੇ ਕਿਹਾ ਮੁਖੀ 'ਇਹ ਸਾਧ ਦੀ ਭੂਰੀ ਤੇ ਹੀ ਇਕੱਠ ਹੈ ਇਹ ਭੂਰੀ ਇੱਥੇ ਲਾਹ ਦੇਣੀ ਹੈ' ਸੰਤਾਂ ਦੇ ਇਹ ਬਚਨ ਸੁਣ ਕੇ ਮੇਰਾ ਸਰੀਰ ਸੁੰਨ ਜਿਹਾ ਹੋ ਗਿਆ ਅਤੇ ਮੈਂ ਆਪਣੇ ਮੂੰਹ 'ਚੋਂ ਕੁਝ ਵੀ ਨਾ ਬੋਲ ਸਕਿਆ। ਫੇਰ ਸੰਤਾਂ ਨੇ ਭਾਈ ਤਰਲੋਚਨ ਸਿੰਘ ਫ਼ੌਜੀ ਲਧੂਵਾਲ ਵਾਲੇ ਨੂੰ ਪੁੱਛਿਆ ਜੋ ਵਾਇਰਲੈਸ ਰਾਹੀਂ ਸਰਕਾਰ ਅਤੇ ਫੌਜ ਦੀ ਸਾਰੀ ਕਾਰਵਾਈ ਸੁਣਕੇ ਮਹਾਂਪੁਰਖਾਂ ਨੂੰ ਦੱਸਦਾ ਸੀ, ਸੰਤ ਕਹਿੰਦੇ ਤਰਲੋਚਨ ਸਿੰਘ, ਸੱਚਖੰਡ ਸ੍ਰੀ ਦਰਬਾਰ ਸਾਹਿਬ ਜੀ ਦੇ ਆਲੇ ਦੁਆਲੇ ਆਪਾਂ ਨੂੰ ਫੌਜ ਨੇ ਕਿੰਨਾ ਕੁ ਘੇਰਾ ਪਾਇਆ ਹੋਇਆ ਹੈ ? ਤਾਂ ਉਸ ਵੇਲੇ ਭਾਈ ਤਰਲੋਚਨ ਸਿੰਘ ਨੇ ਕਿਹਾ ਬਾਬਾ ਜੀ ਲੱਖਾਂ ਦੀ ਗਿਣਤੀ ਵਿੱਚ ਹੈ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਦੇ ਆਲੇ ਦੁਆਲੇ ਘੇਰੇ ਵਿੱਚ, ਟੈਂਕਾਂ ਦਾ ਵੀ ਰਸਾਲਾ ਬਬੀਨੇ ਛਾਉਣੀ ਤੋਂ ਪਹੁੰਚ ਗਿਆ ਹੈ ਜੀ। ਸੰਤ ਹੱਸ ਕੇ ਕਹਿਣ ਲੱਗੇ ਇਹ ਫੌਜ ਤਾਂ ਕੀ ਹੈ ਭਾਵੇਂ ਸਾਰਾ ਹਿੰਦੁਸਤਾਨ ਵੀ ਚੜਕੇ ਆ ਜਾਵੇ ਆਪਾਂ ਨੂੰ ਫੇਰ ਵੀ ਨਹੀਂ ਫੜ ਸਕਦੇ ਪਰ ਸ਼ਹਾਦਤ ਦੇ ਦੇਣੀ ਹੈ।

ਇਹ ਵਿਚਾਰਾਂ ਚਲ ਹੀ ਰਹੀਆਂ ਸਨ ਤਾਂ ਦਾਸ ਨੇ ਬੇਨਤੀ ਕੀਤੀ ਕਿ ਬਾਬਾ ਜੀ ਸਾਡਾ ਸ਼ਾਮ ਦੀ ਸੋਦਰ ਦੀ ਚੌਂਕੀ ਦਾ ਸਮਾਂ ਹੋਗਿਆ ਹੈ। ਸੰਤਾਂ ਨੇ ਕਿਹਾ ਜਾਓ ਜਾਕੇ ਸੇਵਾ ਨਿਭਾ ਕੇ ਆਓ, ਅਸੀਂ ਤਿੰਨੋਂ ਹੀ ਸਿੰਘ ਗੁਰੂ ਸਾਹਿਬ ਜੀ ਦੀ ਹਜ਼ੂਰੀ ਵਿੱਚ ਹਾਜ਼ਰ ਹੋਏ ਅਤੇ ਸੋਦਰ ਦੀ ਚੌਂਕੀ ਦਾ ਕੀਰਤਨ ਅਰੰਭ ਕਰ ਦਿੱਤਾ, ਕੀਰਤਨ ਕਰਦਿਆਂ ਦਾਸ ਦੇਖ ਰਿਹਾ ਸੀ ਕਿ ਸ੍ਰੀ ਗੁਰੂ ਰਾਮਦਾਸ ਸਰਾਂ ਵਾਲੀ ਪਾਣੀ ਦੀ ਟੈਂਕੀ ਫੌਜੀਆਂ ਨੇ ਤੋਪਾਂ ਦੇ ਗੋਲੇ ਮਾਰ ਮਾਰ ਕੇ ਤੋੜ ਦਿੱਤੀ ਅਤੇ ਪਾਣੀ ਦੀ ਬਹੁਤ ਵੱਡੀ ਧਾਰ ਜ਼ਮੀਨ ਤੇ ਡਿੱਗ ਦੀ ਦਿਖਾਈ ਦੇ ਰਹੀ ਸੀ ਅਤੇ ਫੌਜ ਗੁਰੂ ਰਾਮਦਾਸ ਸਰਾਂ ਵਾਲੇ ਪਾਸੇ ਤੇ ਕਾਫ਼ੀ ਨੇੜੇ ਆ ਚੁੱਕੀ ਸੀ।

ਦੋਨਾਂ ਰਾਮਗੜੀਏ ਬੁੰਗਿਆਂ ਵਾਲੇ ਮੋਰਚਿਆਂ ਨੂੰ ਲਗਾਤਾਰ ਤੋਪਾਂ ਦੇ ਗੋਲੇ ਮਾਰੇ ਜਾ ਰਹੇ ਸਨ, ਸਿੰਘ ਉਨਾਂ ਦਾ ਜੁਵਾਬ ਪੂਰੇ ਬੁਲੰਦ ਹੌਸਲਿਆਂ ਨਾਲ ਦੇ ਰਹੇ ਸੀ। ਇਹ ਵੀ ਪਤਾ ਲੱਗਾ ਕਿ ਉਸ ਵੇਲੇ ਤੱਕ ਬੱਬਰਾਂ ਦੀ ਜਥੇਬੰਦੀ ਦੇ ਸਾਰੇ ਸਿੰਘ ਰਣਨੀਤੀ ਬਦਲਕੇ ਬਹਾਰ ਨਿਕਲ ਗਏ ਸਨ। ਅਸੀਂ ਕੀਰਤਨ ਦੀ ਸਮਾਪਤੀ ਤੋਂ ਬਾਅਦ ਸਾਰੀ ਸਮਾਪਤੀ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਸੁਖਾਸਣ ਕਰਵਾ ਕੇ ਕੋਠਾ ਸਾਹਿਬ ਵਿਖੇ ਵਿਰਾਜਮਾਨ ਕਰ ਦਿੱਤੇ ਸਨ। ਅਸੀਂ ਫੇਰ ਭੋਰੇ ਵਿੱਚ ਸੰਤਾਂ ਕੋਲੇ ਮੋਰਚੇ ਵਿੱਚ ਥੱਲੇ ਚਲੇ ਗਏ।

5 ਅਤੇ 6 ਜੂਨ ਦੀ ਰਾਤ ਬਹੁਤ ਹੀ ਭਿਆਨਕ ਹੋ ਨਿਬੜੀ। ਫੌਜ ਗੁਰੂ ਰਾਮਦਾਸ ਸਰਾਂ ਵਾਲੀ ਸਾਇਡ ਤੋਂ ਪ੍ਰਕਰਮਾਂ ਵਿੱਚ ਅੰਦਰ ਆਉਣ ਲਈ ਟੈਂਕਾਂ ਅਤੇ ਬਖਤਰਬੰਦ ਗੱਡੀਆਂ ਨੂੰ ਅੱਗੇ ਲਾ ਲੈਕੇ ਆ ਰਹੇ ਸਨ।

**ਬਾਕੀ ਸਫ਼ਾ 30 'ਤੇ**

# ਸਿੱਧੂ ਮੂਸੇਵਾਲ ਦੇ ਕਤਲ ਦੇ ਮਾਮਲੇ ਵਿਚ ਸ਼ੂਟਰ ਅੰਕਿਤ ਸਿਰਸਾ ਤੇ ਸਚਿਨ ਭਿਵਾਨੀ ਗ੍ਰਿਫ਼ਤਾਰ

**✪ ਮੂਸੇਵਾਲਾ ਨੂੰ ਮਾਰਨ ਤੋਂ ਬਾਅਦ ਸ਼ੂਟਰਾਂ ਨੇ ਮਨਾਇਆ ਸੀ ਜਸ਼ਨ, ਲਹਿਰਾਏ ਸਨ ਹਥਿਆਰ ✪ ਮੂਸੇਵਾਲਾ ਦੇ ਪਿਤਾ ਦੇ ਬਿਆਨ ਨਾਲ ਸਿਆਸਤ ਗਰਮਾਈ, ਕਿਹਾ ਕਿ ਚੋਣਾਂ ਦੌਰਾਨ ਮੇਰੇ ਪੁੱਤਰ 'ਤੇ 8 ਵਾਰ ਹਮਲਾ ਹੋਇਆ ✪ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਜਾਂਚ 'ਤੇ ਅਸੰਤੁਸ਼ਟੀ ਪ੍ਰਗਟਾਈ**

**ਨਵੀਂ ਦਿੱਲੀ/ਏ.ਟੀ.ਨਿਊਜ਼ :-** ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਹੱਤਿਆ ਦੇ ਮਾਮਲੇ ਵਿਚ ਦਿੱਲੀ ਪੁਲਿਸ ਨੇ ਮੂਸੇਵਾਲਾ 'ਤੇ ਨੇੜਿਓਂ ਗੋਲੀਆਂ ਚਲਾਉਣ ਵਾਲੇ ਸ਼ੂਟਰ ਅੰਕਿਤ ਸੇਰਸਾ ਤੇ ਉਸ ਦੇ ਸਾਥੀ ਸਚਿਨ ਭਿਵਾਨੀ ਨੂੰ ਗ੍ਰਿਫ਼ਤਾਰ ਕੀਤਾ ਹੈ। ਦਿੱਲੀ ਪੁਲਿਸ ਦੇ ਵਿਸ਼ੇਸ਼ ਸੈੱਲ ਦੇ ਵਿਸ਼ੇਸ਼ ਕਮਿਸ਼ਨਰ ਐਚ.ਜੀ.ਐਸ. ਧਾਲੀਵਾਲ ਨੇ ਦੱਸਿਆ ਕਿ ਸਾਡੀਆਂ ਟੀਮਾਂ ਨੇ ਮੱਧ ਪ੍ਰਦੇਸ਼, ਝਾਰਖੰਡ, ਉੱਤਰ ਪ੍ਰਦੇਸ਼, ਹਰਿਆਣਾ, ਗੁਜਰਾਤ ਤੇ ਦਿੱਲੀ 'ਚ ਛਾਪੇ ਮਾਰੇ। ਉਨਾਂ ਕਿਹਾ ਕਿ ਦਿੱਲੀ ਪੁਲਿਸ ਨੇ ਇਨਾਂ ਦੋਵਾਂ ਨੂੰ 3 ਜੁਲਾਈ ਦੀ ਰਾਤ 11 ਵਜੇ ਦੇ ਕਰੀਬ ਕਸ਼ਮੀਰੀ ਗੇਟ ਨੇੜਿਓਂ ਮਹਾਤਮਾ ਗਾਂਧੀ ਮਾਰਗ ਤੋਂ ਗ੍ਰਿਫ਼ਤਾਰ ਕੀਤਾ। ਦਿੱਲੀ ਪੁਲਿਸ ਨੇ ਇਨਾਂ ਕੋਲੋਂ ਪੰਜਾਬ ਪੁਲਿਸ ਦੀਆਂ ਤਿੰਨ ਵਰਦੀਆਂ ਦੇ ਇਲਾਵਾ ਇਕ 9 ਐਮ.ਐਮ. ਪਿਸਤੌਲ ਨਾਲ 10 ਜ਼ਿੰਦਾ ਕਾਰਤੂਸ, ਇਕ .3 ਐਮ. ਐਮ. ਪਿਸਤੌਲ ਨਾਲ 9 ਜ਼ਿੰਦਾ ਕਾਰਤੂਸ, ਡੋਂਗਲ ਤੇ ਸਿਮ ਕਾਰਡ ਦੇ ਨਾਲ 2 ਮੋਬਾਈਲ ਸੈੱਟ ਬਰਾਮਦ ਕੀਤੇ ਹਨ। ਦੱਸਿਆ ਜਾ ਰਿਹਾ ਹੈ ਕਿ ਇਹ ਦੋਵੇਂ ਲੋੜੀਂਦੇ ਅਪਰਾਧੀ ਲਾਰੈਂਸ ਬਿਸ਼ਨੋਈ ਤੇ ਗੋਲਡੀ ਬਰਾੜ ਦੇ ਗੈਂਗ ਲਈ ਕੰਮ ਕਰਦੇ ਸੀ। ਪੁਲਿਸ ਮੁਤਾਬਿਕ ਅੰਕਿਤ ਨੇ ਬਿਲਕੁਲ ਨੇੜੇ ਤੋਂ ਸਿੱਧੂ ਮੂਸੇਵਾਲਾ 'ਤੇ 6 ਗੋਲੀਆਂ ਚਲਾਈਆਂ ਸੀ। ਘਟਨਾ ਮੌਕੇ ਅੰਕਿਤ ਪ੍ਰਿਅਵਰਤ ਫ਼ੌਜੀ ਦੇ ਨਾਲ ਗੱਡੀ ਵਿਚ ਮੌਜੂਦ ਸੀ ਅਤੇ ਸ਼ੁਰੂਆਤ ਵਿਚ ਅੰਕਿਤ ਤੇ ਫ਼ੌਜੀ ਦੋਵੇਂ ਇਕੱਠੇ ਹੀ ਭੱਜੇ ਸਨ। ਹਾਲਾਂਕਿ ਪ੍ਰਿਅਵਰਤ ਫ਼ੌਜੀ ਨੂੰ ਪੁਲਿਸ ਨੇ ਪਹਿਲਾਂ ਹੀ ਗ੍ਰਿਫ਼ਤਾਰ ਕਰ ਲਿਆ ਸੀ। ਅੰਕਿਤ ਦੇ ਨਾਲ ਗ੍ਰਿਫ਼ਤਾਰ ਕੀਤੇ ਗਏ ਸਚਿਨ ਭਿਵਾਨੀ 'ਤੇ ਦੋਸ਼ ਹੈ ਕਿ ਉਸ ਨੇ ਮੂਸੇਵਾਲਾ ਮਾਮਲੇ ਦੇ ਚਾਰੇ ਸ਼ੂਟਰਾਂ ਨੂੰ ਪਨਾਹ ਦਿੱਤੀ ਸੀ। ਪੁਲਿਸ ਮੁਤਾਬਿਕ ਸਚਿਨ ਭਿਵਾਨੀ ਰਾਜਸਥਾਨ ਵਿਚ ਲਾਰੈਂਸ ਬਿਸ਼ਨੋਈ ਗੈਂਗ ਦਾ ਪੂਰਾ ਕੰਮ ਸੰਭਾਲਦਾ ਸੀ। ਉਨਾਂ ਦੱਸਿਆ ਕਿ ਹਰਿਆਣਾ ਦੇ ਸੇਰਸਾ ਪਿੰਡ ਦਾ ਵਸਨੀਕ ਅੰਕਿਤ ਰਾਜਸਥਾਨ ਵਿਚ ਹੱਤਿਆ ਦੀ ਕੋਸ਼ਿਸ਼ ਦੇ ਦੋ ਹੋਰ ਮਾਮਲਿਆਂ 'ਚ ਨਾਮਜ਼ਦ ਹੈ। ਦੱਸਣਯੋਗ ਹੈ ਕਿ ਸਿੱਧੂ ਮੂਸੇਵਾਲਾ ਹੱਤਿਆ ਮਾਮਲੇ ਵਿਚ ਦਿੱਲੀ ਪੁਲਿਸ ਹੁਣ ਤੱਕ ਪੰਜ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਚੁੱਕੀ ਹੈ।

ਗਾਇਕ ਸਿੱਧੂ ਮੂਸੇਵਾਲਾ ਨੂੰ ਮਾਰਨ ਵਾਲੇ ਸ਼ੂਟਰਾਂ ਵਿਚੋਂ ਇਕ ਸ਼ੂਟਰ ਅੰਕਿਤ ਦੇ ਫੋਨ ਨੂੰ ਸਕੈਨ ਕਰਨ ਤੋਂ ਬਾਅਦ ਮਿਲੀ ਇਕ ਵੀਡੀਓ 'ਚ ਪਤਾ ਲੱਗਾ ਹੈ ਕਿ ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਹਤਿਆਰਿਆਂ ਨੇ ਆਪਣੇ ਹਥਿਆਰਾਂ ਨਾਲ ਜਸ਼ਨ ਮਨਾਇਆ ਸੀ। ਵੀਡੀਓ ਵਿਚ ਕਾਰ ਵਿਚ ਸਵਾਰ ਪੰਜ ਹਮਲਾਵਰ ਹੱਸਦੇ ਵਿਖਾਈ ਦੇ ਰਹੇ ਹਨ ਅਤੇ ਕੈਮਰੇ ਸਾਹਮਣੇ ਆਪਣੇ ਹਥਿਆਰ ਲਹਿਰਾ ਰਹੇ ਹਨ ਅਤੇ ਪਿੱਛੇ ਪੰਜਾਬੀ ਸੰਗੀਤ ਵੱਜ ਰਿਹਾ ਹੈ। ਵੀਡੀਓ ਅੰਕਿਤ ਦੇ ਹੁਣ ਹਟਾ ਦਿੱਤੇ ਗਏ ਇੰਸਟਾਗ੍ਰਾਮ ਹੈਂਡਲ 'ਤੇ ਪਾਈ ਗਈ ਸੀ।

-ਸੁਭਦੀਪ ਸਿੰਘ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਆਖਿਆ ਕਿ ਉਸਦਾ ਪੁੱਤਰ ਸਾਫ਼ ਸੁਥਰੀ ਰਾਜਨੀਤੀ ਕਰਨੀ ਚਾਹੁੰਦਾ ਸੀ ਅਤੇ ਉਸ ਦੀ ਦਿੱਲੀ ਇੱਛਾ ਸੀ ਕਿ ਲੋਕ ਉਸ ਤੋਂ ਗਲੀਆਂ-ਨਾਲੀਆਂ ਦੀਆਂ ਮੰਗਾਂ ਦੀ ਬਜਾਏ ਹਸਪਤਾਲਾਂ, ਕਾਲਜਾਂ, ਯੂਨੀਵਰਸਟੀਆਂ ਦੀ ਮੰਗ ਰੱਖਣ ਪ੍ਰੰਤੂ ਇਹ ਸਭ ਵੇਖ ਉਸਦਾ ਮਨ ਉਪਰਾਮ ਹੋ ਜਾਂਦਾ ਸੀ। ਉਨਾਂ ਆਖਿਆ ਕਿ ਚੋਣਾਂ ਦੌਰਾਨ ਵੀ ਉਸ ਦੇ ਪੁੱਤਰ ਉਪਰ ਕਰੀਬ 8 ਵਾਰ ਹਮਲਾ ਹੁੰਦਾ-ਹੁੰਦਾ ਸੁਰੱਖਿਆ ਕਾਰਨਾਂ ਕਰਕੇ ਕਾਰਨ ਟਲਿਆ। ਉਨਾਂ ਆਖਿਆ ਕਿ ਜੇਕਰ ਸਰਕਾਰ ਨੇ ਉਸਦੀ ਸੁਰੱਖਿਆ ਘਟਾਉਣੀ ਹੀ ਸੀ ਤਾਂ ਇਸ ਬਾਰੇ ਜਨਤਕ ਨਹੀਂ ਸੀ ਕਰਨਾ ਚਾਹੀਦਾ ਜਿਸ ਦਾ ਉਸਨੂੰ ਬੇਹੱਦ ਅਫਸੋਸ ਹੈ। ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਵਲੋਂ ਅੱਜ ਦਿੱਤੇ ਤਾਜ਼ਾ ਬਿਆਨ ਮਗਰੋਂ ਸਿਆਸਤ ਗਰਮਾਉਣ ਲੱਗੀ ਹੈ।

ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਵਲੋਂ ਉਨਾਂ ਦੇ ਪੁੱਤਰ ਦੀ ਸੁਰੱਖਿਆ ਵਿਚ ਗੰਭੀਰ ਕੁਤਾਹੀ ਅਤੇ ਇਸ ਕਾਰਨ ਮੂਸੇਵਾਲਾ ਦੇ ਬੇਰਹਿਮੀ ਨਾਲ ਕਤਲ ਕਰਨ ਦੇ ਸਬੰਧ ਵਿਚ ਲਗਾਏ ਗੰਭੀਰ ਦੋਸ਼ਾਂ ਦਾ ਜਵਾਬ ਦੇਣ ਲਈ ਕਿਹਾ ਗਿਆ ਹੈ ।ਉਨਾਂ ਮੂਸੇਵਾਲਾ ਦੇ ਕਤਲ ਦੀ ਜਾਂਚ ਦੀ ਸੁਸਤ ਰਫ਼ਤਾਰ 'ਤੇ ਵੀ ਅਸੰਤੁਸ਼ਟੀ ਪ੍ਰਗਟਾਉਂਦਿਆਂ ਕਿਹਾ ਕਿ ਸਰਕਾਰ ਪੂਰੀ ਤਰਾਂ ਸੁਰਾਗਹੀਣ ਜਾਪਦੀ ਹੈ ਅਤੇ ਵਿਦੇਸ਼ਾਂ ਵਿਚ ਬੈਠੇ ਗੈਂਗਸਟਰ ਵਲੋਂ ਕੀਤੇ ਜਾ ਰਹੇ ਦਾਅਵਿਆਂ 'ਤੇ ਹੀ ਨਿਰਭਰ ਹੈ। ਰੰਧਾਵਾ ਨੇ ਬਲਕੌਰ ਸਿੰਘ ਦੇ ਦੋਸ਼ਾਂ ਦਾ ਸਮਰਥਨ ਕਰਦੇ ਹੋਏ ਮੂਸੇਵਾਲਾ ਦੀ ਸੁਰੱਖਿਆ ਨੂੰ ਘੱਟ ਕਰਨ ਦਾ ਫ਼ੈਸਲਾ ਕਰਨ ਵਾਲਿਆਂ ਲਈ ਜ਼ਿੰਮੇਵਾਰੀ ਤੈਅ ਕਰਨ ਦੀ ਮੰਗ ਕੀਤੀ । ਉਨਾਂ ਨੇ ਇਸ ਨੂੰ ਸਰਕਾਰ ਦੀਆਂ ਖ਼ੁਫ਼ੀਆ ਏਜੰਸੀਆਂ ਦੀ ਵੱਡੀ ਨਾਕਾਮੀ ਦੱਸਿਆ। ਉਨਾਂ ਕਿਹਾ ਕਿ ਜੇਕਰ ਸੂਬਾ ਪੁਲਿਸ ਜ਼ਿੰਮੇਵਾਰੀ ਨਾਲ ਕੰਮ ਕਰਦੀ ਤਾਂ ਉਸ ਕੀਮਤੀ ਜਾਨ ਨੂੰ ਬਚਾਇਆ ਜਾ ਸਕਦਾ ਸੀ।

## ਰਾਜ ਕਾਕੜਾ, ਦੀਪ ਸਿੱਧੂ ਅਤੇ ਸਿੱਧੂ ਮੂਸੇਵਾਲਾ ਕਲਾਕਾਰਾਂ ਨੇ ਪੰਜਾਬ ਦਾ ਦਰਦ ਸਮਝਿਆ

ਪਿਛਲੇ ਸਮੇ ਦੌਰਾਨ ਨੌਜਵਾਨ ਪੰਜਾਬੀ ਗਾਇਕਾਂ ਅਤੇ ਪੰਜਾਬੀ ਫਿਲਮ ਇੰਡਸਟਰੀ ਨਾਲ ਜੁੜੇ ਕਲਾਕਾਰਾਂ ਵਲੋਂ ਹੋ ਹੱਲੇ ਨੂੰ ਨਕਾਰ ਕੇ ਆਪਣੀ ਕੌਮੀ ਵਿਰਾਸਤ ਅਤੇ ਪੰਜਾਬ ਦੇ ਦੁੱਖ ਦਰਦ ਨੂੰ ਸਮਝਣਾ ਅਤੇ ਪੇਸ਼ ਕਰਨਾ ਇੱਕ ਸ਼ੁਭ ਸ਼ਗਨ ਕਿਹਾ ਜਾ ਸਕਦਾ ਹੈ, ਪੰਜਾਬ ਦੇ ਨੌਜਵਾਨ ਸਰੋਤਿਆਂ ਵਲੋਂ ਆਪਣੇ ਅਤੇ ਪੰਜਾਬ ਦੇ ਭਵਿੱਖ ਨੂੰ ਬਿਆਨਦੀਆਂ ਇਨਾਂ ਕ੍ਰਿਤਾਂ ਨੂੰ ਭਰਪੂਰ ਹੁੰਗਾਰਾ ਵੀ ਦਿੱਤਾ ਹੈ। ਰਾਜ ਕਾਕੜਾ, ਦੀਪ ਸਿੱਧੂ ਅਤੇ ਸਿੱਧੂ ਮੂਸੇਵਾਲਾ ਆਦਿ ਕਲਾਕਾਰ ਇਸ ਸ਼੍ਰੇਣੀ ਵਿਚ ਆਉਂਦੇ ਹਨ ਜਿਨਾਂ ਨੂੰ ਨੌਜਵਾਨ ਆਪਣਾ ਪ੍ਰੇਰਨਾ ਸ੍ਰੋਤ ਵੀ ਮੰਨਣ ਲੱਗ ਪਏ ਹਨ ।ਕੰਵਰ ਸੰਧੂ ਦਾ ਨਵਾਂ ਗੀਤ 'ਰਿਹਾਈ' ਵੀ ਇਸੇ ਦਰਦ ਨੂੰ ਮੁਖ਼ਾਤਿਬ ਹੈ । ਲੱਚਰ ਗਾਇਕੀ ਅਤੇ ਗਾਇਕਾਂ ਦੀ ਉੱਮਰ ਬਹੁਤੀ ਨਹੀਂ ਹੁੰਦੀ ਜੋ ਲੋਕ ਆਪਣੇ ਲੋਕਾਂ ਦਾ ਦੁੱਖ ਦਰਦ ਅਤੇ ਆਪਣੇ ਕੌਮੀ ਨਾਇਕਾਂ ਦੀ ਬਹਾਦਰੀ ਦੇ ਕਿੱਸੇ ਆਪਣੀਆਂ ਕਲਾ ਕ੍ਰਿਤਾਂ ਰਾਹੀਂ ਬਿਆਨਦੇ ਹਨ ਉਨਾਂ ਦੀਆਂ ਕ੍ਰਿਤਾਂ ਅਮਰ ਹੋ ਜਾਂਦੀਆਂ ਹਨ ਅਤੇ ਕਲਾਕਾਰ ਵੀ ਲੋਕ ਨਾਇਕ ਹੋ ਨਿਬੜਦੇ ਹਨ।

ਸਿੱਧੂ ਮੂਸੇਵਾਲਾ ਦਾ ਇੱਕ ਗੀਤ ਜੋ ਕੁਝ ਦਿਨ ਪਹਿਲਾ ਹੀ ਰਿਲੀਜ਼ ਹੋਇਆ ਹੈ ਉਸ ਵਿਚ ਪੰਜਾਬ ਨਾਲ ਪਿਛਲੇ ਸਮੇ ਹੋਈਆਂ ਸਿਆਸੀ ਵਧੀਕੀਆਂ ਅਤੇ ਅਜੋਕੇ ਰਾਜਨੀਤਕਾਂ ਦੇ ਕਿਰਦਾਰ ਦਰਸਾਉਂਦਿਆਂ ਜਵਾਨੀ ਨੂੰ ਆਪਣੇ ਫਰਜ਼ਾਂ ਪ੍ਰਤੀ ਸੁਚੇਤ ਵੀ ਕੀਤਾ ਹੈ। ਅੱਜ ਦਾ ਪੰਜਾਬ ਉਦਾਸ ਹੈ, ਇਸ ਸਮੇਂ ਪੰਜਾਬ ਦੀ ਰਾਜਸੀ ਅਤੇ ਪੰਥਕ ਜ਼ੁਬਾਨ ਖਾਮੋਸ਼ ਹੈ। ਸੌੜੀ ਸਿਆਸੀ ਸੋਚ ਨੇ ਆਪਣੇ ਟੱਬਰ ਪਾਲਦੇ ਪਾਲਦੇ ਪੰਜਾਬ ਦੀ ਸਿਰਮੌਰ ਖੇਤਰੀ ਪਾਰਟੀ ਦਾ ਭੋਗ ਪਾ ਦਿੱਤਾ ਹੈ ਜਿਸ ਰਾਹੀਂ ਪੰਜਾਬ ਕੇਂਦਰ ਦੀ ਧੌਣ 'ਤੇ ਗੋਡਾ ਰੱਖ ਕੇ ਆਪਣੇ ਹੱਕ ਲੈਂਦਾ ਰਿਹਾ ਹੈ।

ਨੌਜਵਾਨ ਪੀੜੀ ਵਲੋਂ ਪੰਥਕ ਅਤੇ ਪੰਜਾਬ ਦੀ ਵਿਰਾਸਤ ਸੰਬੰਧੀ ਅਜਿਹੇ ਗੀਤਾਂ ਨੂੰ ਹੁੰਗਾਰਾ ਦੇਣਾ ਦਰਸਾਉਂਦਾ ਹੈ ਕਿ ਰਾਜਨੀਤਕ ਲੋਕ ਜਿੰਨੀਆਂ ਮਰਜ਼ੀ ਲੂੰਬੜ ਚਾਲਾਂ ਚੱਲ ਕੇ ਪੰਥ ਅਤੇ ਪੰਜਾਬ ਦੇ ਮੁੱਦਿਆਂ ਨੂੰ ਲੋਕ ਮਨਾਂ ਵਿਚੋਂ ਭੁਲਾਉਣ ਦਾ ਯਤਨ ਕਰ ਲੈਣ, ਇਨਸਾਫ ਦੀ ਪ੍ਰਾਪਤੀ ਤੱਕ ਪੰਜਾਬ ਆਪਣੇ ਹੱਕਾਂ ਲਈ ਝੂਜਦਾ ਰਹੇਗਾ।








A-ONE EXPRESS

ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਓਨਰ ਓਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment

ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ



28421 S CHRISMAN RD, UNIT# 3, TRACY, CA

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

Toll Free: 888.725.7441, Office: 209.537.0975, Fax: 209.537.0375

# ਅੰਗਰੇਜ਼ਾਂ ਅਤੇ ਫਰਾਂਸੀਸੀਆਂ ਦੁਆਰਾ ਫੈਕਟਰੀਆਂ ਦੀ ਕਿਲ੍ਹੇਬੰਦੀ ਨੂੰ ਸਹਿ ਨਾ ਸਕਿਆ ਨਵਾਬ ਸਿਰਾਜ-ਉਦ -ਦੌਲਾ



ਪ੍ਰੋ.ਗਗਨਦੀਪ ਕੌਰ ਧਾਲੀਵਾਲ

ਸਿਰਾਜ -ਉਦ-ਦੌਲਾ ਦਾ ਜਨਮ 1733 ਵਿਚ ਜ਼ੈਨ ਉਦ-ਦੀਨ ਅਹਿਮਦ ਖ਼ਾਨ ਅਤੇ ਅਮੀਨਾ ਬੇਗਮ ਦੇ ਘਰ ਵਿੱਚ ਹੋਇਆ ਸੀ।ਪਲਾਸੀ ਦੀ ਲੜਾਈ ਅਤੇ ਬਲੈਕ ਹੋਲ ਦੀ ਘਟਨਾ ਦਾ ਸਿੱਧਾ ਸੰਬੰਧ ਸਿਰਾਜ-ਉਦ-ਦੌਲਾ ਨਾਲ ਹੈ। ਇਸ ਲੜਾਈ ਵਿੱਚ ਕਮਾਂਡਰ ਮੀਰ ਜਫ਼ਰ ਦੀ ਧੋਖਾਧੜੀ ਕਾਰਨ 23 ਜੂਨ 1757 ਨੂੰ ਪਲਾਸੀ ਦੀ ਲੜਾਈ ਵਿੱਚ ਉਸ ਦੀ ਹਾਰ ਹੋਈ। ਈਸਟ ਇੰਡੀਆ ਕੰਪਨੀ ਨੇ ਰੌਬਰਟ ਕਲਾਈਵ ਦੀ ਅਗਵਾਈ ਵਿੱਚ ਹਮਲਾ ਕਰ ਦਿੱਤਾ ਅਤੇ ਬੰਗਾਲ ਦਾ ਪ੍ਰਸ਼ਾਸਨ ਕੰਪਨੀ ਨੇ ਹੱਥਾਂ ਵਿੱਚ ਲੈ ਲਿਆ ਸੀ। ਬੜੀ ਛੋਟੀ ਉਮਰ ਵਿੱਚ ਹੀ ਉਸਨੇ 1746 ਵਿੱਚ ਮਰਾਠਿਆਂ ਨੂੰ ਆਪਣੇ ਫ਼ੌਜੀ ਉੱਦਮਾਂ ਦੇ ਨਾਲ ਅੱਗੇ ਵਧਣ ਤੋਂ ਰੋਕਿਆ। ਇਸ ਲਈ ਸਿਰਾਜ ਨੂੰ ਕੁਨਬੇ ਲਈ 'ਭਾਗਸ਼ਾਲੀ ਬੱਚਾ' ਮੰਨਿਆ ਜਾਂਦਾ ਸੀ। ਮਈ 1752 ਵਿਚ, ਅਲੀਵਰਦੀ ਖਾਨ ਨੇ ਸੀਰਜ ਨੂੰ ਆਪਣਾ ਉੱਤਰਾਧਿਕਾਰੀ ਐਲਾਨ ਕਰ ਦਿੱਤਾ ।ਅਲੀਵਰਦੀ ਖਾਨ ਦੀ 10 ਅਪ੍ਰੈਲ 1756 ਨੂੰ ਅੱਸੀ ਸਾਲ ਦੀ ਉਮਰ ਵਿੱਚ ਮੌਤ ਹੋ ਗਈ ਸੀ। ਬੰਗਾਲ, ਬਿਹਾਰ ਅਤੇ ਉੜੀਸਾ ਦਾ ਸੰਯੁਕਤ ਨਵਾਬ, ਮੁਗਲ ਬਾਦਸ਼ਾਹ ਦਾ ਵਫ਼ਾਦਾਰ ਸੀ। ਉਸਦੇ ਸ਼ਾਸਨ ਦੇ ਅੰਤ ਨੂੰ ਬਰਤਾਨਵੀ ਈਸਟ ਇੰਡੀਆ ਕੰਪਨੀ ਦੇ ਸ਼ਾਸਨ ਦਾ ਆਰੰਭ ਮੰਨਿਆ ਜਾਂਦਾ ਹੈ। ਅੰਗਰੇਜ਼ ਉਸਨੂੰ ਹਿੰਦੁਸਤਾਨੀ ਠੀਕ ਨਾ ਬੋਲ ਪਾਉਣ ਦੇ ਕਾਰਨ ਸਰ ਰੋਜਰ ਡਾਵਲੇਟ ਕਹਿੰਦੇ ਸਨ। ਸਿਰਾਜ-ਉਦ-ਦੌਲਾ ਨੇ ਕਾਫੀ ਸੁਧਾਰ ਕੀਤੇ ਸਨ। ਉਸਨੇ ਮੀਰ ਮਦਨ ਨੂੰ ਮੀਰ ਜਾਫਰ ਦੀ ਥਾਂ ਬਕਸ਼ੀ (ਫੌਜ ਦੀ ਤਨਖਾਹ ਦੇਣ ਵਾਲਾ) ਨਿਯੁਕਤ ਕਰ ਦਿੱਤਾ ਸੀ। ਉਸ ਸਮੇਂ ਨਵਾਬ ਨੇ ਉੱਚ ਸਰਕਾਰੀ ਅਹੁਦਿਆਂ ਵਿੱਚ ਬਦਲਾਅ ਵੀ ਕੀਤੇ ਸਨ । ਜਦੋਂ 1707 ਵਿੱਚ ਔਰੰਗਜ਼ੇਬ ਦੀ ਮੌਤ ਹੋਈ ਤਾਂ ਉਸਦੀ ਮੌਤ ਦੇ ਤੁਰੰਤ ਬਾਅਦ ਹੀ ਮੁਗਲ ਸਾਮਰਾਜ ਦਾ ਤੇਜ਼ੀ ਨਾਲ ਪਤਨ ਸ਼ੁਰੂ ਹੋ ਗਿਆ ਸੀ ਅਤੇ ਬੰਗਾਲ ਤਕਨੀਕੀ ਰੂਪ ਵਿੱਚ ਮੁਗਲ ਸਾਮਰਾਜ ਦਾ ਹਿੱਸਾ ਹੁੰਦੇ ਹੋਏ ਵੀ ਇੱਕ ਤਰਾਂ ਨਾਲ ਆਜ਼ਾਦ ਸੂਬਾ ਬਣ ਗਿਆ ਸੀ।

ਹੌਲੀ-ਹੌਲੀ ਅੰਗਰੇਜ਼ਾਂ ਅਤੇ ਫਰਾਂਸੀਸੀਆਂ ਨੇ ਇੱਥੇ ਆਪਣੀਆਂ ਫੈਕਟਰੀਆਂ ਦੀ ਕਿਲੇਬੰਦੀ ਕਰਨੀ ਸ਼ੁਰੂ ਕਰ ਦਿੱਤੀ ਸੀ ਤਾਂ ਨਵਾਬ ਸਿਰਾਜਉਦਦੌਲਾ ਨੂੰ ਮਹਿਸੂਸ ਹੋਇਆ ਕਿ ਉਹ ਆਪਣੇ ਹੱਕਾਂ ਦੀ ਗ਼ਲਤ ਵਰਤੋਂ ਕਰ ਰਹੇ ਹਨ। ਇਹ ਸਭ ਕੁੱਝ ਨਵਾਬ ਲਈ ਅਸਹਿ ਸੀ, ਉਸਨੇ ਪਹਿਲਾਂ ਤਾਂ ਅੰਗਰੇਜ਼ਾਂ ਨਾਲ ਗੱਲਬਾਤ ਕੀਤੀ, ਜਵਾਬ ਤਲਬੀ ਕੀਤੀ।ਅੰਗਰੇਜ਼ਾਂ ਦੇ ਜਵਾਬ ਨਾਲ ਨਵਾਬ ਨੂੰ ਤਸੱਲੀ ਨਹੀਂ ਹੋਈ ਅਤੇ 16 ਜੂਨ 1756 ਨੂੰ ਉਨਾਂ ਨੇ ਕਲਕੱਤੇ ਉੱਤੇ ਹਮਲਾ ਕਰ ਦਿੱਤਾ। 20 ਜੂਨ, 1756 ਨੂੰ ਸਿਰਾਜਉਦਦੌਲਾ ਦੇ ਸਿਪਾਹੀ ਫੋਰਟ ਵਿਲੀਅਮ ਦੀਆਂ ਕੰਧਾਂ ਤੋੜ ਕੇ ਅੰਦਰ ਦਾਖਲ ਹੋਏ ਅਤੇ ਅੰਗਰੇਜ਼ਾਂ ਦੀ ਪੂਰੀ ਗੈਰੀਸਨ ਨੇ ਉਨਾਂ ਸਾਹਮਣੇ ਆਤਮ ਸਮਰਪਣ ਕਰ ਦਿੱਤਾ। ਐੱਸ ਸੀ ਹਿੱਲ ਨੇ ਆਪਣੀ ਕਿਤਾਬ 'ਬੰਗਾਲ ਇਨ 1857-58, ਵਿੱਚ ਲਿਖਿਆ, 'ਸਿਰਾਜਉਦਦੌਲਾ ਨੇ ਫੋਰਟ ਵਿਲੀਅਮ ਦੇ ਵਿੱਚ ਆਪਣਾ ਦਰਬਾਰ ਲਾਇਆ ਜਿੱਥੋਂ ਉਨਾਂ ਨੇ ਐਲਾਨ ਕੀਤਾ ਕਿ ਕਲਕੱਤਾ ਦਾ ਨਾਮ ਬਦਲ ਕੇ ਅਲੀਨਗਰ ਰੱਖਿਆ ਜਾ ਰਿਹਾ ਹੈ।

ਕਲਕੱਤੇ ਦੀ ਘੇਰਾਬੰਦੀ ਦੌਰਾਨ ਫੜੇ ਗਏ ਕੈਦੀਆਂ ਨੂੰ ਸਿਰਾਜੂਦੌਲਾ ਨੇ ਆਪਣੀ ਸੁਰੱਖਿਆ ਦੇ ਅਧਿਕਾਰੀਆਂ ਦੀ ਦੇਖ -ਰੇਖ ਵਿੱਚ ਤਬਦੀਲ ਕਰ ਦਿੱਤਾ, ਜਿਨਾਂ ਨੇ ਉਨਾਂ ਨੂੰ ਬਲੈਕ ਹੋਲ ਦੇ ਨਾਂ ਨਾਲ ਜਾਣੇ ਜਾਂਦੇ ਫੋਰਟ ਵਿਲੀਅਮ ਦੇ ਸਾਂਝੇ ਤਹਿਖਾਨੇ ਵਿੱਚ ਬੰਦ ਕਰ ਦਿੱਤਾ। ਇਸ ਦੋ ਛੋਟੀਆਂ ਖਿੜਕੀਆਂ ਵਾਲੇ ਤਹਿਖਾਨੇ ਵਿੱਚ, ਜਿਹੜਾ 15⊘14 ਫੁੱਟ (5.5⊘4.3 ਮੀਟਰ) ਦੇ ਸਾਈਜ਼ ਦਾ ਸੀ, 146 ਕੈਦੀ ਸਨ - ਅਸਲ ਵਿੱਚ ਬ੍ਰਿਟਿਸ਼ਾਂ ਦੁਆਰਾ ਸਿਰਫ ਛੇ ਕੈਦੀਆਂ ਨੂੰ ਰੱਖਣ ਲਈ ਵਰਤਿਆ ਜਾਂਦਾ ਸੀ। 21 ਜੂਨ ਨੂੰ, ਕੋਠੜੀ ਦੇ ਦਰਵਾਜ਼ੇ ਖੋਲ ਦਿੱਤੇ ਗਏ ਅਤੇ 146 ਵਿੱਚੋਂ ਸਿਰਫ 23 ਬਾਹਰ ਆਏ, ਬਾਕੀ ਦਮ ਘੁੱਟਣ, ਥਕਾਵਟ ਅਤੇ ਵਿਗੜੀ ਹੋਈ ਮਾਨਸਿਕ ਹਾਲਤ ਕਰਕੇ ਮਰ ਗਏ। ਇਸਨੂੰ ਬਲੈਕ ਹੋਲ ਘਟਨਾ ਕਹਿੰਦੇ ਹਨ।

ਪਲਾਸੀ (ਜਾਂ ਪਾਲੀਸੀ) ਦੀ ਲੜਾਈ ਨੂੰ ਉਪ-ਮਹਾਂਦੀਪ ਦੇ ਇਤਿਹਾਸ ਵਿੱਚ ਇੱਕ ਮਹੱਤਵਪੂਰਨ ਮੋੜ ਮੰਨਿਆ ਜਾਂਦਾ ਹੈ ਅਤੇ ਇਸ ਨੇ ਬਰਤਾਨਵੀ ਹਕੂਮਤ ਦੀਆਂ ਜਿੱਤਾਂ ਦਾ ਰਸਤਾ ਖੋਲਿਆ। ਸਿਰਾਜ-ਉਦ-ਦੌਲਾ ਦੀ ਕਲਕੱਤਾ ਦੀ ਜਿੱਤ ਤੋਂ ਬਾਅਦ, ਬ੍ਰਿਟਿਸ਼ ਕੰਪਨੀ ਨੇ ਕਿਲੇ ਨੂੰ ਵਾਪਸ ਲਿਆਉਣ ਅਤੇ ਹਮਲੇ ਦਾ ਬਦਲਾ ਲੈਣ ਲਈ ਮਦਰਾਸ ਤੋਂ ਤਾਜ਼ੀਆਂ ਫ਼ੌਜਾਂ ਭੇਜੀਆਂ। ਰਾਜਧਾਨੀ ਛੱਡ ਕੇ ਸਿਰਾਜ-ਉਦ-ਦੌਲਾ ਨੇ ਬ੍ਰਿਟਿਸ਼ ਨਾਲ ਪਲਾਸੀ ਵਿੱਚ ਡੇਰਾ ਲਾਇਆ।

ਇਹ ਲੜਾਈ 23 ਜੂਨ 1757 ਨੂੰ ਕਲਕੱਤਾ ਤੋਂ ਲਗਭਗ 150 ਕਿ.ਮੀ. ਉੱਤਰ ਵੱਲ ਅਤੇ ਮੁਰਸ਼ਿਦਾਬਾਦ ਦੇ ਦੱਖਣ ਵਿੱਚ 22 ਮੀਲ ਦੂਰ ਨਾਦੀਆ ਜਿਲੇ ਵਿੱਚ ਵਿੱਚ ਹੁਗਲੀ ਨਦੀ ਦੇ ਕੰਢੇ ਪਲਾਸੀ ਨਾਮਕ ਸਥਾਨ 'ਤੇ ਹੋਈ ਸੀ। ਇਸ ਲੜਾਈ ਵਿੱਚ ਇੱਕ ਪਾਸੇ ਬਰਤਾਨਵੀ ਈਸਟ ਇੰਡੀਆ ਕੰਪਨੀ ਦੀ ਫੌਜ ਸੀ ਅਤੇ ਦੂਜੇ ਪਾਸੇ ਬੰਗਾਲ ਦੇ ਨਵਾਬ ਅਤੇ ਉਸਦੇ ਫਰਾਂਸੀਸੀ ਹਮੈਤੀਆਂ ਦੀ ਫੌਜ। ਇਹ ਲੜਾਈ ਸੱਤ ਸਾਲ (1756-63) ਲੰਮੀ ਜੰਗ ਦੇ ਦੌਰਾਨ ਹੋਈ ਸੀ। ਕੰਪਨੀ ਦੀ ਫੌਜ ਨੇ ਰਾਬਰਟ ਕਲਾਈਵ ਦੀ ਅਗਵਾਈ ਵਿੱਚ ਨਵਾਬ ਸਿਰਾਜ ਉਦ-ਦੌਲਾ ਨੂੰ ਹਰਾ ਦਿੱਤਾ ਸੀ। ਪਲਾਸੀ ਦੀ ਲੜਾਈ ਰੌਬਰਟ ਕਲਾਈਵ ਦੀ ਅਗਵਾਈ ਵਿੱਚ 23 ਜੂਨ 1757 ਨੂੰ ਬੰਗਾਲ ਦੇ ਨਵਾਬ ਅਤੇ ਉਸਦੇ ਫ੍ਰਾਂਸੀਸੀ ਸਹਿਯੋਗੀਆਂ ਦੀ ਇੱਕ ਕਿਤੇ ਵੱਡੀ ਤਾਕਤ ਉੱਤੇ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਦੀ ਇੱਕ ਨਿਰਣਾਇਕ ਜਿੱਤ ਸੀ। ਮੀਰ ਜਫਰ ਅਤੇ ਰਾਇ ਦੁਰਲੱਭ ਨੇ ਅੰਗਰੇਜ਼ਾਂ ਨਾਲ ਗੱਠਜੋੜ ਕੀਤਾ ਸੀ । ਨਵਾਬ ਯੁੱਧ ਹਾਰ ਗਿਆ ਸੀ । ਅੰਗਰੇਜ਼ਾਂ ਨੇ ਉਸ ਨੂੰ ਕੈਦੀ ਬਣਾ ਮਾਰ ਦਿੱਤਾ ਸੀ ।ਮੀਰ ਕਾਸਿਮ ਨੂੰ ਗੱਦੀ ਤੇ ਬਿਠਾ ਦਿੱਤਾ ਅਤੇ ਓਹ ਅੰਗਰੇਜ਼ਾਂ ਦੇ ਹੱਥ ਕਠਪੁਤਲੀ ਸੀ ।ਗਵਰਨਰ ਕਲਾਈਵ ਨੇ ਮੀਰ ਕਾਸਿਮ ਨੂੰ ਗੱਦੀ ਤੇ ਬਿਠਾ ਦਿੱਤਾ ਸੀ । ਮੀਰ ਕਾਸਿਮ ਨੂੰ ਅੰਗਰੇਜਾਂ ਤੋਂ ਮੁਕਤੀ ਚਾਹੀਦੀ ਸੀ। ਉਸਨੇ ਫ੍ਰਾਂਸੀਸੀ ਆਪਣੇ ਸੈਨਿਕਾਂ ਲਈ ਯੂਰਪੀਅਨ ਅਧਿਕਾਰੀਆ ਤੋਂ ਟ੍ਰੇਨਿੰਗ ਦਵਾਈ । ਕਾਸਿਮ ਨੇ ਅੰਗਰੇਜ਼ਾਂ ਅਤੇ ਭਾਰਤ ਵਿੱਚ ਵਪਾਰ ਕਰ ਰਹੇ ਦੋਹਾਂ ਲਈ ਇੱਕ ਵਰਗੇ ਨਿਯਮ ਕਰ ਦਿੱਤੇ, ਜਿਸ ਕਾਰਨ ਅੰਗਰੇਜ਼ਾਂ ਨੂੰ ਭਾਰੀ ਨੁਕਸਾਨ ਹੋ ਹੋ ਗਿਆ ਅਤੇ ਯੁੱਧ ਦਾ ਐਲਾਨ ਕਰ ਦਿੱਤਾ ਗਿਆ ਸੀ । ਇਸ ਨੂੰ ਬਸਤੀਵਾਦੀ ਸ਼ਕਤੀਆਂ ਦੁਆਰਾ ਭਾਰਤੀ ਉਪ-ਮਹਾਂਦੀਪ ਦੇ ਨਿਯੰਤਰਣ ਵਿੱਚ ਮੁੱਖ ਲੜਾਈਆਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਬਰਤਾਨਵੀਆਂ ਨੇ ਹੁਣ ਨਵਾਬ, ਮੀਰ ਜਾਫਰ ਉੱਤੇ ਬਹੁਤ ਦਬਾਅ ਪਾਇਆ ਅਤੇ ਨਤੀਜੇ ਵਜੋਂ ਪਿਛਲੇ ਨੁਕਸਾਨ ਅਤੇ ਵਪਾਰ ਤੋਂ ਹੋਣ ਵਾਲੀ ਆਮਦਨੀ ਲਈ ਮਹੱਤਵਪੂਰਨ ਰਿਆਇਤਾਂ ਪ੍ਰਾਪਤ ਕੀਤੀਆਂ। ਬਰਤਾਨਵੀਆਂ ਨੇ ਇਸ ਆਮਦਨੀ ਦੀ ਵਰਤੋਂ ਆਪਣੀ ਫੌਜੀ ਸ਼ਕਤੀ ਨੂੰ ਵਧਾਉਣ ਅਤੇ ਹੋਰ ਯੂਰਪੀਅਨ ਬਸਤੀਵਾਦੀ ਸ਼ਕਤੀਆਂ ਜਿਵੇਂ ਕਿ ਡੱਚ ਅਤੇ ਫ੍ਰਾਂਸੀਸੀਆਂ ਨੂੰ ਦੱਖਣੀ ਏਸ਼ੀਆ ਤੋਂ ਬਾਹਰ ਕੱਢਣ ਲਈ ਕੀਤੀ, ਇਸ ਤਰਾਂ ਬ੍ਰਿਟਿਸ਼ ਸਾਮਰਾਜ ਦਾ ਵਿਸਥਾਰ ਹੋਇਆ। ਸਿਰਾਜ -ਉਦ-ਦੌਲਾ ਨੂੰ 2 ਜੁਲਾਈ 1757 ਨੂੰ ਮਮਰੀ ਅਲੀ ਬੇਗ ਨੇ ਮੀਰ ਜਾਫਰ ਅਤੇ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਵਿਚਕਾਰ ਸਮਝੌਤੇ ਦੇ ਹਿੱਸੇ ਵਜੋਂ ਫਾਂਸੀ ਦੀ ਸਜ਼ਾ ਦਿੱਤੀ ਸੀ। ਸਿਰਾਜ-ਉਦ-ਦੌਲਾ ਦੀ ਕਬਰ ਖੁਸ਼ਬਾਗ, ਮੁਰਸ਼ਿਦਾਬਾਦ ਵਿੱਚ ਹੈ। ਇਹ ਇੱਕ ਸਾਧਾਰਣ ਪਰ ਸ਼ਾਨਦਾਰ ਇਕ-ਮੰਜ਼ਲਾ ਮਕਬਰਾ ਹੈ ਜਿਹੜਾ ਕਿ ਬਾਗਾਂ ਨਾਲ ਘਿਰਿਆ ਹੋਇਆ ਹੈ।

## ਇਤਿਹਾਸ ਬਾਰੇ ਜਾਣਕਾਰੀ



ਅਸਿਸਟੈਂਟ ਪ੍ਰੋ. ਗਗਨਦੀਪ ਕੌਰ ਧਾਲੀਵਾਲ

### ਆਓ ਜਾਣੀਏ ਮਹਾਨ ਸ਼ਾਸਕ ਅਸ਼ੋਕ ਬਾਰੇ

1. ਬਿੰਦੂਸਾਰ ਤੋਂ ਬਾਅਦ ਉਸਦਾ ਉੱਤਰਾਧਿਕਾਰੀ ਕੌਣ ਬਣਿਆ-ਅਸ਼ੋਕ
2. ਅਸ਼ੋਕ ਦਾ ਜਨਮ ਕਦੋਂ ਹੋਇਆ-249 ਈ.ਪੂ:
3. ਅਸ਼ੋਕ ਦੀ ਮਾਤਾ ਦਾ ਨਾਂ ਕੀ ਸੀ-ਸੁਭਦਰੰਗੀ
4. ਅਸ਼ੋਕ ਰਾਜ-ਗੱਦੀ ਤੇ ਕਦੋਂ ਬੈਠਿਆ-273 ਈ.ਪੂ:
5. ਅਸ਼ੋਕ ਦਾ ਰਾਜ-ਤਿਲਕ ਕਦੋਂ ਹੋਇਆ-269 ਈ.ਪੂ:
6. ਅਸ਼ੋਕ ਕਿੱਥੋਂ ਦਾ ਗਵਰਨਰ ਸੀ-ਟਕਸਿਲਾ ਤੇ ਓਜੈਨ ਦਾ
7. ਅਸ਼ੋਕ ਨੂੰ ਓਜੈਨ ਦਾ ਗਵਰਨਰ ਕਿੰਨੀ ਸਾਲ ਦੀ ਉਮਰ ਵਿੱਚ ਨਿਯੁਕਤ ਕੀਤਾ ਗਿਆ ਸੀ-18 ਸਾਲ
8. ਅਸ਼ੋਕ ਦੇ ਹੋਰ ਨਾਂ ਕਿਹੜੇ ਸਨ-ਪ੍ਰਿਆ ਦਰਸੀ, ਦੇਵਨਾਮਾ
9. ਬੋਧੀ ਪਰੰਪਰਾਵਾਂ ਅਨੁਸਾਰ ਅਸੋਕ ਆਪਣੇ ਕਿੰਨੇ ਭਰਾਵਾਂ ਨੂੰ ਮਾਰ ਕੇ ਰਾਜ-ਗੱਦੀ 'ਤੇ ਬੈਠਿਆ ਸੀ-99 ਭਰਾਵਾਂ
10. ਅਸ਼ੋਕ ਨੇ ਕਦੋ ਤੱਕ ਸ਼ਾਸਨ ਕੀਤਾ -232 ਈ.ਪੂ:
11. ਕਲਿੰਗਾ ਦਾ ਯੁੱਧ ਕਦੋਂ ਹੋਇਆ-261 ਈ.ਪੂ:
12. ਕਲਿੰਗਾ ਦੀ ਰਾਜਧਾਨੀ ਕਿਹੜੀ ਸੀ -ਤੋਸਾਲੀ
13. ਕਿਹੜੇ ਯੁੱਧ ਤੋ ਬਾਅਦ ਅਸ਼ੋਕ ਨੇ ਧੰਮ ਦੀ ਸਥਾਪਨਾ ਕੀਤੀ-ਕਲਿੰਗਾ ਦੇ ਯੁੱਧ ਤੋਂ ਬਾਅਦ
14. ਅਸ਼ੋਕ ਨੇ ਕਿਸਦੇ ਅਧੀਨ ਧਰਮ ਗ੍ਰਹਿਣ ਕੀਤਾ-ਉਪਗੁਪਤ
15. ਅਸ਼ੋਕ ਨੇ ਉਪਗੁਪਤ ਦੇ ਅਧੀਨ ਕਿਹੜਾ ਧਰਮ ਗ੍ਰਹਿਣ ਕੀਤਾ-ਬੁੱਧ ਧਰਮ
16. ਅਸ਼ੋਕ ਨੇ ਉਪਗੁਪਤ ਦੇ ਅਧੀਨ ਬੁੱਧ ਧਰਮ ਗ੍ਰਹਿਣ ਕੀਤਾ ਇਹ ਕਿਹੜੇ ਸ਼ਿਲਾਲੇਖ ਤੋਂ ਪਤਾ ਲੱਗਦਾ ਹੈ-ਭਾਬਰਾ ਸ਼ਿਲਾਲੇਖ ਤੋਂ
17. ਅਜੀਵਕਾਵਾਂ ਦੇ ਰਹਿਣ ਲਈ ਅਸ਼ੋਕ ਨੇ ਕਿਹੜੀਆਂ ਚਾਰ ਗੁਫਾਵਾਂ ਦਾ ਨਿਰਮਾਣ ਕੀਤਾ ਸੀ-ਕਰਜ਼, ਚੌਪਰ, ਮੁਦਾਮਾ, ਵਿਸ਼ਵ ਝੌਂਪੜੀ
18. ਅਸ਼ੋਕ ਨੇ ਕਿਸ ਰਾਜ ਨੂੰ ਪੰਜਵਾਂ ਪ੍ਰਾਂਤ ਬਣਾਇਆ-ਕਲਿੰਗ ਨੂੰ
19. ਅਸ਼ੋਕ ਦੇ ਰਾਜ ਵਿੱਚ ਸੈਨੀਧਾਤਾ ਕੌਣ ਸੀ-ਖ਼ਜਾਨਾ ਮੰਤਰੀ
20. ਅਸ਼ੋਕ ਦੇ ਰਾਜ ਵਿੱਚ ਸਮਾਹਰਤਾ ਕੌਣ ਸੀ-ਵਿੱਤ ਮੰਤਰੀ

ਅੱਗੇ ਚੱਲਦਾ ਹੈ

# ਐਨ.ਆਈ.ਏ. ਵਲੋਂ ਚਾਰ ਖਾੜਕੂਆਂ ਖ਼ਿਲਾਫ਼ ਚਾਰਜਸ਼ੀਟ ਦਾਖ਼ਲ

**ਐਸ.ਏ.ਐਸ. ਨਗਰ/ਏ.ਟੀ.ਨਿਊਜ਼ :-** ਕੇਂਦਰੀ ਜਾਂਚ ਏਜੰਸੀ ਐਨ.ਆਈ.ਏ. ਵਲੋਂ ਜਨਵਰੀ ਮਹੀਨੇ ਵਿਚ ਜਲੰਧਰ ਵਿਚ ਖਾਲਿਸਤਾਨ ਟਾਈਗਰ ਫੋਰਸ (ਕੇ.ਟੀ.ਐਫ.) ਦੇ ਖਾੜਕੂਆਂ ਵਲੋਂ ਹਿੰਦੂ ਪੁਜਾਰੀ ਕਮਲਦੀਪ ਸ਼ਰਮਾ ਦੀ ਹੱਤਿਆ ਦੀ ਸਾਜ਼ਿਸ਼ ਰਚਣ ਦੇ ਮਾਮਲੇ ਵਿਚ ਚਾਰ ਮੁਲਜ਼ਮਾਂ ਖ਼ਿਲਾਫ਼ ਮੁਹਾਲੀ ਦੀ ਵਿਸ਼ੇਸ਼ ਅਦਾਲਤ ਵਿਚ ਚਾਰਜਸ਼ੀਟ ਦਾਇਰ ਕੀਤੀ ਹੈ । ਐਨ.ਆਈ.ਏ. ਨੇ ਆਪਣੀ ਚਾਰਜਸ਼ੀਟ ਵਿਚ ਕਿਹਾ ਕਿ ਮਾਮਲੇ ਦੀ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਹਿੰਦੂ ਪੁਜਾਰੀ ਦੀ ਹੱਤਿਆ ਕਰਕੇ ਪੰਜਾਬ ਵਿਚ ਸ਼ਾਂਤੀ ਭੰਗ ਕਰਨ ਅਤੇ ਫਿਰਕੂ ਸਦਭਾਵਨਾ ਨੂੰ ਭੰਗ ਕਰਨ ਲਈ ਕੈਨੇਡਾ 'ਚ ਰਹਿੰਦੇ ਮੁਲਜ਼ਮ ਅਰਸ਼ਦੀਪ ਸਿੰਘ ਉਰਫ਼ ਅਰਸ਼ ਅਤੇ ਹਰਦੀਪ ਸਿੰਘ ਨਿੱਝਰ ਵਲੋਂ ਸਾਰੀ ਸਾਜ਼ਿਸ਼ ਰਚੀ ਗਈ ਸੀ। ਗ੍ਰਿਫ਼ਤਾਰ ਮੁਲਜ਼ਮਾਂ ਕਮਲਜੀਤ ਸ਼ਰਮਾ ਅਤੇ ਰਾਮ ਸਿੰਘ ਸੋਨਾ ਨੇ ਕੈਨੇਡਾ ਵਾਸੀ ਅਰਸ਼ਦੀਪ ਸਿੰਘ ਦੇ ਕਹਿਣ 'ਤੇ ਪੀੜਤ ਕਮਲਦੀਪ ਸ਼ਰਮਾ 'ਤੇ ਗੋਲੀ ਚਲਾ ਦਿੱਤੀ ਸੀ। ਚਾਰਜਸ਼ੀਟ 'ਚ ਜਿਨਾਂ ਵਿਅਕਤੀਆਂ ਦਾ ਨਾਂ ਦਰਜ ਕੀਤਾ ਗਿਆ ਹੈ, ਉਨਾਂ ਵਿਚ ਹਰਦੀਪ ਸਿੰਘ ਨਿੱਝਰ, ਜੋ ਕਿ ਜਲੰਧਰ ਦਾ ਰਹਿਣ ਵਾਲਾ ਹੈ, ਪਰ ਮੌਜੂਦਾ ਸਮੇਂ ਵਿਚ ਸਰੀ, ਕੈਨੇਡਾ ਵਿਚ ਰਹਿ ਰਿਹਾ ਹੈ, ਅਰਸ਼ਦੀਪ ਸਿੰਘ ਤੇ ਕਮਲਜੀਤ ਸ਼ਰਮਾ ਮੋਗਾ ਦੇ ਵਸਨੀਕ ਹਨ ਅਤੇ ਰਾਮ ਸਿੰਘ ਫ਼ਿਰੋਜ਼ਪੁਰ ਦਾ ਰਹਿਣ ਵਾਲਾ ਹੈ। ਚਾਰਾਂ ਮੁਲਜ਼ਮ ਨੂੰ ਵੱਖ-ਵੱਖ ਧਾਰਾਵਾਂ ਅਤੇ ਗੈਰਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ ਦੇ ਤਹਿਤ ਚਾਰਜਸ਼ੀਟ ਵਿਚ ਨਾਮਜ਼ਦ ਕੀਤਾ ਗਿਆ ਹੈ।

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

## ਭਾਗ-3

# ਅਜਨਬੀ...



ਲੇਖਕ : ਆਲਬੇਅਰ ਕਾਮੂ



ਅਨੁਵਾਦ : ਮਹਿੰਦਰ ਬੇਦੀ, ਜੈਤੋ

ਜਦੋਂ ਦੇਖਿਆ ਕਿ ਮੈਂ ਕੁਝ ਨਹੀਂ ਬੋਲ ਰਿਹਾ ਤਾਂ ਉਹ ਦੱਸਣ ਲੱਗਾ ਕਿ ਉਸਨੂੰ ਪਤਾ ਏ ਕਿ ਆਂਢ-ਗੁਆਂਢ ਦੇ ਲੋਕ ਸਾਲੇ ਉਸ ਬਾਰੇ ਕੀ-ਕੀ ਗੱਲਾਂ ਕਹਿੰਦੇ ਨੇ। ਪਰ ਇਹ ਸੋਲਾਂ ਆਨੇ ਬਕਵਾਸ ਨੇ। ਹੋਰਾਂ ਵਾਂਗ ਉਸਦੇ ਵੀ ਆਪਣੇ ਸਿਧਾਂਤ ਨੇ। ਉਹ ਵੀ ਮਾਲਗੁਦਾਮ ਵਿਚ ਕੰਮ ਕਰਦਾ ਏ।

'ਹਾਂ, ਤਾਂ ਮੈਂ ਤੁਹਾਨੂੰ ਦੱਸ ਰਿਹਾ ਸੀ ਕਿ...' ਉਹ ਕਹਿਣ ਲੱਗਾ, 'ਇਕ ਦਿਨ ਮੈਨੂੰ ਪਤਾ ਲੱਗਿਆ ਕਿ ਕੰਬਖ਼ਤ ਮੇਰੇ ਨਾਲ ਦਗਾ ਕਰ ਰਹੀ ਐ। ਜੇ ਫਜ਼ੂਲਖਰਚੀ ਨਾ ਕਰੇ ਤਾਂ ਐਨਾ ਪੈਸਾ ਮੈਂ ਉਸਨੂੰ ਦੇ ਦਿੰਦਾ ਸੀ ਕਿ ਆਸਾਨੀ ਨਾਲ ਆਪਣਾ ਕੰਮ ਚਲਾਉਂਦੀ ਰਹੇ। ਤਿੰਨ ਸੌ ਫਰਾਂਕ ਕਮਰੇ ਦਾ ਕਿਰਾਇਆ ਦੇਂਦਾ ਸੀ, ਛੇ ਸੌ ਫਰਾਂਕ ਉਸਦੇ ਖਾਣ-ਪੀਣ ਲਈ ਦੇਂਦਾ ਸੀ। ਫੇਰ ਕਦੀ ਜੁਰਾਬਾਂ-ਦਸਤਾਨੇ-ਕਦੀ ਕੁਛ, ਕਦੀ ਕੁਛ-ਦੁਨੀਆਂ ਭਰ ਦੇ ਤੋਹਫ਼ੇ ਤਾਂ ਸਭ ਚਲਦੇ ਈ ਰਹਿੰਦੇ ਸੀ। ਇਕ ਤਰਾਂ ਨਾਲ ਹਜ਼ਾਰ ਫਰਾਂਕ ਮਹੀਨੇ ਦਾ ਚੱਕਰ ਸੀ। ਪਰ ਨਵਾਬਜ਼ਾਦੀ ਦਾ ਉਸ ਨਾਲ ਪੂਰਾ ਨਈਂ ਸੀ ਪੈਂਦਾ। ਹਮੇਸ਼ਾ ਉਹੀ ਰੋਣਾ ਕਿ ਜੋ ਮੈਂ ਦਿੰਦਾ ਆਂ ਉਸ ਵਿਚ ਖਰਚਾ ਨਈਂ ਚੱਲਦਾ। ਸੋ ਭਾਈ ਸਾਹਬ ਇਕ ਦਿਨ ਮੈਂ ਤਾਂ ਕਹਿ ਦਿੱਤਾ 'ਸੁਣ, ਦਿਨ ਦੇ ਕੁਛ ਘੰਟੇ ਕੋਈ ਕੰਮ-ਕਾਜ ਕਿਉਂ ਨਈਂ ਕਰ ਲੈਂਦੀ? ਇਸ ਨਾਲ ਮੈਂ ਜ਼ਰਾ ਸੁਖਾਲਾ ਹੋ ਜਾਵਾਂਗਾ। ਦੇਖ, ਇਸ ਮਹੀਨੇ ਮੈਂ ਤੈਨੂੰ ਇਕ ਨਵਾਂ ਫਰਾਕ ਲਿਆ ਕੇ ਦਿੱਤਾ ਐ। ਤੇਰਾ ਕਿਰਾਇਆ ਦੇਂਦਾ ਆਂ, ਖਾਣ-ਪੀਣ ਦੇ ਵੀਹ ਫਰਾਂਕ ਰੋਜ਼ ਦੇ ਦੇਂਦਾ ਆਂ। ਪਰ ਤੂੰ ਤਾਂ ਕੈਫੇ, ਰੇਸਤਰਾਂ ਵਿਚ ਜਾ-ਜਾ ਕੇ ਪਤਾ ਨਈਂ ਕਿਨਾਂ-ਕਿਨਾਂ ਕੁੜੀਆਂ 'ਚ ਪੈਸਾ ਫੂਕਦੀ ਰਹਿੰਦੀ ਐਂ, ਉਨਾਂ ਨੂੰ ਦੁਨੀਆਂ ਭਰ ਦੀ ਚਾਹ-ਕਾਫ਼ੀ ਪਿਆਉਣੀ ਐਂ। ਪੈਸਾ ਤਾਂ ਸਾਰਾ ਮੇਰੀ ਓ ਜੇਬ 'ਚੋਂ ਜਾਂਦਾ ਐ ਨਾ? ਮੈਂ ਤਾਂ ਤੇਰੇ ਨਾਲ ਸ਼ਰਾਫ਼ਤ ਦਾ ਵਿਹਾਰ ਕਰਦਾਂ, ਤੇ ਤੂੰ ਐਂ ਕਿ ਇਹ ਬਦਲਾ ਦੇਨੀਂ ਏਂ।' ਪਰ ਕੰਮ ਕਰਨ ਵਾਲੀ ਗੱਲ ਉਹ ਭਲਾਂ ਕਿਉਂ ਸੁਣਨ ਲੱਗੀ? ਆਪਣੀਆਂ ਈ ਮਾਰੀ ਗਈ, 'ਤੂੰ ਜੋ ਕੁਛ ਦੇਨਾਂ ਏਂ, ਉਸ ਨਾਲ ਮੇਰਾ ਕੰਮ ਨਈਂ ਚੱਲਦਾ।' ਫੇਰ ਇਕ ਦਿਨ ਪਤਾ ਲੱਗਿਆ ਕਿ ਮੇਰੇ ਨਾਲ ਚਾਲ ਖੇਡ ਰਹੀ ਐ।'

ਅੱਗੇ ਸਿੰਤੇ ਮੈਨੂੰ ਦੱਸਦਾ ਰਿਹਾ ਕਿ ਕਿਵੇਂ ਕੁੜੀ ਦੇ ਬਟੂਏ ਵਿਚੋਂ ਉਸਨੂੰ ਲਾਟਰੀ ਦਾ ਇਕ ਟਿਕਟ ਮਿਲਿਆ। ਜਦੋਂ ਪੁੱਛਿਆ ਕਿ ਇਹ ਖ਼ਰੀਦਣ ਲਈ ਪੈਸੇ ਕਿੱਥੋਂ ਆਏ? ਤਾਂ ਦੱਸ ਈ ਨਹੀਂ ਸਕੀ। ਇਕ ਦਿਨ ਫੇਰ ਸਿੰਤੇ ਨੂੰ ਗਹਿਣੇ-ਰੱਖੇ ਦੋ ਕੰਗਣਾਂ ਦੀ ਰਸੀਦ ਮਿਲੀ। ਇਹਨਾਂ ਕੰਗਣਾਂ ਦੇ ਪਹਿਲਾਂ ਕਦੀ ਉਸਨੇ ਦਰਸ਼ਨ ਈ ਨਹੀਂ ਸਨ ਕੀਤੇ।

'ਤਾਂ ਹੁਣ ਜਾ ਕੇ ਸਮਝ ਵਿਚ ਅਇਆ ਕਿ ਮੇਰੇ ਨਾਲ ਚਾਲ ਖੇਡੀ ਜਾ ਰਹੀ ਐ। ਪਹਿਲਾਂ ਤਾਂ ਮੈਂ ਉਸਦੀ ਚੰਗੀ ਤਰਾਂ ਖੜਕਾਈ ਕੀਤੀ, ਖ਼ੂਬ ਖਰੀਆਂ-ਖੋਟੀਆਂ ਸੁਣਾਈਆਂ, ਸਾਫ਼ ਕਹਿ ਦਿੱਤਾ ਕਿ 'ਤੈਨੂੰ ਤਾਂ ਬਸ, ਇਕੋ ਚੀਜ਼ ਚਾਹੀਦਾ ਐ ਕਿ ਕਦੋਂ ਮੌਕਾ ਮਿਲੇ ਤੇ ਕਦੋਂ ਕਿਸੇ ਨਾਲ ਮੂੰਹ ਕਾਲਾ ਕਰੇਂ।' ਭਾਈ ਸਾਹਬ, ਮੈਂ ਤਾਂ ਉਸਦੇ ਮੂੰਹ 'ਤੇ ਸੁਣਾ ਦਿੱਤਾ, 'ਮੇਰੀ ਜਾਨ, ਇਕ ਦਿਨ ਆਪਣੇ ਕੀਤੇ 'ਤੇ ਪਛਤਾਵੇਂਗੀ ਤੇ ਮੇਰੇ ਕੋਲ ਵਾਪਸ ਆਉਂਣ ਲਈ ਰੋਵੇਂਗੀ। ਸੜਕਾਂ 'ਤੇ ਜੁੱਤੀਆਂ ਘਸਾਉਣ ਵਾਲੀਆਂ ਇਹ ਜਿੰਨੀਆਂ ਕੁੜੀਆਂ ਐਂ ਨਾ, ਅੱਜ ਉਨਾਂ ਸਾਰੀਆਂ ਨੂੰ ਤੇਰੀ ਕਿਸਮਤ 'ਤੇ ਰਸ਼ਕ ਐ ਕਿ ਮੇਰੇ ਵਰਗੇ ਆਦਮੀ ਨੇ ਤੈਨੂੰ ਰੱਖਿਆ ਹੋਇਐ...।'

ਇਸ ਪਿੱਛੋਂ ਸਿੰਤੇ ਨੇ ਉਸਦੀ ਏਨੀ ਤਕੜੀ ਮੁਰੰਮਤ ਕੀਤੀ ਕਿ ਖ਼ੂਨ ਥੁੱਕਣ ਲੱਗ ਪਈ। 'ਇਸ ਤੋਂ ਪਹਿਲਾਂ ਉਸਨੂੰ ਕਦੀ ਨਈਂ ਸੀ ਮਾਰਿਆ। ਓ ਬਈ, ਉਂਜ ਈ ਕਦੀ ਪਿਆਰ ਨਾਲ ਇਕ ਅੱਧੀ ਲਾ ਦਿੱਤੀ ਹੋਵੇ ਤਾਂ ਕੀ ਹੋਇਆ? ਤੇ ਇਸ 'ਤੇ ਜਦੋਂ ਰੋਂਦੀ-ਚੀਕਦੀ ਸੀ ਤਾਂ ਉੱਠ ਕੇ ਖਿੜਕੀ ਬੰਦ ਕਰ ਲੈਂਦਾ ਸਾਂ। ਬਾਅਦ ਵਿਚ ਸਭ ਠੀਕ-ਠਾਕ ਹੋ ਜਾਂਦਾ ਸੀ। ਪਰ ਇਸ ਵਾਰੀ ਤਾਂ ਮੈਂ ਮਾਮਲਾ ਈ ਜੜੋਂ ਉਖਾੜ ਦਿੱਤਾ। ਬਸ, ਕਸਕ ਇਹੋ ਰਹਿ ਗਈ ਕਿ ਚੰਗੀ ਤਰਾਂ ਦਿਮਾਗ਼ ਦਰੁਸਤ ਨਈਂ ਕਰ ਸਕਿਆ। ਮੇਰਾ ਮਤਲਬ ਸਮਝੇ ਨਾ?'



ਹੁਣ ਉਸਨੇ ਦੱਸਿਆ ਕਿ ਬਸ ਇਸੇ ਬਾਰੇ ਉਸਨੂੰ ਸਲਾਹ ਚਾਹੀਦੀ ਏ। ਲੈਂਪ ਧੂੰਆਂ ਛੱਡ ਰਿਹਾ ਸੀ। ਕਮਰੇ ਵਿਚ ਇਸ ਸਿਰੇ ਤੋਂ ਲੈ ਕੇ ਉਸ ਸਿਰੇ ਤੀਕ ਚਹਿਲ-ਕਦਮੀ ਕਰਨਾ ਛੱਡ ਕੇ ਉਸਨੇ ਬੱਤੀ ਨੀਵੀਂ ਕਰ ਦਿੱਤੀ। ਮੈਂ ਬਿਨਾਂ ਕੁਝ ਬੋਲੇ ਉਸਦੀਆਂ ਗੱਲਾਂ ਸੁਣਦਾ ਰਿਹਾ। ਪੂਰੀ ਦੀ ਪੂਰੀ ਬੋਤਲ ਮੈਂ ਇਕੱਲੇ ਨੇ ਈ ਚੜਾਈ ਸੀ, ਸਿਰ ਭੌਂ ਰਿਹਾ ਸੀ। ਆਪਣੀਆਂ ਸਾਰੀਆਂ ਸਿਗਰਟਾਂ ਫੂਕ ਚੁੱਕਾ ਸੀ ਤੇ ਹੁਣ ਰੇਮੰਡ ਦੀਆਂ ਸਿਗਰਟਾਂ ਉੱਤੇ ਧਾਵਾ ਬੋਲਿਆ ਹੋਇਆ ਸੀ। ਹੇਠਾਂ, ਦੇਰ ਨਾਲ ਆਉਣ ਵਾਲੀ ਇਕ ਅੱਧੀ ਟਰਾਮ ਲੰਘੀ ਤੇ ਉਸਦੇ ਨਾਲ-ਨਾਲ ਸੜਕ ਦੀ ਆਖ਼ਰੀ ਚਹਿਲ-ਪਹਿਲ ਵੀ ਖਤਮ ਹੋ ਗਈ। ਰੇਮੰਡ ਬੋਲੀ ਜਾ ਰਿਹਾ ਸੀ। ਉਸਨੂੰ ਸਭ ਤੋਂ ਵੱਧ ਖਿਝ ਇਸ ਗੱਲ ਦੀ ਸੀ ਕਿ ਦਿਲ ਵਿਚ ਉਸ ਕੰਬਖ਼ਤ ਕੁੜੀ ਨਾਲ 'ਲਗਾਅ' ਵੀ ਸੀ। ਪਰ ਇਸ ਵਾਰੀ ਠਾਣ ਲਿਆ ਸੀ ਕਿ ਸਬਕ ਸਿਖਾ ਕੇ ਈ ਰਹੇਗਾ।

ਉਸਨੇ ਕਿਹਾ, 'ਪਹਿਲਾਂ ਤਾਂ ਦਿਮਾਗ਼ 'ਚ ਆਇਆ ਕਿ ਉਸਨੂੰ ਕਿਸੇ ਹੋਟਲ 'ਚ ਲੈ ਜਾਵਾਂ ਤੇ ਉੱਥੇ ਜਾ ਕੇ ਸਪੈਸ਼ਲ ਪੁਲਸ ਨੂੰ ਬੁਲਾ ਲਵਾਂ। ਫੇਰ ਜਿਵੇਂ ਵੀ ਹੋਵੇ ਪੁਲਸ ਵਾਲਿਆਂ ਨੂੰ ਕਹਿ ਸੁਣ ਕੇ ਉਸਦਾ ਨਾਂ 'ਬਾਜ਼ਾਰੂ-ਰੰਡੀਆਂ' ਵਿਚ ਦਰਜ਼ ਕਰਵਾ ਦਿਆਂ। ਬਸ, ਏਨੇ ਨਾਲ ਉਹਦੀ ਅਕਲ ਠਿਕਾਣੇ ਆ ਜਾਵੇਗੀ।' ਬਾਅਦ ਵਿਚ ਉਸਨੇ ਆਪਣੇ ਕੁਝ ਅਜਿਹੇ ਦੋਸਤਾਂ ਦੀ ਸਲਾਹ ਲਈ ਸੀ, ਜਿਨਾਂ ਦਾ ਪੇਸ਼ਾ ਈ ਗੁੰਡਾਗਰਦੀ ਦਾ ਸੀ। ਉਹ ਲੋਕ ਆਪਣੇ ਦੁਨੀਆਂ ਭਰ ਦੇ ਕੰਮ ਕੱਢਣ ਲਈ ਰੰਡੀਆਂ ਰੱਖਦੇ ਸਨ। ਪਰ ਉਹ ਵੀ ਕੋਈ ਕਾਰਗਾਰ ਰਸਤਾ ਨਹੀਂ ਸੀ ਕੱਢ ਸਕੇ। ਖ਼ੈਰ ਮੈਂ ਕਿਹਾ, 'ਇਸ ਦੇ ਸਿਵਾਏ ਉਸਦਾ ਦਿਮਾਗ਼ ਦਰੁਸਤ ਕਰਨ ਦਾ ਕੀ ਹੋਰ ਕੋਈ ਤਰੀਕਾ ਨਈਂ? ਬਈ ਇਕ ਕੁੜੀ ਨੇ ਮੇਰੇ ਨਾਲ ਦਗਾ ਕੀਤਾ ਏ ਤੇ ਤੁਸੀਂ ਲੋਕ ਓਂ ਕਿ ਉਸਨੂੰ ਸਬਕ ਸਿਖਾਉਣ ਦਾ ਕੋਈ ਤਰੀਕਾ ਈ ਨਈਂ ਜਾਣਦੇ...ਲਾਹਨਤ ਐ...ਤੁਹਾਡੇ ਅਜਿਹੇ ਪੇਸ਼ੇ 'ਚ ਰਹਿਣ 'ਤੇ...।' ਜਦੋਂ ਸਿੰਤੇ ਨੇ ਜਾ ਕੇ ਇਹ ਗੱਲ ਉਨਾਂ ਨੂੰ ਕਹੀ ਤਾਂ ਉਹਨਾਂ ਨੇ ਸਲਾਹ ਦਿੱਤੀ ਕਿ ਤੂੰ ਉਸ ਉੱਤੇ 'ਬਾਜ਼ਾਰੂ ਰੰਡੀ' ਹੋਣ ਦਾ ਠੱਪਾ ਲਾ ਦੇ। ਆਪਣੇ-ਆਪ ਠੀਕ ਹੋ ਜਾਵੇਗੀ। ਪਰ ਸਿੰਤੇ ਨੂੰ ਇਹ ਵੀ ਮੰਜੂਰ ਨਹੀਂ ਸੀ। ਹੁਣ ਸਮੱਸਿਆ ਇਹ ਸੀ ਕਿ ਸੋਚ-ਵਿਚਾਰ ਕੇ ਕਿਹੜਾ ਰਸਤਾ ਕੱਢਿਆ ਜਾਵੇ। 'ਅੱਛਾ ਪਹਿਲੀ ਗੱਲ ਤਾਂ ਇਹ ਕਿ ਮੈਂ ਤੁਹਾਥੋਂ ਇਕ ਹੋਰ ਈ ਚੀਜ਼ ਚਾਹੁਣਾ। ਚਲੋ ਖ਼ੈਰ, ਸਭ ਤੋਂ ਪਹਿਲਾਂ ਤਾਂ ਇਹ ਦੱਸੋ ਕਿ ਮੇਰੀ ਇਸ ਕਹਾਣੀ 'ਤੇ ਕੁਲ ਮਿਲਾ ਕੇ ਤੁਹਾਡੀ ਕੀ ਰਾਏ ਐ?'

ਮੈਂ ਕਿਹਾ, 'ਰਾਏ-ਵਾਏ ਤਾਂ ਕੁਛ ਨਈਂ। ਹਾਂ, ਕਹਾਣੀ ਮੈਨੂੰ ਦਿਲਚਸਪ ਲੱਗੀ ਏ।'

'ਕੀ ਤੁਹਾਡਾ ਵੀ ਇਹੋ ਖ਼ਿਆਲ ਏ ਕਿ ਕੁੜੀ ਨੇ ਸੱਚਮੁੱਚ ਮੇਰੇ ਨਾਲ ਚਾਲ ਖੇਡੀ ਏ?'

ਮੈਨੂੰ ਮੰਨਣਾ ਪਿਆ ਕਿ ਲੱਗਦਾ ਤਾਂ ਕੁਛ-ਕੁਛ ਇੰਜ ਈ ਏ। ਇਸ 'ਤੇ ਉਸਨੇ ਪੁੱਛਿਆ ਕਿ ਜੇ ਇੰਜ ਏ ਤਾਂ ਕੀ ਮੈਂ ਨਹੀਂ ਮੰਨਦਾ ਕਿ ਸਜ਼ਾ ਮਿਲਣੀ ਚਾਹੀਦੀ ਏ? ਜਾਂ ਮੰਨ ਲਓ, ਮੈਂ ਉਸਦੀ ਥਾਂ ਹੁੰਦਾ ਤਾਂ ਕੀ ਕਰਦਾ? ਮੈਂ ਕਿਹਾ, 'ਭਰਾ, ਇਹੋ-ਜਿਹੇ ਮਾਮਲਿਆਂ 'ਚ ਕੌਣ ਕੀ ਕਰ ਬੈਠੇਗਾ, ਇਹਦਾ ਕੋਈ ਥਹੁ ਏ? ਪਰ ਉਹਨੂੰ ਮਜ਼ਾ ਚਖਾਉਣ ਦੀ ਤੇਰੀ ਇੱਛਾ ਨੂੰ ਮੈਂ ਚੰਗੀ ਤਰਾਂ ਸਮਝ ਰਿਹਾ ਆਂ।'

ਮੈਂ ਹੋਰ ਸ਼ਰਾਬ ਢਾਲੀ। ਰੇਮੰਡ ਨੇ ਦੂਜੀ ਸਿਗਰਟ ਲਾ ਲਈ ਤੇ ਆਪਣਾ ਅਗਲਾ ਇਰਾਦਾ ਸਮਝਾਉਂਦਾ ਰਿਹਾ। ਖ਼ੂਬ ਖਰੀਆਂ-ਖੋਟੀਆਂ ਸੁਣਾਉਂਦਾ ਹੋਇਆ ਉਹ ਉਸਨੂੰ ਇਕ ਅਜਿਹੀ ਚੁਭਵੀਂ ਚਿੱਠੀ ਲਿਖਣੀ ਚਾਹੁੰਦਾ ਸੀ ਕਿ ਕੁੜੀ ਸੜ-ਭੁੱਜ ਜਾਵੇ ਤੇ ਨਾਲ ਈ ਉਸਨੂੰ ਆਪਣੀ ਕਰਤੂਤ 'ਤੇ ਪਛਤਾਵਾ ਵੀ ਹੋਵੇ। ਫੇਰ ਜਦੋਂ ਵਾਪਸ ਰੇਮੰਡ ਕੋਲ ਆ ਜਾਵੇ ਤਾਂ ਇਹ ਉਸਨੂੰ ਸੰਭੋਗ ਲਈ ਬਿਸਤਰੇ 'ਤੇ ਲੈ ਜਾਵੇ। ਹੁਣ ਉਸਨੂੰ ਇਹ ਏਨਾ ਉਤੇਜਿਤ ਕਰੇ...ਏਨਾ ਉਤੇਜਿਤ ਕਰੇ ਕਿ ਵਾਸਨਾ ਦੇ ਆਵੇਸ਼ ਵਿਚ ਉਹ ਪਾਗਲ ਹੋ ਜਾਵੇ। ਤੇ ਤਦ ਉੱਠ ਕੇ ਉਸਦੇ ਮੂੰਹ 'ਤੇ ਥੁੱਕ ਦਵੇ ਤੇ ਧੱਕਾ ਮਾਰ ਕੇ ਕਮਰੇ ਵਿਚੋਂ ਬਾਹਰ ਸੁੱਟ ਦਵੇ। ਮੈਂ ਵੀ ਮੰਨ ਗਿਆ ਕਿ ਸਕੀਮ ਬੁਰੀ ਨਹੀਂ। ਇਸ ਨਾਲ ਜ਼ਰੂਰ ਉਸਦਾ ਦਿਮਾਗ਼ ਦਰੁਸਤ ਹੋ ਜਾਵੇਗਾ।

ਰੇਮੰਡ ਕਹਿਣ ਲੱਗਾ, 'ਸਮੱਸਿਆ ਇਹ ਐ ਕਿ ਇਸ ਤਰਾਂ ਦੀ ਚਿੱਠੀ ਲਿਖਣ ਦਾ ਮੇਰਾ ਬੂਤਾ ਨਈਂ। ਇੱਥੇ ਮੈਨੂੰ ਤੁਹਾਡੀ ਮਦਦ ਚਾਹੀਦੀ ਐ।' ਜਵਾਬ ਵਿਚ ਜਦ ਮੈਂ ਕੁਝ ਨਾ ਬੋਲਿਆ ਤਾਂ ਉਸਨੇ ਪੁੱਛਿਆ, 'ਹੁਣੇ ਯਕਦਮ ਲਿਖ ਸਕੋਗੇ?'

ਮੈਂ ਕਿਹਾ, 'ਨਈਂ...ਪਰ ਖ਼ੈਰ, ਲਿਆਓ, ਲਿਖ ਈ ਦਿਆਂ।'

ਉਸਨੇ ਫੁਰਤੀ ਨਾਲ ਗਲਾਸ ਦੀ ਸ਼ਰਾਬ ਮੂੰਹ ਵਿਚ ਉਲੱਦ ਲਈ ਤੇ ਉੱਠ ਖੜਾ ਹੋਇਆ। ਤਸ਼ਤਰੀਆਂ ਤੇ ਜੂਠੇ ਬਚੇ ਪੁਡਿੰਗ ਨੂੰ ਇੱਧਰ-ਉੱਧਰ ਸਰਕਾ ਕੇ ਮੇਜ਼ ਉੱਤੇ ਜਗਾ ਬਣਾਈ। ਮੋਮਜਾਮੇ ਨੂੰ ਚੰਗੀ ਤਰਾਂ ਝਾੜ-ਪੂੰਝ ਕੇ ਮੰਜੇ ਦੇ ਨਾਲ ਵਾਲੀ ਮੇਜ਼ ਦੀ ਦਰਾਜ ਵਿਚੋਂ ਇਕ ਚਾਰਖਾਨਾ ਕਾਗਜ਼ ਕੱਢਿਆ, ਫੇਰ ਇਕ ਲਿਫ਼ਾਫ਼ਾ, ਕਾਠ ਦਾ ਲਾਲ ਹੋਲਡਰ ਤੇ ਲਾਲ ਸਿਆਹੀ ਭਰੀ ਚੌਰਸ ਦਵਾਤ ਲਿਆ ਕੇ ਰੱਖੀ। ਕੁੜੀ ਦਾ ਨਾਂ ਸੁਣਦਿਆਂ ਈ ਮੈਂ ਸਮਝ ਗਿਆ ਕਿ 'ਮੂਰ' (ਹਬਸ਼ੀ) ਜਾਤ ਦੀ ਏ।

ਬਿਨਾਂ ਬਹੁਤਾ ਮੱਥਾ-ਪੱਚੀ ਕੀਤੇ ਜਲਦੀ ਜਲਦੀ ਚਿੱਠੀ ਘਸੀਟ ਦਿੱਤੀ। ਹਾਂ, ਇਹ ਜ਼ਰੂਰ ਚਾਹੁੰਦਾ ਸੀ ਕਿ ਰੇਮੰਡ ਦੀ ਤਸੱਲੀ ਹੋ ਜਾਵੇ। ਆਖ਼ਰ ਉਸਦੀ ਮੰਸ਼ਾ ਪੂਰੀ ਨਾ ਕਰਨ ਦਾ ਕੋਈ ਕਾਰਨ ਵੀ ਨਹੀਂ ਸੀ। ਲਿਖ ਚੁੱਕਾ ਤਾਂ ਪੜ ਕੇ ਸੁਣਾਇਆ। ਉਹ ਸਿਗਰਟ ਦੇ ਸੂਟੇ ਲਾਉਂਦਾ ਹੋਇਆ ਵਿਚ-ਵਿਚ ਸਹਿਮਤੀ ਸੂਚਕ ਸਿਰ ਹਿਲਾਉਂਦਾ ਤੇ ਸੁਣਦਾ ਰਿਹਾ। ਫੇਰ ਬੋਲਿਆ, 'ਜ਼ਰਾ ਇਕ ਵਾਰੀ ਫੇਰ ਪੜ ਦਿਓ।' ਲੱਗਿਆ, ਉਹ ਬੜਾ ਖ਼ੁਸ਼ ਹੋ ਗਿਆ ਏ। ਬੱਤੀਸੀ ਦਿਖਾ ਕੇ ਹੱਸਿਆ, 'ਹੁਣ ਬਣੀ ਨਾ ਗੱਲ, ਮੈਂ ਤਾਂ ਯਾਰ, ਪਹਿਲਾਂ ਈ ਜਾਣਦਾ ਸੀ ਕਿ ਆਦਮੀ ਸ਼ਕਲ ਤੋਂ ਈ ਅਕਲਮੰਦ ਲੱਗਦੈ, ਤੂੰ ਤਾਂ ਸਭ ਕੁਝ ਜਾਣਦੈਂ...ਪੂਰਾ ਹੰਢਿਆ ਵਿਆ ਐਂ।'

ਇਸ 'ਯਾਰ' ਸ਼ਬਦ 'ਤੇ ਤਾਂ ਮੇਰਾ ਧਿਆਨ ਈ ਨਹੀਂ ਸੀ ਗਿਆ, ਪਰ ਜਦੋਂ ਉਸਨੇ ਮੋਢੇ 'ਤੇ ਹੱਥ ਮਾਰ ਕੇ ਕਿਹਾ, 'ਤਾਂ ਹੁਣ ਅਸੀਂ ਲੋਕ ਦੋਸਤ ਬਣ ਗਏ ਨਾ?' ਤਦ ਮੈਨੂੰ ਯਾਦ ਆਇਆ ਕਿ ਉਸਨੇ 'ਯਾਰ' ਕਿਹਾ ਸੀ। ਇਸ 'ਤੇ ਵੀ ਮੈਂ ਜਦੋਂ ਚੁੱਪ ਰਿਹਾ ਤਾਂ ਉਸਨੇ ਆਪਣੀ ਗੱਲ ਫੇਰ ਦੁਹਰਾਈ। ਇੰਜ ਦੋਸਤ ਹੋਣ, ਨਾ ਹੋਣ ਨਾਲ ਮੈਨੂੰ ਕੀ ਫਰਕ ਪੈਂਦਾ ਸੀ। ਪਰ ਉਸਦੀ ਉਤੇਜਨਾ ਨੂੰ ਦੇਖ ਕੇ ਸਿਰ ਹਿਲਾ ਕੇ ਮੰਨ ਲਿਆ-'ਹਾਂ ਭਰਾ, ਹਾਂ।'

ਚਿੱਠੀ ਨੂੰ ਲਿਫ਼ਾਫ਼ੇ ਵਿਚ ਬੰਦ ਕੀਤਾ ਤੇ ਦੋਵਾਂ ਨੇ ਮਿਲ ਕੇ ਬਾਕੀ ਸ਼ਰਾਬ ਖਤਮ ਕਰ ਦਿੱਤੀ। ਇਸ ਪਿੱਛੋਂ ਗੁੰਮ ਸੁੰਮ ਬੈਠੇ ਦੋਵੇਂ ਜਣੇ ਸਿਗਰਟਾਂ ਫੂਕਦੇ ਰਹੇ। ਸੜਕ ਉੱਤੇ ਬਿਲਕੁਲ ਸੰਨਾਟਾ ਸੀ। ਬਸ, ਕਦੀ-ਕਦੀ ਕੋਈ ਕਾਰ ਲੰਘ ਜਾਂਦੀ ਸੀ। ਆਖ਼ਰ ਮੈਂ ਈ ਕਿਹਾ ਕਿ ਹੁਣ ਕਾਫ਼ੀ ਰਾਤ ਹੋ ਗਈ ਏ। ਰੇਮੰਡ ਨੇ ਵੀ ਸਵੀਕਾਰ ਕਰਕੇ ਕਿਹਾ, 'ਅੱਜ ਤਾਂ ਰਾਤ ਜਾਂਦੀ ਦਾ ਪਤਾ ਈ ਨਈਂ ਲੱਗਿਆ...'

ਉਸਦੀ ਗੱਲ ਸਹੀ ਸੀ। ਦਿਲ ਕਰ ਰਿਹਾ ਸੀ ਕਿ ਸਿੱਧਾ ਬਿਸਤਰੇ 'ਤੇ ਜਾ ਪਵਾਂ, ਪਰ ਤੁਰ ਕੇ ਉੱਥੋਂ ਤੀਕ ਜਾਣਾ ਪਹਾੜ ਲੱਗ ਰਿਹਾ ਸੀ। ਜ਼ਰੂਰ ਮੇਰੇ ਚਿਹਰੇ ਤੋਂ ਬੜੀ ਪਸਤੀ ਤੇ ਥਕਾਣ ਜਾਹਰ ਹੋ ਰਹੀ ਹੋਵੇਗੀ, ਕਿਉਂਕਿ ਰੇਮੰਡ ਬੋਲਿਆ, 'ਮੁਸੀਬਤ ਵਿਚ ਇੰਜ ਹਿੰਮਤ ਨਈਂ ਹਾਰਨੀ ਚਾਹੀਦੀ।'

ਪਹਿਲਾਂ ਤਾਂ ਗੱਲ ਮੇਰੀ ਸਮਝ 'ਚ ਨਾ ਆਈ, ਪਰ ਉਹ ਖ਼ੁਦ ਈ ਬੋਲਿਆ, 'ਤੇਰੀ ਮਾਂ ਦੇ ਦੇਹਾਂਤ ਦੀ ਖ਼ਬਰ ਸੁਨੀਂ ਸੀ। ਖ਼ੈਰ ਭਰਾ, ਇਹ ਤਾਂ ਇਕ ਨਾ ਇਕ ਦਿਨ ਹੋਣਾ ਈ ਐ ਸਾਰਿਆਂ ਨਾਲ।' ਉਸਦੇ ਇਸ ਕਥਨ ਨਾਲ ਮੈਨੂੰ ਹੌਸਲਾ ਮਿਲਿਆ। ਮੈਂ ਉਸਨੂੰ ਦੱਸ ਵੀ ਦਿੱਤਾ।

ਖੜਾ ਹੋਇਆ, ਤਾਂ ਰੇਮੰਡ ਨੇ ਬੜੀ ਅਪਣੱਤ ਨਾਲ ਹੱਥ ਮਿਲਾਇਆ। ਕਿਹਾ, ਆਦਮੀ ਹਮੇਸ਼ਾ ਇਕ ਦੂਜੇ ਦੇ ਮਨ ਨੂੰ ਸਮਝਦੇ ਨੇ। ਬਾਹਰ ਨਿਕਲ ਕੇ ਮੈਂ ਉਸਦੇ ਕਮਰੇ ਦਾ ਦਰਵਾਜ਼ਾ ਭੀੜਿਆ ਤੇ ਕੁਝ ਚਿਰ ਪੌੜੀਆਂ ਦੇ ਸਾਹਮਣੇ ਉਂਜ ਈ ਖਾਲੀ-ਖਾਲੀ ਜਿਹਾ ਖੜਾ ਰਿਹਾ। ਸਾਰੀ ਬਿਲਡਿੰਗ ਵਿਚ ਕਬਰ ਵਰਗਾ ਸੰਨਾਟਾ ਛਾਇਆ ਹੋਇਆ ਸੀ। ਪੌੜੀਆਂ ਵਿਚੋਂ ਬੜੀ ਸਿਲੀ ਤੇ ਭਾਰੀ-ਭਾਰੀ ਜਿਹੀ ਹਵਾੜ ਆ ਰਹੀ ਸੀ। ਮੈਨੂੰ ਆਪਣੀਆਂ ਨਸਾਂ ਵਿਚ ਫੜਕਦੇ ਲਹੂ ਦੇ ਸਿਵਾਏ ਕੁਝ ਵੀ ਸੁਨਾਈ ਨਹੀਂ ਦੇ ਰਿਹਾ ਸੀ। ਕੁਝ ਚਿਰ ਖੜਾ-ਖੜਾ ਉਸ ਨੂੰ ਸੁਣਦਾ ਰਿਹਾ। ਉਦੋਂ ਈ ਸਲਾਮਾਨੋ ਦੇ ਕਮਰੇ ਵਿਚ ਕੁੱਤੇ ਨੇ ਕਰਾਹੁਣਾ ਸ਼ੁਰੂ ਕਰ ਦਿੱਤਾ-ਤੇ ਉਸਦੀ ਇਹ ਦੁੱਖ-ਪਰੁੱਚੀ ਹਲਕੀ-ਜਿਹੀ ਕੁਰਲਾਹਟ ਸੁੱਤੇ ਘਰ ਦੀ ਚੁੱਪ ਨੂੰ ਝਰੀਟਣ ਲੱਗੀ-ਜਿਵੇਂ ਹਨੇਰੇ ਤੇ ਸੰਨਾਟੇ ਦਾ ਜਾਲ਼ ਤੋੜ ਕੇ ਕੋਈ ਫੁੱਲ ਹੌਲੀ-ਹੌਲੀ ਸਿਰ ਚੁੱਕ ਰਿਹਾ ਹੋਵੇ...।

...ਚਲਦਾ



# ਸੁਹਾਗ

## ਈਸ਼ਵਰ ਚੰਦਰ ਨੰਦਾ

ਪਾਤਰ :-

ਲਾਜੋ- ਛਿਆਂ ਸੱਤਾਂ ਸਾਲਾਂ ਦੀ ਕੁੜੀ

ਮੇਲੋ- ਇਹਦੀ ਵੱਡੀ ਭੈਣ, ਸਤਾਰਾਂ ਅਠਾਰਾਂ ਸਾਲਾਂ ਦੀ

ਹੁਸ਼ਿਆਰ ਚੰਦ- ਇਨਾਂ ਦਾ ਪਿਉ

ਕੌਰਾਂ- ਇਨਾਂ ਦੀ ਮਾਂ

ਬਸੰਤੋ- ਮੇਲੋ ਦੀ ਸਹੇਲੀ

ਇਕ ਬੁੱਢੀ ਜਨਾਨੀ

ਇਕ ਨੈਣ

ਇਕ ਨਿੱਕਾ ਜਿਹਾ ਮੁੰਡਾ

ਇਕ ਪਾਂਧਾ

ਸਥਾਨ-ਪੰਜਾਬ ਦਾ ਇਕ ਪਿੰਡ

ਵੇਲਾ-ਢਲਿਆ ਦਿਨ, ਤਰਕਾਲਾਂ ਹੋਣ ਵਾਲੀਆਂ

ਝਾਕੀ-ਪਰਦਾ ਉੱਠਣ ਉੱਤੇ ਇੱਕ ਵੱਡਾ ਸਾਰਾ ਦਾਲਾਨ ਦਿਸਦਾ ਹੈ। ਇਹਦੇ ਪਿੱਛੇ ਇੱਕ ਨਿੱਕੀ ਜਿਹੀ ਕੋਠੜੀ ਦਾ ਬੂਹਾ ਭੀੜਿਆ ਹੋਇਆ ਹੈ। ਦਾਲਾਨ ਦੀ ਸਾਮਣੀਂ ਕੰਧ ਨਾਲ ਇੱਕ ਸੰਦੂਕ ਪਿਆ ਹੋਇਆ ਹੈ। ਲਾਗੇ ਹੀ ਇੱਕ ਟੰਗਣੇ ਉੱਤੇ ਕੁਝ ਕਪੜੇ ਲੱਤੇ ਲਮਕਦੇ ਹਨ। ਦਲਾਨ ਦੇ ਇਕ ਖੂੰਜੇ ਵਲ ਚੁਲਾ ਚੌਕਾ ਦਿਸਦਾ ਹੈ। ਇਹਦੇ ਲਾਗੇ ਹੀ ਇਕ ਨਿੱਕੀ ਜਿਹੀ ਮੰਜੀ ਡੱਠੀ ਪਈ ਹੈ।ਕੌਰਾਂ ਜਿਹਦੀ ਉਮਰ ਕੋਈ ਪੈਂਤੀ ਚਾਲੀ ਸਾਲ ਦੀ ਲਗਦੀ ਹੈ ਇੱਕ ਪੀੜੀ ਉੱਤੇ ਬੈਠੀ ਚਰਖਾ ਕੱਤ ਰਹੀ ਹੈ। ਉਹਦੇ ਨਾਲ ਇਕ ਬੁੱਢੀ ਜਨਾਨੀ ਬੈਠੀ ਗੱਲਾਂ ਪਈ ਕਰਦੀ ਹੈ। ਮੇਲੋ ਪਰੇ ਇੱਕ ਪੀੜੀ ਉੱਤੇ ਬੈਠੀ ਫੁਲਕਾਰੀ ਕਢ ਰਹੀ ਹੈ ਤੇ ਲਾਜੋ ਮੰਜੀ ਉੱਤੇ ਬੈਠੀ ਗੁੱਡੀਆਂ ਨਾਲ ਖੇਡ ਰਹੀ ਹੈ।

ਕੌਰਾਂ-ਬੇਬੇ, ਸੱਚ ਇਹ ਕੀ ਭੈੜਾ ਰਵਾਜ ਪੈਂਦਾ ਜਾਂਦਾ ਏ, ਲੋਕੀਂ ਹੁਣ ਕੁੜੀਆਂ ਨੂੰ ਵੱਡਾ ਵੱਡਾ ਕਰ ਕੇ ਵਿਆਹੁੰਦੇ ਨੇ। ਏਹ ਵੇਖਾਂ ਹੁਣ, ਕਰਮੋਂ ਨੇ ਧੀ ਵਿਆਹੀ ਤਾਂ ਅਠਾਰਾਂ ਵਰਿਆਂ ਦੀ ਕਰਕੇ ਤੇ ਜੇ ਹੁਣ ਭਾਗਾਂ ਨੇ ਆਪਣੀ ਕੁੜੀ ਦੀ ਕੁੜਮਾਈ ਕੀਤੀ ਏ ਤਾਂ ਕੋਠੇ ਜੇਡੀ ਕਰਕੇ।

ਬੁੱਢੀ-ਬੁੱਢੀਆਂ ਦਾ ਕੋਈ ਦੋਸ਼ ਨਹੀਂ, ਇਹ ਸਾਰ ਕੀੜਾ ਤਾਂ ਮਰਦਾਂ ਦੇ ਸਿਰ ਵਿੱਚ ਏ।

ਕੌਰਾਂ-ਪਿਛਲਿਆਂ ਜਮਾਨਿਆਂ ਵਿੱਚ ਕੁੜੀ ਪੰਜਵਾਂ ਟੱਪਦੀ ਨਹੀਂ ਸੀ ਤੇ ਉਹਦਾ ਵਿਆਹ ਕਰ ਦਿੰਦੇ ਸਨ। ਲੈ ਮੈਨੂੰ ਆਪਣੇ ਵਿਆਹ ਦੀ ਕੋਈ ਸਾਰ ਨਹੀ ਕਦੋਂ ਹੋਇਆ।

ਬੁੱਢੀ-ਭੈਣ, ਸਮੇਂ ਹੋਰ ਦੇ ਹੋਰ ਹੋ ਗਏ ਨੇ। ਕਲਜੁਗ ਆ ਗਿਆ ਏ, ਕਲਜੁਗ !ਤੀਵੀਆਂ ਦੀ ਤਾਂ ਸੁਣਦਾ ਈ ਕੋਈ ਨਹੀਂ, ਮਰਦਾਂ ਦੇ ਜੋ ਮਨ ਆਉਂਦਾ ਏ ਕਰਦੇ ਨੇ। ਮੇਰੀ ਤਾਂ ਉਮਰ ਬੀਤ ਗਈ ਸਿਰ ਖਪਾਉਂਦਿਆਂ ਮਰਦਾਂ ਨਾਲ। ਮੇਰੀ ਪੋਤਰੀ ਦੁਰਗੋ ਨੇ ਦੋ ਮਹੀਨਿਆਂ ਨੂੰ ਪੂਰੇ ਪੰਜਾਂ ਵਰਿਆਂ ਦੀ ਹੋ ਜਾਣਾ ਏ ਤੇ ਮੈਂ ਆਪਣੇ ਵੱਲੋਂ ਉਹਦੀ ਲਈ ਮੁੰਡਾ ਵੀ ਲੱਭ ਰੱਖਿਆ ਏ, ਪਰ ਕੁੜੀ ਦਾ ਪਿਉ ਨਹੀਂ ਮੰਨਦਾ।

ਕੌਰਾਂ-ਹੋਰ ਤਾਂ ਹੋਰ, ਸਾਡੀ ਮੇਲੋ ਨੂੰ ਸੁੱਖ ਨਾਲ ਹੁਣ ਅਠਾਰਵਾਂ ਚੜਣ ਵਾਲਾ ਏ ਤੇ ਪਿਉ ਉਹਦਾ ਅਜੇ ਤੀਕ ਘੇਸ ਮਾਰੀ ਬੈਠਾ ਏ।

ਬੁੱਢੀ-ਸੱਚੀ ਪੁੱਛੇਂ ਤਾਂ ਘੇਸ ਤੂੰ ਆਪ ਮਾਰੀ ਬੈਠੀ ਏਂ। ਜੇ ਉੱਠਦੇ ਬੈਠਦੇ ਨੂੰ ਆਖਦੀ ਰਹਵੇਂ ਤਾਂ ਉਹ ਕਿਉਂ ਨਾ ਖਿਆਲ ਰੱਖੇ।

ਕੌਰਾਂ-ਮੈਂ ਆਖ ਆਖ ਕੇ ਖਪ ਗਈ ਆਂ, ਬੇਬੇ, ਪਰ ਉਹਦਾ ਇੱਕੋ ਜਵਾਬ ਏ, 'ਅੱਜ ਕਰਨੇ ਆਂ, ਕਲ ਕਰਨੇ ਆਂ।' ਬਸ 'ਅੱਜ ਕੱਲ' ਕਹਿੰਦਿਆਂ ਮੁੱਦਤਾਂ ਲੰਘਾ ਛੱਡੀਆਂ ਸੂ।

ਬੁੱਢੀ-ਭੈਣੇ, ਜਮਾਨਾ ਬੁਰਾ ਜਾਂਦਾ ਏ। ਮੇਲੋ ਦਾ ਪਿਉ ਆਉਂਦਾ ਏ ਤਾਂ ਉਹਨੂੰ ਜੋਰ ਦੇ। ਏਡੀਆਂ ਵੱਸਣ ਰੱਸਣ ਜੋਗੀਆਂ ਕੁੜੀਆਂ ਨੂੰ ਘਰ ਕੌਣ ਬਠਾਲ ਛਡਦਾ ਏ? ਸਿਆਣਿਆਂ ਕਿਹਾ ਏ, ਧੀਆਂ ਆਪਣੇ ਸੌਹਰੀਂ ਹੀ ਸੋਹੰਦੀਆਂ ਨੇ।

ਕੌਰਾਂ-ਬੇਬੇ, ਮੇਰੀ ਤਾਂ ਜਾਨ ਸੁੱਕ ਗਈ ਏ ਫਿਕਰ ਨਾਲ। ਰਾਤ ਦਿਨ ਇਹੋ ਈ ਚਿੰਤਾ ਲੱਗੀ ਰਹਿੰਦੀ ਏ।

ਬੁੱਢੀ-ਪਰ ਹਾਲ ਦੀ ਘੜੀ ਤਾਂ ਤੁਸੀਂ ਡੱਕੇ ਗਏ। ਪੰਡਤਾਣੀ ਗੱਲ ਕਰਦੀ ਸੀ ਪਈ ਕੱਲ ਤੋਂ ਸਿੰਘਤ ਪੈ ਜਾਣੀ ਏਂ।

ਕੌਰਾਂ-ਮੈਨੂੰ ਤਾਂ ਕੁਝ ਔੜਦਾ ਨਹੀ ਪਈ ਕੀ ਕਰਾਂ। ਉਹਨੂੰ ਮੈਂ ਕਈ ਵਾਰ ਕਹਿ ਚੁੱਕੀ ਆਂ। ਸੁਣ ਕੇ 'ਹੂੰ ਹਾਂ' ਕਰ ਛੱਡਦਾ ਏ। ਗੱਲਾਂ ਬਥੇਰੀਆਂ ਕਰਦਾ ਏ ਪਰ ਬਣਾਉਂਦਾ ਕੁਝ ਨਹੀਂ।

ਬੁੱਢੀ-ਚੰਗਾ ਫੇਰ, ਜਦੋਂ ਮੈਨੂੰ ਮਿਲੇਗਾ ਤੇ ਮੈਂ ਉਹਦੇ ਕੰਨ ਚੰਗੀ ਤਰਾਂ ਖੋਲਾਂਗੀ।

(ਬਾਹਰੋਂ ਪੈਰਾਂ ਦਾ ਖੜਕਾਰ ਸੁਣਾਈ ਦਿੰਦਾ ਹੈ)

ਕੌਰਾਂ-ਲੈ ਭਾਵੇਂ ਉਹੋ ਈ ਆਇਆ ਈ। ਹੁਣੇ ਈ ਤੂੰ ਉਹਨੂੰ ਕਹੁ ਤਾਂ ਮੈਂ ਵੀ ਨਾਲ ਲਗਨੀ ਆਂ।

ਬੁੱਢੀ-ਨਾ, ਨਾ ਭੈਣ, ਇਹ ਵੇਲਾ ਠੀਕ ਨਹੀਂ। ਕਿਸੇ ਹੋਰ ਦਿਨ ਸਹੀ। ਹੁਣ ਮੈਨੂੰ ਜਾਣ ਦੀ ਕਾਹਲੀ ਏ, ਕਾਕਾ ਉਡੀਕਦਾ ਹੋਵੇਗਾ।

(ਹੁਸ਼ਿਆਰ ਚੰਦ ਆਉਂਦਾ ਹੈ)

ਬੁੱਢੀ-(ਉੱਠ ਕੇ ਤੇ ਚਾਦਰ ਦਾ ਪੱਲਾ ਮੂੰਹ ਉੱਤੇ ਨੀਵਾਂ ਕਰਕੇ) ਲੈ ਭਾਈ, ਪੀੜੀ।

ਹੁਸ਼ਿਆਰ ਚੰਦ-ਬਹਿ ਜਾ, ਬੇਬੇ, ਬਹਿ ਜਾ, ਏਡੀ ਕਾਹਲੀ ਕਾਹਦੀ ਏ?

(ਇੱਕ ਨਿੱਕਾ ਜਿਹਾ ਮੁੰਡਾ ਆਉਂਦਾ ਹੈ)

ਮੁੰਡਾ-ਦਾਦੀ, ਦਾਦੀ, ਭਾਈਆ ਸਦਦਾ ਏ। ਕਹਿੰਦਾ ਏ, ਛੇਤੀ ਆ, ਮੈਂ ਕੰਮ ਜਾਣਾ ਏ।

ਬੁੱਢੀ-ਚੱਲ ਪੁੱਤਰ, ਮੈਂ ਆਵੇ ਕਰਨੀ ਆਂ। ਮੈਂ ਅੱਗੇ ਈ ਆਖਿਆ ਸੀ ਪਈ ਉਡੀਕਦਾ ਹੋਵੇਗਾ।

(ਬੁੱਢੀ ਤੇ ਮੁੰਡਾ ਚਲੇ ਜਾਂਦੇ ਹਨ)

ਕੌਰਾਂ-ਮੇਲੋ ਦਾ ਭਾਈਆ, ਮੈਂ ਤੈਨੂੰ ਹਜਾਰ ਵਾਰੀ ਕੁੜੀ ਵੱਲੋਂ ਆਖਿਆ ਏ ਤੂੰ ਸੁਣ ਸੁਣ ਕੇ ਕੰਨਾਂ ਕੋਲੋਂ ਦੀ ਲੰਘਾ ਛਡਣਾ ਏਂ। ਮੇਲੋ ਨੂੰ ਸੁਖ ਨਾਲ ਅਠਾਰਵਾਂ ਲੱਗਣ ਨੂੰ ਫਿਰਦਾ ਏ ਤੇ ਤੈਨੂੰ ਉਹਦੇ ਮੰਗਣ ਦਾ ਕੋਈ ਖਿਆਲ ਨਹੀਂ।

ਹੁਸ਼ਿਆਰ ਚੰਦ-(ਪੀੜੀ ਨੂੰ ਪੈਰ ਨਾਲ ਅੱਗੇ ਕਰਕੇ ਉਹਦੇ ਉੱਤੇ ਬੈਠਦਾ ਹੈ ਤੇ ਕੁਰਤੇ ਦੇ ਅੱਗੇ ਨਾਲ ਆਪਣੇ ਆਪ ਨੂੰ ਝਲ ਮਾਰਦਾ ਹੈ।) ਤੂੰ ਤਾਂ ਐਵੇਂ ਬੜ ਬੜ ਲਾਈ ਹੋਈ ਏ। ਨਾ, ਤੇਰੀ ਧੀ ਬਹੁਤੀ ਏ ਤੇ ਮੇਰੀ ਘੱਟ ਏ? ਮੈਂ ਨਹੀਂ ਜਾਣਦਾ ਪਈ ਵੱਡੀ ਹੋ ਗਈ ਏ? ਤੈਨੂੰ ਕੀ ਪਤਾ ਏ ਪਈ ਮੈ ਕਦੋਂ ਦਾ ਢੂੰਡ ਤਲਾਸ਼ ਵਿੱਚ ਲਗਾ ਹੋਇਆ ਆਂ। ਪਰ ਕੋਈ ਕੰਮ ਦਾ ਵਰ ਘਰ ਲੱਭੇ ਤਾਂ ਈ ਕਰੀਏ ਨਾ।

ਕੌਰਾਂ-ਮੈਨੂੰ ਦੁੱਖ ਤਾਂ ਇਸ ਗੱਲ ਦਾ ਏ ਪਈ ਦੁਨੀਆਂ ਕੀ ਕਹਿੰਦੀ ਹੋਵੇਗੀ? ਐਹ ਹੁਣੇ ਬੇਬੇ ਗੱਲਾਂ ਕਰਦੀ ਗਈ ਏ।

ਹੁਸ਼ਿਆਰ ਚੰਦ-ਬਸ, ਬੇਬੇ ਗੱਲਾਂ ਈ ਕਰਨ ਜੋਗੀ ਏ ਨਾ, ਕੁਝ ਕੰਮ ਤਾਂ ਨਹੀਂ ਕਰਨ ਵਾਲੀ। ਇਹ ਤਾਂ ਬੁੱਢੀਆਂ ਦਾ ਕੈਦਾ ਏ, ਜਿੱਥੇ ਬੈਠਣਗੀਆਂ, ਏਧਰ ਉਧਰ ਦੀਆਂ ਗੱਲਾਂ ਮਾਰਨਗੀਆਂ। ਹੋਰ ਇਨਾਂ ਨੂੰ ਕੰਮ ਕੀ ਹੋਇਆ?

ਕੌਰਾਂ-ਲੈਂ ਖਾਂ ਭਲਾ, ਮੁਖਤ ਦੇ ਨਹੋਰੇ ਦੇਣ ਦਾ ਕੀ ਰਾਹ ਹੋਇਆ? ਉੜਕ ਮਰਦ ਮਿਲ ਕੇ ਬੈਠਦੇ ਨੇ ਤਾਂ ਗੱਲਾਂ ਨਹੀ ਕਰਦੇ ? ਪਰ ਦਸ ਉਹਦੇ ਵੱਲੋਂ.....ਖਸਮਾਂ ਖਾਣੀ ਦਾ ਨਾਂ ਕੁਲ ਗਿਆ ਈ ਤੇ ਮੇਰੇ ਮੂੰਹ ਅੱਗੇ ਫ਼ਿਰਦਾ ਈ......ਹਾਂ, ਹਾਂ ਜੰਡਪੁਰਾ ਜਿਥੇ ਰਾਜੇ ਨੂੰ ਭੇਜਿਆ ਸੀ, ਉੱਥੋਂ ਕੀ ਪਤਾ ਆਇਆ ਏ?

ਹੁਸ਼ਿਆਰ ਚੰਦ-ਮੈਂ ਇਹੋ ਤਾਂ ਤੈਨੂੰ ਦੱਸਣ ਲੱਗਾ ਸੀ ਪਰ ਤੂੰ ਬੇਬੇ ਦੀਆਂ ਗੱਲਾਂ ਵਿਚ ਲੱਗ ਪਈ।

ਕੌਰਾਂ-ਚੰਗਾ, ਚੰਗਾ, ਦੱਸ ਫੇਰ।

ਹੁਸ਼ਿਆਰ ਚੰਦ-ਮੈਂ ਹੁਣੇ ਈ ਰਾਜੇ ਨੂੰ ਮਿਲ ਕੇ ਆਇਆ ਆਂ। ਉਹ ਏਧਰ ਈ ਪਿਆ ਆਉਂਦਾ ਸੀ ਤੇ ਮੈਨੂੰ ਰਾਹ ਵਿਚ ਮਿਲ ਪਿਆ।

ਕੌਰਾਂ-ਤੂੰ ਉਹਨੂੰ ਆਉਣ ਕਿਉਂ ਨਾ ਦਿੱਤਾ। ਸਾਰੀ ਗੱਲ ਮੈਂ ਉਹਦੇ ਮੂੰਹੋਂ ਸੁਣ ਲੈਂਦੀ।

ਹੁਸ਼ਿਆਰ ਚੰਦ-ਉਹ ਏਧਰ ਆ ਰਿਹਾ ਸੀ ਤੇ ਮੈਂ ਅੱਗੇ ਕੰਮ ਜਾ ਰਿਹਾ ਸੀ, ਸੋਈ ਮੈਂ ਉਹਨੂੰ ਨਾਲ ਈ ਲੈ ਗਿਆ। ਗੱਲ ਸਾਰੀ ਤੂੰ ਮੇਰੇ ਕੋਲੋਂ ਸੁਣ ਲੈ। ਕਹਿੰਦਾ ਏ ਪਈ ਕੋਈ ਚੰਗੇ ਭਾਗ ਹੋਣ ਤਾਂ ਇਹੋ ਜਿਹਾ ਘਰ ਲਭਦਾ ਏ। ਬੜੇ ਭਾਗਵਾਨ ਨੇ, ਰਿਜ਼ਕ ਤਾਂ ਰੱਬ ਨੇ ਰਜ ਕੇ ਦਿੱਤਾ ਹੋਇਆ ਏ। ਬੜਾ ਵੱਡਾ ਖਲਜਗਣ ਏਂ, ਪਰਾਕਮੀ ਖਾਨਦਾਨ ਏ, ਆਹਰੇ ਬਾਹਰੇ ਵਿਚ ਮੰਨੇ ਤੰਨੇ ਹੋਏ। ਹਰ ਥਾਂ ਬੁਕ ਬੁਕ ਕੇਸਰ ਪੈਂਦਾ ਏ।

ਕੌਰਾਂ-ਸ਼ੁਕਰ ਏ ਰੱਬ ਦਾ, ਇਹ ਵੀ ਰਾਤ ਦਿਨ ਦਾ ਸਹਿਸਾ ਲੱਥਾ। ਮੇਰੀ ਤਾਂ ਫਿਕਰ ਨਾਲ ਜਾਨ ਸੁੱਕਦੀ ਜਾਂਦੀ ਸੀ।

ਹੁਸ਼ਿਆਰ ਚੰਦ-ਵੇਖ ਰੱਬ ਨੇ ਕਿਹਾ ਚੰਗਾ ਢੋ ਮਿਲਾਇਆ ਏ। ਸਹਿਜ ਪੱਕੇ ਸੋ ਮਿਠਾ ਹੋ। ਤੂੰ ਬੜੀ ਕਾਹਲੀ ਪਈ ਹੋਈ ਸੈਂ, ਕਾਹਲੀ ਨਾਲ ਕੁਝ ਨਹੀਂ ਬਣਦਾ। ਮੇਲੋ ਬੜੀ ਨਸੀਬਾਂ ਵਾਲੀ ਏ ਤੇ ਉਹਦੇ ਨਸੀਬਾਂ ਨੂੰ ਸਾਰੇ ਕੰਮ ਆਪਣੇ ਅਪ ਰਾਸ ਹੁੰਦੇ ਜਾਂਦੇ ਨੇ।

ਕੌਰਾਂ-ਸੁਖ ਨਾਲ ਮੁੰਡਾ ਕੇਡੀ ਕੁ ਉਮਰ ਦਾ ਏ? ਕਵਾਰਾ ਏ ਕਿ ਦੁਹਾਜੂ?

ਹੁਸ਼ਿਆਰ ਚੰਦ-(ਹੱਥ ਦੀ ਸੈਨਤ ਨਾਲ ਕੌਰਾਂ ਨੂੰ ਚੁਪ ਕਰਾਉਂਦਾ ਹੈ ਤੇ ਫੇਰ ਮੇਲੋ ਨੂੰ) ਕਾਕੋ, ਤੂੰ ਜਾ, ਇਕ ਕੰਮ ਕਰ ਆ।

ਮੇਲੋ-ਮੈਂ ਫੁਲਕਾਰੀ ਕੱਢਣੀ ਪਈ ਆਂ, ਠਹਿਰ ਕੇ ਜਾਉਂ।

ਕੌਰਾਂ-ਫੁਲਕਾਰੀ ਫੇਰ ਨਾ ਕੱਢੀ ਜਾਊ? ਜਾ ਮੇਰੀ ਬੀਬੀ ਧੀ!

ਮੇਲੋ-ਕੀ ਕੰਮ ਏ?

ਹੁਸ਼ਿਆਰ ਚੰਦ-ਪੰਡਤਾਣੀ ਵਲ ਜਾ। ਉਹਨੂੰ ਕਹੁ ਪਈ ਪਾਂਧਾ ਜਦੋ ਬਾਹਰੋਂ ਆਵੇ ਤਾਂ ਉਹਨੂੰ ਝਟ ਪਟ ਏਧਰ ਭੇਜੇ।

ਮੇਲੋ-ਕਿਹੜੀ ਪੰਡਤਾਣੀ?

ਕੌਰਾਂ-ਏਥੇ ਕੋਈ ਦਸ ਵੀਹ ਪੰਡਤਾਣੀਆਂ ਹੈਨ, ਉਹੋ ਬੁੱਢੇ ਪਾਂਧੇ ਦੀ ਵਹੁਟੀ, ਹੋਰ ਕਿਹੜੀ ?

ਮੇਲੋ-ਮੈਨੂੰ ਠੀਕ ਪਤਾ ਨਹੀਂ ਉਹਦਾ ਘਰ ਕਿੱਥੇ ਏ?

ਕੌਰਾਂ-ਜਾ, ਪਰਿਓਂ ਬਸੰਤੋ ਨੂੰ ਨਾਲ ਲੈ ਜਾ, ਉਹਨੂੰ ਪਤਾ ਏ।

(ਮੇਲੋ ਚਲੀ ਜਾਂਦੀ ਹੈ)

ਹੁਸ਼ਿਆਰ ਚੰਦ-ਮੈਂ ਕਹਿਣ ਲੱਗਾ ਸੀ ਪਈ......,

(ਲਾਜੋ ਮੰਜੀ ਤੋਂ ਉਤਰ ਕੇ ਫੁਲਕਾਰੀ ਚੁਕ ਲੈਂਦੀ ਹੈ ਤੇ ਮਾਂ ਕੋਲ ਆ ਕੇ)

ਲਾਜੋ-ਮਾਂ, ਮੈਂ ਫੁਲਕਾਰੀ ਕੱਢਾਂ? ਮੇਰਾ ਜੀ ਕਰਦਾ ਏ।

ਕੌਰਾਂ-ਨਾ, ਨਾ, ਤੂੰ ਖਰਾਬ ਕਰ ਦਏਂਗੀ। ਪਹਿਲੋਂ ਭੈਣ ਕੋਲੋਂ ਸਿਖੀਂ, ਫੇਰ ਕੱਢੀਂ।

ਲਾਜੋ-ਮੈਂ ਪਿੱਛੋਂ ਸਿਖ ਲਵਾਂਗੀ, ਹੁਣ ਮੈਨੂੰ ਕੱਢਣ ਦੇ, ਮੇਰਾ ਜੀ ਕਰਦਾ ਏ।

ਹੁਸ਼ਿਆਰ ਚੰਦ-ਹੇ ਸਿਰਮੁੰਨੀ, ਰੌਲਾ ਨਾ ਪਾ; ਸਾਨੂੰ ਗੱਲ ਕਰਨ ਦੇ।

ਲਾਜੋ-(ਰੋਣ ਵਾਲਾ ਮੂੰਹ ਬਣਾ ਕੇ) ਫੇਰ ਫੁਲਕਾਰੀ ਕੱਢਣ ਦਿਓ ਨਾ।

ਕੌਰਾਂ-ਚਲ, ਝਿੜਕ ਨਾ, ਅੰਞਾਣੀ ਜੁ ਹੋਈ (ਲਾਜੋ ਨੂੰ ਫੁਲਕਾਰੀ ਦੇ ਕੇ) ਲੈ, ਮਰ ਖਸਮੜਾ ਖਾਣੀ, ਖਰਾਬ ਨਾ ਕਰੀਂ।

ਲਾਜੋ-(ਫੁਲਕਾਰੀ ਨੂੰ ਸਿਰ ਉੱਤੇ ਲੈ ਕੇ ਤੇ ਏਧਰ ਉਧਰ ਆਪਣੇ ਵੱਲ ਵੇਖ ਕੇ ਖੁਸ਼ੀ ਨਾਲ ਟਪਦੀ ਹੋਈ) ਆਹਾ ਜੀ, ਬੜੀ ਚੰਗੀ ਲਗਦੀ ਏ।

ਕੌਰਾਂ-ਹੈਂ! ਕੀ ਕਰਨੀ ਏਂ ? ਖਰਾਬ ਨਾ ਕਰ।

ਲਾਜੋ-ਇਹ ਤਾਂ ਮੈਂ ਲੈ ਲੈਣੀ ਏਂ, ਮੈਨੂੰ ਬੜੀ ਚੰਗੀ ਲਗਦੀ ਏ।

(ਪੀੜੀ ਉੱਤੇ ਬੈਠ ਜਾਂਦੀ ਏ ਤੇ ਫੁਲਕਾਰੀ ਦਾ ਇੱਕ ਖੂੰਜਾ ਕੱਢਣ ਲਗ ਪੈਂਦੀ ਏ)

ਹੁਸ਼ਿਆਰ ਚੰਦ-ਮੈਂ ਮੇਲੋ ਨੂੰ ਭੇਜਿਆ ਸੀ ਪਈ ਕੁਝ ਗਲ ਬਾਤ ਕਰ ਲਈਏ, ਸੋਈ ਏਸ ਛੋਕਰੀ ਨੇ ਵਿੱਚ ਰੌਲਾ ਪਾ ਦਿੱਤਾ ਏ।

ਕੌਰਾਂ-ਚਲ ਛੱਡ ਇਹਨੂੰ ਹੁਣ, ਆਪੇ ਚੁਪ ਬੈਠੀ ਰਹੇਗੀ। ਹਾਂ, ਫੇਰ ਦੱਸ ਨਾ ਪਈ ਕਵਾਰਾ ਏ ਕਿ ਦੁਹਾਜੂ?

ਹੁਸ਼ਿਆਰ ਚੰਦ-ਤੂੰ ਤਾਂ ਅੰਞਾਣਿਆਂ ਵਾਲੀਆਂ ਗੱਲਾਂ ਕਰਨੀ ਏਂ। ਭਲਾ ਚੰਗੇ ਘਰਾਂ ਦੇ ਮੁੰਡੇ ਕਵਾਰੇ ਬੈਠੇ ਰਹਿੰਦੇ ਨੇ?

ਕੌਰਾਂ-ਤਾਂ ਫੇਰ ਦੁਹਾਜੂ ਹੋਇਆ ਨਾ! ਕੋਈ ਬਾਲ ਬੱਚਾ ਵੀ ਹੈ?

ਹੁਸ਼ਿਆਰ ਚੰਦ-ਦੋ ਮੁੰਡੇ ਤੇ ਇਕ ਕੁੜੀ।

ਕੌਰਾਂ-ਇਹ ਤਾਂ ਕੁਝ ਨਾ ਹੋਇਆ। ਲੋਕੀਂ ਕੀ ਕਹਿਣਗੇ ਪਈ ਸਾਨੂੰ ਕੋਈ ਕਵਾਰਾ ਨਹੀਂ ਸੀ ਮਿਲਦਾ ਜੇ ਦੁਹਾਜੂ ਦੇ ਲੜ ਲਾਈ?

ਹੁਸ਼ਿਆਰ ਚੰਦ-ਲੋਕਾਂ ਨੂੰ ਕਹਿਣ ਦੇ ਜੋ ਕਹਿੰਦੇ ਨੇ। ਉਨਾਂ ਤਾਂ ਕਹਿਣਾ ਈ ਏ। ਕਦੀਂ ਸਾਰੀ ਦੁਨੀਆਂ ਨੂੰ ਵੀ ਕਿਸੇ ਨੇ ਖੁਸ਼ ਕੀਤਾ ਏ?

ਕੌਰਾਂ-ਮੈਂ ਇਹ ਕਹਿਣੀ ਆਂ ਸਾਡੇ ਸਾਕ ਅੰਗ ਕੀ ਕਹਿਣਗੇ? ਸਾਰੇ ਮੈਨੂੰ ਛਿੱਬੀਆਂ ਦੇਣਗੇ। ਅਸੀਂ ਕਿਸੇ ਦੀ ਜਬਾਨ ਤਾਂ ਨਹੀਂ ਫੜ ਲੈਣੀ। ਘਰ ਘਰ ਗੱਲਾਂ ਹੋਣਗੀਆਂ।

ਹੁਸ਼ਿਆਰ ਚੰਦ-ਤੂੰ ਇਨਾਂ ਭਰਮਾਂ ਵਿਚ ਪਈ ਰਹਿਣਾ ਏਂ ਤੇ ਸਾਕ ਹੱਥੋਂ ਨਿਕਲ ਜਾਣ ਏਂ। ਇਕ ਵੱਡੇ ਖਾਨਦਾਨ ਨਾਲ ਮਥਾ ਲੱਗਣ ਲੱਗਾ ਏ, ਸਗੋਂ ਸ਼ੁਕਰ ਕਰ। ਉਹਨੂੰ ਤਾਂ ਏਸ ਵੇਲੇ ਵੀਹ ਆਉਂਦੀਆਂ ਨੇ।

ਕੌਰਾਂ-ਆਮਦਣ ਕਿੰਨੀ ਕੁ ਸੂ?

ਹੁਸ਼ਿਆਰ ਚੰਦ-ਤੈਨੂੰ ਆਖਿਆ ਜੁ ਏ ਬੜੇ ਰੱਜੇ ਹੋਏ ਨੇ। ਆਪ ਜਿਲਾ ਕਚਹਿਰੀ ਵਿਚ ਨਾਜਰ ਸੀ। ਹੋਰ ਘਰ ਦੀਆਂ ਜ਼ਮੀਨਾਂ, ਖੂਹ, ਬਾਗ, ਜਾਇਦਾਤਾਂ। ਹੋਰ ਨਹੀਂ ਤਾਂ ਕੁੜੀ ਕਿਸੇ ਗੱਲੋਂ ਥੁੜੀ ਤਾਂ ਨਾ ਰਹੂ। ਗਊ ਉੱਥੇ ਛਡੀਏ ਜਿਥੇ ਘਾਹ ਹੋਵੇ। (ਉੱਠ ਖੜਾ ਹੁੰਦਾ ਹੈ)

ਕੌਰਾਂ-ਹਾਂ, ਇਹ ਤਾਂ ਠੀਕ ਏ ਪਰ ਲੋਕਾਂ ਦਾ ਮੂੰਹ ਰੱਖਣਾ ਵੀ ਔਖਾ ਏ। ਹੱਛਾ, ਸਾਡੇ ਕੀ ਵਸ ਏ? ਸਭ ਸੰਜੋਗਾਂ ਦੇ ਹੱਥ ਏ।

ਹੁਸ਼ਿਆਰ ਚੰਦ-ਕੁੜੀ ਸਾਡੀ ਬੜੇ ਭਾਗਾਂ ਵਾਲੀ ਏ। ਇਹਨੇ ਬੜਾ ਸੁਖ ਪਾਉਣਾ ਏਂ।

ਕੌਰਾਂ-ਪਰ ਤੂੰ ਜਾਤ ਵੱਲੋਂ ਤਾਂ ਕੁਝ ਦੱਸਿਆ ਈ ਨਹੀਂ।

ਹੁਸ਼ਿਆਰ ਚੰਦ-ਤੈਨੂੰ ਜੁ ਦਸਿਆ ਏ ਸਭ ਕੁਝ ਠੀਕ ਏ। ਜਾਤਾਂ ਸਾਡੀਆਂ ਰਲਦੀਆਂ ਮਿਲਦੀਆਂ ਨੇ, ਤੂੰ ਕੋਈ ਤੌਖਲਾ ਨਾ ਕਰ। ਬਾਕੀ ਤੈਨੂੰ ਮੈਂ ਫੇਰ ਦੱਸਾਂਗਾ। ਹੁਣ ਜਰਾ ਬਾਵੇ ਵੱਲੋਂ ਹੋ ਆਵਾਂ।

(ਹੁਸ਼ਿਆਰ ਚੰਦ ਚਲਿਆ ਜਾਂਦਾ ਹੈ)

ਕੌਰਾਂ-(ਆਪਣੇ ਆਪ ਨਾਲ) ਸ਼ੁਕਰ ਏ, ਇਹ ਵੀ ਮੇਰਾ ਫਿਕਰ ਲੱਥਾ, ਕੁੜੀ ਆਪਣੇ ਘਰ ਵੱਸੂ ਰੱਸੂ। ਐਵੇਂ ਕਹਿੰਦੇ ਨੇ, ਰੱਬ ਥੰਮਾਂ 'ਚੋਂ ਬੌਹੜਦਾ ਏ। ਜੇ ਦਿਨ ਆਵਣ ਚੰਗੜੇ, ਭੁੰਜੇ ਉੱਗਣ ਮੋਠ। ਰਾਤ ਦਿਨ ਚਿੰਤਾ ਵਿਚ ਲੰਘਦਾ ਸੀ ਤੇ ਲਭ ਲਭ ਥੱਕ ਗਏ ਸਾਂ ਪਰ ਜਦੋਂ ਰਬ ਦੀ ਨਜ਼ਰ ਸਵੱਲੀ ਹੋਈ ਤਾਂ ਸਭ ਕੁਝ ਆਪੇ ਈ ਹੋ ਜਾਏਗਾ।

(ਖੁਸ਼ੀ ਨਾਲ ਗਾਉਂਦੀ ਹੈ ਤੇ ਫੇਰ ਕੱਤਣਾ ਬੰਦ ਕਰਕੇ ਚਰਖੇ ਨੂੰ ਚੁੱਕ ਕੇ ਕੰਧ ਨਾਲ ਖੜਾ ਕਰ ਦਿੰਦੀ ਹੈ)

ਲਾਜੋ-(ਉੱਠ ਕੇ ਫੁਲਕਾਰੀ ਨੂੰ ਘਸੀਟਦੀ ਘਸੀਟਦੀ ਮਾਂ ਕੋਲ ਲੈ ਜਾਂਦੀ ਹੈ ਤੇ ਆਪਣਾ ਕਢਿਆ ਹੋਇਆ ਵਖਾ ਕੇ) ਵੇਖ ਮਾਂ, ਮੈਂ ਮੇਲੋ ਕੋਲੋਂ ਵੀ ਚੰਗਾ ਕਢਿਆ ਏ (ਉਂਗਲ ਨਾਲ ਵਖਾ ਕੇ) ਹੈ ਨਾ ਬੜਾ ਸੋਹਣਾ।

ਕੌਰਾਂ-(ਵੇਖ ਕੇ ਤੇ ਖਿਜ ਕੇ) ਕੀ ਕਢਿਆ ਈ, ਸਿਰ ਖਸਮ ਦਾ? ਆਖਿਆ ਸੀ ਪਈ ਨਾ ਕ ਢ, ਸਾਰਾ ਖਰਾਬ ਕਰ ਦਿੱਤਾ ਈ।

ਲਾਜੋ-ਤੈਨੂੰ ਤਾਂ ਵੇਖਣ ਦੀ ਜਾਚ ਨਹੀਂ ਮਾਂ। ਮੈਨੂੰ ਤਾਂ ਬੜਾ ਈ ਚੰਗਾ ਲਗਦਾ ਏ। ਮੈਂ ਆਪਣੀਆਂ ਗੁੱਡੀਆਂ ਲਈ ਸਾਰੇ ਪਟੋਲੇ ਕੱਢ ਲੈਣੇ ਨੇ। ਜਦੋਂ ਉਨਾਂ ਦਾ ਵਿਆਹ ਕਰੂੰ ਤਾਂ ਦਾਜ ਵਿਚ ਦਊਂ।

ਕੌਰਾਂ-ਕਮਲੀ ਜਹੀ। ਗੁੱਡੀਆਂ ਦੇ ਸਿਰ ਮੁੰਨ ਛੱਡ ਪਰੇ। (ਬੈਠ ਕੇ ਲਾਜੋ ਨੂੰ ਗੋਦੀ ਵਿਚ ਲੈ ਲੈਂਦੀ ਹੈ)

ਲਾਜੋ-ਮੇਰੀਆਂ ਗੁੱਡੀਆਂ ਨੂੰ ਗਾਲਾਂ ਨਾ ਕੱਢ ਭਲਾ।

(ਬਾਹਰੋਂ ਦਰਵਾਜਾ ਖੜਕਣ ਦੀ ਆਵਾਜ਼ ਆਉਂਦੀ ਹੈ)

ਆਵਾਜ-(ਸਟੇਜ ਤੋਂ ਪਰੇ) ਬੇਬੇ ਜੀ, ਭਾਜੀ!

ਕੌਰਾਂ-ਲਾਜੋ ਵੇਖ ਖਾਂ, ਕੌਣ ਏਂ ? ਨੈਣ ਜਾਪਦੀ ਏ।

(ਲਾਜੋ ਦਰਵਾਜੇ ਕੋਲ ਜਾਂਦੀ ਹੈ ਤੇ ਨੈਣ ਨੂੰ ਚਾਦਰ ਤੋਂ ਫੜੀ ਲਈ ਆਉਂਦੀ ਹੈ)

ਲਾਜੋ-ਮਾਂ, ਇਹ ਉਹੋ ਈ ਉ ਜਿਹੜੀ ਅੱਗੇ ਵੀ ਇੱਕ ਵਾਰੀ ਆਈ ਸੀ।

ਕੌਰਾਂ-ਆ, ਰਾਣੀ ਬੜੇ ਚਿਰਾਂ ਪਿਛੋਂ ਆਈ ਏਂ, ਕੀ ਗੱਲ ਏ?

ਨੈਣ-ਭਲਾ ਬੇਬੇ ਜਿਨਾਂ ਦਾ ਰੋਜ ਦਿੱਤਾ ਖਾਣਾ ਹੋਇਆ ਉਨਾਂ ਦੇ ਨਹੀਂ ਆਉਣਾ ਤਾਂ ਫੇਰ ਜਾਣਾ ਕਿਨਾਂ ਦੇ ਹੋਇਆ ? ਇਹ ਪਿੱਛੇ ਜਿਹੇ ਮੈਂ ਭਗਤਾਂ ਦੇ ਸੌਹਰੇ ਗਈ ਹੋਈ ਸਾਂ।

(ਜ਼ਮੀਨ ਉਤੇ ਬੈਠ ਜਾਂਦੀ ਹੈ ਤੇ ਭਾਜੀ ਦਿੰਦੀ ਹੈ)

ਕੌਰਾਂ-ਹੈਂ, ਭੁੰਜੇ ਕਿਉਂ ਬੈਹਣਾ ਸੀ? ਪੀੜੀ ਦਾ ਸਿਰ ਤੇ ਨਹੀਂ ਦੁਖਦਾ, ਇਹਦੇ ਉੱਤੇ ਬਹੋ (ਭਾਜੀ ਵਲ ਇਸ਼ਾਰਾ ਕਰਕੇ) ਕਿਨਾਂ ਦਿਉਂ ਆਈ ਏ?

ਨੈਣ-ਬੇਬੇ, ਮੁੰਡਾ ਹੋਇਆ ਏ ਨਾ ਭਗਤਾਂ ਦੇ, ਇਹ ਪਿੱਛੇ ਜਿਹੇ ਰੀਤਾਂ ਚੜੀਆਂ ਸੀ ਨਾ। ਉਹਦੀ ਮਾਂ ਨੇ ਏਸ ਗੱਲ ਦੀ ਬੜੀ ਖੁਸ਼ੀ ਕੀਤੀ ਏ। ਭਾਜੀ ਵੰਡੀ ਏ ਤੇ ਗਾਉਣ ਬਹਾਇਆ ਏ, ਤੁਹਾਨੂੰ ਵੀ ਨਾਲੇ ਸੱਦਾ ਜੇ।

ਕੌਰਾਂ-ਕਿਉਂ ਨਾ ਖੁਸ਼ੀਆਂ ਕਰੇ, ਪਲੇਠੀ ਦਾ ਦੋਹਤਰਾ ਹੋਇਆ ਏ। ਬੜੇ ਭਾਗਾਂ ਵਾਲੀ ਏ। ਸੋ ਹੁਣ ਭਗਤਾਂ ਵੀ ਮੁੰਡੇ ਦੀ ਮਾਂ ਬਣ ਗਈ ਏ।

(ਇਕ ਨਿੱਕਾ ਜਿਹਾ ਬੇ-ਮਲੂਮਾ ਹੌਕਾ ਲੈ ਕੇ) ਵੇਖਾ! ਸਾਡੀ ਮੇਲੋ ਦੀ ਹਵਾਨਣ ਏ!

ਨੈਣ-ਤੇ ਬੇਬੇ ਤੁਸੀਂ ਮੇਲੋ ਦਾ ਵਿਆਹ ਕਿਉਂ ਨਹੀਂ ਕਰਦੇ? ਸੁਖ ਨਾਲ ਉਹਦੇ ਨਾ ਅਜ ਨੂੰ ਅੰਞਾਣਾ ਹੁੰਦਾ।

ਕੌਰਾਂ-ਅਸੀਂ ਤਾਂ ਬੜੀਆਂ ਮੁੱਦਤਾਂ, ਦੇ ਢੂੰਡ ਤਲਾਸ਼ ਵਿਚ ਲੱਗੇ ਹੋਏ ਸਾਂ ਪਰ ਕੰਮ ਦਾ ਮੁੰਡਾ ਮਿਲਦਾ ਨਹੀਂ ਸੀ। ਹੁਣ ਮੇਲੋ ਦੇ ਭਾਈਏ ਨੇ ਬੜਾ ਸੋਧ ਸੋਧ ਕੇ ਮੁੰਡਾ ਲਭ ਲਿਆ ਏ, ਜੰਡ ਪੁਰੇ।

ਨੈਣ-ਇਹ ਉਹੋ ਜੰਡ ਪੁਰਾ ਤਾਂ ਨਹੀ ਜਿਹੜਾ ਮੇਰੇ ਪੇਕੇ ਪਿੰਡ ਦੇ ਕੋਲ ਏ?

ਕੌਰਾਂ-ਇਹ ਤਾਂ ਮੈਨੂੰ ਪਤਾ ਨਹੀਂ, ਪਰ ਸੁਣਿਆ ਏ ਪਈ ਏਧਰ ਕਰਕੇ ਉੱਨੀ ਵੀਹ ਕੋਹਾਂ ਤੇ ਏ।

ਨੈਣ-ਹਾਂ, ਹਾਂ, ਠੀਕ ਏ ਆ ਗਿਆ ਏ ਮੈਨੂੰ ਯਾਦ। ਹੈ ਓਥੇ ਇਕ ਚੰਗਾ ਘਰ।

ਕੌਰਾਂ-ਦਸ ਫੇਰ ਉਥੋਂ ਦੀ ਕੁਝ ਗੱਲਬਾਤ।

ਨੈਣ-ਮੈਨੂੰ ਪੱਕੀ ਤਾਂ ਕੁਝ ਯਾਦ ਨਹੀਂ ਕਿਉਂ ਜੁ ਮੈਨੂੰ ਓਥੇ ਗਿਆਂ ਬੜਾ ਚਿਰ ਹੋ ਗਿਆ ਏ। ਪਰ ਸੁਣਨ ਵਿਚ ਬਥੇਰੀਆਂ ਆਈਆਂ ਨੇ। ਕਹਿੰਦੇ-ਨੇ ਬੜੇ ਰੱਜੇ ਹੋਏ ਨੇ। ਆਪੂੰ ਉਹ ਪਿਨਸ਼ਨ ਪਾਉਂਦਾ ਏ।

ਕੌਰਾਂ-ਪਿਨਸ਼ਨ ਪਾਉਂਦਾ ਏ! ਪਰ ਉਹਦੀ ਉਮਰ ਕੇਡੀ ਕੁ ਏ?

ਨੈਣ-ਠੀਕ ਤਾਂ ਪਤਾ ਨਹੀਂ। ਕਹਿੰਦੇ ਨੇ ਪੁੱਤਰਾਂ ਧੀਆਂ ਵਾਲਾ ਏ।

ਕੌਰਾਂ-ਮੇਲੋ ਦੇ ਭਾਈਏ ਵੀ ਇਹ ਗਲ ਤਾਂ ਮੈਨੂੰ ਦੱਸੀ ਸੀ। ਡਰਨੇ ਆਂ ਪਈ ਲੋਕੀਂ ਕੀ ਕਹਿਣਗੇ? ਰਾਣੀ, ਤਦ ਵੀ ਉਮਰ ਵੱਲੋਂ ਕੁਝ ਤਾਂ ਦੱਸ।

ਨੈਣ-ਉਮਰ ਤਾਂ ਸੁਖ ਨਾਲ ਚੋਖੀ ਹੋਣੀ ਏਂ। ਦੋ ਮੁੰਡੇ ਨੌਕਰ ਨੇ ਤੇ ਪਿਛਲੇ ਵਰੇ ਧੀ ਦਾ ਵਿਆਹ ਵੀ ਕੀਤਾ ਸੂ।

ਕੌਰਾਂ-ਹੈਂ, ਹੈਂ, ਸ਼ੁਕਰ ਏ ਕਿਤੇ ਸ਼ਗਨ ਨਹੀ ਘਲ ਬੈਠੇ। ਮੇਲੋ ਦੇ ਭਾਈਏ ਤਾਂ ਮੈਨੂੰ ਇਹ ਕੁਝ ਨਹੀਂ ਦੱਸਿਆ।

ਨੈਣ-ਪਰ ਉਂਜ ਜਾਇਦਾਤ ਵਾਲਾ ਬੜਾ ਏ।

ਕੌਰਾਂ-ਅੱਗ ਲਾ ਇਹੋ ਜਿਹੀ ਜਾਇਦਾਤ ਨੂੰ, ਪਰ ਮੈਨੂੰ ਇਹ ਸਮਝ ਨਹੀਂ ਆਉਂਦਾ ਪਈ ਏਡੀ ਵਡੇਰੀ ਉਮਰ ਉੱਤੋਂ ਹੁਣ ਉਹ ਵਿਆਹ ਕਿਉਂ ਕਰਦਾ ਏ? ਉਹ ਤਾਂ ਅੱਗੇ ਈ ਪੁੱਤਰਾਂ ਧੀਆਂ ਵਾਲਾ ਏ।

ਨੈਣ-ਬੇਬੇ, ਗੱਲ ਹੋਰ ਏ। ਹੁਣ ਤੇਰੇ ਕੋਲ ਕੀ ਲੁਕਾ ਏ? ਜਦੋਂ ਪਿਛਲੀ ਵਾਰੀ ਮੈਂ ਪੇਕੇ ਗਈ ਸਾਂ ਤਾਂ ਆਪਣੇ ਲਾਲੇ ਦੀ ਜਬਾਨੀ ਸੁਣਿਆ ਸੀ। ਉਹ ਉੱਥੇ ਆਉਂਦਾ ਜਾਂਦਾ ਰਹਿੰਦਾ ਏ। ਪਿੰਡ ਲਾਗੇ ਜੁ ਹੋਇਆ। ਆਖਦੇ ਨੇ ਕਿਤੇ ਪਿਉ ਪੁਤਰਾਂ ਵਿਚ ਬੋਲ ਬੁਲਾਰਾ ਹੋ ਗਿਆ ਤੇ ਵਡੇ ਪੁਤਰ ਨੇ ਬੋਲੀ ਮਾਰੀ ਪਈ ਚੰਗਾ ਹੁਣ ਹੋਰ ਕਿਹੜਾ ਜਾਇਜਾਤ ਵੰਡਾਉਣ ਵਾਲਾ ਜੰਮ ਪੈਣਾ ਏ।

ਬਾਕੀ ਸਫ਼ਾ 31 'ਤੇ

(ਅੰਧਵਿਸ਼ਵਾਸ ਖਿਲਾਫ ਵਿਸ਼ੇਸ਼ ਆਰਟੀਕਲ)

# ਆਜੋ ਹਥੌਲਾ ਪਵਾ ਲਓ...!

ਅਸ਼ੋਕ ਸੋਨੀ, ਕਾਲਮਨਵੀਸ
ਮੋ. ੯੮੭੨੨੭੦੫੦੭੮

ਸਾਡੇ ਲਾਗੇ ਪਿੰਡ ਇਕ ਬਾਬਾ ਸੀ, ਪੂਰੀ ਚੜਾਈ ਸੀ ਬਾਬੇ ਦੀ, ਅਖੇ, ਕੋਈ ਚੀਜ ਗਵਾਚ ਗਈ ਹੋਵੇ, ਹੱਥ ਆਲੇ ਅੰਗੂਠੇ ’ਚ ਚੋਰ ਦੀ ਫੋਟੋ ਦਿਖਾ ਦਿੰਦਾ ਏ, ਵੱਡੀ ਤੋਂ ਵੱਡੀ ਬੀਮਾਰੀ ਬਾਬੇ ਦੀ ਦਿੱਤੀ ਪੁੜੀ ਫੂਕਣ ਨਾਲ ਦੂਰ ਹੋ ਜਾਂਦੀ ਏ, ਜਿਸ ਵਿਚ ਚੁੱਲੇ ਦੀ ਸਵਾਹ ਹੁੰਦੀ ਸੀ, ਕਿਸੇ ਦਾ ਮਾੜਾ ਕਰਾਉਣਾ ਹੋਵੇ ਬਾਬੇ ਕੋਲ ਉਸਦੇ ਰੱਖੇ ਪੈਰਾਂ ਥੱਲੇ ਦੀ ਮਿੱਟੀ ਲੈ ਜਾਓ, ਘਰ ਦਾ ਕਲੇਸ਼-ਲੜਾਈ-ਝਗੜਾ, ਔਲਾਦ ਨਾ ਹੋਣਾ ਖਾਸਕਰ ਮੁੰਡਾ ਨਾ ਹੋਣਾ, ਨੌਕਰੀ, ਵਿਆਹ, ਤਲਾਕ, ਬੰਦਾ-ਜਨਾਨੀ ਵੱਸ ’ਚ ਕਰਨਾ, ਕੁੱਲ ਮਿਲਾ ਕੇ ਬਾਬੇ ਕੋਲ ਹਰੇਕ ਸਮਾਜਿਕ, ਪਰਿਵਾਰਕ, ਆਰਥਿਕ ਤੇ ਸਿਹਤ ਸੰਬੰਧਤ ਸਮੱਸਿਆ ਦਾ ਹੱਲ ਸੀ, ਕਹਿੰਦੇ ਬਾਬਾ ਅੰਤਰਜਾਮੀ ਸੀ। ਲਓ ਜੀ ਸਾਡੇ ਪਿੰਡ ਆਲੀ ਭੂਆ ਤੁਲਸੀ, ਜੋ ਵਿਆਹੀ ਤਾਂ ਪਾਸੇ ਸੀ ਪਰ ਫੁੱਫੜ ਗਿਰਧਾਰੀ ਬਚਪਨ ਤੋਂ ਈ ਕਿੱਸੇ ਸੁਣਾਉਣ ਦਾ ਸ਼ੌਕੀਨ ਸੀ, ਡੱਕਾ ਨਹੀਂ ਤੋੜਦਾ ਸੀ ਤਾਂ ਭੂਆ ਤੁਲਸੀ ਬੱਚੇ ਪਾਲਣ ਲਈ ਸਾਡੇ ਪਿੰਡ ਈ ਆ ਗਈ ਸੀ। ਹੁਣ ਵੱਡਾ ਪਰਿਵਾਰ, ਸੀਮਤ ਆਮਦਨ ਸਮੱਸਿਆਵਾਂ ਤਾਂ ਨਿਤ ਈ ਆਉਣੀਆਂ ਸੀ, ਸੋ ਭੂਆ ਨੇ ਸੋਚਿਆ ਬਾਬੇ ਕੋਲ ਚੱਲੀਏ ਉਹ ਕਰੂ ਕੋਈ ਹੱਲ। ਸਾਡੇ ਬਾਗੜੀ ਸਮਾਜ ਵਿਚ ਪਿੰਡ ਦੀਆਂ ਲੋਕਲ ਚੇਲੀਆਂ ਨੇ ਦੱਸਿਆ ਸੀ, ਉਹ ਲੈ ਕੇ ਚੱਲ ਪਈ।

ਲਓ ਜੀ, ਬਾਬੇ ਦਾ ਦਰਬਾਰ ਲੱਗਾ ਸੀ, ਪੂਰੀ ਰੌਣਕ ਸੀ, ਕਾਫੀ ਭੀੜ ਲੱਗੀ ਸੀ ਜਿਸ ‘ਚ ਜਿਆਦਾਤਰ ਔਰਤਾਂ ਈ ਸਨ। ਬਾਬਾ ਧੂਣੀ ਤੋਂ ਉੱਠਦੇ ਧੂੰਏ ’ਚ ਸਿਰ ਹਿਲਾ-ਹਿਲਾ ਕੇ ਪੌਣ ਆਉਣ ਦਾ ਭੁਲੇਖਾ ਪਾ ਰਿਹਾ ਸੀ, ਬਾਬੇ ਦੇ ਕੁੱਝ ਕੁ ਆਪਣੇ ਈ ਬੰਦੇ ਵੱਡੇ-ਵੱਡੇ ਨੋਟਾਂ ਦਾ ਚੜਾਵਾ ਚੜਾਉਂਦੇ, ਹੋਰ ਲੋਕਾਂ ਨੂੰ ਬਾਬੇ ਵੱਲੋਂ ਕੀਤੇ ਉਨਾਂ ਦੇ ਭਲੇ ਦਾ ਝੂਠਾ ਗੁਣਗਾਨ ਕਰਦੇ, ਆਪਣੀ ਛਿੱਲ ਪਟਾਉਣ ਲਈ ਉਕਸਾਉਂਦੇ ਵਾਰ-ਵਾਰ, ਮੂਰਤੀਆਂ ਦੀ ਥਾਂ ਬਾਬੇ ਦੇ ਪੈਰਾਂ ’ਚ ਮੱਥਾ ਟੇਕ ਰਹੇ ਸੀ ਤੇ ਬਾਬੇ ਨੂੰ ਦੇਖਕੇ ਸਾਹਮਣੇ ਬੈਠੀ ਇਕ ਖਾਸ ‘ਭਗਤਣੀ‘ ਵੀ ਵਾਲ ਖੋਲ ਸਿਰ ਹਿਲਾਉਣ ਲੱਗੀ ਜਿਸ ਨੂੰ ਦੋ ਕੁ ਕੋਲ ਬੈਠੀਆਂ ਭਗਤਣੀਆਂ ਫੜ ਕੇ ਸ਼ਾਂਤ ਕਰਨ ਦਾ ਦਿਖਾਵਾ ਕਰਦੀਆਂ, ਹੋਰ ਲੱਛਣ ਕਰਨ ਲਈ ਉਕਸਾ ਰਹੀਆਂ ਸਨ, ਕੁੱਲ ਮਿਲਾ ਕੇ ਆਪਣੇ ਦੁੱਖ-ਤਕਲੀਫਾਂ ਤੋਂ ਪ੍ਰੇਸ਼ਾਨ ਲੋਕਾਂ ਨੂੰ ਅੰਧਵਿਸ਼ਵਾਸ ਦੇ ਜਾਲ ਵਿਚ ਫਸਾ ਕੇ ਸ਼ਰੇਆਮ ਅੰਨੀ ਲੁੱਟ ਮਚਾਈ ਜਾ ਰਹੀ ਸੀ। ਲੋਕ ਨੰਬਰ ਵਾਈਜ ਆਪਣੀ ਸਮੱਸਿਆ ਦਾ ਹੱਲ ਕਰਵਾ ਕਰ ਰਹੇ ਸੀ, ਭੂਆ ਦੀ ਵੀ ਵਾਰੀ ਆ ਗਈ। ਭੂਆ ਹੱਥ ਜੋੜ ਕੇ ਖੜੀ ਹੋ ਬੋਲੀ, ‘ਘਰੇ ਬਹੁਤ ਪ੍ਰੇਸ਼ਾਨੀ ਏ, ਬਾਬਾ ਜੀ’। ਬਾਬੇ ਨੇ ਭੂਆ ਵੱਲ ਝਾਂਕਿਆ, ਉਸਨੇ ਦੇਖਿਆ ਕਿ ਮੱਥੇ ਤੇ ਬੋਰਲਾ ਤਾਂ ਹੈ ਨੀਂ, ਸੋ ਇਹ ਬੁੱਢੀ ਵਿਧਵਾ ਈ ਹੋਣੀ ਏ।

ਬਾਬਾ ਲੋਰ ’ਚ ਬੋਲਿਆ, ‘ਬਸ ਚੁੱਪ ਕਰਜਾ, ਬਾਬੇ ਜਾਣੀ ਜਾਣ ਨੇ, ਤੂੰ ਕੀ ਦੱਸਦੀ ਏਂ, ਮੈਂ ਦੱਸਦਾ ਆਂ ਤੇਰੇ ਘਰੇ ਪ੍ਰੇਸ਼ਾਨੀ ਕੀ ਏ, ਤੇਰੇ ਘਰੇ ਪੈਸਾ ਆਉਂਦਾ ਤਾਂ ਏ ਪਰ ਰੁੱਕਦਾ ਨਹੀਂ, ਘਰ ਵਿੱਚ ਨਿਤ ਈ ਚੂੰ-ਚੜਾਟਾ ਰਹਿੰਦਾ ਏ, ਤੂੰ ਤਾਂ ਸਾਰਿਆਂ ਦਾ ਕਰਦੀ ਏ ਤੇਰਾ ਕੋਈ ਨੀਂ ਕਰਦਾ, ਤੇਰੇ ਪੜੋਸੀ-ਰਿਸ਼ਤੇਦਾਰ ਤੇਰੀਆਂ ਚੁਗਲੀਆਂ ਕਰਦੇ ਨੇ, ਕੀ-ਕੀ ਦੱਸਾਂ ਮੈਨੂੰ ਸਭ ਦਿਖਾਈ ਦੇ ਰਿਹਾ ਏ, ਘਰੇ ਪਸ਼ੂਆਂ ਦੀ ਡਾਰ ਪਰ ਦੁੱਧ ਨੀਂ ਹੁੰਦਾ, ਸੌਦਾ-ਪੱਤਾ, ਕਣਕ-ਆਟਾ ਪਤਾ ਨੀਂ ਕਦੋਂ ਮੁੱਕ ਜਾਂਦਾ ਏ,’ ਆਖਦੇ-ਆਖਦੇ ਬਾਬੇ ਨੇ ਸਿਗਰਟ ਦਾ ਲੰਬਾ ਕਸ਼ ਖਿੱਚਿਆ ਤਾਂ ਭੰਗ ਦੀ ਹਵਾੜ ਪੂਰੇ ਮਾਹੌਲ ‘ਚ ਘੁਲ ਗਈ, ਇੱਧਰ ਭੂਆ ਨੂੰ ਬਾਬੇ ਦੀਆਂ ਦੱਸੀਆਂ ਸਾਰੀਆਂ ਗੱਲਾਂ ਪੂਰੀਆਂ ਸੱਚੀਆਂ ਜਾਪੀਆਂ ਤੇ ਉਹ ਬਾਬੇ ਦੇ ਚਰਨਾਂ ’ਚ ਨਤਮਸਤਕ ਹੋ ਕਹਿੰਦੀ,’ ‘ਬਾਬਾ ਜੀ, ਸਭ ਸੱਚ ਏ, ਤੁਸੀਂ ਤਾਂ ਅੰਤਰਜਾਮੀ ਓ, ਮੇਰੀ ਸਮੱਸਿਆ ਦਾ ਕਾਰਣ ਤੇ ਹੱਲ ਦੱਸੋ’। ਬਾਬੇ ਦੇ ਭਗਤ-ਭਗਤਣੀਆਂ ਜੋਸ਼ ਨਾਲ, ਬਾਬੇ ਦੇ ਜੈਕਾਰੇ ਛੱਡਣ ਲੱਗੇ। ਬਾਬਾ ਵੀ ਜੋਸ਼ ‘ਚ ਆ ਕੇ ਕਹਿੰਦਾ, ‘ਲੈ ਸੁਣ ਫੇਰ, ਤੇਰੀ ਸਾਰੀ ਮੁਸੀਬਤ ਦੀ ਜੜ ਤਾਂ ਤੇਰਾ ਮਰਿਆ ਖਸਮ ਏ, ਤੈਨੂੰ ਰੰਡੀ ਕਰਕੇ ਵੀ ਉਹਨੇ ਤੇਰਾ ਖਹਿੜਾ ਨੀਂ ਛੱਡਿਆ, ਦਰਅਸਲ ਉਹਦੀ ਦੁਨੀਆ ਤੇ ਤਾਂਘ ਬਾਕੀ ਰਹਿ ਗਈ ਏ, ਇਸੇ ਕਰਕਾ ਉਸਦੀ ਭੁੱਖੀ ਆਤਮਾ ਭਟਕਦੀ ਫਿਰ ਰਹੀ ਏ, ਵੱਡਾ ਉਪਾਅ ਕਰਨਾ ਪਏਗਾ, ਮੱਸਿਆ ਆਲੀ ਰਾਤ ਤੇਰੇ ਘਰੇ ਬਾਬੇ ਦਾ ਭੰਡਾਰਾ ਰੱਖ ਫੇਰ ਬਾਬਾ ਆਪ ਤੇਰੇ ਮਰੇ ਖਸਮ ਦਾ ਇਲਾਜ ਕਰੂਗਾ’। ਬਾਬਾ ਚੁੱਪ ਕਰਦਾ ਇਸ ਤੋਂ ਪਹਿਲਾਂ ਈ ਭੂਆ ਨੇ ਉੱਥੇ ਪਿਆ ਚਿਮਟਾ ਚੁੱਕਿਆ ਤੇ ਨਸ਼ੇੜੀ ਬਾਬੇ ਨੂੰ ਢਾਹ ਲਿਆ, ਭੂਆ ਨਾਲੇ ਕੁੱਟੀ ਜਾਵੇ ਤੇ ਨਾਲੇ ਆਖੀ ਜਾਵੇ, ‘ਮਰਜਾਣਿਆਂ, ਉਹ ਤਾਂ ਤੇਰਾ ਪਿਓ ਗਿਰਧਾਰੀ, ਜਿਉਂਦਾ ਭੂਤ ਏ, ਸੰਤਰਾ ਦਾ ਅਧੀਆ ਠੋਕ ਕੇ ਉਪਰੋਂ ਬਾਜਰੇ ਦੀਆਂ ਛੇ ਰੋਟੀਆਂ ਪਾੜ ਕੇ ਘੁਰਾੜੇ ਮਾਰਦਾ ਘਰੇ ਸੁੱਤਾ ਪਿਆ ਏ, ਕੰਜਰਾ, ਮੇਰੇ ਦਾਣੇ ਤੇ ਪੈਸੇ ਮੋੜ, ਠੱਗ ਕਿਸੇ ਥਾਂ ਦਾ’। ਬਾਬੇ ਤੇ ਉਸਦੇ ਚੇਲਿਆਂ ਨੇ ਮਸਾਂ ਭੂਆ ਦਾ ਚੜਾਵਾ ਮੋੜ ਆਪਣੇ ਬਾਬੇ ਨੂੰ ਛੁਡਾਇਆ।

ਇਹ ਤਾਂ ਇਕ ਬਾਬੇ ਦੀ ਕਹਾਣੀ ਸੀ ਪਰ ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਏ ਕਿ ਅੱਜ ਦੇ ਵਿਗਿਆਨਕ ਯੁੱਗ ਵਿਚ ਵੀ ਸਾਡੇ ਜਿਆਦਾਤਰ ਲੋਕ ਅੰਧਵਿਸ਼ਵਾਸ ’ਚ ਪਏ ਹੋਏ ਨੇ, ਹਾਲਾਤ ਵੇਖੋ ਬਾਬੇ ਇਸੇ ਵਿਗਿਆਨ ਨੂੰ ਵਰਤਦਿਆਂ ਮੋਬਾਈਲ ਤੇ ਆਨਲਾਈਨ ਹਥੌਲੇ ਪਾ ਰਹੇ ਨੇ, ਬਾਬੇ ਟੀਵੀ, ਅਖਬਾਰ ਤੇ ਸੋਸ਼ਲ ਮੀਡੀਆ ਰਾਹੀਂ ਆਪਣੀ ਮਸ਼ਹੂਰੀ ਕਰ ਰਹੇ ਨੇ, ਲੋਕ ਅੱਜ ਵੀ ਬਾਬਿਆਂ ਦੇ ਕਹਿਣ ਤੇ ਇਕ-ਦੂਜੇ ਦੀਆਂ ਪੈੜਾਂ ਦੀ ਮਿੱਟੀ ਚੁੱਕਦੇ ਫਿਰ ਰਹੇ ਨੇ, ਮਾਨਸਿਕ ਬੀਮਾਰ ਕੁੜੀਆਂ-ਔਰਤਾਂ ਦਾ ਸ਼ਰੇਆਮ ਸਰੀਰਕ ਸੋਸ਼ਣ ਹੋ ਰਿਹਾ ਏ, ਬਵਾਸੀਰ ਤੋਂ ਲੈ ਕੇ ਕੈਂਸਰ ਤੀਕ ਦੇ ਰੋਗੀਆਂ ਨੂੰ ਹਥੌਲੇ ਬਹਾਨੇ ਠੱਗਿਆ ਜਾ ਰਿਹਾ ਏ, ਬਾਬੇ ਫੋਨ ਤੇ ਈ ਆਨਲਾਈਨ ਪੇਮੈਂਟ ਲੈ ਕੇ ਟੂਣੇ-ਟੋਟਕੇ ਦੱਸ ਠੱਗੀਆਂ ਮਾਰ ਰਹੇ ਨੇ, ਇਹ ਬਾਬੇ ਲੋਕਾਂ ਨੂੰ ਡਰਾਕੇ, ਇਕ-ਦੂਜੇ ਖਿਲਾਫ ਭੜਕਾ ਕੇ, ਆਪਣੇ ਘਰ ਭਰ ਰਹੇ ਨੇ । ਇਕ ਸਪੇਸ਼ਲ ਬਾਬਾ ਏ, ਅਖੇ ਗਰਭਵਤੀ ਔਰਤ ਦੇ ਪੇਟ ਤੇ ਹੱਥ ਰੱਖਦਾ ਏ, ਤੇ ਮੁੰਡਾ ਹੋ ਜਾਂਦਾ ਏ, ਮੂਰਖ ਲੋਕ ਜਾਲ ਵਿਚ ਹੋਰ ਫੱਸ ਜਾਂਦੇ ਨੇ ਜਦੋਂ ਚਾਰ ’ਚੋਂ ਦੋ ਔਰਤਾਂ ਨੂੰ ਮੁੰਡਾ ਹੋ ਜਾਂਦਾ ਏ ਤੇ ਉਹ ਬਾਬੇ ਦੇ ਮੁਫ਼ਤ ਪ੍ਰਚਾਰਕ ਬਣ ਜਾਂਦੇ ਨੇ । ਇਹ ਚੁਸਤ-ਚਲਾਕ ਲੋਕ ਬਾਬੇ ਬਣ ਕੇ ਲੋਕਾਂ ਨੂੰ, ਖਾਸਕਰ ਔਰਤਾਂ ਨੂੰ ਆਪਣੇ ਜਾਲ ‘ਚ ਲੈ ਕੇ ਉਨਾਂ ਦਾ ਆਰਥਿਕ, ਸਮਾਜਿਕ ਤੇ ਸਰੀਰਕ ਸੋਸ਼ਣ ਕਰਦੇ ਨੇ। ਮੈਂ ਹੁਣ ਤੱਕ ਸੈਂਕੜੇ ਟੂਣੇ ਤੋੜ ਚੁੱਕਾ ਆਂ, ਲੋਕਾਂ ਨੂੰ ਵੀ ਇਨਾਂ ਵਹਿਮਾਂ-ਭਰਮਾਂ ਤੋਂ ਕੱਢਣ ਦੀ ਅਤੇ ਅੰਧਵਿਸ਼ਵਾਸਾਂ ਤੋਂ ਨਾ ਡਰਨ ਬਾਰੇ ਜਾਗਰੂਕ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ ਪਰ ਅੱਜ ਵੀ ਇਹ ਠੱਗੀ ਵੱਡੇ ਪੱਧਰ ’ਤੇ ਜਾਰੀ ਏ, ਆਸ ਏ ਕਿ ਮੇਰੇ ਦੇਸ਼ ਦੇ ਸੂਝਵਾਨ ਲੋਕ ਜਲਦੀ ਅੰਧਵਿਸ਼ਵਾਸਾਂ ਤੋਂ ਮੁਕਤ ਹੋਣਗੇ ਤੇ ਸਰਕਾਰ ਦੇ ਨੁਮਾਇੰਦੇ ਤੇ ਰਾਜਨੀਤਕ ਦਲਾਂ ਦੇ ਲੀਡਰ, ਇਨਾਂ ਧਰਮ ਦੇ ਦੁਸ਼ਮਣ, ਧਾਰਮਿਕ ਗੁੰਡਿਆਂ ਨੂੰ ਵੋਟ ਬੈਂਕ ਕਾਰਨ ਮੱਥੇ ਟੇਕ ਕੇ ਵੱਡੇ ਬਾਬੇ ਬਣਾਉਣ ਦੀ ਥਾਂ, ਇਨਾਂ ਦੀ ਅਸਲ ਥਾਂ ਜੇਲਾਂ ’ਚ ਡੱਕਣਗੇ।

# ਅੰਮ੍ਰਿਤਸਰ ਤੋਂ ਸਿੱਧੀਆਂ ਉਡਾਣਾਂ



ਫਾਈਲ

[illegible]

ਪੁਰਾਣੀਆਂ [illegible] ਚਾ-ਕੁੜਤਾ ਪਾਉਂਦੀਆ [illegible] ਇਕ ਬੋਰਲਾ ਵੀ ਬੰਨਦੀ [illegible] ਸੁਹਾਗਣ ਔਰਤਾਂ ਈ [illegible] ਭੂਆ ਨੇ ਓਦਣ ਕੇ [illegible] ਸੀ ਤੇ ਕਾਹਲੀ ’ਚ ਬਿਨਾਂ ਬੋਰਲਾ ਬੰਨੇ, ਬਾਬੇ ਦੇ 21 ਕਿਲੋ ਦਾਣੇ, 21 ਰੁਪਈਆ ਤੇ ਹੋਰ ਨਿਕ-[illegible]ਮਖਾਸ



ਦਿੱਲੀ ਏਅਰਪੋਰਟ ਦੇ ਨਿਜੀਕਰਨ ਤੋਂ ਪਹਿਲਾਂ ਅੰਮ੍ਰਿਤਸਰ ਦੁਨੀਆਂ ਵਿੱਚ ਤੇਜ਼ੀ ਨਾਲ ਗਲੋਬਲ ਏਅਰ ਲਿੰਕ ਹੋ ਰਿਹਾ ਸੀ। ਅੰਮ੍ਰਿਤਸਰ ਦੀ ਤੇਜ਼ੀ ਨਾਲ ਗ੍ਰੋਥ ਨੇ ਪੂਰੇ ਮੁਲਕ, ਤਮਾਮ ਮੀਡੀਆ ਅਦਾਰਿਆਂ ਨੂੰ ਹੈਰਾਨ ਕਰ ਦਿੱਤਾ। ਕਰੀਬ 80% ਇੰਟਰਨੈਸ਼ਨਲ ਏਅਰ ਟ੍ਰੈਫਿਕ ਅੰਮ੍ਰਿਤਸਰ ਸੀ ਜਦਕਿ ਡੋਮੈਸਟਿਕ ਬਹੁਤ ਘੱਟ। ਮਹਿਜ਼ ਕੁਝ ਸਾਲਾਂ ਵਿੱਚ ਹੀ ਅੰਮ੍ਰਿਤਸਰ ਸਿੰਘਾਪੁਰ, ਲੰਦਨ ਹੀਥਰੋ, ਟੋਰੰਟੋ, ਬਰਮਿੰਘਮ, ਵਿਆਨਾ, ਮਾੱਸਕੋ, ਦੁਬਈ, ਆਬੂ ਧਾਬੀ, ਸ਼ਾਰਜਾਹ, ਤੇਹਰਾਨ, ਤਾਸ਼ਕੰਦ, ਅਸ਼ਗਾਬਾਦ ਜਿਹੇ ਸ਼ਹਿਰਾਂ ਨਾਲ ਜੁੜ ਗਿਆ ਜਦਕਿ ਵਰਜਨ ਐਟਲਾਟਿਕ, ਲੁਫਥਾਂਸਾ, ਐਮੀਰੇਟਸ ਵੀ ਅੰਮ੍ਰਿਤਸਰ ਆਉਣ ਦੀ ਪੂਰੀ ਤਿਆਰੀ ਕਰ ਰਹੀਆਂ ਸਨ। ਅੰਮ੍ਰਿਤਸਰ ਨੇ ਹਵਾਈ ਖੇਤਰ ਵਿੱਚ ਕਾਮਯਾਬੀ ਦੇ ਵੱਡੇ ਝੰਡੇ ਗੱਡੇ। ਪਰ ਅਚਾਨਕ ਦਿੱਲੀ ਏਅਰਪੋਰਟ ਦੇ ਨਿਜੀਕਰਨ ਨੇ ਸਭ ਕੁਝ ਬਦਲ ਦਿੱਤਾ। ਦੂਜਾ ਪੰਜਾਬ ਦੀ ਸੂਬਾ ਹਕੂਮਤ ਨੇ ਅੰਮ੍ਰਿਤਸਰ ਦੀ ਇਸ ਗ੍ਰੋਥ ਨੂੰ ਬਿਲਕੁਲ ਅੱਖੋਂ ਪਰੋਖੇਂ ਕੀਤਾ ਅਤੇ ਸਾਰਾ ਧਿਆਨ ਮੋਹਾਲੀ ਵਿੱਚ ਕੇਂਦਰਿਤ ਕੀਤਾ। ਜਦ ਦਿੱਲੀ ਵਿੱਚ ਨਵੇਂ ਹਵਾਈ ਸਮਝੌਤੇ ਹੋ ਰਹੇ ਸਨ ਪਰ ਪੰਜਾਬ ਦੀ ਹਕੂਮਤ ਨੇ ਕਦੇ ਵੀ ਅੰਮ੍ਰਿਤਸਰ ਨੂੰ ਵਿਦੇਸ਼ੀ ਮੁਲਕਾਂ ਦੇ ਹਵਾਈ ਸਮਝੌਤਿਆਂ ਵਿੱਚ ਸ਼ਾਮਿਲ ਕਰਨ ਦੀ ਬੇਨਤੀ ਨਹੀਂ ਕੀਤੀ। ਉਸੇ ਦੌਰ ਵਿੱਚ ਗੁਜਰਾਤ, ਕੇਰਲ ਕਾਮਯਾਬ ਹੋ ਗਏ ਜਿੰਨਾ ਅਹਿਮਦਾਬਾਦ, ਕੋਚੀ, ਤ੍ਰਿਵੇਂਦਰਮ ਲਈ ਕੰਮ ਕੀਤਾ ਜਦਕਿ ਅੰਮ੍ਰਿਤਸਰ ਲਈ ਪੰਜਾਬ ਸਰਕਾਰ ਅੱਖਾਂ ਬੰਦ ਕਰ ਦਿੱਤੀਆਂ, ਜਿਹੜੇ ਸੂਬੇ ਕੋਲ ਅੰਮ੍ਰਿਤਸਰ ਵਰਗਾ ਗਲੋਬਲ ਸਿਟੀ ਹੋਵੇ ਅਤੇ ਉਹ ਸਿਵਿਲ ਐਵੀਏਸ਼ਨ ਗਤੀਵਿਧੀਆਂ ਵਿੱਚ ਫੇਲ ਸਾਬਿਤ ਹੋ ਜਾਵੇ, ਬਿਲਕੁਲ, ਇਹੀ ਕੌੜਾ ਸੱਚ ਹੈ। ਦਿੱਲੀ

**ਹਰਫਾਂ ਦੇ ਨੂਰ**

ਏਅਰਪੋਰਟ ਦਾ ਨਿਜੀਕਰਨ ਨੇ ਦਿੱਲੀ ਨੂੰ ਦੁਨੀਆਂ ਦੇ ਬਿਹਤਰੀਨ ਏਅਰਪੋਰਟਾਂ ਵਿੱਚੋਂ ਇੱਕ ਬਣਾਇਆ ਜਦਕਿ ਪੰਜਾਬ ਦੀ ਸੂਬਾ ਹਕੂਮਤ ਹੀ ਅੰਮ੍ਰਿਤਸਰ ਦੀ ਵੈਰੀ ਨਿਕਲੀ। ਉਲਟਾ ਪੰਜਾਬ ਸਰਕਾਰ ਨੇ ਏ.ਟੀ. ਐਫ (ਏਅਰ ਟਰਬਾਈਨ ਫਿਊਲ) ਤੇ ਟੈਕਸ ਇੰਨਾ ਜਿਆਦਾ ਲਗਾ ਦਿੱਤਾ ਕਿ ਕਾਮਯਾਬ ਉਡਾਣਾਂ ਵੀ ਖਤਮ ਹੋ ਗਈਆਂ। ਹੁਣ ਮੁਸ਼ਕਿਲ ਨਾਲ ਸੂਬਾ ਸਰਕਾਰ ਦੇ ਸਹਿਯੋਗ ਤੋਂ ਬਗੈਰ ਅੰਮ੍ਰਿਤਸਰ ਤੇਜ਼ੀ ਨਾਲ ਹਵਾਈ ਖੇਤਰ ਵਿੱਚ ਉਭਰ ਰਿਹਾ ਹੈਂ। ਪਰ ਇਹ ਉਮੀਦ ਹੈਂ ਕਿ ਆਉਂਦੇ ਸਮੇਂ ਵਿੱਚ ਅੰਮ੍ਰਿਤਸਰ ਏਅਰਪੋਰਟ ਦੇ ਨਿਜੀ ਹੋਣ ਤੋਂ ਬਾਅਦ ਅੰਮ੍ਰਿਤਸਰ ਮੁੜ ਤੋਂ ਵੱਡੀ ਤਰੱਕੀ ਕਰੇਗਾ। ਕਈ ਨਵੇਂ ਏਅਰ ਰੂਟ ਖੁਲਣਗੇ, ਏਅਰਪੋਰਟ ਦਾ ਮੁੰਬਈ/ਦਿੱਲੀ ਵਾਂਗ ਵਿਕਾਸ ਹੋਵੇਗਾ। ਸੁਵਿਧਾਵਾਂ ਵਿੱਚ ਵੀ ਵੱਡਾ ਵਿਸਥਾਰ, ਸੁਧਾਰ ਹੋਵੇਗਾ। ਅੰਮ੍ਰਿਤਸਰ ਕਿਸੇ ਵੀ ਕੰਪਨੀ ਲਈ ਬਹੁਤ ਅਹਿਮ ਹੋਵੇਗਾ ਕਿਉਂਕਿ ਇਸ ਦੀ ਸਮਰੱਥਾ (**potential**) ਬਹੁਤ ਜ਼ਿਆਦਾ ਹੈਂ। ਇਹ ਸਭ ਦੇ ਨਾਲ ਹੀ ਹਜ਼ਾਰਾ ਨੌਕਰੀਆਂ ਪੈਦਾ ਹੋਣਗੀਆਂ। ਪੰਜਾਬ, ਹਿਮਾਚਲ ਦੇ ਕਾਰੋਬਾਰੀ ਤਬਕੇ ਨੂੰ ਵੱਡਾ ਫਾਇਦਾ ਹੋਵੇਗਾ। ਕਿਉਂਕਿ ਅੰਮ੍ਰਿਤਸਰ ਤੋਂ ਸਿੱਧੀਆਂ ਉਡਾਣਾਂ ਨਾਲ ਹੀ ਪੈਰੀਸ਼ੇਬਲ, ਡ੍ਰਾਈ ਕਾਰਗੋ ਸਿੱਧਾ ਵਿਦੇਸ਼ੀ ਮੁਲਕਾਂ ਵਿੱਚ ਭੇਜਿਆ ਜਾ ਸਕਦਾ। ਬਾਕੀ ਪੰਜਾਬ ਦੀ ਸੂਬਾ ਸਰਕਾਰ ਤੋਂ ਅੰਮ੍ਰਿਤਸਰ ਲਈ ਕੋਈ ਆਸ ਨਹੀਂ।



# ਕਾਵਿ ਸੰਸਾਰ



### 1. ਖ਼ਾਲਸਾਈ ਸ਼ਾਨਾਂ ਦੇ ਮਹਾਂਨਾਇਕ

ਤੇਰੇ ਚਿਹਰੇ ਦਾ ਨੂਰ
ਇਕ ਵੱਖਰਾ ਸਰੂਰ
ਤੇਰੀ ਘਾਲ ਹੈ ਵੱਡੀ
ਤੂੰ ਹੈਂ ਕੌਮੀ ਕੋਹਿਨੂਰ।
ਤੂੰ ਸੀ ਲੋਚੀ ਸ਼ਹਾਦਤ
ਬੜੀ ਕੀਤੀ ਇਬਾਦਤ
ਪਰ ਡਾਹਡੇ ਓਸ ਰੱਬ ਨੂੰ
ਇਹ ਨਹੀਂ ਸੀ ਮਨਜ਼ੂਰ।
ਤੂੰ ਹੱਕਾਂ ਲਈ ਲੜਿਆ
ਤੂੰ ਹਿੱਕ ਡਾਹ ਕੇ ਖੜਿਆ
ਤੈਨੂੰ ਮੇਟਣ ਲਈ ਆਏ
ਕਈ ਆਦਮ ਕਰੂਰ।
ਚੁੱਪ ਪੀੜਾਂ ਨੂੰ ਜਰਿਆ
ਕਦੀ ਸ਼ਿਕਵਾ ਨਾ ਕਰਿਆ
ਕੁੱਝ ਰੱਬ ਦਾ ਹੈ ਘੱਤਿਆ
ਤੇਰੇ ਅੰਦਰ ਜ਼ਰੂਰ ॥

**ਮਾਨਾ**

### 2. ਜੇ ਮੈਂ ਦਿਲ ਆਂ ਤੇ ਤੂੰ ਮੇਰੇ ਸਾਹ ਆਂ

ਜੇ ਤੂੰ ਮੰਜ਼ਿਲ ਏਂ ਤੇ ਮੈਂ ਤੇਰਾ ਰਾਹ ਆਂ,
ਜਦੋਂ ਧੜਕਣ ਈ ਰੁੱਕ ਜਾਵੇ ਸ਼ਾਇਰਾ
ਮੁੱਲ ਕੌਡੀ ਪੈਂਦਾ ਫੇਰ ਚਮ ਦਾ ਨਈਂ...
ਤੂੰ ਮੇਰੀ ਰੂਹ ਏਂ ਤੇ ਮੈਂ ਇੱਕ ਬੁੱਤ ਸੱਜਣਾਂ।
ਰੂਹ ਤੋਂ ਬਿਨਾ ਬੁੱਤ ਕਿਸੇ ਕੰਮ ਦਾ ਨਈਂ...
ਤੂੰ ਮੇਰੀ ਰੂਹ ਏਂ ਤੇ ਮੈਂ ਇੱਕ ਬੁੱਤ ਸੱਜਣਾਂ
ਤੇਰੇ ਨੈਣਾਂ ਚੋ ਮੈਨੂੰ ਮੈਂ ਦਿਖਾਈ ਦਿੰਦਾ ਵਾਂ
ਤੇਰੀ ਆਵਾਜ਼ ਚੋਂ ਮੈਂ ਸੁਣਾਈ ਦਿੰਦਾ ਵਾਂ,
ਜਿੰਨੀ ਵੀ ਹੋ ਸਕੇ ਜੀ ਲੈ ਮੇਰੇ ਨਾਲ ਤੂੰ
ਕਿਉਂਕਿ ਭਰੋਸਾ ਹੁੰਦਾ ਇਸ ਦਮ ਦਾ ਨਈਂ...
ਤੂੰ ਮੇਰੀ ਰੂਹ ਏਂ ਤੇ ਮੈਂ ਇੱਕ ਬੁੱਤ ਸੱਜਣਾਂ
ਰੂਹ ਤੋਂ ਬਿਨਾ ਬੁੱਤ ਕਿਸੇ ਕੰਮ ਦਾ ਨਈਂ...
ਤੂੰ ਮੇਰੀ ਰੂਹ ਏਂ ਤੇ ਮੈਂ ਇੱਕ ਬੁੱਤ ਸੱਜਣਾਂ।
ਕਾਸ਼! ਜਦੋਂ ਤੂੰ ਕੋਲ ਹੋਵੇਂ ਵਕ.ਤ ਰੁੱਕ ਜਾਵੇ
ਰੱਬ ਕਰੇ ਇਹ ਇੰਤਜ਼ਾਰ ਸਾਡਾ ਮੁੱਕ ਜਾਵੇ,
ਜੇ ਮਿਲਾਂਗੇ ਤਾਂ ਵਿਛੜਨਾ ਵੀ ਤਹਿ ਏ
ਇਹ ਜੋ ਵਕਤ ਹੈ ਕਦੇ ਵੀ ਥਮ ਦਾ ਨਈਂ...
ਤੂੰ ਮੇਰੀ ਰੂਹ ਏਂ ਤੇ ਮੈਂ ਇੱਕ ਬੁੱਤ ਸੱਜਣਾਂ।
ਰੂਹ ਤੋਂ ਬਿਨਾ ਬੁੱਤ ਕਿਸੇ ਕੰਮ ਦਾ ਨਈਂ...
ਤੂੰ ਮੇਰੀ ਰੂਹ ਏਂ ਤੇ ਮੈਂ ਇੱਕ ਬੁੱਤ ਸੱਜਣਾਂ।
ਯਾਦਾਂ ਜੇ ਨਾ ਹੁੰਦੀਆਂ ਤਾਂ ਮਰ ਜਾਂਦੇ ਅਸੀਂ
ਕਦੇ ਕਦੇ ਹੰਝੂਆਂ ਨਾਲ ਅੰਦਰੋਂ ਭਰ ਜਾਂਦੇ ਅਸੀਂ,
ਕੁਝ ਪਲ ਈ ਹੁੰਦੇ ਜੋ ਰਵਾ ਜਾਂਦੇ ਨੇ ਸ਼ਾਇਰਾ
ਨਈਂ ਤਾਂ ਕਸੂਰ ਕੋਈ ਅੱਖ ਹੋਈ ਨਮ ਦਾ ਨਈਂ...
ਤੂੰ ਮੇਰੀ ਰੂਹ ਏਂ ਤੇ ਮੈਂ ਇੱਕ ਬੁੱਤ ਸੱਜਣਾਂ।
ਰੂਹ ਤੋਂ ਬਿਨਾ ਬੁੱਤ ਕਿਸੇ ਕੰਮ ਦਾ ਨਈਂ...
ਤੂੰ ਮੇਰੀ ਰੂਹ ਏਂ ਤੇ ਮੈਂ ਇੱਕ ਬੁੱਤ ਸੱਜਣਾਂ।
ਬੱਸ ਹੁਣ ਦੋ ਤੋਂ ਇੱਕ ਬਣ ਜਾਣਾ ਏਂ ਆਪਾਂ
ਇੱਕ ਦੂਜੇ ਲਈ ਈ ਜੱਗ ਤੇ ਆਣਾਂ ਏਂ ਆਪਾਂ,
ਜਦੋਂ ਮਿਲਣਾ ਈ ਸਦਾ ਲਈ ਆਪਾਂ ਦੋਨਾਂ ਨੇ
ਕੋਈ ਨਾਮੋ ਨਿਸ਼ਾਨ ਰਹਿਣਾ ਗ਼ਮ ਦਾ ਨਈਂ...
ਤੂੰ ਮੇਰੀ ਰੂਹ ਏਂ ਤੇ ਮੈਂ ਇੱਕ ਬੁੱਤ ਸੱਜਣਾਂ।
ਰੂਹ ਤੋਂ ਬਿਨਾ ਬੁੱਤ ਕਿਸੇ ਕੰਮ ਦਾ ਨਈਂ...
ਤੂੰ ਮੇਰੀ ਰੂਹ ਏਂ ਤੇ ਮੈਂ ਇੱਕ ਬੁੱਤ ਸੱਜਣਾਂ

**ਸ਼ਾਇਰ ਅਜੇ ਸ਼ਾਇਰ..**

### 3 .ਫਰਕ ਬੜਾ ਏ.....

ਰੱਬ ਦੀ ਮੰਨਣਾ, ਰੱਬ ਨੂੰ ਮੰਨਣਾ,
ਫ਼ਰਕ ਬੜਾ ਏ।
ਦਾੜੀ ਰੱਖ ਲੈਣਾ, ਦਾੜੀ ਨੂੰ ਬੰਨਣਾ,
ਫ਼ਰਕ ਬੜਾ ਏ।
ਦੁੱਖ ਦੇ ਦੇਣਾ, ਦੁੱਖ ਨੂੰ ਝੱਲਣਾ,
ਫ਼ਰਕ ਬੜਾ ਏ।
ਯਾਰ ਮੰਨ ਲੈਣਾ, ਯਾਰ ਨੂੰ ਭੰਡਣਾ,
ਫ਼ਰਕ ਬੜਾ ਏ।
ਮਿਲ ਕੇ ਲੰਘਣਾ, ਖਹਿ ਕੇ ਲੰਘਣਾ,
ਫ਼ਰਕ ਬੜਾ ਏ।
ਪਿਆਰ ਨੂੰ ਪਾਉਣਾ, ਪਿਆਰ ਨੂੰ ਗੰਢਣਾ,
ਫ਼ਰਕ ਬੜਾ ਏ।
ਸੂਲ਼ੀ 'ਤੇ ਚੜਨਾ, ਸੂਲ਼ੀ 'ਤੇ ਟੰਗਣਾ,
ਫ਼ਰਕ ਬੜਾ ਏ।
ਖੰਘ ਆ ਜਾਣੀ, ਜਾਣ ਬੁੱਝ ਕੇ ਖੰਘਣਾ,
ਫ਼ਰਕ ਬੜਾ ਏ।

**ਰੁਪਿੰਦਰ ਕੌਰ ਸੰਧੂ, ਅੰਮ੍ਰਿਤਸਰ ਸਾਹਿਬ**

### 4 ..ਜ਼ਖ਼ਮ

ਅੱਲੇ ਨੇ ਜ਼ਖਮ ਸੱਜਣਾ ਹਾਲੇ ਹੌਲੀ ਹੌਲੀ ਸੁੱਕਣਗੇ।
ਦਿੱਤੇ ਜੋ ਗਮ ਤੇਰੇ ਦਿਲ ਚੋਂ ਐਡੀ ਛੇਤੀ ਨਾ ਮੁੱਕਣਗੇ।
ਯਾਦ ਤੇਰੀ ਵਿੱਚ ਤੜਫਣਗੇ ਜਿਸਮ ਤੇ ਜਾਨ ਦੋਵੇਂ,
ਨੈਣਾਂ ਚੋਂ ਵਹਿਣਗੇ ਹੰਝੂ ਲੁਕਾਇਆਂ ਨਾ ਲੁਕਣਗੇ।
ਡਿਗ ਰਹੇ ਖਾਰੇ ਪਾਣੀ ਨੂੰ ਤਾਂ ਚਲ ਰੋਕ ਵੀ ਲਵਾਂਗੇ,
ਪਰ ਸੀਨੇ ਚ ਉੱਠਦੇ ਜਜ਼ਬਾਤ ਰੋਕਿਆਂ ਨਾ ਰੁਕਣਗੇ।
ਮੁੜ ਮੁੜ ਆਉਣਗੇ ਚੇਤੇ ਨਾਲ ਬਿਤਾਏ ਪਲ ਤੇਰੇ,
ਜੋ ਰੂਹ ਮੇਰੀ ਨੂੰ ਕਦੀ ਪੱਛਣਗੇ ਤੇ ਕਦੀ ਟੁੱਕਣਗੇ।
ਦਿਨੋ ਦਿਨ ਵਧਦੇ ਦੁੱਖਾਂ ਨਾਲ ਲੜਖੜਾਉਂਦੇ ਕਦਮ,
ਜਾਂ ਤਾਂ ਸੰਭਲਣਗੇ ਜਾਂ ਫਿਰ ਮੌਤ ਦੇ ਨੇੜੇ ਢੁੱਕਣਗੇ।
ਚੰਗੇ ਤੇ ਮਾੜੇ ਦੋਵੇਂ ਆਉਣਗੇ ਖਿਆਲ ਮਨ ਅੰਦਰ,
ਚੰਗੇ ਜਜ਼ਬਾਤਾਂ ਨੂੰ ਦੱਬਣਗੇ ਤੇ ਮਾੜੇ ਹੋਰ ਚੁੱਕਣਗੇ।
ਆਵੇਗੀ ਘੜੀ ਅੰਤਮ ਹੋਵੇਗਾ ਪਲ ਉਹ ਹਸ਼ਰ ਦਾ,
ਸੰਭਲ ਗਏ ਤਾਂ ਸੱਜਣ ਨਾਂ ਸੰਭਲੇ ਸ਼ਰੀਕ ਬੁੱਕਣਗੇ।

**ਗੁਰਜਿੰਦਰ ਸਿੰਘ ਸਾਹਦੜਾ**

### 5. ਪੈਸਾ...

ਚੱਲ ਚੱਲੀਏ ਬਜਾਰ ਚੰਨਾਂ
ਬੱਸਾਂ ਚ ਕਿਥੇ ਧੱਕੇ ਖਾਊਂਗੀ
ਹੋਈਏ ਸੈਂਕਲ ਤੇ ਸਵਾਰ ਚੰਨਾਂ
ਸਵਾਰੀ ਆਪਣੀ ਬਿਨਾਂ ਨੀ ਸਰਦਾ
ਬੱਸ ਨਾਲੋਂ ਪਹਿਲਾਂ ਵਗਜੂ
ਸਾਡਾ ਸੈਂਕਲ ਹੀ ਕਾਰ ਵਰਗਾ
ਵੇ ਤੂੰ ਬਾਹਲਾ ਕਿਉਂ ਭਜਾਉਂਦਾ ਏਂ
ਖਿਆਲ ਕਰ ਉਮਰਾਂ ਦਾ
ਕਾਹਤੋਂ ਟੱਲੀਆਂ ਵਜਾਉਂਦਾ ਏਂ
ਅੱਜ ਟੱਲੀਆਂ ਵਜਾ ਲੈਣ ਦੇ
ਕਬੀਲਦਾਰੀ ਤਾਂ ਮਸਾਂ ਰੁੜਦੀ
ਮੈਨੂੰ ਸੈਂਕਲ ਹੀ ਭਜਾ ਲੈਣ ਦੇ
ਹਾਸੇ ਹੰਝੂ ਤਾਂ ਨਸੀਬਾਂ ਦੇ
ਦੁੱਖਾਂ ਚ ਵੀ ਰਹਿਣ ਹੱਸਦੇ
ਵੇ ਵੱਡੇ ਜਿਗਰੇ ਗਰੀਬਾਂ ਦੇ
ਨਾ ਗਰੀਬਾਂ ਦੀ ਔਕਾਤ ਹੁੰਦੀ
ਅਮੀਰਾਂ ਦੇ ਹੀ ਰਹਿ ਜਾਂਦੀਆਂ
ਜੇ ਉੱਚੀ ਖੁਸ਼ੀਆਂ ਦੀ ਜਾਤ ਹੁੰਦੀ
ਟਿੱਕੀ ਸੂਰਜ ਦੀ ਢਲਦੀ ਏ
ਕੁੱਤੇ ਫੇਲ ਹੋ ਜਾਣਗੇ
ਜਿੰਦਗੀ ਚਲਦੀ ਚਲਦੀ ਦੇ
ਰੰਗ ਕੁਲਵਿੰਦਰਾ ਕੈਸੇ ਨੇ
ਕਿੰਨੇ ਵੱਡੇ ਫਰਕ ਪਾਏ
ਇਸ ਦੁਨੀਆਂ ਤੇ ਪੈਸੇ ਨੇ

**ਕੁਲਵਿੰਦਰ ਸਿੱਧੂ ਕਾਮੇਕਾ**

### 6. ਕੌੜੀ ਵੇਲ

ਮੈਨੂੰ ਬਚਪਨ ਤੋਂ
ਜਵਾਨੀ ਵੱਲ ਵੱਧਦੇ ਦੇਖ
ਮਾਂ ਦੇ ਚਿਹਰੇ ਤੇ
ਫ਼ਿਕਰਾਂ ਦੀਆਂ ਲਕੀਰਾਂ ਵੀ
ਵੱਧਦੀਆਂ ਜਾਂਦੀਆਂ ਨੇ
ਮਾਂ ਦੀ ਅਕਸਰ ਕਹੀ ਜਾਣ ਵਾਲੀ ਗੱਲ
ਜੋ ਮੇਰੀ ਰੂਹ ਤੇ ਚੋਟ ਕਰ ਜਾਂਦੀ ਏ
ਮਾਂ ਆਖਦੀ ਏ
ਤੂੰ ਤੇ ਕੌੜੀ ਵੇਲ ਵਾਂਗ ਵੱਧਦੀ ਜਾਨੀ ਏਂ
ਬਸ ਕਰ ਕੁਝ ਰੁਕ ਜਾ ਹੁਣ
ਜੇ ਮਾਂ ਸਿਰਫ਼ ਇਹੀ ਆਖ ਦਿੰਦੀ
ਕਿ ਤੂੰ ਵੇਲ ਵਾਂਗ ਵੱਧਦੀ ਜਾਨੀ ਏਂ
ਤਾਂ ਸ਼ਾਇਦ ਮੈਂ
ਬਾਹਲਾ ਮਹਿਸੂਸ ਨਾ ਕਰਦੀ
ਪਰ ਮੇਰੇ ਇਸ ਵਾਧੇ ਦੀ ਤੁਲਨਾ
ਕੌੜੀ ਵੇਲ ਨਾਲ
ਮੈਨੂੰ ਉਦਾਸ ਕਰ ਦੇਂਦੀ ਏ
ਤੇ ਮੇਰਾ ਇਹ ਵਾਧਾ
ਮੇਰੇ ਹੱਥ ਥੋੜੀ
ਕੁਦਰਤ ਦੇ ਹੱਥ ਏ।

**ਮਨਿੰਦਰ ਕੌਰ ਬੇਦੀ**

### 7. ਭੀੜ

ਪਿੱਛੇ ਭੀੜਾਂ ਅੱਗੇ ਭੀੜਾਂ
ਸੱਜੇ ਭੀੜਾਂ ਖੱਬੇ ਭੀੜਾਂ
ਕਿਸੇ ਭੀੜ ਦਾ ਹਿੱਸਾ ਬਣਨਾ
ਹੁਣ ਤੇਰੀ ਮਜਬੂਰੀ ਹੈ
ਤੇਰੀ ਬਲੀ ਤੇਰਾ ਹੀ ਖੰਜਰ
ਤੇਰੀ ਪੂਜਾ ਤੇਰਾ ਮੰਦਰ
ਰਾਜ ਸਤਾ ਹੁਣ ਪਿਆਸੀ ਹੋਈ
ਤੇਰੀ ਰਤ ਜਰੂਰੀ ਹੈ
ਚੁੱਕ ਪੱਥਰ ਭਗਵਾਨ ਸਿਰਜ ਲੈ
ਚੁੱਕ ਅੱਖਰ ਵਖਿਆਨ ਸਿਰਜ ਲੈ
ਬੌਣੀ ਖ਼ਲਕਤ ਤੂੰ ਉਚੇ ਖੜਜਾ
ਹਰ ਇੱਛਾ ਫਿਰ ਪੂਰੀ ਹੈ
ਚਿਹਰੇ ਕੋਈ ਮਖੌਟਾ ਪਾ ਲੈ
ਕਿਸੇ ਕੌਮ ਦਾ ਨਾਂ ਖੁਣਵਾ ਲੈ
ਜੇ ਸੰਵਿਧਾਨ ਤੋਂ ਬਖਸ਼ਿਸ਼ ਲੈਣੀ
ਤਾਂ ਦੰਭ ਪਖੰਡ ਦਸਤੂਰੀ ਹੈ

**ਸਰਬਜੀਤ ਬਾਬਾ**

### 8. ਜਖਮ

ਬਾਹਰੀ ਸੱਟ ਨਾ ਕੋਈ, ਅੰਦਰ ਦਰਦ ਬੜੇ,
ਦੱਸ ਕਿਹੜੀ ਮਲਮ ਮੈਂ ਲਾਵਾਂ, ਇਨਾਂ ਜਖਮਾਂ ਨੂੰ।
ਆਪਣਿਆਂ ਦੇ ਦਿੱਤੇ ਹੋਏ ਇਹ ਤੋਹਫੇ,
ਰੋਜ ਦਿਲ ਦਾ ਖ਼ੂਨ ਪਿਆਵਾਂ, ਇਨਾਂ ਜਖਮਾਂ ਨੂੰ।
ਇਹ ਮੇਰਾ ਸਰਮਾਇਆ, ਇਹੋ ਜਾਇਦਾਦਾਂ,
ਮੈਂ ਹੱਦੋਂ ਵੱਧ ਕੇ ਚਾਹਾਂ, ਇਨਾਂ ਜਖਮਾਂ ਨੂੰ।
ਡਰ ਲੱਗਦਾ ਰੁੱਸ ਕੇ ਪਾਸੇ ਨਾ ਹੋ ਜਾਣ ਕਦੇ,
ਬੜੇ ਪਿਆਰ ਨਾਲ ਪਰਚਾਵਾਂ, ਇਨਾਂ ਜਖਮਾਂ ਨੂੰ।
ਹਰ ਔਖੇ ਵਕਤ ਚ ਸਾਥ ਨਿਭਾਇਆ ਇਨਾਂ ਹੀ,
ਮੈਂ ਛੱਡ ਕੇ ਕਿੱਧਰ ਜਾਵਾਂ, ਇਨਾਂ ਜਖਮਾਂ ਨੂੰ।
ਮੱਖੀਆਂ ਬਣ-ਬਣ ਫਿਰਦੇ, ਸਭ ਸਤਾਉਣ ਵਾਲੇ,
ਕਿਉਂ ਸਭ ਨੂੰ ਖੋਲ ਵਿਖਾਵਾ, ਇਨਾਂ ਜਖਮਾਂ ਨੂੰ।
ਹਿੰਮਤ ਦੇ ਨਾਲ ਸਹਿਣ ਦੀ ਸਿੱਖਿਆ ਦੇ-ਦੇ ਕੇ,
'ਬੱਬੂ' ਬਸ ਪ੍ਰਹੇਜ਼ ਸਿਖਾਵਾਂ, ਇਨਾਂ ਜਖਮਾਂ ਨੂੰ।

**ਸਤਨਾਮ ਸਿੰਘ 'ਬੱਬੂ'**
ਮੋ. ੯੭੭੯੪੫੮੭੯੩

### 9. ਚੁੱਪ ਈ ਭਲੀ

ਵੇ ਸੱਜਣਾ ਚੁੱਪ ਈ ਭਲੀ
ਮੋੜ ਮੋੜ ਤੇ 'ਭਾਗੋ' ਖਲੀ
ਵੇ ਸੱਜਣਾ ਚੁੱਪ ਈ ਭਲੀ
ਦਿਨ ਦਿਹਾੜੇ ਵੱਜਦੇ ਡਾਕੇ
ਮਾਂਵਾਂ ਦੇ ਪੁੱਤ ਮਰਦੇ ਫ਼ਾਕੇ
ਚੋਰਾਂ ਦੇ ਨਾਲ ਕੁੱਤੀ ਰਲੀ
ਵੇ ਸੱਜਣਾ ਚੁੱਪ ਈ ਭਲੀ
ਜੰਮਣੋਂ ਪਹਿਲਾਂ ਮਾਰਨ ਧੀਆਂ
ਪੱਤਾਂ ਲੁੱਟ ਕੇ ਸਾੜਨ ਧੀਆਂ
ਖਿਲਣੋਂ ਪਹਿਲਾਂ ਟੁੱਟੇ ਕਲੀ
ਵੇ ਸੱਜਣਾ ਚੁੱਪ ਈ ਭਲੀ
ਪੁੱਤਰ ਮਿੱਠੜੇ ਮੇਵੇ ਲਗਦੇ
ਧੀਆਂ ਹਿੱਸੇ ਦੁੱਖੜੇ ਜੱਗ ਦੇ
ਕੁੱਖਾਂ ਦੀ ਨਿੱਤ ਲੈਂਦੇ ਬਲੀ
ਵੇ ਸੱਜਣਾ ਚੁੱਪ ਈ ਭਲੀ
ਅੱਗਾਂ ਲਾ ਕੇ ਪਾਣੀ ਪਾਉਂਦੇ
ਆਪੇ ਲਾ ਕੇ ਆਪ ਬੁਝਾਉਂਦੇ
ਮਗਰੋਂ ਕਰਦੇ ਅਲੀ ਅਲੀ
ਵੇ ਸੱਜਣਾ ਚੁੱਪ ਈ ਭਲੀ
ਫ਼ੈਦੇ ਦੇ ਲਈ ਯਾਰੀ ਲਗਦੀ
ਗੱਲੀਂ ਬਾਤੀਂ ਦੁਨੀਆ ਠਗਦੀ
ਖੰਡ ਕਹਿ ਧਰਦੇ ਜ਼ਹਿਰ ਤਲੀ
ਵੇ ਸੱਜਣਾ ਚੁੱਪ ਈ ਭਲੀ
ਬੇਅਕਲੇ ਕਦੇ ਨਾ ਗੁੱਝੇ ਰਹਿੰਦੇ
ਚਾਰੇ ਈ ਖੁਰ ਚੁੱਕ ਕੇ ਪੈਂਦੇ
ਮਿੱਠੀ ਹੋਵੇ ਨਾ ਲੂਣ ਦੀ ਡਲੀ
ਵੇ ਸੱਜਣਾ ਚੁੱਪ ਈ ਭਲੀ
ਗੱਲਾਂ ਸੱਚੀਆਂ ਜੋ ਵੀ ਕਰਦਾ
ਜ਼ਮਾਨਾ ਉਹਨੂੰ ਕਿੱਥੇ ਜਰਦਾ
ਝੱਟ ਮੁੜੇ ਬੰਦੂਕ ਦੀ ਨਲੀ
ਵੇ ਸੱਜਣਾ ਚੁੱਪ ਈ ਭਲੀ ।

**ਗੁਰਜਿੰਦਰ ਸਿੰਘ ਸਾਹਦੜਾ**

### 10. ਕੈਨੇਡਾ ਡੇਅ

ਪਹਿਲੀ ਜੁਲਾਈ 1867 ਨੂੰ, ਤਿੰਨ ਰਾਜ ਹੋਏ ਸਨ 'ਕੱਠੇ ,
ਬਸਤੀਵਾਦ ਨੇ ਪਾ ਲਏ ਘੇਰੇ, ਮੂਲ ਵਾਸੀ ਪਏ ਖੂਹ ਢੱਠੇ
ਕੈਨੇਡਾ, ਨੋਵਾ ਸਕੋਸ਼ੀਆ ਉੱਤੇ, ਸੰਵਿਧਾਨ ਦੇ ਸੰਗਲ ਪਾਏ,
ਨਿਊ ਬਰੁਨਜ਼ਵਿਕ ਰਾਜ ਸੁੱਤੇ, ਆ ਸਾਮਰਾਜ ਨੇ ਦਬਾਏ
ਅਧੀਨ ਕਰਿਆ ਇੰਝ ਕੈਨੇਡਾ, ਦੇ ਕੇ ਡੋਮੀਨੀਅਨ ਨਾਮ,
ਸ਼ਾਤੁਰ ਗੋਰਿਆਂ ਰਾਜ ਸੰਭਾਲੇ, ਮੂਲਵਾਸੀ ਕਰੇ ਬਦਨਾਮ
ਆਖ ਨਿਕੰਮੇ, ਜਾਹਲ, ਵਿਹਲੜ, ਕੰਮਾਂ ਤੋਂ ਕਰ'ਤੇ ਫਾਰਗ ,
ਨਸ਼ਿਆਂ ਵਿੱਚ ਗ਼ਲਤਾਨ ਕਰਾਕੇ, ਆਪ ਬਣੇ ਸੀ ਨਾਰਦ
ਉਸ ਦਿਨ ਤੋਂ ਲੈ ਕੇ ਅੱਜ ਤੀਕਰ, ਕੈਨੇਡਾ ਡੇਅ ਦਿੱਤਾ ਨਾਂ,
ਨਾਮ ਨਿਹਾਦ ਅਜ਼ਾਦੀ ਮਿਲੀ ਹੈ, ਕੌਮੀ ਦਿਨ ਮਨਾਂਦੇ ਤਾਂ
ਇੱਟਾਂ ਦੀ ਥਾਂ ਹੱਡੀਆਂ ਲਾਈਆਂ,ਚੂਨੇ ਦੇ ਥਾਂ ਮਿੰਝ ਪਾਈ ,
ਕਰ 'ਤਾ ਵਾਈਟ ਵਾਸ਼ ਉੱਤੋਂ ਦੀ, ਅਜ਼ਾਦੀ ਲਿਆ ਬਿਠਾਈ
ਪਰ ਹੁਣ ਉਹ ਵੀ ਜਾਗ ਪਏ ਨੇ, ਸਮਝ ਗਏ ਸਾਰੀ ਚਾਲ,
'ਨੋ ਆਈਡਲ' ਅੰਦੋਲਨ ਕਰਦੇ, ਭਾਵੇਂ ਹਾਲੇ ਧੀਮੀ ਚਾਲ
ਜੇ ਇਤਿਹਾਸ ਨੂੰ ਨਜ਼ਰ ਮਾਰੀਏ, ਲਹੂ-ਲੁਹਾਣ ਇਹ ਸਾਰਾ,
ਚਿਣੇ ਸਿਰ ਮਜ਼ਲੂਮਾਂ ਦੇ ਵਿੱਚ, ਕਰਕੇ ਸਾਮਰਾਜ ਨੇ ਕਾਰਾ
ਧਰਤੀ ਇੰਝ ਹੀ ਰੰਗੀ ਪਈ ਹੈ,ਖੋਲ ਪੜੀਏ ਪੁਰਾਣੇ ਵਰਕੇ,
ਕੋਈ ਦੇਸ਼ ਸੁੱਕਾ ਨਹੀਂ ਬਚਿਆ, ਜਿੱਥੇ ਰਾਜ ਇੰਝ ਨ ਗਰਕੇ
ਪਹਿਨਾ ਦਿੱਤਾ ਕਨੂੰਨੀ ਜਾਮਾ, ਕੈਨੇਡਾ ਐਕਟ ਉੱਨੀ ਸੌ 82,
ਦੇਸ਼ ਭਗਤੀ ਦੇ ਗਾਣ ਤਰਾਨੇ,ਪਰ ਮੂਲਵਾਸੀ ਪਏ ਜੂਨ 84
ਨਵੀਆਂ ਪੀੜੀਆਂ ਹੌਲ਼ੀ ਹੌਲ਼ੀ, ਪਈਆਂ ਵਿਕਾਸ ਦੇ ਰਾਸਤੇ,
ਸੁੰਦਰ ਰਾਸ਼ਟਰ ਬਣਾ ਦਿੱਤਾ ਹੈ,ਖੋਲਿਆ ਦੁਨੀਆਂ ਦੇ ਵਾਸਤੇ
ਉਦਾਰ ਨੀਤੀਆਂ ਦੇ ਮੋਢੇ ਚੜ, ਦੇਸ਼ ਹੋਇਆ ਹੈ ਖੁਸ਼ਹਾਲ,
ਸਭ ਰਲਕੇ 'ਕੈਨੇਡਾ ਡੇ' ਮਨਾਂਦੇ, ਇਕੱਠੇ ਹੋ ਪਾਉਣ ਧਮਾਲ।

**ਸੇਵਾ ਸਿੰਘ 'ਨੂਰਪੁਰੀ'**

# ਪੂੰਜੀਵਾਦੀ ਪ੍ਰਬੰਧ ਵਿੱਚ ਕੂੜੇ ਦੀ ਪੈਦਾਵਾਰ



ਸੁਖਵੰਤ ਹੁੰਦਲ

ਪੂੰਜੀਵਾਦੀ ਪ੍ਰਬੰਧ ਵਿੱਚ ਉਤਪਾਦਕ ਦਾ ਮੁੱਖ ਉਦੇਸ਼ ਮੁਨਾਫਾ ਕਮਾਉਣਾ ਹੁੰਦਾ ਹੈ। ਇਹ ਮੁਨਾਫਾ ਵਸਤਾਂ ਨੂੰ ਪੈਦਾ ਕਰਕੇ ਅਤੇ ਵੇਚ ਕੇ ਕਮਾਇਆ ਜਾਂਦਾ ਹੈ। ਇਸ ਲਈ ਵਸਤਾਂ ਦੇ ਉਤਪਾਦਨ ਵਿੱਚ ਲਗਾਤਾਰ ਵਾਧਾ ਪੂੰਜੀਵਾਦੀ ਪ੍ਰਬੰਧ ਦੀ ਇਕ ਮੁੱਖ ਖਾਸੀਅਤ ਹੈ। ਵਸਤਾਂ ਦੇ ਉਤਪਾਦਨ ਵਿੱਚ ਹੋਣ ਵਾਲੇ ਲਗਾਤਾਰ ਵਾਧੇ ਕਾਰਨ, ਉਤਪਾਦਨ ਦੇ ਨਤੀਜੇ (ਬਾਈ ਪ੍ਰੋਡਕਟ) ਵੱਜੋਂ ਪੈਦਾ ਹੋਣ ਵਾਲੇ ਕੂੜੇ ਵਿੱਚ ਵੀ ਲਗਾਤਾਰ ਵਾਧਾ ਹੋਈ ਜਾਂਦਾ ਹੈ। ਵਰਲਡ ਰਿਸੋਰਸਜ਼ ਇੰਸਟੀਚਿਊਟ ਵਲੋਂ ਸੰਨ 1998 ਵਿੱਚ ਛਪੀ ਇਕ ਰਿਪੋਰਟ ਅਨੁਸਾਰ, ਸਨਅਤੀ ਦੇਸ਼ਾਂ ਵਿੱਚ ਵਸਤਾਂ ਦੇ ਉਤਪਾਦਨ ਲਈ ਵਰਤੇ ਜਾਂਦੇ ਵਸੀਲਿਆਂ (ਪਾਣੀ, ਕੱਚਾ ਮਾਲ, ਬਾਲਣ ਆਦਿ) ਦਾ ਅੱਧਾ ਜਾਂ ਤਿੰਨ/ਚੌਥਾਈ ਹਿੱਸਾ ਇਕ ਸਾਲ ਦੇ ਅੰਦਰ ਅੰਦਰ ਕੂੜੇ ਦੇ ਰੂਪ ਵਿੱਚ ਵਾਪਸ ਵਾਤਾਵਰਨ ਵਿੱਚ ਪਹੁੰਚ ਜਾਂਦਾ ਹੈ। ਕਿਉਂਕਿ ਮੁਨਾਫਾ ਕਮਾਉਣ ਲਈ ਵਸਤਾਂ ਦਾ ਵੇਚਿਆ ਜਾਣਾ ਜ਼ਰੂਰੀ ਹੈ, ਇਸ ਲਈ ਹਰ ਸਾਲ ਵੇਚੀਆਂ ਨਾ ਜਾ ਸਕਣ ਵਾਲੀਆਂ ਬਹੁਤ ਸਾਰੀਆਂ ਸਹੀ ਸਲਾਮਤ ਵਸਤਾਂ ਨੂੰ ਕੂੜੇ ਦੇ ਢੇਰ 'ਤੇ ਸੁੱਟ ਦਿੱਤਾ ਜਾਂਦਾ ਹੈ। ਇਹ ਗੱਲ ਯਕੀਨੀ ਬਣਾਉਣ ਲਈ ਕਿ ਲੋਕ ਲਗਾਤਾਰ ਵਸਤਾਂ ਖ਼ੀਦਦੇ ਰਹਿਣ ਵੱਡੀ ਪੱਧਰ 'ਤੇ ਮਾਰਕੀਟਿੰਗ ਕਰਕੇ ਲੋਕਾਂ ਵਿੱਚ ਵਸਤਾਂ ਲਈ ਖਾਹਿਸ਼ਾਂ ਪੈਦਾ ਕੀਤੀਆਂ ਜਾਂਦੀਆਂ ਹਨ। ਵਸਤਾਂ ਦਾ ਉਤਪਾਦਨ ਇਸ ਤਰਾਂ ਕੀਤਾ ਜਾਂਦਾ ਹੈ ਕਿ ਉਹ ਇਕ ਮਿੱਥੇ ਸਮੇਂ ਬਾਅਦ ਵਰਤਣ ਦੇ ਯੋਗ ਨਾ ਰਹਿਣ। ਉਤਪਾਦਨ ਦੇ ਇਸ ਵਰਤਾਰੇ ਨੂੰ 'ਪਲੈਨਡ ਓਬਸੋਲੀਸੈਂਸ' ਦਾ ਨਾਂ ਦਿੱਤਾ ਗਿਆ ਹੈ। ਇਸ ਦੀ ਸਪਸ਼ਟ ਉਦਾਹਰਨ ਇਲੈਕਟ੍ਰੋਨਿਕ ਦੀਆਂ ਵਸਤਾਂ ਹਨ। ਤਕਨੀਕੀ ਤੌਰ 'ਤੇ ਇਸ ਵਿੱਚ ਕੋਈ ਸਮੱਸਿਆ ਨਹੀਂ ਹੈ ਕਿ ਕੰਪਿਊਟਰਾਂ ਜਾਂ ਸੈੱਲਫੋਨਾਂ ਨੂੰ ਮੁਰੰਮਤ ਜਾਂ ਅਪਗ੍ਰੇਡ ਨਾ ਕੀਤਾ ਜਾ ਸਕੇ। ਪਰ ਅਜਿਹਾ ਕਰਨ ਨੂੰ ਤਰਜੀਹ ਨਹੀਂ ਦਿੱਤੀ ਜਾਂਦੀ ਅਤੇ ਲੋਕਾਂ ਨੂੰ ਨਵੇਂ ਕੰਪਿਊਟਰ, ਸੈੱਲ ਫੋਨ ਆਦਿ ਲੈਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਨਤੀਜੇ ਵੱਜੋਂ ਪਿਛਲੇ ਕੁੱਝ ਦਹਾਕਿਆਂ ਵਿੱਚ ਈ-ਵੇਸਟ ਦੀ ਇਕ ਵੱਡੀ ਸਮੱਸਿਆ ਪੈਦਾ ਹੋ ਗਈ ਹੈ। ਇਸ ਦੇ ਨਾਲ ਨਾਲ ਫੈਸ਼ਨ ਜਾਂ ਚੀਜ਼ਾਂ ਦੇ ਮਾਡਲਾਂ ਵਿੱਚ ਤਬਦੀਲੀ ਕਰਕੇ ਲੋਕਾਂ ਨੂੰ ਚੰਗੀਆਂ ਭਲੀਆਂ ਚੀਜ਼ਾਂ ਨੂੰ ਕੂੜੇ ਦੇ ਢੇਰ 'ਤੇ ਸੁੱਟਣ ਲਈ ਤਿਆਰ ਕੀਤਾ ਜਾਂਦਾ ਹੈ। ਪੂੰਜੀਵਾਦ ਪ੍ਰਬੰਧ ਵਿੱਚ ਵੱਡੀ ਪੱਧਰ 'ਤੇ ਹੋਣ ਵਾਲੀ ਕੂੜੇ ਦੀ ਪੈਦਾਵਾਰ ਅਤੇ ਉਸ ਦੇ ਭੈੜੇ ਨਤੀਜਿਆਂ ਦੀ ਇਕ ਸਪਸ਼ਟ ਤਸਵੀਰ ਬਣਾਉਣ ਲਈ ਕੁੱਝ ਜਾਣਕਾਰੀ ਪੇਸ਼ ਹੈ।

ਸਭ ਤੋਂ ਪਹਿਲੀ ਉਦਾਹਰਨ ਖਾਣਾਂ ਵਿੱਚੋਂ ਧਾਤਾਂ ਕੱਢਣ ਦੇ ਅਮਲ ਦੌਰਾਨ ਪੈਦਾ ਹੋਣ ਵਾਲੇ ਕੂੜੇ ਦੀ ਲਈ ਜਾ ਸਕਦੀ ਹੈ। ਆਮ ਤੌਰ 'ਤੇ ਇਸ ਅਮਲ ਦੌਰਾਨ ਧਰਤੀ ਵਿੱਚੋਂ ਕੱਢੀ ਜਾਣ ਵਾਲੀ ਸਮੱਗਰੀ ਦਾ ਜਿ਼ਆਦਾ ਹਿੱਸਾ ਕੂੜਾ-ਕਰਕਟ ਹੁੰਦਾ ਹੈ ਅਤੇ ਬਹੁਤ ਥੋੜਾ ਹਿੱਸਾ ਵਰਤੀ ਜਾ ਸਕਣ ਵਾਲੀ ਧਾਤ। ਉਦਾਹਰਨ ਲਈ ਮਾਈਨਿੰਗ ਵਾਚ ਕੈਨੇਡਾ ਦੇ ਬਲੌਗ 'ਤੇ 5 ਅਕਤੂਬਰ 2020 ਨੂੰ ਛਪੀ ਮਾਈਨ ਵੇਸਟ ਇਨ ਕੈਨੇਡਾ: ਏ ਗਰੋਇੰਗ ਲਾਇਬਿਲਟੀ ਵਿੱਚ ਦੱਸਿਆ ਗਿਆ ਹੈ ਕਿ ਇਕ ਟਨ ਲੋਹੇ ਦੀ ਧਾਤ ਕੱਢਣ ਪਿੱਛੇ ੩ ਟਨ ਤੋਂ ਜ਼ਿਆਦਾ ਠੋਸ ਕੂੜਾ (ਸੋਲਿਡ ਵੇਸਟ) ਪੈਦਾ ਹੁੰਦਾ ਹੈ। ਤਾਂਬੇ, ਨਿੱਕਲ, ਜ਼ਿਸਤ (ਜ਼ਿੰਕ), ਲੀਥੀਅਮ ਅਤੇ ਗਰੈਫਾਈਟ ਦਾ ਇਕ ਟਨ ਕੱਢਣ ਪਿੱਛੇ 20-200 ਟਨ ਠੋਸ ਕੂੜਾ (ਸੋਲਿਡ ਵੇਸਟ) ਪੈਦਾ ਹੁੰਦਾ ਹੈ ਪਲਾਟੀਨਮ, ਰੇਅਰ ਅਰਥ ਅਤੇ ਸੋਨੇ ਦੀ ਇਕ ਟਨ ਧਾਤ ਕੱਢਣ ਲਈ 10 ਲੱਖ (1 ਮਿਲੀਅਨ) ਟਨ ਤੋਂ ਜ਼ਿਆਦਾ ਕੂੜਾ ਪੈਦਾ ਹੁੰਦਾ ਹੈ। ਹਾਂ ਜੀ ਇਕ ਟਨ ਸੋਨੇ ਦੀ ਧਾਤ ਮਗਰ 10 ਲੱਖ ਟਨ ਤੋਂ ਜਿਆਦਾ ਕੂੜਾ। ਵਰਲਡ ਕਾਊਂਟਸ ਨਾਂ ਦੇ ਵੈੱਬਸਾਈਟ 'ਤੇ ਛਪੀ ਇਕ ਹੋਰ ਰਿਪੋਰਟ ਅਨੁਸਾਰ ਕੁੱਲ ਮਿਲਾ ਕੇ ਸੋਨੇ ਦੀਆਂ ਖਾਣਾਂ ਵਿੱਚੋਂ ਹਰ 40 ਸਕਿੰਟਾਂ ਵਿੱਚ ਪੈਦਾ ਹੋਣ ਵਾਲੇ ਕੂੜੇ ਦਾ ਭਾਰ ਇਕ ਆਈਫਲ ਟਾਵਰ ਦੇ ਭਾਰ ਜਿੰਨਾ ਹੁੰਦਾ ਹੈ। ਸੋਨੇ ਦੀਆਂ ਖਾਣਾਂ ਵਿੱਚੋਂ 5 ਦਿਨਾਂ ਤੋਂ ਘੱਟ ਸਮੇਂ ਵਿੱਚ ਪੈਦਾ ਹੋਣ ਵਾਲੇ ਕੂੜੇ ਨਾਲ ਤੁਸੀਂ ਸਾਰੇ ਪੈਰਿਸ ਸ਼ਹਿਰ ਨੂੰ ਕੂੜੇ ਦੇ ਟਾਵਰਾਂ ਨਾਲ ਢੱਕ ਸਕਦੇ ਹੋ। ਸੋਨੇ ਦੀ ਇਕ ਮੁੰਦੀ ਬਣਾਉਣ ਲਈ ਲੋੜੀਂਦਾ ਸੋਨਾ ਖਾਣ ਵਿੱਚੋਂ ਕੱਢਣ ਲਈ 26 ਟਨ ਦੇ ਬਰਾਬਰ ਕੂੜਾ ਪੈਦਾ ਹੁੰਦਾ ਹੈ।

ਖਾਣਾਂ ਵਿੱਚੋਂ ਧਾਤਾਂ ਕੱਢਣ ਕਾਰਨ ਪੈਦਾ ਹੋਣ ਵਾਲੇ ਕੂੜੇ ਵਿੱਚ ਕਈ ਕਿਸਮ ਦੇ ਜ਼ਹਿਰੀਲੇ ਰਸਾਇਣਕ ਪਦਾਰਥ ਹੁੰਦੇ ਹਨ, ਜਿਵੇਂ ਸੰਖੀਆ, ਸਿੱਕਾ, ਪਾਰਾ, ਪੈਟਰੋਲ ਨਾਲ ਸੰਬੰਧਿਤ ਉਤਪਾਦ, ਤੇਜ਼ਾਬ, ਸਾਈਨਾਈਡ ਆਦਿ। ਜ਼ਹਿਰੀਲੇ ਪਦਾਰਥਾਂ ਨਾਲ ਭਰਪੂਰ ਇਹ ਕੂੜਾ ਕਈ ਤਰਾਂ ਨਾਲ ਵਾਤਾਵਰਨ ਦੇ ਪ੍ਰਦੂਸ਼ਣ ਦਾ ਕਾਰਨ ਬਣਦਾ ਹੈ। ਅਮਰੀਕਾ ਦੀ ਰਾਜਧਾਨੀ ਵਸ਼ਿੰਗਟਨ ਵਿੱਚ ਸਥਿਤ ਸੰਸਥਾ ਅਰਥਵਰਕਸ ਦੀ ਫਰਵਰੀ 2012 ਵਿੱਚ ਪ੍ਰਕਾਸ਼ਤ 'ਟਰਬਲਡ ਵਾਟਰਜ਼' ਨਾਂ ਦੀ ਰਿਪੋਰਟ ਖਾਣਾਂ ਵਿੱਚੋਂ ਪੈਦਾ ਹੋਣ ਵਾਲੇ ਕੂੜੇ ਕਾਰਨ ਪ੍ਰਦੂਸ਼ਤ ਹੋਣ ਵਾਲੇ ਸਮੁੰਦਰਾਂ, ਦਰਿਆਵਾਂ, ਝੀਲਾਂ ਅਤੇ ਧਰਤੀ ਹੇਠਲੇ ਪਾਣੀ ਵੱਲ ਧਿਆਨ ਦਿਵਾਉਂਦੀ ਹੈ। ਇਸ ਰਿਪੋਰਟ ਅਨੁਸਾਰ, ਮਾਈਨਿੰਗ ਕੰਪਨੀਆਂ ਦੁਨੀਆ ਭਰ ਵਿੱਚ ਹਰ ਸਾਲ 18 ਕ੍ਰੋੜ (180 ਮਿਲੀਅਨ) ਟਨ ਤੋਂ ਜਿਆਦਾ ਜ਼ਹਿਰੀਲਾ ਕੂੜਾ ਦਰਿਆਵਾਂ, ਝੀਲਾਂ ਅਤੇ ਸਮੁੰਦਰਾਂ ਵਿੱਚ ਸੁੱਟ ਰਹੀਆਂ ਹਨ। ਇਸ ਦੇ ਨਤੀਜੇ ਵਜੋਂ ਦੁਨੀਆ ਭਰ ਵਿੱਚ ਪਾਣੀ ਦੇ ਸ੍ਰੋਤ ਪ੍ਰਦੂਸ਼ਤ ਹੋ ਰਹੇ ਹਨ ਅਤੇ ਪੀਣ ਵਾਲੇ ਪਾਣੀ ਦੇ ਸ੍ਰੋਤਾਂ, ਭੋਜਨ ਦੀ ਸਪਲਾਈ, ਲੋਕਾਂ ਦੀ ਸਿਹਤ ਅਤੇ ਪਾਣੀ ਵਿੱਚ ਰਹਿਣ ਵਾਲੇ ਜਾਨਵਰਾਂ ਦੀ ਜ਼ਿੰਦਗੀ ਲਈ ਖਤਰੇ ਪੈਦਾ ਹੋ ਰਹੇ ਹਨ।

ਵਸਤਾਂ ਦੇ ਉਤਪਾਦਨ ਦੌਰਾਨ ਪੈਦਾ ਹੋਣ ਵਾਲੇ ਕੂੜੇ ਦੇ ਵਰਤਾਰੇ ਨੂੰ ਸਮਝਣ ਲਈ ਕੋਕਾ ਕੋਲਾ ਦੇ ਇਕ ਕੈਨ ਦੇ ਉਤਪਾਦਨ ਅਤੇ ਵਰਤੋਂ ਦੀ ਕਹਾਣੀ ਨੂੰ ਜਾਣਨਾ ਕਾਫੀ ਜਾਣਕਾਰੀ ਭਰਪੂਰ ਹੋ ਸਕਦਾ ਹੈ। ਪਾਲ ਹਾਕਿਨ, ਐਮੋਰੀ ਬੀ. ਲਵਿਨਜ਼ ਅਤੇ ਐੱਲ ਹੰਟਰ ਲਵਿਨਜ਼ ਆਪਣੀ ਕਿਤਾਬ, ਨੈਚੂਰਲ ਕੈਪੀਟਲਿਜ਼ਮ: ਦਿ ਨੈਕਸਟ ਇੰਡਸਟਰੀਅਲ ਰੈਵੋਲੂਸ਼ਨ ਵਿੱਚ ਇੰਗਲੈਂਡ ਵਿੱਚ ਵਰਤੇ ਜਾਣ ਵਾਲੇ ਕੋਕਾ ਕੋਲਾ ਦੇ ਇਕ ਕੈਨ ਦੀ ਕਹਾਣੀ ਇਸ ਤਰਾਂ ਦਸਦੇ ਹਨ :

'ਕੈਨ ਬਣਾਉਣ ਲਈ ਚਾਹੀਦੀ ਕੱਚੀ ਧਾਤ ਬਾਕਸਾਈਟ ਅਸਟ੍ਰੇਲੀਆ ਵਿੱਚ ਕੱਢੀ ਜਾਂਦੀ ਹੈ। ਫਿਰ ਉੱਥੇ ਹੀ ਇਸ ਨੂੰ ਕੈਮੀਕਲ ਰਿਡਕਸ਼ਨ ਮਿੱਲ ਵਿੱਚ ਭੇਜਿਆ ਜਾਂਦਾ ਹੈ, ਜਿੱਥੇ ਅੱਧੇ ਘੰਟੇ ਦਾ ਸ਼ੁੱਧੀਕਰਨ ਦਾ ਕਾਰਜ ਇਕ ਟਨ ਬਾਕਸਾਈਟ ਨੂੰ ਅੱਧੇ ਟਨ ਅਲਮੀਨੀਅਮ ਆਕਸਾਈਡ ਵਿੱਚ ਤਬਦੀਲ ਕਰ ਦਿੰਦਾ ਹੈ। ਫਿਰ ਇਹ ਅਲਮੀਨੀਅਮ ਆਕਸਾਈਡ ਸਮੁੰਦਰੀ ਜਹਾਜ਼ਾਂ ਵਿੱਚ ਸਵੀਡਨ ਜਾਂ ਨੋਰਵੇਅ ਦੇ ਕਿਸੇ ਸਮੈਲਟਰ (ਕੱਚੀ ਧਾਤ ਨੂੰ ਪਿਘਲਾ ਕੇ ਮਿੱਟੀ ਨਾਲੋਂ ਵੱਖ ਕਰਨ ਵਾਲੀ ਥਾਂ) ਨੂੰ ਭੇਜਿਆ ਜਾਂਦਾ ਹੈ। ਜਹਾਜ਼ਾਂ ਵਿੱਚ ਮਹੀਨੇ ਦੇ ਸਫਰ ਬਾਅਦ ਸਮੈਲਟਰ ਵਿੱਚ ਪੁੱਜਿਆ ਅਲਮੀਨੀਅਮ ਆਕਸਾਈਡ ਦੋ ਮਹੀਨਿਆਂ ਦੇ ਕਰੀਬ ਤੱਕ ਸਮੈਲਟਰ ਵਿੱਚ ਪਿਆ ਰਹਿੰਦਾ ਹੈ ਅਤੇ ਫਿਰ ਸਮੈਲਟਰ ਵਿੱਚ 2 ਘੰਟਿਆਂ ਦਾ ਕਾਰਜ ਅਲਮੀਨੀਅਮ ਆਕਸਾਈਡ ਦੇ ਅੱਧੇ ਟਨ ਨੂੰ ਇਕ ਚੌਥਾਈ ਟਨ ਦੇ ਬਰਾਬਰ ਦੀ ਅਲਮੀਨੀਅਮ ਦੀ ਧਾਤ ਵਿੱਚ ਤਬਦੀਲ ਕਰਦਾ ਹੈ ਅਤੇ ਇਹ ਧਾਤ 10 ਮੀਟਰ ਲੰਬੇ ਡਲਿਆਂ ਦੇ ਰੂਪ ਵਿੱਚ ਹੁੰਦੀ ਹੈ। ਫਿਰ ਅਲਮੀਨੀਅਮ ਦੀ ਧਾਤ ਦੇ ਇਹਨਾਂ ਡਲਿਆਂ ਨੂੰ ਸਮੈਲਟਰ ਵਾਲੀ ਥਾਂ 'ਤੇ ਧਾਤ ਨੂੰ ਸਾਧਣ ਦੇ ਦੋ ਹਫਤਿਆਂ ਦੇ ਲੰਮੇ ਅਮਲ ਰਾਹੀਂ ਸਖਤ ਕੀਤਾ ਜਾਂਦਾ ਹੈ ਅਤੇ ਫਿਰ ਇਸ ਨੂੰ ਸਵੀਡਨ ਜਾਂ ਜਰਮਨੀ ਦੀਆਂ ਰੋਲਰ ਮਿੱਲਾਂ ਨੂੰ ਭੇਜਿਆ ਜਾਂਦਾ ਹੈ। ਉੱਥੇ ਧਾਤ ਦੇ ਇਸ ਇਕੱਲੇ ਇਕੱਲੇ ਡਲੇ ਨੂੰ 900 ਡਿਗਰੀ ਫਾਰਨਹੀਟ ਦੇ ਤਾਪਮਾਨ ਤੱਕ ਗਰਮ ਕਰਕੇ 1/8 ਇੰਚ ਦੀ ਮੋਟਾਈ ਵਾਲੀਆਂ ਸ਼ੀਟਾਂ ਵਿੱਚ ਢਾਲਿਆ ਜਾਂਦਾ ਹੈ। ਫਿਰ ਇਨਾਂ ਸ਼ੀਟਾਂ ਨੂੰ ਇਕ ਵੇਅਰਹਾਊਸ ਵਿੱਚ ਭੇਜਿਆ ਜਾਂਦਾ ਹੈ ਅਤੇ ਉੱਥੋਂ ਇਨਾਂ ਨੂੰ ਉਸ ਹੀ ਦੇਸ਼ ਵਿੱਚ ਜਾਂ ਕਿਸੇ ਹੋਰ ਦੇਸ਼ ਵਿਚਲੀਆਂ ਕੋਲਡ ਰੋਲਿੰਗ ਮਿੱਲਾਂ ਵਿੱਚ ਭੇਜਿਆ ਜਾਂਦਾ ਹੈ। ਇਨਾਂ ਕੋਲਡ ਰੋਲਿੰਗ ਮਿੱਲਾਂ ਵਿੱਚ ਇਹਨਾਂ ਸ਼ੀਟਾਂ ਨੂੰ 10 ਗੁਣਾਂ ਪਤਲੀਆਂ ਸ਼ੀਟਾਂ ਵਿੱਚ ਢਾਲਿਆ ਜਾਂਦਾ ਹੈ। ਹੁਣ ਅਲਮੀਨੀਅਮ ਦੀਆਂ ਇਹ ਸ਼ੀਟਾਂ ਕੈਨ ਬਣਾਉਣ ਲਈ ਤਿਆਰ ਹੋ ਜਾਂਦੀਆਂ ਹਨ। ਫਿਰ ਇਸ ਅਲਮੀਨੀਅਮ ਨੂੰ ਇੰਗਲੈਂਡ ਭੇਜਿਆ ਜਾਂਦਾ ਹੈ ਜਿੱਥੇ ਇਨਾਂ ਸ਼ੀਟਾਂ ਨੂੰ ਕੱਟ ਕੇ ਕੈਨ ਬਣਾਏ ਜਾਂਦੇ ਹਨ। ਫਿਰ ਇਨਾਂ ਕੈਨਾਂ ਨੂੰ ਧੋਇਆ ਜਾਂਦਾ ਹੈ, ਸੁਕਾਇਆ ਜਾਂਦਾ ਹੈ ਅਤੇ ਇਨਾਂ ਨੂੰ ਰੋਗਨ (ਪੇਂਟ) ਦੀ ਮੁਢਲੀ ਤਹਿ ਨਾਲ ਰੰਗਿਆ ਜਾਂਦਾ ਹੈ। ਉਸ ਤੋਂ ਬਾਅਦ ਇਨਾਂ ਨੂੰ ਦੁਬਾਰਾ ਪ੍ਰੋਡਕਟ ਬਾਰੇ ਖਾਸ ਜਾਣਕਾਰੀ ਨਾਲ ਪੇਂਟ ਕੀਤਾ ਜਾਂਦਾ ਹੈ। ਇਸ ਸਮੇਂ ਤੱਕ ਇਨਾਂ ਕੈਨਾਂ 'ਤੇ ਉਪਰਲਾ ਢੱਕਣ ਨਹੀਂ ਲਾਇਆ ਗਿਆ ਹੁੰਦਾ। ਇਸ ਤੋਂ ਅਗਲਾ ਕਦਮ ਕੈਨਾਂ ਨੂੰ ਲਾਖ ਨਾਲ ਪੇਂਟ ਕਰਨਾ, ਉਨਾਂ ਦਾ ਉਭਰਿਆ ਕੰਢਾ ਜਾਂ ਘੇਰਾ ਬਣਾਉਣਾ ਅਤੇ ਕੈਨਾਂ ਦੇ ਅੰਦਰ ਜੰਗਾਲ ਲੱਗਣ ਤੋਂ ਬਚਾਅ ਕਰਨ ਲਈ ਉਨਾਂ ਅੰਦਰ ਸੁਰੱਖਿਅਤ ਪਰਤ (ਕੋਟਿੰਗ) ਦਾ ਸਪਰੇਅ ਕਰਨਾ ਅਤੇ ਉਨਾਂ ਦੀ ਜਾਂਚ ਕਰਨਾ ਹੁੰਦਾ ਹੈ।



ਇਸ ਤੋਂ ਬਾਅਦ ਕੈਨਾਂ ਨੂੰ ਲੋੜ ਪੈਣ ਤੱਕ ਵੇਅਰਹਾਊਸ ਵਿੱਚ ਰੱਖ ਦਿੱਤਾ ਜਾਂਦਾ ਹੈ ਅਤੇ ਲੋੜ ਮੁਤਾਬਕ ਬੋਟਲਿੰਗ ਦੇ ਪਲਾਂਟ ਨੂੰ ਭੇਜਿਆ ਜਾਂਦਾ ਹੈ। ਬੋਟਲਿੰਗ ਪਲਾਂਟ ਵਿੱਚ ਕੈਨਾਂ ਨੂੰ ਇਕ ਵਾਰ ਫਿਰ ਸਾਫ ਕੀਤਾ ਜਾਂਦਾ ਹੈ ਅਤੇ ਧੋਤਾ ਜਾਂਦਾ ਹੈ ਅਤੇ ਸੁਆਦ ਵਾਲੇ ਸ਼ੀਰੇ (ਸਿਰਪ), ਫਾਸਫੋਰਸ, ਕੈਫੀਨ ਅਤੇ ਕਾਰਬਨਡਾਈਔਕਸਾਈਡ ਗੈਸ ਵਾਲੇ ਪਾਣੀ ਨਾਲ ਭਰਿਆ ਜਾਂਦਾ ਹੈ। ਇਸ ਵਿੱਚ ਵਰਤੀ ਜਾਂਦੀ ਖੰਡ ਫਰਾਂਸ ਦੇ ਖੇਤਾਂ ਵਿੱਚ ਉਗਾਏ ਜਾਂਦੇ ਚਕੰਦਰਾਂ ਤੋਂ ਬਣਾਈ ਹੁੰਦੀ ਹੈ ਅਤੇ ਮਿੱਲ ਵਿੱਚ ਸੋਧਣ ਤੋਂ ਬਾਅਦ ਟਰੱਕਾਂ ਰਾਹੀਂ ਇੰਗਲੈਂਡ ਪੁੱਜੀ ਹੁੰਦੀ ਹੈ। ਇਸ ਵਿੱਚ ਵਰਤੀ ਜਾਂਦੀ ਫਾਸਫੋਰਸ ਅਮਰੀਕਾ ਦੇ ਸੂਬੇ ਇਡਾਹੋ ਵਿੱਚ ਓਪਨ ਪਿੱਟ ਖਾਣਾਂ ਵਿੱਚੋਂ ਕੱਢੀ ਜਾਂਦੀ ਹੈ। ਖਾਣਾਂ ਵਿੱਚੋਂ ਫਾਸਫੋਰਸ ਕੱਢਣ ਦੇ ਇਸ ਅਮਲ ਦੌਰਾਨ ਕੈਡਮੀਅਮ ਅਤੇ ਰੇਡੀ ਓ ਐਕਟਿਵ ਥੋਰੀਅਮ ਵਰਗੇ ਜ਼ਹਿਰੀਲੇ ਪਦਾਰਥ ਵੀ ਧਰਤੀ ਤੋਂ ਬਾਹਰ ਆਉਂਦੇ ਹਨ। ਫਾਸਫੇਟ ਨੂੰ ਖਾਣੇ ਦੀ ਕੁਆਲਟੀ ਦੀ ਪੱਧਰ (ਫੂਡ ਗ੍ਰੇਡ ਕੁਆਲਟੀ) ਵਿੱਚ ਤਬਦੀਲ ਕਰਨ ਲਈ ਇਹ ਮਾਈਨਿੰਗ ਕੰਪਨੀ 24 ਘੰਟਿਆਂ ਦੇ ਦੌਰਾਨ ਉਨੀ ਬਿਜਲੀ ਦੀ ਵਰਤੋਂ ਕਰਦੀ ਹੈ, ਜਿੰਨੀ ਬਿਜਲੀ 1 ਲੱਖ ਲੋਕਾਂ ਦੀ ਵਸੋਂ ਵਾਲਾ ਸ਼ਹਿਰ 24 ਘੰਟਿਆਂ ਵਿੱਚ ਵਰਤਦਾ ਹੈ। ਇੰਗਲੈਂਡ ਵਿੱਚ ਸ਼ੀਰੇ ਦੇ ਉਤਪਾਦਕ ਨੂੰ ਕੈਫੀਨ ਰਸਾਇਣਕ ਪਦਾਰਥ ਪੈਦਾ ਕਰਨ ਵਾਲੇ ਉਤਪਾਦਨ ਵੱਲੋਂ ਭੇਜੀ ਜਾਂਦੀ ਹੈ।

ਹੁਣ ਕੋਕਾ ਕੋਲਾ ਨਾਲ ਭਰੇ ਕੈਨਾਂ 'ਤੇ 1500 ਕੈਨ ਪ੍ਰਤੀ ਮਿੰਟ ਦੇ ਹਿਸਾਬ ਨਾਲ ਢੱਕਣ ਲਾਏ ਜਾਂਦੇ ਹਨ। ਫਿਰ ਇਨਾਂ ਕੈਨਾਂ ਨੂੰ ਗੱਤੇ ਦੇ ਡੱਬਿਆਂ (ਕਾਰਟਨਾਂ) ਵਿੱਚ ਪੈਕ ਕੀਤਾ ਜਾਂਦਾ ਹੈ। ਇਨਾਂ ਡੱਬਿਆਂ 'ਤੇ ਮੈਚ ਕਰਦੇ ਰੰਗਾਂ ਵਿੱਚ ਪ੍ਰਚਾਰ ਦੀ ਸਮੱਗਰੀ ਛਾਪੀ ਗਈ ਹੁੰਦੀ ਹੈ। ਗੱਤੇ ਦੇ ਡੱਬੇ ਜਿਸ ਗੁੱਦੇ (ਪਲਪ) ਤੋਂ ਬਣਾਏ ਜਾਂਦੇ ਹਨ, ਉਹ ਗੁੱਦਾ ਸਵੀਡਨ ਜਾਂ ਸਾਈਬੇਰੀਆ ਜਾਂ ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਜੰਗਲਾਂ ਵਿੱਚੋਂ ਵੱਢੇ ਦਰੱਖਤਾਂ ਤੋਂ ਤਿਆਰ ਕੀਤਾ ਗਿਆ ਹੋ ਸਕਦਾ ਹੈ। ਇੱਥੋਂ ਇਹ ਕੈਨ ਕਿਸੇ ਸਥਾਨਕ ਵੇਅਰਹਾਊਸ ਵਿੱਚ ਭੇਜੇ ਜਾਂਦੇ ਹਨ, ਅਤੇ ਵੇਅਰਹਾਊਸ ਤੋਂ ਸਥਾਨਕ ਸੁਪਰਮਾਰਕੀਟ ਵਿੱਚ। ਆਮ ਤੌਰ 'ਤੇ ਸੁਪਰਮਾਰਕੀਟ ਵਿੱਚ ਪੁੱਜਣ ਤੋਂ ਬਾਅਦ ਇਕ ਕੈਨ ਤਿੰਨ ਦਿਨਾਂ ਦੇ ਵਿੱਚ ਵਿੱਚ ਵਿਕ ਜਾਂਦਾ ਹੈ। ਇਕ ਖਪਤਕਾਰ ਫਾਸਫੇਟ, ਕੈਫੀਨ ਅਤੇ ਕੈਰਾਮਲ ਦੇ ਸੁਆਦ ਵਾਲੇ ਮਿੱਠੇ ਪਾਣੀ ਦਾ 12 ਔਂਸਾਂ ਦਾ ਕੈਨ ਖ੍ਰੀਦਦਾ ਹੈ। ਇਸ ਕੈਨ ਵਿਚਲੇ ਕੋਕਾ ਕੋਲਾ ਨੂੰ ਪੀਣ ਨੂੰ ਕੁੱਝ ਮਿੰਟ ਲਗਦੇ ਹਨ ਅਤੇ ਕੈਨ ਸੁੱਟਣ ਨੂੰ ਕੁੱਝ ਸਕਿੰਟ। ਇੰਗਲੈਂਡ ਵਿੱਚ ਖਪਤਕਾਰ ਕੁੱਲ ਕੈਨਾਂ ਦੇ 84 ਫੀਸਦੀ ਕੈਨਾਂ ਨੂੰ ਸੁੱਟ ਦਿੰਦੇ ਹਨ, ਜਿਸ ਦਾ ਭਾਵ ਹੈ ਕਿ ਉਤਪਾਦਨ ਦੌਰਾਨ ਹੋਣ ਵਾਲੇ ਨੁਕਸਾਨ ਨੂੰ ਕੱਢ ਕੇ ਅਲਮੀਨੀਅਮ ਨੂੰ ਕੂੜੇ 'ਤੇ ਸੁੱਟਣ ਦੀ ਦਰ 88 ਫੀਸਦੀ ਦੇ ਕਰੀਬ ਬਣਦੀ ਹੈ।'

ਇਸ ਤਰਾਂ ਅਸੀਂ ਦੇਖਿਆ ਹੈ ਕਿ ਕੋਕਾ ਕੋਲਾ ਦੇ ਕੈਨ ਬਣਾਉਣ ਦਾ ਕਾਰਜ ਕੋਕਾ ਕੋਲਾ ਬਣਾਉਣ ਦੇ ਮੁਕਾਬਲੇ ਜਿਆਦਾ ਗੁੰਝਲਦਾਰ ਹੈ। ਬੇਸ਼ੱਕ ਕਾਫੀ ਵੱਡੀ ਗਿਣਤੀ ਵਿੱਚ ਕੋਕਾ ਕੋਲਾ ਦੇ ਕੈਨ ਰੀਸਾਈਕਲ ਕੀਤੇ ਜਾਂਦੇ ਹਨ, ਫਿਰ ਵੀ ਕੋਕਾ ਕੋਲਾ ਦੇ ਬਹੁਤ ਸਾਰੇ ਕੈਨ ਇਕ ਵਾਰ ਵਰਤ ਕੇ ਸੁੱਟ ਦਿੱਤੇ ਜਾਂਦੇ ਹਨ। ਅਰਥਵਰਕਸ ਅਤੇ ਔਕਸਫੈਮ ਅਮਰੀਕਾ ਵਲੋਂ ਛਪੀ ਡਰਟੀ ਮੈਟਲਜ਼: ਮਾਈਨਿੰਗ, ਕਮਿਊਨਟੀਜ਼ ਐਂਡ ਦਿ ਇਨਵਾਇਰਮੈਂਟ ਨਾਮੀ ਰਿਪੋਰਟ ਅਨੁਸਾਰ 1990ਵਿਆਂ ਵਿੱਚ ਅਮਰੀਕਾ ਵਿੱਚ 70 ਲੱਖ (7 ਮਿਲੀਅਨ) ਟਨ ਦੇ ਭਾਰ ਦੇ ਬਰਾਬਰ ਦੇ ਕੈਨ ਕੂੜੇ 'ਤੇ ਸੁੱਟ ਦਿੱਤੇ ਗਏ ਸਨ। ਇੰਨੀ ਮਾਤਰਾ ਵਿੱਚ ਕੂੜੇ ਦੇ ਢੇਰ 'ਤੇ ਸੁੱਟੇ ਗਏ ਅਲਮੀਨੀਅਮ ਨਾਲ 3 ਲੱਖ 16 ਹਜ਼ਾਰ ਬੋਇੰਗ-737 ਜਹਾਜ਼ ਬਣਾਏ ਜਾ ਸਕਦੇ ਸਨ।

ਜੇ ਅਸੀਂ ਆਪਣੇ ਵੱਲੋਂ ਵਰਤੀ ਜਾਂਦੀ ਹਰ ਵਸਤ ਦੇ ਉਤਪਾਦਨ ਨੂੰ ਇਸ ਵਿਸਤ੍ਰਿਤ ਢੰਗ ਨਾਲ ਦੇਖੀਏ ਤਾਂ ਸਾਨੂੰ ਪਤਾ ਲੱਗੇਗਾ ਕਿ ਹਰ ਵਸਤ ਦੇ ਉਤਪਾਦਨ ਦੌਰਾਨ ਕਿੰਨਾ ਜਿਆਦਾ ਕੂੜਾ ਪੈਦਾ ਹੁੰਦਾ ਹੈ। ਨੈਚੁਰਲ ਕੈਪੀਟਲਿਜ਼ਮ: ਦਿ ਨੈਕਸਟ ਇੰਡਸਟਰੀਅਲ ਰੈਵੋਲੂਸ਼ਨ ਨਾਂ ਦੀ ਕਿਤਾਬ ਅਨੁਸਾਰ ਇਕ ਸੈਮੀਕੰਡਕਟਰ ਨੂੰ ਬਣਾਉਣ ਮਗਰ ਪੈਦਾ ਹੋਣ ਵਾਲਾ ਕੂੜਾ ਉਸ ਦੇ ਭਾਰ ਤੋਂ 1 ਲੱਖ ਗੁਣਾਂ ਜ਼ਿਆਦਾ ਹੁੰਦਾ ਹੈ; ਇਕ ਲੈਪਟੋਪ ਕੰਪਿਊਟਰ ਬਣਾਉਣ ਮਗਰ ਪੈਦਾ ਹੋਣ ਵਾਲਾ ਕੂੜਾ ਇਸ ਦੇ ਭਾਰ ਤੋਂ 4000 ਗੁਣਾ ਜ਼ਿਆਦਾ ਹੁੰਦਾ ਹੈ।

ਯੂਨਾਈਟਿਡ ਨੇਸ਼ਨਜ਼ ਨਾਲ ਸੰਬੰਧਿਤ ਫੂਡ ਐਂਡ ਐਗਰੀਕਲਚਰ ਸੰਸਥਾ ਦੀ 2011 ਵਿੱਚ ਛਪੀ ਗਲੋਬਲ ਫੂਡ ਲੌਸਜ਼ ਐਂਡ ਫੂਡ ਵੇਸਟ ਅਤੇ ਗਾਰਡੀਅਨ ਵਿੱਚ ਅਗਸਤ 2015 ਵਿੱਚ ਛਪੀ ਪ੍ਰੋਡਿਊਸਡ ਵਟ ਨੈਵਰ ਈਟਨ: ਏ ਵਿਜ਼ੂਅਲ ਗਾਈਡ ਟੂ ਫੂਡ ਵੇਸਟ ਨਾਂ ਦੀਆਂ ਰਿਪੋਰਟਾਂ ਅਨੁਸਾਰ ਵਿਸ਼ਵ ਪੱਧਰ 'ਤੇ ਪੈਦਾ ਕੀਤੇ ਜਾਣ ਵਾਲੇ ਖਾਣੇ ਵਿੱਚੋਂ ਹਰ ਸਾਲ ਇਕ ਤਿਹਾਈ ਖਾਣਾ ਅੰਞਾਈ ਨਸ਼ਟ ਹੁੰਦਾ ਹੈ, ਜਿਸ ਦੀ ਕੁੱਲ ਮਾਤਰਾ 1.3 ਅਰਬ (ਬਿਲੀਅਨ) ਟਨ ਦੇ ਬਰਾਬਰ ਬਣਦੀ ਹੈ। ਇਸ ਵਿੱਚ ਸਾਰੇ ਫਲਾਂ ਅਤੇ ਸਬਜ਼ੀਆਂ ਦਾ 45% ਦੇ ਕਰੀਬ ਹਿੱਸਾ, ਮੱਛੀ ਅਤੇ ਸਮੁੰਦਰ 'ਚੋਂ ਪ੍ਰਾਪਤ ਹੋਣ ਵਾਲੇ ਹੋਰ ਖਾਣਿਆਂ ਦਾ 35% ਹਿੱਸਾ, ਅਨਾਜ ਦਾ 30% ਹਿੱਸਾ, ਡੇਅਰੀ ਉਤਪਾਦਾਂ ਦਾ 20% ਹਿੱਸਾ ਅਤੇ ਮੀਟ ਦਾ 30% ਹਿੱਸਾ ਸ਼ਾਮਲ ਹੈ। ਜੇ ਪ੍ਰਤੀ ਵਿਅਕਤੀ ਮਗਰ ਖਾਣਾ ਨਸ਼ਟ ਕਰਨ ਦੀ ਦਰ ਨੂੰ ਦੇਖਿਆ ਜਾਵੇ ਤਾਂ ਗਰੀਬ ਵਿਕਾਸਸ਼ੀਲ ਦੇਸ਼ਾਂ ਦੇ ਮੁਕਾਬਲੇ ਸਨਅਤੀ ਅਮੀਰ ਦੇਸ਼ਾਂ ਵਿੱਚ ਪ੍ਰਤੀ ਵਿਅਕਤੀ ਜ਼ਿਆਦਾ ਖਾਣਾ ਨਸ਼ਟ ਹੁੰਦਾ ਹੈ। ਗਲੋਬਲ ਫੂਡ ਲੌਸਜ਼ ਐਂਡ ਫੂਡ ਵੇਸਟ ਨਾਮੀ ਉਪ੍ਰੋਕਤ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਯੂਰਪ ਅਤੇ ਉੱਤਰੀ ਅਮਰੀਕਾ ਵਿੱਚ ਹਰ ਸਾਲ ਇਕ ਵਿਅਕਤੀ ਮਗਰ 95-115 ਕਿਲੋਗ੍ਰਾਮ ਖਾਣਾ ਅੰਞਾਈ ਨਸ਼ਟ ਹੁੰਦਾ ਹੈ, ਜਦੋਂ ਕਿ ਸਬ-ਸਹਾਰਾ ਅਫਰੀਕਾ ਅਤੇ ਦੱਖਣੀ ਏਸ਼ੀਆ/ਦੱਖਣੀ ਪੂਰਬੀ ਏਸ਼ੀਆ ਵਿੱਚ ਇਕ ਵਿਅਕਤੀ ਮਗਰ ਅੰਞਾਈ ਖਾਣਾ ਨਸ਼ਟ ਹੋਣ ਦੀ ਮਾਤਰਾ 6-11 ਕਿਲੋਗ੍ਰਾਮ ਪ੍ਰਤੀ ਸਾਲ ਹੈ। ਇਸ ਦਾ ਭਾਵ ਇਹ ਹੋਇਆ ਕਿ ਜਿਹਨਾਂ ਦੇਸ਼ਾਂ ਵਿੱਚ ਪੂੰਜੀਵਾਦ ਦਾ ਵੱਧ ਵਿਕਾਸ ਹੋਇਆ ਹੈ ਉੱਥੇ ਪ੍ਰਤੀ ਵਿਅਕਤੀ ਮਗਰ ਖਾਣਾ ਅੰਞਾਈ ਨਸ਼ਟ ਹੋਣ ਦੀ ਮਾਤਰਾ ਜ਼ਿਆਦਾ ਹੈ ਅਤੇ ਜਿਨਾਂ ਦੇਸ਼ਾਂ ਵਿੱਚ ਪੂੰਜੀਵਾਦ ਦਾ ਘੱਟ ਵਿਕਾਸ ਹੋਇਆ ਹੈ ਉੱਥੇ ਖਾਣਾ ਅੰਞਾਈ ਨਸ਼ਟ ਹੋਣ ਦੀ ਮਾਤਰਾ ਘੱਟ ਹੈ। ਵੱਧ ਵਿਕਸਤ ਦੇਸ਼ਾਂ ਵਿੱਚ ਅੰਞਾਈ ਹੁੰਦੇ ਖਾਣੇ ਦੀ ਮਾਤਰਾ ਨੂੰ ਸਮਝਣ ਲਈ ਅਮਰੀਕਾ, ਕੈਨੇਡਾ, ਯੂ.ਕੇ. ਅਤੇ ਯੂਰਪੀਨ ਯੂਨੀਅਨ ਵਿੱਚ ਖਾਣਾ ਅੰਞਾਈ ਨਸ਼ਟ ਹੋਣ ਦੇ ਕੁੱਝ ਅੰਕੜੇ ਪੇਸ਼ ਹਨ:

- ਵੱਖ ਵੱਖ ਰਿਪੋਰਟਾਂ ਅਨੁਸਾਰ, ਅਮਰੀਕਾ ਵਿੱਚ ਹਰ ਸਾਲ 4 ਕ੍ਰੋੜ (40 ਮਿਲੀਅਨ) ਟਨ ਖਾਣਾ ਨਸ਼ਟ ਹੁੰਦਾ ਹੈ। ਇਹ ਮਾਤਰਾ ਅਮਰੀਕਾ ਵਿੱਚ ਖਾਣੇ ਦੀ ਕੁੱਲ ਸਪਲਾਈ ਦੇ 30%-40% ਦੇ ਬਰਾਬਰ ਬਣਦੀ ਹੈ ਅਤੇ ਇਸ ਖਾਣੇ ਦੀ ਕੀਮਤ 218 ਅਰਬ (ਬਿਲੀਅਨ) ਡਾਲਰ ਦੇ ਕਰੀਬ ਹੈ।

-ਕੈਨੇਡੀਅਨ ਬ੍ਰਾਡਕਾਸਟਿੰਗ ਕਾਰਪੋਰੇਸ਼ਨ (ਸੀ ਬੀ ਸੀ) ਦੇ ਸਾਈਟ 'ਤੇ 17 ਜਨਵਰੀ 2019 ਨੂੰ ਛਪੀ ਇਕ ਰਿਪੋਰਟ ਵਿੱਚ ਲਿਖਿਆ ਹੈ ਕਿ ਕੈਨੇਡਾ ਵਿੱਚ ਪੈਦਾ ਹੁੰਦੇ ਸਾਰੇ ਖਾਣੇ ਦਾ 58% ਹਿੱਸਾ ਅੰਞਾਈ ਨਸ਼ਟ ਹੁੰਦਾ ਹੈ ਜਿਸ ਦੀ ਮਾਤਰਾ 3.55 ਕਰੋੜ ਟਨ ਅਤੇ ਕੀਮਤ 49 ਅਰਬ (ਬਿਲੀਅਨ) ਡਾਲਰ ਦੇ ਬਰਾਬਰ ਬਣਦੀ ਹੈ। ਨਸ਼ਟ ਹੋਣ ਵਾਲੇ ਇਸ ਖਾਣੇ ਨਾਲ ਕੈਨੇਡਾ ਦੇ ਹਰ ਨਾਗਰਿਕ ਨੂੰ 5 ਮਹੀਨਿਆਂ ਤੱਕ ਖਾਣਾ ਖਿਲਾਇਆ ਜਾ ਸਕਦਾ ਹੈ।

-ਪ੍ਰੋਡਿਊਸਡ ਵਟ ਨੈਵਰ ਈਟਨ... ਨਾਂ ਦੀ ਉਪ੍ਰੋਕਤ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਯੂ ਕੇ ਵਿੱਚ ਹਰ ਸਾਲ 1 ਕਰੋੜ 50 ਲੱਖ (15 ਮਿਲੀਅਨ) ਟਨ ਖਾਣਾ ਅੰਞਾਈ ਨਸ਼ਟ ਹੁੰਦਾ ਹੈ। ਬਰਤਾਨੀਆ ਦੇ ਕੂੜੇਦਾਨਾਂ ਵਿੱਚ ਸੁੱਟੇ ਗਏ ਖਾਣਿਆਂ ਵਿੱਚ ਆਮ ਤੌਰ 'ਤੇ ਪਾਏ ਜਾਣ ਵਾਲੇ ਖਾਣਿਆਂ ਵਿੱਚ ਸ਼ਾਮਲ ਹਨ : ਡਬਲਰੋਟੀ (ਬ੍ਰੈੱਡ), ਸਬਜ਼ੀਆਂ, ਫਲ ਅਤੇ ਦੁੱਧ। ਉਦਾਹਰਨ ਲਈ ਯੂ ਕੇ ਵਿੱਚ 25.5% ਫੀਸਦੀ ਖਰਬੂਜ਼ੇ-ਖਖੜੀਆਂ (ਮੈਲਨ), 22.4% ਡਬਲਰੋਟੀ ਅਤੇ 38.7% ਲੈਟਸ ਅੰਞਾਈ ਸੁੱਟ ਦਿੱਤੇ ਜਾਂਦੇ ਹਨ।

(ਚਲਦਾ...)

# ਯਾਦਾਂ ਦੇ ਝਰੋਖੇ 'ਚ ਰੌਣਕੀ ਬੰਦੇ

ਭਾਗ 2

**ਹਰਵਿੰਦਰ ਸਿੰਘ ਭੱਟੋਂ**

ਸਾਡੇ ਅਜ਼ੀਜ਼ ਮਿੱਤਰ ਪੰਮੇ ਬਾਈ ਤੇ ਹਰਵੀਰ ਦੀ ਦੋ ਜੁਲਾਈ ਨੂੰ ਬਰਸੀ ਹੁੰਦੀ ਹੈ ਦੋਨਾਂ ਵੀਰਾਂ ਨੂੰ ਵਿਛੜਿਆਂ ਨੂੰ ਕਈ ਸਾਲ ਹੋ ਗਏ ਨੇ। ਦੋਵੇਂ ਅੱਜ ਵੀ ਸਾਡੇ ਚੇਤਿਆਂ ਵਿੱਚ ਜਿਉਂਦੇ ਨੇ, ਉਨਾਂ ਦੋਵਾਂ ਦੀਆਂ ਗੱਲਾਂ ਤੇ ਮਸਤ ਫ਼ੱਕਰ ਸੁਭਾ ਸਦਾ ਹੀ ਯਾਦ ਆਉਂਦਾ। ਸੋਚਿਆ ਪੰਮੇ ਬਾਈ ਦੀ ਇੱਕ ਯਾਦ ਤੁਹਾਡੇ ਨਾਲ ਸਾਂਝੀ ਕਰਾਂ।

ਸਰਦੀ ਦੇ ਦਿਨ ਸਨ, ਸ਼ਾਮ ਦੇ ਸੱਤ-ਅੱਠ ਵਜੇ ਦਾ ਸਮਾਂ ਸੀ ..ਪੰਮਾ ਬਾਈ ਤੇ ਸਾਡਾ ਇੱਕ ਹੋਰ ਵੱਡਾ ਵੀਰ ਜਿਹੜਾ ਯੂਨੀਵਰਸਿਟੀ ਵਿੱਚ ਵਿਦਿਆਰਥੀ ਆਗੂ ਸੀ 'ਸੰਘਾ ਬਾਈ' ਬਾਹਰੋਂ ਚੰਡੀਗੜ ਵਿੱਚੋਂ ਯੂਨੀਵਰਸਿਟੀ ਨੂੰ ਆ ਰਹੇ ਸੀ, ਪੰਮੇ ਬਾਈ ਦੀ ਚਿੱਟੀ ਕੰਟੈਂਸਾ ਕਾਰ ਵਿੱਚ। ਯੂਨੀਵਰਸਿਟੀ ਦੇ ਗੇਟ ਉੱਤੇ ਪੁਲਿਸ ਦਾ ਨਾਕਾ ਲੱਗਿਆ ਹੋਇਆ ਸੀ ਹਰ ਕਾਰ ਦੀ ਚੰਗੀ ਤਰਾਂ ਤਲਾਸ਼ੀ ਲੈ ਕੇ ਅੰਦਰ ਜਾਣ ਦਿੰਦੇ ਸਨ।

ਸੰਘਾ ਬਾਈ ਕਹਿੰਦਾ ਕਿ ਮੈਂ ਪੰਮੇ ਨੂੰ ਪੁੱਛਿਆ ਕੇ ਪੰਮੇ ਆਪਣੀ ਕਾਰ ਵਿੱਚ ਕੋਈ 'ਸਮਾਨ' ਤਾਂ ਨਹੀਂ, ਤਾਂ ਪੰਮਾ ਕਹਿੰਦਾ ਨਾ ਬਾਈ ਕੁਝ ਵੀ ਨਹੀਂ ਹੈਗਾ।

ਜਦੋਂ ਪੁਲਿਸ ਕਾਰ ਦੀ ਤਲਾਸ਼ੀ ਲੈਣ ਲੱਗੀ ਤਾਂ ਕਾਰ ਦੀ ਡਿੱਗੀ ਵਿੱਚੋਂ ਇੱਕ ਪੁਰਾਣੀ ਜਿਹੀ ਕਿਰਪਾਨ ਨਿਕਲ ਆਈ।ਮੈਂ ਕਿਹਾ ਪੰਮਿਆ ਆਹ ਤਾਂ ਐਵੇਂ ਹੀ ਫਸ ਗਏ ਯਾਰ।

ਪੁਲਿਸ ਵਾਲਿਆਂ ਰੌਲਾ ਪਾ ਲਿਆ ਕਿ ਉੱਤਰੋ ਥੱਲੇ ..ਇਹ ਕਿਉਂ ਰੱਖੀ ਹੈ.. ਪੰਮਾ ਕਹਿੰਦਾ ਜੀ ਇਹ ਤਾਂ ਕੁੱਤੇ ਬਿੱਲੇ ਦੇ ਡਰ ਕਰਕੇ ਰੱਖੀ ਹੈ। ਕੋਲ ਖੜਾ ਹਰਿਆਣਵੀ ਠਾਣੇਦਾਰ ਕਹਿੰਦਾ.. ਮਾਰੀ ਬੀਸ ਸਾਲ ਕੀ ਨੌਕਰੀ ਹੋਗੀ, ਮੰਨੇ ਤਾਂ ਚੰਡੀਗੜ ਮੇਂ ਕੋਈ ਕੁੱਤਾ ਬਿੱਲਾ ਦਿਖਾ ਨਾ, ਧਾਰੇ ਕੋ ਕਾਰ ਮੇ ਬੈਠੇ ਕੋ ਕੌਨ ਕੁੱਤਾ ਬਿੱਲਾ ਫੜੇ।

ਸੰਘਾ ਬਾਈ ਕਹਿੰਦਾ ਪੁਲਿਸ ਸਾਨੂੰ ਗਿਆਰਾਂ ਸੈਕਟਰ ਵਾਲੇ ਥਾਣੇ ਲੈ ਗਈ ਹਵਾਲਾਤ ਵਿੱਚ ਬੰਦ ਕਰ ਦਿੱਤਾ। ਜਿਸ ਹਵਾਲਾਤ ਵਿੱਚ ਸਾਨੂੰ ਬੰਦ ਕੀਤਾ ਉਸ ਵਿੱਚ ਚਾਰ ਬੰਦੇ ਹੋਰ ਬੰਦ ਸਨ। ਸਰਦੀ ਦਾ ਮੌਸਮ ਕਰਕੇ ਸਾਨੂੰ ਕੰਬਲ ਜਿਹੇ ਦੇ ਦਿੱਤੇ। ਸੰਘਾ ਬਾਈ ਕਹਿੰਦਾ, ਮੇਰਾ ਕੰਬਲ ਲੈਣ ਨੂੰ ਤਾਂ ਦਿਲ ਨਹੀਂ ਕੀਤਾ, ਮੈਂ ਪੈਰਾਂ 'ਤੇ ਕੰਬਲ ਲੈ ਕੇ ਪੈ ਗਿਆ ਕਿ ਚਲੋ ਹੁਣ ਤਾਂ ਸਵੇਰੇ ਜਮਾਨਤ ਹੋਵੇਗੀ।

ਪਰ ਪੰਮੇ ਤੋਂ ਕਿੱਥੇ ਟਿਕ ਕੇ ਬਹਿ ਹੁੰਦਾ, ਪੰਮੇ ਨੇ ਬਾਕੀ ਚਾਰੇ ਬੰਦਿਆਂ ਨਾਲ ਗੱਲਬਾਤ ਸ਼ੁਰੂ ਕਰ ਲਈ। ਉਨਾਂ ਵਿੱਚੋਂ ਇੱਕ ਬੰਦਾ ਇੱਕ ਖੂੰਜੇ ਬੈਠਾ ਸੀ, ਬਾਕੀ ਤਿੰਨੇ ਦੂਜੇ ਖੂੰਜੇ ਬੈਠੇ ਸੀ। ਪੰਮਾ ਕਹਿੰਦਾ ਤੁਸੀਂ ਕਿਵੇਂ ਅੰਦਰ ਆਏ ..ਤਾਂ ਜਿਹੜੇ ਤਿੰਨ ਜਣੇ ਸੀ ਉਨਾਂ ਵਿੱਚੋਂ ਇੱਕ ਨੇ ਦੱਸਿਆ ਕਿ ਉਹ ਜਿਹੜਾ ਸਾਹਮਣੇ ਬੈਠਾ ਸਾਡਾ ਜਵਾਈ ਆ ..ਅਸੀਂ ਦੋ ਜਣੇ ਇਹਦੇ ਸਾਲੇ ਹਾਂ, ਇੱਕ ਸਾਡਾ ਬਾਪੂ ਹੈ। ਪੰਮਾ ਕਹਿੰਦਾ ਯਾਰ ਫ਼ੇਰ ਰੌਲਾ ਕੀ ਹੈ ? ਤਾਂ ਉਨਾਂ ਦੱਸਿਆ ਕਿ ਇਹਨੇ ਸਾਡੇ ਜਵਾਈ ਨੇ ਸਾਡੀ ਕੁੜੀ ਨੂੰ ਲੜ ਕੇ ਸਾਡੇ ਕੋਲ ਪੇਕੇ ਤੋਰ ਦਿੱਤਾ..ਹੁਣ



ਕਲਮਾਂ ਦੇ ਜਜ਼ਬਾਤ

ਸ਼ਰਾਬ ਪੀ ਕੇ ਧੱਕੇ ਨਾਲ ਆ ਕੇ ਲੈ ਕੇ ਜਾਂਦਾ ਸੀ। ਸਾਡੀ ਕੁੜੀ ਤੇ ਜਵਾਕਾਂ ਦੀ ਸਾਡੀ ਲੜਾਈ ਹੋ ਗਈ, ਮੌਕੇ 'ਤੇ ਪੁਲਿਸ ਆ ਗਈ। ਪੁਲਿਸ ਨੇ ਸਾਨੂੰ ਦੋਨਾਂ ਧਿਰਾਂ ਨੂੰ ਅੰਦਰ ਕਰ ਦਿੱਤਾ।

ਸੰਘਾ ਬਾਈ ਕਹਿੰਦਾ ਫੇਰ ਆਪਣੇ ਪੰਮੇ ਨੇ ਦੋਨਾਂ ਧਿਰਾਂ ਵਿੱਚ ਸੁਲਾਹ ਸਫ਼ਾਈ ਮੁਹਿੰਮ ਸ਼ੁਰੂ ਕਰ ਦਿੱਤੀ।

ਕਦੇ ਪੰਮਾ ਉੱਠ ਕੇ ਜਿਹੜਾ ਜਵਾਈ ਸੀ ਉਹਦੇ ਕੰਬਲ ਵਿੱਚ ਬੈਠ ਜਾਇਆ ਕਰੇ ਉਹਨੂੰ ਮਿੱਠੀਆਂ-ਮਿੱਠੀਆਂ ਪੋਲੀਆਂ ਪੋਲੀਆਂ ਗੱਲਾਂ ਮਾਰ ਕੇ ਠੰਢਾ ਕਰਨ ਲੱਗ ਜਾਇਆ ਕਰੇ, ਕਦੇ ਉੱਠ ਕੇ ਦੂਜੇ ਖੂੰਜੇ ਬੈਠੇ ਸਹੁਰੇ ਪੱਖ ਵਾਲਿਆਂ ਕੋਲ ਚਲਾ ਜਾਇਆ ਕਰੇ। ਉਨਾਂ ਨੂੰ ਟਿਕਾਈ ਜਾਇਆ ਕਰੇ।

ਸੰਘਾ ਬਾਈ ਕਹਿੰਦਾ, ਮੈਂ ਦੇਖੀ ਜਾਵਾਂ..ਇਹ ਕਰੀ ਕੀ ਜਾਂਦਾ..ਰਾਤ ਨੂੰ ਬਾਰਾਂ ਕੁ ਵਜੇ ਮੇਰੀ ਅੱਖ ਲੱਗ ਗਈ, ਪਰ ਪੰਮੇ ਦੀ ਸੁਲਾਹ ਸਫ਼ਾਈ ਵਾਲੀ ਮੁਹਿੰਮ ਲਗਾਤਾਰ ਜਾਰੀ ਸੀ।

ਸੰਘਾ ਬਾਈ ਕਹਿੰਦਾ ਜਦੋਂ ਮੈਂ ਸਵੇਰੇ ਪੰਜ ਕੁ ਵਜੇ ਉੱਠਿਆ ਤਾਂ ਮੈਂ ਦੇਖ ਕੇ ਹੈਰਾਨ ਰਹਿ ਗਿਆ ਕਿ ਪੰਮਾ ਸਾਰਿਆਂ ਨੂੰ ਇਕੱਠੇ ਇੱਕ ਕੰਬਲ ਵਿੱਚ ਲਈ ਬੈਠਾ ਸੀ.. ਸਾਰੇ ਖੁਸ਼ੀ ਖੁਸ਼ੀ ਗੱਲਾਂ ਮਾਰ ਰਹੇ ਸੀ।

ਮੈਂ ਕਿਹਾ ਪੰਮਿਆ ਕਰਾ ਹੀ ਦਿੱਤੀ ਸੁਲਾਹ ਫੇਰ ਬਾਈਆਂ ਦੀ .. ਕਹਿੰਦਾ ਹਾਂ ਬਾਈ ਸਵੇਰੇ ਚਾਰ ਕੁ ਵਜੇ ਜਾਣੀ ਮੋਰਚਾ ਫਤਿਹ ਹੋ ਗਿਆ ਸੀ, ਮਲਕੇ ਹੁਣ ਆਹ ਬਾਈ ਜਿਹੜਾ ਜਵਾਈ ਆ ਬੱਸ ਇੱਥੋਂ ਜਾਣ ਸਾਰ ਕੁੜੀ ਤੇ ਜਵਾਕਾਂ ਨੂੰ ਘਰ ਲੈ ਜਾਊ ਤੇ ਰੌਲਾ ਖਤਮ।

ਪੰਮੇ ਦੀ ਮੌਤ ਤੋਂ ਬਾਅਦ ਇਕ ਵਾਰ ਜਦੋਂ ਸੰਘਾ ਬਾਈ ਕੈਨੇਡਾ ਤੋਂ ਮਿਲਣ ਆਇਆ ਤਾਂ ਉਸਨੇ ਮੈਨੂੰ ਇਹ ਘਟਨਾ ਸੁਣਾਈ, ਸੰਘੇ ਬਾਈ ਦੇ ਹੱਸਦੇ ਹੱਸਦੇ ਦੇ ਅੱਖਾਂ ਵਿੱਚ ਪਾਣੀ ਵੀ ਆ ਗਿਆ, ਕਹਿੰਦਾ ਯਾਰ ਕਿੰਨੇ ਰੰਗਲੇ ਯਾਰ ਤੁਰ ਗਏ ਆਪਣੇ।

'ਸਜਣ ਮੇਰੇ ਰੰਗੁਲੇ ਜਾਇ ਸੁੱਤੇ ਜੀਰਾਣਿ॥'

# ਖੇਡ ਸੰਸਥਾਵਾਂ ਸਰਕਾਰ ਪ੍ਰਤੀ ਜਵਾਬਦੇਹ ਕਿਵੇਂ ਹੋਣ ?

**ਪ੍ਰੋਫੈਸਰ ਪਰਮਜੀਤ ਸਿੰਘ**

ਖੇਡ ਸੰਸਾਰ

ਜੇ ਭਾਰਤ ਖੇਡਾਂ ਦੀ ਦੁਨੀਆ ਵਿਚ ਨਵੇਂ ਕੀਰਤੀਮਾਨ ਸਥਾਪਤ ਕਰਨਾ ਚਾਹੁੰਦੈ, ਉਲੰਪਿਕ ਖੇਡਾਂ 'ਚ ਤਮਗ਼ੇ ਪ੍ਰਾਪਤ ਕਰਨ ਦੀ ਇੱਛਾ ਰੱਖਦੈ, ਵਿਸ਼ਵ ਕੱਪਾਂ ਅਤੇ ਦੂਜੇ ਕੌਮਾਂਤਰੀ ਪ੍ਰਸਿੱਧੀ ਵਾਲੇ ਟੂਰਨਾਮੈਂਟਾਂ 'ਚ ਮੈਡਲ ਜਿੱਤਣ ਲਈ ਵਚਨਬੱਧ ਹੈ ਤਾਂ ਸਾਰੇ ਸਿਆਸਤਦਾਨਾਂ ਅਤੇ ਗ਼ੈਰ-ਪੇਸ਼ੇਵਰਾਂ ਨੂੰ ਖੇਡਾਂ ਚਲਾਉਣ ਵਾਲੀਆਂ ਸੰਸਥਾਵਾਂ ਨਾਲੋਂ ਪੂਰੀ ਤਰਾਂ ਵੱਖ ਕਰ ਦਿੱਤਾ ਜਾਵੇ ਅਤੇ ਇਨਾਂ ਸੰਸਥਾਵਾਂ ਨੂੰ ਪੂਰੀ ਤਰਾਂ ਕਾਰਪੋਰੇਟ ਅਦਾਰਿਆਂ 'ਚ ਬਦਲ ਦਿੱਤਾ ਜਾਵੇ, ਜਿਹੜੇ ਕਿ ਸਰਕਾਰ ਪ੍ਰਤੀ ਜਵਾਬਦੇਹ ਹੋਣ।

ਪੇਸ਼ੇਵਰਾਂ ਨੂੰ ਇਹ ਖੇਡ ਸੰਸਥਾਵਾਂ ਚਲਾਉਣ ਦਿਓ। ਰਿਟਾਇਰਡ ਖਿਡਾਰੀਆਂ ਨੂੰ ਚੋਣ ਕਰਤਾ ਬਣਾਇਆ ਜਾਵੇ ਅਤੇ ਸਿਰਫ਼ ਖਿਡਾਰੀਆਂ ਨੂੰ ਹੀ ਨਹੀਂ ਸਗੋਂ ਹਰੇਕ ਨੂੰ ਜਵਾਬਦੇਹ ਬਣਾਇਆ ਜਾਵੇ। ਦੇਸ਼ ਭਗਤੀ ਅਜਿਹਾ ਰਾਗ ਨਹੀਂ ਹੈ, ਜਿਸ ਨੂੰ ਭੁੱਖੇ ਢਿੱਡ ਗਾਇਆ ਜਾ ਸਕੇ। ਖੇਡ ਐਸੋਸੀਏਸ਼ਨਾਂ ਸਿਆਸਤਦਾਨਾਂ ਦੀ ਨਿੱਜੀ ਜਾਗੀਰ ਬਣ ਗਈਆਂ ਹਨ ਅਤੇ ਇਨਾਂ 'ਤੇ ਵੀ ਸਿਆਸੀ ਜੋੜ-ਤੋੜ ਭਾਰੂ ਹੈ। ਕੌਮਾਂਤਰੀ ਪੱਧਰ 'ਤੇ ਖੇਡਾਂ ਵਿਚ ਭਾਰਤ ਦੀ ਕਾਰਗੁਜ਼ਾਰੀ ਕੋਈ ਬਹੁਤ ਵਧੀਆ ਨਹੀਂ ਹੈ। ਕ੍ਰਿਕਟ ਦੀ ਖੇਡ ਦੀ ਉਦਾਹਰਨ ਦਿਲਚਸਪ ਹੈ। ਬੀ.ਸੀ.ਸੀ.ਆਈ. ਨਾ ਸਿਰਫ਼ ਵਿਸ਼ਵ ਦੇ ਸਭ ਤੋਂ ਅਮੀਰ ਕ੍ਰਿਕਟ ਅਦਾਰਿਆਂ ਵਿਚੋਂ ਇਕ ਹੈ, ਸਗੋਂ ਇਸ ਨੇ ਆਪਣੀ ਚੁਣੀ ਹੋਈ ਬਾਡੀ ਤੇ ਖੇਡ ਨੂੰ ਚਲਾਉਣ ਵਾਲੇ ਪ੍ਰਸ਼ਾਸਨ ਵਿਚਾਲੇ ਸਪੱਸ਼ਟ ਲੀਕ ਖਿੱਚੀ ਹੋਈ ਹੈ। ਖੇਡ ਦੀ ਮਾਰਕੀਟਿੰਗ ਤੋਂ ਇਸ ਨੇ ਨਾ ਸਿਰਫ਼ ਕਰੋੜਾਂ ਰੁਪਏ ਕਮਾਏ ਹਨ, ਸਗੋਂ ਨਵੀਂ ਪ੍ਰਤਿਭਾ ਨੂੰ ਵੀ ਸਫਲਤਾ ਨਾਲ ਤਰਾਸ਼ਿਆ ਅਤੇ ਅੱਗੇ ਲਿਆਂਦਾ ਹੈ ਅਤੇ ਖੇਡਾਂ ਵਾਲੀਆਂ ਟੀਮਾਂ ਨੂੰ ਗੱਫੇ ਵੀ ਵੰਡੇ ਹਨ। ਇਸ ਦੇ ਨਤੀਜੇ ਸਭ ਦੇ ਸਾਹਮਣੇ ਹਨ। ਇਸ ਸਦੀ ਵਿਚ ਕ੍ਰਿਕਟ ਦੇ ਖੇਤਰ 'ਚ ਨਾ ਸਿਰਫ਼ ਭਾਰਤ ਦੀ ਕਾਰਗੁਜ਼ਾਰੀ ਵਿਚ ਸੁਧਾਰ ਹੋਇਆ ਹੈ, ਸਗੋਂ ਭਾਰਤ ਨੇ ਆਈ.ਪੀ.ਐਲ. ਨੂੰ ਪੂਰੀ ਸਫਲਤਾ ਨਾਲ ਲਾਂਚ ਕੀਤਾ ਹੈ। ਕ੍ਰਿਕਟ ਭਾਵੇਂ ਉਲੰਪਿਕ ਖੇਡ ਨਹੀਂ ਹੈ ਪਰ ਉਸ ਦੇ ਖੇਡ ਦੇ ਪ੍ਰਬੰਧਕ ਚੁਸਤ, ਚਲਾਕ, ਸਿਆਣੇ ਤੇ ਸੂਝਵਾਨ ਦਿਮਾਗਾਂ ਨੇ ਇਸ ਖੇਡ ਨੂੰ ਭਾਰਤ ਵਿਚ ਲੋਕਾਂ ਦਾ ਜਾਨੂੰਨ ਬਣਾ ਕੇ ਰੱਖ ਦਿੱਤਾ ਹੈ। ਦੂਜੇ ਪਾਸੇ ਦੂਜੇ ਖੇਡਾਂ ਦੇ ਖਿਡਾਰੀ ਮੰਦੜੇ ਹਾਲ ਖੇਡ ਜ਼ਿੰਦਗੀ ਜਿਊ ਰਹੇ ਹਨ।

ਕੁਝ ਵਰੇ ਪਹਿਲਾਂ ਦੀ ਗੱਲ ਹੈ ਕਿ ਵਿਸ਼ਵ ਕੱਪ ਹਾਕੀ ਟੂਰਨਾਮੈਂਟ ਸ਼ੁਰੂ ਹੋਣ ਤੋਂ ਪਹਿਲਾਂ ਭਾਰਤੀ ਹਾਕੀ ਖਿਡਾਰੀਆਂ ਵਲੋਂ ਹੜਤਾਲ ਕੀਤੀ ਗਈ ਸੀ। ਖਿਡਾਰੀਆਂ ਨੇ ਉਦੋਂ ਤੱਕ ਖੇਡਣ ਤੋਂ ਨਾਂਹ ਕਰ ਦਿੱਤੀ ਸੀ, ਜਦ ਤੱਕ ਉਨਾਂ ਦੇ ਬਣਦੇ ਬਕਾਏ ਨਹੀਂ ਅਦਾ ਕੀਤੇ ਜਾਂਦੇ। ਹਾਕੀ ਦਾ ਪ੍ਰਬੰਧ ਚਲਾਉਣ ਵਾਲੀ ਸੰਸਥਾ 'ਹਾਕੀ ਇੰਡੀਆ' ਨੇ ਤੇਜ਼ੀ ਨਾਲ ਇਸ 'ਤੇ ਪ੍ਰਤੀਕਿਰਿਆ ਕਰਦਿਆਂ ਖਿਡਾਰੀਆਂ ਨੂੰ ਦੇਸ਼ ਦੇ 'ਗੱਦਾਰ' ਤੱਕ ਆਖ ਦਿੱਤਾ ਅਤੇ ਕਹਿ ਦਿੱਤਾ ਕਿ ਭਾਰਤ ਲਈ ਖੇਡਣ ਨਾਲੋਂ ਉਨਾਂ ਵਾਸਤੇ ਪੈਸੇ ਜ਼ਿਆਦਾ ਅਹਿਮ ਹਨ ਜਦਕਿ ਤਰਸਯੋਗ ਗੱਲ ਇਹ ਸੀ ਕਿ ਇਨਾਂ ਖਿਡਾਰੀਆਂ ਦੇ ਬਕਾਏ ਲੰਮੇ ਸਮੇਂ ਤੋਂ ਅਦਾ ਨਹੀਂ ਸਨ ਕੀਤੇ ਗਏ। ਖਿਡਾਰੀਆਂ ਨੂੰ 25 ਹਜ਼ਾਰ ਰੁਪਏ ਦੀ ਤੁਛ ਜਿਹੀ ਰਕਮ ਦੇਣ ਦੀ ਪੇਸ਼ਕਸ਼ ਕੀਤੀ ਗਈ, ਹਾਕੀ ਇੰਡੀਆ ਨੇ ਇਹ ਵੀ ਸ਼ਰਤ ਲਾ ਦਿੱਤੀ ਕਿ ਜਾਂ ਤਾਂ ਖਿਡਾਰੀ ਇਹ ਰਕਮ ਸਵੀਕਾਰ ਕਰ ਲੈਣ ਜਾਂ ਕੈਂਪ ਛੱਡ ਜਾਣ। ਉਨਾਂ ਸੋਚਿਆ ਹੋਵੇਗਾ ਕਿ ਕੈਂਪ ਛੱਡਣ ਦੀ ਸੂਰਤ 'ਵਿਚ ਜੂਨੀਅਰ ਖਿਡਾਰੀਆਂ ਨੂੰ ਭਰਮਾਉਣਾ ਸੌਖਾ ਹੈ ਪਰ ਹਾਲਾਤ ਉਦੋਂ ਬਦਤਰ ਹੋ ਗਏ ਜਦੋਂ ਜੂਨੀਅਰਾਂ ਨੇ ਹਾਕੀ ਇੰਡੀਆ ਦਾ ਹੱਥ ਠੋਕਾ ਬਣਨ ਤੋਂ ਨਾਂਹ ਕਰ ਦਿੱਤੀ। ਫਿਰ ਆਮ ਆਦਮੀ ਤੇ ਮੀਡੀਆ ਵੀ ਖਿਡਾਰੀਆਂ ਦੇ ਹੱਕ ਵਿਚ ਆ ਖਲੋਤਾ। ਇਸੇ ਲਈ ਖੇਡ ਸੰਸਥਾਵਾਂ ਨੂੰ ਹੁਣ ਕ੍ਰਿਕਟ ਦੀ ਖੇਡ ਸੰਸਥਾ ਤੋਂ ਬਹੁਤ ਕੁਝ ਸਿੱਖਣ ਦੀ ਜ਼ਰੂਰਤ ਹੈ।

# ਫਿਲਮ 'ਕਾਲੀ' ਦੇ ਪੋਸਟਰ ਨੂੰ ਲੈ ਕੇ ਮਾਮਲਾ ਭਖਿਆ

## ✪ ਹਿੰਦੂ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ✪ ਦਿੱਲੀ ਤੇ ਯੂ.ਪੀ. ਵਿੱਚ ਐਫਆਈਆਰ ਦਰਜ

**ਨਵੀਂ ਦਿੱਲੀ/ਏ.ਟੀ.ਨਿਊਜ਼** :- ਫਿਲਮ ਨਿਰਮਾਤਾ ਲੀਨਾ ਮਨੀਮੇਕਲਾਈ ਦੀ ਦਸਤਾਵੇਜ਼ੀ ਫਿਲਮ 'ਕਾਲੀ' ਦਾ ਪੋਸਟਰ ਸਾਹਮਣੇ ਆਉਣ ਤੋਂ ਬਾਅਦ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਲਈ ਦਿੱਲੀ ਪੁਲਿਸ ਨੇ ਸ਼ਿਕਾਇਤ ਦੇ ਆਧਾਰ 'ਤੇ ਐਫਆਈਆਰ ਦਰਜ ਕੀਤੀ ਹੈ। ਫਿਲਮ ਦੇ ਵਿਵਾਦਿਤ ਪੋਸਟਰ ਨੂੰ ਲੈ ਕੇ ਇਕ ਵਕੀਲ ਨੇ ਫਿਲਮ ਨਿਰਮਾਤਾ ਲੀਨਾ ਮਾਨਿਕਲੇਈ ਖਿਲਾਫ ਦਿੱਲੀ ਪੁਲਿਸ ਦੇ ਸਾਈਬਰ ਸੈੱਲ ਨੂੰ ਸ਼ਿਕਾਇਤ ਕੀਤੀ ਸੀ।

ਇਸ ਤੋਂ ਬਾਅਦ, ਦਿੱਲੀ ਪੁਲਿਸ ਦੀ ਆਈਐਫਐਸਓ ਯੂਨਿਟ ਨੇ ਫਿਲਮ 'ਕਾਲੀ' ਨਾਲ ਸਬੰਧਤ ਇੱਕ ਵਿਵਾਦਪੂਰਨ ਪੋਸਟਰ ਦੇ ਸਬੰਧ ਵਿੱਚ ਆਈਪੀਸੀ ਦੀ ਧਾਰਾ 153ਏ ਅਤੇ 295ਏ ਦੇ ਤਹਿਤ ਐਫਆਈਆਰ ਦਰਜ ਕੀਤੀ ਹੈ।ਇਸੇ ਕੜੀ ਵਿੱਚ, ਯੂ.ਪੀ. ਪੁਲਿਸ ਨੇ ਫਿਲਮ 'ਕਾਲੀ' ਦੇ ਵਿਵਾਦਿਤ ਪੋਸਟਰ ਨੂੰ ਲੈ ਕੇ ਅਪਰਾਧਿਕ ਸਾਜ਼ਿਸ਼ ਰਚਣ ਅਤੇ ਜਾਣਬੁੱਝ ਕੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਵਿੱਚ ਫਿਲਮ ਨਿਰਮਾਤਾ ਲੀਨਾ ਮਨੀਮੇਕਲਾਈ ਦੇ ਖਿਲਾਫ ਵੀ ਐਫਆਈਆਰ ਦਰਜ ਕੀਤੀ ਹੈ।ਫਿਲਮ 'ਕਾਲੀ' ਦੇ ਇਸ ਪੋਸਟਰ ਵਿਚ ਇਕ ਔਰਤ ਨੂੰ ਪਹਿਰਾਵਾ ਪਹਿਨ ਕੇ ਦੇਵੀ ਨੂੰ ਸਿਗਰਟਨੋਸ਼ੀ ਕਰਦੇ ਦਿਖਾਇਆ ਗਿਆ ਹੈ। ਪਿਛੋਕੜ ਵਿੱਚ ਸਮਲਿੰਗੀ ਭਾਈਚਾਰੇ ਦਾ ਝੰਡਾ ਨਜ਼ਰ ਆ ਰਿਹਾ ਹੈ।

ਕੁਝ ਇੰਟਰਨੈਟ ਮੀਡੀਆ ਉਪਭੋਗਤਾਵਾਂ ਨੇ ਫਿਲਮ ਨਿਰਮਾਤਾ ਦੇ ਖਿਲਾਫ ਸਖਤ ਕਾਰਵਾਈ ਦੀ ਮੰਗ ਕੀਤੀ ਹੈ। ਟਵਿੱਟਰ 'ਤੇ ਹੈਸ਼ਟੈਗ ਅਰੇਸਟ ਲੀਨਾ ਮਨੀਮੇਕਲਾਈ ਟ੍ਰੈਂਡ ਕਰ ਰਿਹਾ ਹੈ।

ਦਿੱਲੀ ਦੇ ਵਕੀਲ ਵਿਨੀਤ ਜਿੰਦਲ ਨੇ ਵਿਵਾਦਤ ਪੋਸਟਰ ਨੂੰ ਲੈ ਕੇ ਲੀਨਾ ਖਿਲਾਫ ਸ਼ਿਕਾਇਤ ਕੀਤੀ ਹੈ ਅਤੇ ਡਾਕੂਮੈਂਟਰੀ ਦੀਆਂ ਇਤਰਾਜ਼ਯੋਗ ਫੋਟੋਆਂ ਅਤੇ ਕਲਿੱਪਾਂ 'ਤੇ ਪਾਬੰਦੀ ਲਗਾਉਣ ਦੀ ਮੰਗ ਕੀਤੀ ਹੈ।

ਸ਼ਿਕਾਇਤ ਵਿੱਚ ਉਸ ਨੇ ਕਿਹਾ ਹੈ ਕਿ ਦੇਵੀ ਕਾਲੀ ਦੇ ਰੂਪ ਵਿੱਚ ਇੱਕ ਔਰਤ ਸਿਗਰਟ ਪੀ ਰਹੀ ਹੈ, ਜਿਸ ਨਾਲ ਹਿੰਦੂ ਭਾਈਚਾਰੇ ਦੀਆਂ ਭਾਵਨਾਵਾਂ ਅਤੇ ਵਿਸ਼ਵਾਸਾਂ ਨੂੰ ਠੇਸ ਪਹੁੰਚ ਰਹੀ ਹੈ।

ਗੋ ਮਹਾਸਭਾ ਦੇ ਮੈਂਬਰ ਅਜੈ ਗੌਤਮ ਨੇ ਵੀ ਲੀਨਾ ਖਿਲਾਫ ਪੁਲਸ ਨੂੰ ਸ਼ਿਕਾਇਤ ਕੀਤੀ ਹੈ। ਪੋਸਟਰ ਨੂੰ ਲੈ ਕੇ ਆਲੋਚਨਾ ਦਾ ਸਾਹਮਣਾ ਕਰਨ ਤੋਂ ਬਾਅਦ, ਲੀਨਾ ਨੇ ਆਪਣਾ ਬਚਾਅ ਕਰਨ ਲਈ ਟਵਿੱਟਰ 'ਤੇ ਪਹੁੰਚ ਕੀਤੀ।




ਲੋਕਾਂ ਨੂੰ ਨਕਾਰਾਤਮਕ ਪ੍ਰਤੀਕਰਮ ਦੇ ਵਿਚਕਾਰ 'ਨਫ਼ਰਤ ਅਤੇ ਪਿਆਰ' ਦੀ ਚੋਣ ਕਰਨ ਦੀ ਅਪੀਲ ਕਰਦੇ ਹੋਏ, ਉਸਨੇ ਇੱਕ ਟਵੀਟ ਵਿੱਚ ਕਿਹਾ ਕਿ ਫਿਲਮ ਇੱਕ ਸ਼ਾਮ ਦੀਆਂ ਘਟਨਾਵਾਂ ਦੇ ਦੁਆਲੇ ਘੁੰਮਦੀ ਹੈ, ਜਦੋਂ ਕਾਲੀ ਪ੍ਰਗਟ ਹੁੰਦੀ ਹੈ ਅਤੇ ਟੋਰਾਂਟੋ ਦੀਆਂ ਸੜਕਾਂ 'ਤੇ ਘੁੰਮਦੀ ਹੈ। ਜੇਕਰ ਤੁਸੀਂ ਤਸਵੀਰ ਦੇਖਦੇ ਹੋ, ਤਾਂ ਹੈਸ਼ਟੈਗ 'ਅਰੇਸਟ ਲੀਨਾ ਮਨੀਮਕਲਾਈ' ਅਤੇ ਹੈਸ਼ਟੈਗ 'ਲਵ ਯੂ ਲੀਨਾ ਮਨੀਮਕਲਾਈ' ਨਾ ਪਾਓ।

ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਕਾਰਨ ਪਹਿਲਾਂ ਵੀ ਕਈ ਫਿਲਮਾਂ ਅਤੇ ਸ਼ੋਅ ਮੁਸੀਬਤ ਵਿੱਚ ਰਹੇ ਹਨ। ਨਿਰਦੇਸ਼ਕ ਅਨੁਰਾਗ ਬਾਸੂ ਦੀ 'ਲੂਡੋ' ਨੂੰ ਫਿਲਮ ਵਿਚ 'ਹਿੰਦੂਫੋਬਿਕ' ਸਮੱਗਰੀ ਨੂੰ ਪ੍ਰਮੋਟ ਕਰਨ ਲਈ ਟਵਿੱਟਰ 'ਤੇ ਗੁੱਸੇ ਦਾ ਸਾਹਮਣਾ ਕਰਨਾ ਪਿਆ। ਪਿਛਲੇ ਸਾਲ, ਸੈਫ ਅਲੀ ਖਾਨ-ਸਟਾਰਰ ਵੈੱਬ ਸੀਰੀਜ਼ 'ਤਾਂਡਵ' ਨੇ ਹਿੰਦੂ ਦੇਵੀ-ਦੇਵਤਿਆਂ ਨੂੰ ਮਾੜੀ ਰੋਸ਼ਨੀ ਵਿੱਚ ਪੇਸ਼ ਕਰਕੇ ਧਾਰਮਿਕ ਤਣਾਅ ਦਾ ਡਰ ਪੈਦਾ ਕਰਨ ਲਈ ਵਿਵਾਦ ਦਾ ਸਾਹਮਣਾ ਕੀਤਾ ਸੀ।




## ਪਾਠਕਾਂ ਦਾ ਨਜ਼ਰੀਆ

### ਗੁੱਝੇ ਭੇਦ ਖੋਲਦਾ, ਜੇਲ ਮੰਤਰੀ ਦਾ ਵਿਧਾਨ ਸਭਾ 'ਚ ਸੰਬੋਧਨ

ਸਰਕਾਰ, ਕਾਨੂੰਨ ਤੇ ਸਿਸਟਮ ਇੰਝ ਵੀ ਚੱਲ ਸਕਦਾ ਏ, ਸੁਣ ਕੇ ਬਹੁਤ ਹੈਰਾਨੀ ਹੋਈ। ਮੁਖਤਾਰ ਅੰਸਾਰੀ, ਕੌਣ ਨੀਂ ਜਾਣਦਾ ਇਸ ਸ਼ਖਸ ਨੂੰ, ਯੂ.ਪੀ. ਦਾ ਬਾਹੂਬਲੀ, ਗੈਂਗਸਟਰ ਤੇ ਬਦਨਾਮ ਲੀਡਰ ਏ, ਕਿੰਨੇ ਹੀ ਕੇਸ ਇਸ 'ਤੇ ਦਰਜ ਨੇ। ਯੂ.ਪੀ. 'ਚ ਗੈਂਗਸਟਰਾਂ ਖਿਲਾਫ, ਯੋਗੀ ਸਰਕਾਰ ਦੇ ਸਖਤ ਅਭਿਆਨ ਤਹਿਤ, ਕਾਨੂੰਨ ਤੋਂ ਭੱਜ ਰਹੇ ਇਸ ਸ਼ਖਸ ਤੇ ਉਦੋਂ 2019 'ਚ ਸਖਤ ਕਾਰਵਾਈ ਹੋਣੀ ਤੈਅ ਸੀ। ਹੁਣ ਇੱਥੋਂ ਅਸਲ ਕਹਾਣੀ ਸ਼ੁਰੂ ਹੁੰਦੀ ਏ, ਹਰਜੋਤ ਸਿੰਘ ਬੈਂਸ ਜੀ ਅਨੁਸਾਰ, 2019 ਵਿਚ ਪੰਜਾਬ ਸਰਕਾਰ 'ਚ ਉਸਦੇ ਖਾਸ-ਮ-ਖਾਸਾਂ ਵੱਲੋਂ ਅੰਨੀ ਹਨੇਰਗਰਦੀ ਕੀਤੀ ਗਈ। ਪੰਜਾਬ ਵਿਚ ਅਗਲਿਆਂ ਨੇ ਇਕ ਲੰਡੂ ਜਿਹੀ, ਫਿਰੌਤੀ ਦੀ, ਐਫ ਆਈ ਆਰ ਦਰਜ ਕਰਵਾ ਕੇ, ਯੂ.ਪੀ. ਤੋਂ ਮੁਖਤਾਰ ਅੰਸਾਰੀ ਨੂੰ ਪੰਜਾਬ ਲਿਆਂਦਾ ਗਿਆ। ਤੁਸੀਂ ਹੈਰਾਨ ਹੋ ਜਾਣਾ ਏ ਜਾਣ ਕਿ ਰੋਪੜ ਜੇਲ ਪਹੁੰਚਣ ਤੋਂ ਬਾਅਦ, ਦੋ ਸਾਲ ਇੱਥੇ ਰਹਿਣ ਤੱਕ, ਮੁਖਤਾਰ ਅੰਸਾਰੀ ਨੇ ਕਦੇ ਵੀ ਜਮਾਨਤ ਨਹੀਂ ਮੰਗੀ। ਦੂਜੀ ਮਹੱਤਵਪੂਰਨ ਗੱਲ ਇਹ ਹੈ ਕਿ ਇਸ ਕੇਸ ਵਿਚ ਅੱਜ ਤੱਕ ਪੁਲਿਸ ਨੇ ਚਲਾਨ ਹੀ ਪੇਸ਼ ਨਹੀਂ ਕੀਤਾ। ਅਜੇ ਹੋਰ ਸੁਣੋ, 25 ਜਣਿਆਂ ਆਲੀ ਇਕ ਬੈਰਕ ਨੂੰ ਰਾਤੋਂ-ਰਾਤ ਸਰਕਾਰੀ ਖਰਚੇ 'ਤੇ ਰੈਨੋਵੇਟ ਕਰਕੇ, ਉਹ ਬੈਰਕ ਇਸ ਨੂੰ ਇਕੱਲੇ ਨੂੰ ਅਲਾਟ ਕੀਤੀ। ਇਸ ਬੈਰਕ ਵਿਚ, ਉਸਨੂੰ ਹਰੇਕ ਉਹ ਸਹੂਲਤ ਪ੍ਰਦਾਨ ਕੀਤੀ ਗਈ, ਜੋ ਉਹ ਚਾਹੁੰਦਾ ਸੀ। ਇਸ ਦੀ ਪਤਨੀ ਵੀ ਇਸ ਨਾਲ ਸਾਰਾ-ਸਾਰਾ ਦਿਨ ਜੇਲ ਵਿਚ ਰਹਿੰਦੀ ਰਹੀ। ਇੱਥੇ ਈ ਬਸ ਨਹੀਂ, ਯੂ.ਪੀ. ਸਰਕਾਰ ਨੇ ਦੋ ਸਾਲਾਂ ਵਿਚ 20 ਵਾਰੀ ਪ੍ਰੋਡਕਸ਼ਨ ਵਾਰੰਟ ਤੇ ਅੰਸਾਰੀ ਨੂੰ ਲਿਜਾਣ ਦੀ ਮੰਗ ਕੀਤੀ ਪਰ ਯਾਰੀ ਪੁਗਾਉਣ ਦੀ ਹੱਦ ਵੇਖੋ, ਪੰਜਾਬ ਸਰਕਾਰ ਨੇ ਹਰੇਕ ਵਾਰ ਇਨਕਾਰ ਕੀਤਾ। ਯੂ.ਪੀ. ਸਰਕਾਰ, ਅੰਸਾਰੀ ਨੂੰ ਲਿਜਾਣ ਲਈ ਸੁਪਰੀਮ ਕੋਰਟ ਪਹੁੰਚ ਗਈ ਤਾਂ ਸਾਡੀ ਪੰਜਾਬ ਸਰਕਾਰ ਨੇ ਸਾਡੇ ਸੂਬੇ ਦੇ ਖਜ਼ਾਨੇ 'ਚੋਂ 55 ਲੱਖ ਰੁਪਈਆ ਭਰਕੇ, ਚੋਟੀ ਦੇ ਵਕੀਲ ਕਰਕੇ ਸੁਪਰੀਮ ਕੋਰਟ ਵਿਚ ਵੀ ਪੂਰੀ ਵਾਹ ਲਾ ਦਿੱਤੀ ਸੀ। ਪਰ ਅਖੀਰ 'ਅੱਖ ਅੱਡੀ ਹੀ ਰਹਿ ਗਈ, ਕੱਜਲ ਨੂੰ ਇੱਲ ਲੈ ਗਈ', ਅੰਸਾਰੀ ਨੂੰ ਯੂ.ਪੀ. ਲੈ ਗਏ। ਹੁਣ ਇਸ ਸਾਰੀ ਗੱਲ ਦਾ ਖੁਲਾਸਾ ਵਿਧਾਨ ਸਭਾ 'ਚ ਆਨ ਰਿਕਾਰਡ, ਲਾਈਵ ਕੈਮਰਿਆਂ ਤੇ ਮੌਜੂਦਾ ਜੇਲ ਮੰਤਰੀ ਹਰਜੋਤ ਬੈਂਸ ਵੱਲੋਂ ਕਰਨ ਤੋਂ ਬਾਅਦ ਪਿਛਲੀ ਸਰਕਾਰ ਦੇ ਇਕ ਖਾਸ ਨੁਮਾਇੰਦੇ ਨੂੰ ਛੱਡ, ਬਾਕੀਆਂ ਨੂੰ ਕੁੱਝ ਖਾਸ ਮਹਿਸੂਸ ਨਹੀਂ ਹੋ ਰਿਹਾ, ਗੱਲ ਵੀ ਸਹੀ ਏ 'ਘਰ ਪਕਦੀਆਂ ਦੇ, ਸਾਰੇ ਸਾਕ' ਹੁੰਦੇ ਨੇ। ਪਰ ਹਰਜੋਤ ਬੈਂਸ ਸਾਬ ਤੇ ਭਗਵੰਤ ਮਾਨ ਜੀ, ਕੀ ਅਸੀਂ ਹੁਣ ਵੀ ਦਰਾਣੀਆਂ-ਜੇਠਾਣੀਆਂ ਵਾਂਗ ਵਜਦੇ ਮਹਿਣਿਆਂ ਦਾ ਈ ਆਨੰਦ ਮਾਣਦੇ ਰਹਾਂਗੇ। ਕਾਰਵਾਈ ਕਿਉਂ ਨੀਂ ਕਰਦੇ ਤੁਸੀਂ, ਸਾਰੇ ਪੰਜਾਬ ਦੀ ਚਾਬੀ ਤਾਂ ਤੁਹਾਡੇ ਹੱਥ ਫੜਾ ਦਿੱਤੀ ਏ, ਜਾਂ ਹੁਣ ਇਨਾਂ 'ਤੇ ਕਾਰਵਾਈ ਵੀ ਆਮ ਲੋਕ ਕਰਨਗੇ।

**ਅਸ਼ੋਕ ਸੋਨੀ, ਕਾਲਮਨਵੀਸ**
ਮੋ. ੯੮੭੨੭੦੫੦੭੮

### ਬੇਅਦਵੀ ਕਾਂਡ ਦਾ ਇਨਸਾਫ ਦੇਣ ਦੀ ਬਜਾਏ ਸਿੱਖ ਸੰਗਤ ਨਾਲ ਫਿਰ ਧੋਖਾ

ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਬੁਰਜ ਜਵਾਹਰ ਸਿੰਘ ਵਾਲਾ, ਕੋਟਕਪੂਰਾ, ਬਹਿਬਲ ਅਤੇ ਬਰਗਾੜੀ ਵਿਖੇ ਵਾਪਰੀਆਂ ਘਟਨਾਵਾਂ ਦਾ ਇਨਸਾਫ ਦੇਣ ਦਾ ਵਾਅਦਾ ਕਰ ਕੇ ਪਹਿਲੀਆਂ ਸਰਕਾਰਾਂ ਵਾਂਗ ਹੀ ਵੱਡਾ ਧੋਖਾ ਕੀਤਾ ਹੈ ,ਪੀੜਤ ਪਰਿਵਾਰਾਂ ਅਤੇ ਹੁਣ ਤੱਕ ਇਨਸਾਫ ਲਈ ਜੂਝਣ ਵਾਲਿਆਂ ਨੂੰ ਦਰਕਿਨਾਰ ਕਰਕੇ ਆਪਣੀ ਮਰਜ਼ੀ ਦੇ ਕੁੱਝ ਪੰਥਕ ਆਗੂਆਂ ਨੂੰ ਆਪਣੇ ਕੋਲ ਬੁਲਾ ਕੇ ਇੱਕ ਰਿਪੋਰਟ ਫੜਾ ਦਿੱਤੀ ਗਈ ਜਿਸ ਵਿੱਚ ਇਨਸਾਫ ਦੀ ਕੀਤੇ ਵੀ ਝਲਕ ਤੱਕ ਨਹੀਂ ਪੈਂਦੀ। ਜੋ ਰੀਪੋਰਟ ਦਿੱਤੀ ਗਈ ਹੈ ਉਸ ਅਨੁਸਾਰ ਤਿੰਨ ਐਫ ਆਈ ਆਰ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਸੌਦਾ ਸਾਧ ਨੂੰ ਸਾਰੇ ਘਟਨਾਕ੍ਰਮ ਦਾ ਦੋਸ਼ੀ ਮੰਨਿਆ ਗਿਆ ਹੈ, ਇਸ ਵਿੱਚ ਕਿਹੜੀ ਨਵੀਂ ਗੱਲ ਹੈ ਪੰਜਾਬ ਦੇ ਬੱਚੇ ਬੱਚੇ ਨੂੰ ਇਸ ਗੱਲ ਦੀ ਜਾਣਕਾਰੀ ਹੈ ਕਿ ਇਸ ਘਿਨਾਉਣੇ ਕੰਮ ਪਿੱਛੇ ਸੌਦਾ ਸਾਧ ਹੀ ਹੈ, ਸਵਾਲ ਤਾਂ ਹੋਰ ਹਨ ਜਿਨਾਂ ਦਾ ਉੱਤਰ ਖਾਲਸਾ ਪੰਥ ਪਿਛਲੇ 6 ਸਾਲਾਂ ਤੋਂ ਵੱਖ ਵੱਖ ਸਰਕਾਰਾਂ ਕੋਲੋਂ ਮੰਗ ਰਿਹਾ ਹੈ, ਲਾਰੇ ਲੱਪੇ ਲਾ ਕੇ ਹੁਣ ਤੱਕ ਦੀਆਂ ਸਰਕਾਰਾਂ ਨੇ ਕੌਮ ਨੂੰ ਇਨਸਾਫ ਨਹੀਂ ਧੋਖਾ ਦਿੱਤਾ ਹੈ। ਲਗਦਾ ਹੈ ਕਿ ਭਗਵੰਤ ਮਾਨ ਸਰਕਾਰ ਨੇ ਵੀ ਬੀਤੇ ਤੋਂ ਕੋਈ ਸਬਕ ਨਹੀਂ ਲਿਆ।

**ਸਿੱਖ ਕੌਮ ਪੁੱਛ ਤਾਂ ਇਹ ਰਹੀ ਹੈ ਕਿ :-**

1. ਜਿਸ ਸਰਕਾਰ ਦੇ ਸਮੇਂ ਦੀਆਂ ਇਹ ਐੱਫ ਆਈ ਆਰ ਹਨ, ਉਨਾਂ ਨੂੰ ਐੱਫ ਆਈ ਆਰ ਹੋਣ ਤੋਂ ਬਾਅਦ ਵੀ ਇਹ ਜਾਣਕਾਰੀ ਕਿਉਂ ਨਾਂ ਲੱਗੀ ਕਿ ਦੋਸ਼ੀ ਸੌਦਾ ਸਾਧ ਹੈ ਅਤੇ ਕਿਉਂ ਉਨਾਂ ਸੌਦਾ ਸਾਧ ਨੂੰ ਬਚਾਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਦੁਰਵਰਤੋਂ ਕਰਕੇ ਉਸ ਨੂੰ ਅਖੌਤੀ ਮੁਆਫੀ ਦੁਆਉਣ ਦੀ ਕੋਸ਼ੀ ਹਰਕਤ ਕੀਤੀ ?
2. ਉਸ ਸਮੇ ਦੇ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਗੁਰਮੁਖ ਸਿੰਘ ਨੇ ਜਿਹੜੇ ਬਿਆਨ ਟੈਲੀਵਿਜ਼ਨ ਉੱਤੇ ਦਿੱਤੇ ਅਤੇ ਜਨਤਾ ਨੂੰ ਦੱਸਿਆ ਕਿ ਕਿਵੇਂ ਉਨਾਂ ਨੂੰ ਮੁੱਖ ਮੰਤਰੀ ਦੀ ਕੋਠੀ ਲਿਜਾ ਕਿ ਸੌਦਾ ਸਾਧ ਨੂੰ ਮੁਆਫ ਕਰਨ ਦੇ ਫਤਵੇ ਸੁਣਾਏ ਗਏ, ਬੇਸ਼ੱਕ ਉਹ ਆਪਣੀ ਨੌਕਰੀ ਖਾਤਿਰ ਬਾਅਦ ਵਿੱਚ ਮੁਕਰ ਗਿਆ, ਇਸ ਦਾ ਸੱਚ ਕਿਹੜੀ ਤਫਤੀਸ਼ ਦੱਸੇਗੀ ? ਜੇ ਉਸ ਨੇ ਝੂਠ ਬੋਲਿਆ ਤਾਂ ਉਸ ਨੂੰ ਸਜ਼ਾ ਮਿਲਣੀ ਚਾਹੀਦੀ ਹੈ ਤੇ ਜੇ ਉਹ ਸੱਚ ਬੋਲ ਰਿਹਾ ਸੀ ਫਿਰ ਉਸਦੇ ਬਿਆਨ ਤਫਤੀਸ਼ ਦਾ ਹਿੱਸਾ ਕਿਓਂ ਨਹੀਂ ਬਣ ਰਹੇ ?
3. ਕਿਉਂ 24 ਸਤੰਬਰ 2015 ਨੂੰ ਅਖੌਤੀ ਮੁਆਫੀ ਕਾਂਡ ਤੋਂ ਬਾਅਦ ਇਕਦਮ ਉਸ ਦੀ ਫਿਲਮ ਐਮਐਸਜੀ 2 ਤੋਂ ਪਾਬੰਦੀ ਵੀ ਹਟਾ ਦਿੱਤੀ ਗਈ ਅਤੇ ਅਕਾਲੀ ਲੀਡਰਾਂ ਦੀਆਂ ਬੱਸਾਂ ਲੋਕਾਂ ਨੂੰ ਫਰੀ ਸਿਨਮਾ ਹਾਲਾਂ ਤੱਕ ਢੋਣ ਲਈ ਸੇਵਾ ਨਿਭਾਉਣ ਲੱਗੀਆਂ ?
4. ਅਕਾਲੀ ਦਲ ਦਾ ਪ੍ਰਧਾਨ ਕਿਉਂ ਬੇਅਦਬੀ ਦਾ ਰੋਸ ਪ੍ਰਗਟ ਕਰ ਰਹੇ ਸਿਖਾਂ ਨੂੰ ਵੇਹਲੜ ਦੱਸਦਾ ਰਿਹਾ ਅਤੇ 2018 ਵਿੱਚ ਲੱਗੇ ਬਰਗਾੜੀ ਇਨਸਾਫ ਮੋਰਚੇ ਖਿਲਾਫ ਅਕਾਲੀ ਦਲ ਦਾ ਇੱਕ ਐਮਪੀ ਪਾਰਲੀਮੈਂਟ ਵਿੱਚ ਪੰਜਾਬ ਸਰਕਾਰ ਅਤੇ ਰੋਸ ਪ੍ਰਗਟ ਕਰ ਰਹੇ ਸਿੰਘਾਂ ਦੇ ਵਿਰੁੱਧ ਅਵਾ ਤਵਾ ਬੋਲਦਾ ਇਹ ਕਹਿ ਰਿਹਾ ਸੀ ਕਿ ਪੰਜਾਬ ਦੀ ਕੈਪਟਨ ਸਰਕਾਰ ਧਰਨਾਕਾਰੀ ਸਿੱਖਾਂ ਲਈ ਪਖਾਨੇ ਅਤੇ ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰਕੇ ਪੰਜਾਬ ਨੂੰ ਬਲਦੀ ਦੇ ਬੁੱਥੇ ਪਾ ਰਹੀ ਹੈ ?
5. ਕਿਉਂ ਸ਼ਾਂਤਮਈ ਰੋਸ ਪ੍ਰਗਟਾਉਂਦੀਆਂ ਸੰਗਤਾਂ ਉੱਪਰ ਬਿਨਾਂ ਭੜਕਾਹਟ ਤੋਂ ਅੰਨੇਵਾਹ ਗੋਲੀਆਂ ਚਲਾਈਆਂ ਗਈਆਂ ? ਅਣਪਛਾਤੀ ਪੁਲਿਸ ਦਾ ਕੀ ਬਣਿਆ ? ਗੋਲੀ ਦੇ ਹੁਕਮ ਦੇਣ ਵਾਲਿਆਂ ਦਾ ਸੱਚ ਕਦੋਂ ਬਾਹਰ ਆਵੇਗਾ ?
6. ਕੀ ਉਸ ਸਮੇ ਦੀ ਸਰਕਾਰ ਨੇ ਦੋਸ਼ੀਆਂ ਨੂੰ ਬਚਾਉਣ ਲਈ ਤਾਂ ਨਹੀਂ ਇਹ ਸਭ ਕੁਝ ਕੀਤਾ ?
7. 2017 ਦੀ ਅਸੰਬਲੀ ਚੋਣ ਤੋਂ ਐਨ ਪਹਿਲਾਂ ਕਿਉਂ ਸੌਦਾ ਸਾਧ ਖਿਲਾਫ ਕੇਸ ਵਾਪਿਸ ਲੈ ਲਏ ਗਏ ?
8. ਪਹਿਲੀ ਜੂਨ 2015 ਤੋਂ ਫਰਵਰੀ 2017 ਤੱਕ ਦੋਸ਼ੀ ਦਨਦਨਾਉਂਦੇ ਫਿਰਦੇ ਰਹੇ ਕਿਉਂ ਨਹੀਂ ਉਨਾਂ ਖਿਲਾਫ ਐਕਸ਼ਨ ਲਿਆ ਗਿਆ ?
9. ਦੋਸ਼ੀਆਂ ਦਾ ਤਾਂ ਸਿੱਖ ਕੌਮ ਨੂੰ ਪਹਿਲੇ ਦਿਨ ਤੋਂ ਹੀ ਪਤਾ ਹੈ, ਕੌਮ ਤਾਂ ਇਹ ਜਾਨਣਾ ਚਾਹੁੰਦੀ ਹੈ ਦੋਸ਼ੀਆਂ ਨੂੰ ਬਚਾਉਣ ਦਾ ਪਾਪ ਕਿਸ ਕਿਸ ਨੇ ਕੀਤਾ ਹੈ ?
10. ਪਹਿਲਾਂ ਬਣੇ ਜ਼ੋਰਾ ਸਿੰਘ ਕਮਿਸ਼ਨ ਅਤੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀਆਂ ਰਿਪੋਰਟਾਂ ਦਾ ਕੀ ਬਣਿਆ ?

ਭਗਵੰਤ ਮਾਨ ਜੀ ਜਸਟਿਸ ਜ਼ੋਰਾ ਸਿੰਘ ਅਤੇ ਕੁੰਵਰ ਵਿਜੇ ਪ੍ਰਤਾਪ ਸਿੰਘ ਅੱਜ ਕੱਲ ਤੁਹਾਡੀ ਪਾਰਟੀ ਵਿੱਚ ਹਨ ਉਨਾਂ ਕੋਲ ਸੈਂਕੜੇ ਲੋਕਾਂ ਦੇ ਬਿਆਨ ਦਰਜ ਹਨ, ਜਿਨਾਂ ਦਾ ਬਹੁਤਾ ਹਿੱਸਾ ਜਨਤਕ ਵੀ ਹੋ ਚੁੱਕਾ ਹੈ, ਕਿਉਂ ਨਹੀਂ ਤੁਸੀਂ ਉਨਾਂ ਦੀ ਮਦਦ ਲੈ ਕਿ ਸਿੱਖ ਕੌਮ ਨੂੰ ਇਨਸਾਫ ਦਿੰਦੇ ?

ਯਾਦ ਰੱਖਣਾ ਜਦੋਂ ਤੱਕ ਕੌਮ ਨੂੰ ਇਨਸਾਫ ਨਹੀਂ ਮਿਲਦਾ ਖਾਲਸਾ ਪੰਥ ਜੂਝਦਾ ਰਹੇਗਾ ਅਤੇ ਗੁਰਬਾਣੀ ਦੀ ਹੋਈ ਬੇਅਦਬੀ ਦੇ ਦਰਦ ਵਿੱਚ ਕਈ ਸਰਕਾਰਾਂ ਦਫ਼ਨ ਹੋ ਜਾਣਗੀਆਂ ?

**ਸੁਖਦੇਵ ਸਿੰਘ 'ਭੌਰ'**

### ਕੇਂਦਰ ਸਰਕਾਰ ਦੇ ਪੰਜਾਬ ਵਿਰੋਧੀ ਕਦਮ

ਭਾਰਤ ਸਰਕਾਰ ਨੇ ਪੰਜਾਬ ਨੂੰ ਰਾਜਧਾਨੀ ਦੇਣ ਬਦਲੇ ਇਸਦੇ ਪੁਆਧੀ ਭਾਸ਼ਾ ਬੋਲਦੇ ਪਿੰਡਾਂ ਦੀ ਜ਼ਮੀਨ 'ਤੇ ਚੰਡੀਗੜ ਸ਼ਹਿਰ ਵਸਾਇਆ, ਪਰ 1966 ਵਿੱਚ ਇਸ ਨੂੰ ਭਾਸ਼ਾ ਦੇ ਆਧਾਰ 'ਤੇ ਵੰਡ ਕੇ ਹਿਮਾਚਲ ਅਤੇ ਹਰਿਆਣਾ ਇਸ ਤੋਂ ਵੱਖ ਕਰ ਦਿੱਤੇ ਗਏ। ਚੰਡੀਗੜ ਨੂੰ ਕੇਂਦਰੀ ਸ਼ਾਸਤ ਪ੍ਰਦੇਸ਼ ਬਣਾ ਕੇ ਪੰਜਾਬ ਅਤੇ ਹਰਿਆਣਾ ਦੀ ਸਾਂਝੀ ਰਾਜਧਾਨੀ ਬਣਾ ਦਿੱਤਾ। ਕੇਂਦਰੀ ਸਰਕਾਰ ਦੀ ਇਸ ਧੱਕੇਸ਼ਾਹੀ ਵਿਰੁੱਧ ਪੰਜਾਬ ਵਿੱਚ ਅਕਾਲੀ ਦਲ ਦੀ ਅਗਵਾਈ ਵਿੱਚ ਸੰਤ ਫ਼ਤਿਹ ਸਿੰਘ ਨੇ ਮੋਰਚਾ ਲਾਇਆ ਅਤੇ ਮਰਨ ਵਰਤ ਰੱਖਿਆ, ਪਰ ਮਸਲਾ ਹੱਲ ਨਾ ਹੋਇਆ। ਇਸ ਤੋਂ ਬਾਅਦ ਦਰਸ਼ਨ ਸਿੰਘ ਫੇਰੂਮਾਨ ਨੇ 73 ਦਿਨ ਭੁੱਖ ਹੜਤਾਲ ਕਰ ਕੇ ਸ਼ਹੀਦੀ ਜਾਮ ਪੀਤਾ। ਫਿਰ ਸੰਤ ਫਤਿਹ ਸਿੰਘ ਨੇ ਮਰਨ ਵਰਤ ਰੱਖਿਆ। ਅੰਤ ਕੇਂਦਰ ਸਰਕਾਰ ਨੇ ਦਬਾਅ ਵਿੱਚ ਆਣ ਕੇ 29 ਜਨਵਰੀ 1970 ਨੂੰ ਐਲਾਨ ਕਰ ਦਿੱਤਾ ਕਿ ਚੰਡੀਗੜ ਪੰਜਾਬ ਨੂੰ ਦੇ ਦਿੱਤਾ ਜਾਵੇਗਾ ਅਤੇ ਬਦਲੇ ਵਿੱਚ ਹਰਿਆਣੇ ਨੂੰ ਨਵੀਂ ਰਾਜਧਾਨੀ ਬਣਾਉਣ ਲਈ ਦਸ ਕਰੋੜ ਰੁਪਏ ਦੀ ਗਰਾਂਟ ਤੇ ਦਸ ਕਰੋੜ ਰੁਪਏ ਹੋਰ ਕਰਜ਼ਾ ਦਿੱਤਾ ਜਾਵੇਗਾ, ਪਰ ਸਰਕਾਰ ਆਪਣੇ ਵਾਅਦੇ ਤੋਂ ਮੁੱਕਰ ਗਈ। ਇੱਕ ਵਾਰ ਫਿਰ ਰਾਜੀਵ-ਲੌਂਗੋਵਾਲ ਸਮਝੌਤੇ ਵਿੱਚ ਚੰਡੀਗੜ ਪੰਜਾਬ ਨੂੰ ਦੇਣ ਦੀ ਗੱਲ ਕਹੀ ਗਈ ਸੀ, ਪ੍ਰੰਤੂ ਫਿਰ ਵੀ ਗੱਲ ਕਿਸੇ ਤਣ ਪਤਣ ਨਾ ਲੱਗੀ।

ਅੱਜ ਵੀ ਚੰਡੀਗੜ ਪੰਜਾਬ ਹਵਾਲੇ ਕਰਨ ਦੀ ਮੰਗ ਜਾਰੀ ਹੈ। ਪਰ ਸਮੇਂ ਦੀ ਸਰਕਾਰ ਨੇ ਗ੍ਰਹਿ ਮੰਤਰੀ ਤੋਂ ਐਲਾਨ ਕਰਵਾ ਕੇ ਚੰਡੀਗੜ ਮੁਲਾਜ਼ਮਾਂ 'ਤੇ ਕੇਂਦਰੀ ਸੇਵਾਵਾਂ ਵਾਲੇ ਨਿਯਮ ਲਾਗੂ ਕਰ ਦਿੱਤੇ, ਜਿਸ 'ਤੇ ਪਹਿਲਾਂ ਪੰਜਾਬ ਸਿਵਲ ਸੇਵਾਵਾਂ ਦੇ ਨਿਯਮ ਲਾਗੂ ਹੁੰਦੇ ਸਨ। ਹੁਣ ਪੰਜਾਬ ਯੂਨੀਵਰਸਿਟੀ ਚੰਡੀਗੜ ਨੂੰ ਕੇਂਦਰੀ ਯੂਨੀਵਰਸਿਟੀ ਵਿੱਚ ਤਬਦੀਲ ਕੀਤਾ ਜਾ ਰਿਹਾ ਹੈ। 1882 ਵਿੱਚ ਪੰਜਾਬ ਯੂਨੀਵਰਸਿਟੀ ਦੀ ਸਥਾਪਨਾ ਲਾਹੌਰ ਵਿੱਚ ਹੋਈ ਸੀ, ਜਿਸ ਨੂੰ ਵੰਡ ਤੋਂ ਬਾਅਦ 1956 ਵਿੱਚ ਚੰਡੀਗੜ ਸ਼ਹਿਰ ਵਿੱਚ ਸਥਾਪਤ ਕੀਤਾ ਗਿਆ। ਯੂਨੀਵਰਸਿਟੀ ਨੂੰ ਕੇਂਦਰੀ ਯੂਨੀਵਰਸਿਟੀ ਵਿੱਚ ਤਬਦੀਲ ਕਰਨ ਖ਼ਿਲਾਫ਼ ਵਿਦਿਆਰਥੀਆਂ ਦੀਆਂ ਵੱਖ-ਵੱਖ ਜਥੇਬੰਦੀਆਂ ਮੁਹਾਲੀ ਵਿੱਚ ਇਕੱਠੀਆਂ ਹੋਈਆਂ, ਜੋ ਗਵਰਨਰ ਹਾਊਸ ਜਾ ਕੇ ਇਸ ਕਾਰਵਾਈ ਸਬੰਧੀ ਰੋਸ ਜਿਤਾਉਣਾ ਚਾਹੁੰਦੀਆਂ ਸਨ ਪਰ ਉਨਾਂ ਨੂੰ ਮਾਰਚ ਕਰਨ ਤੋਂ ਰੋਕ ਦਿੱਤਾ ਗਿਆ। ਇਸ ਮੁੱਦੇ 'ਤੇ ਪੰਜਾਬ ਦੀਆਂ ਲੋਕ ਹੱਕਾਂ ਪ੍ਰਤੀ ਲੜਨ ਵਾਲੀਆਂ ਸਭ ਧਿਰਾਂ ਨੂੰ ਇਕੱਠਾ ਹੋਣਾ ਚਾਹੀਦਾ ਹੈ, ਨਹੀਂ ਤਾਂ ਸਰਕਾਰ ਦੇ ਇਸ ਕਦਮ ਨਾਲ ਚੰਡੀਗੜ ਪੰਜਾਬ ਤੋਂ ਹੋਰ ਦੂਰ ਹੋ ਜਾਵੇਗਾ। ਤੀਸਰਾ ਪੰਜਾਬ ਵਿਰੋਧੀ ਕਦਮ, ਜੋ ਕੇਂਦਰ ਸਰਕਾਰ ਨੇ ਚੁੱਕਿਆ, ਉਹ 23 ਫਰਵਰੀ 2022 ਦੇ ਨੋਟੀਫਿਕੇਸ਼ਨ ਅਨੁਸਾਰ ਭਾਖੜਾ ਬਿਆਸ ਦੇ ਪ੍ਰਬੰਧਕੀ ਬੋਰਡ ਦੇ ਨਿਯਮਾਂ ਵਿੱਚ ਸੋਧ ਕਰਨਾ ਸੀ। ਬੋਰਡ ਦੀ ਸਥਾਪਤੀ ਸਮੇਂ ਸਹਿਮਤੀ ਬਣੀ ਸੀ ਕਿ ਬੋਰਡ ਦਾ ਚੇਅਰਮੈਨ ਮੈਂਬਰ ਪੰਜਾਬ, ਹਰਿਆਣਾ, ਹਿਮਾਚਲ ਅਤੇ ਰਾਜਸਥਾਨ ਤੋਂ ਬਾਹਰਲਾ ਵਿਅਕਤੀ ਹੋਵੇਗਾ, ਬਿਜਲੀ ਸਪਲਾਈ ਮੈਂਬਰ ਪੰਜਾਬ ਦਾ ਅਤੇ ਸਿੰਜਾਈ ਮੈਂਬਰ ਹਰਿਆਣੇ ਤੋਂ ਹੋਵੇਗਾ, ਪਰ ਨਵੇਂ ਫੈਸਲੇ ਵਿੱਚ ਪੰਜਾਬ ਅਤੇ ਹਰਿਆਣਾ ਦੇ ਮੈਂਬਰਾਂ ਦੇ ਸਥਾਨ 'ਤੇ ਕਿਸੇ ਵੀ ਸੂਬੇ ਦਾ ਮੈਂਬਰ ਇਨਾਂ ਅਹੁਦਿਆਂ 'ਤੇ ਨਿਯੁਕਤ ਕੀਤਾ ਜਾ ਸਕਦਾ ਹੈ। ਪੰਜਾਬ ਰਿਪੇਰੀਅਨ ਸੂਬਾ ਹੋਣ ਕਰਕੇ ਇਹ ਕਦਮ ਪੰਜਾਬ ਵਿਰੋਧੀ ਹੈ : ਸਤਲੁਜ-ਜਮਨਾ ਲਿੰਕ ਨਹਿਰ ਦਾ ਮਸਲਾ ਵੀ ਮੂੰਹ ਅੱਡੀ ਖੜਾ ਹੈ।

ਉਪਰੋਕਤ ਬਿਆਨ ਕੀਤੀਆਂ ਪ੍ਰਸਥਿਤੀਆਂ ਤੋਂ ਪਤਾ ਲੱਗਦਾ ਹੈ ਕਿ ਕੇਂਦਰ ਸਰਕਾਰ ਦਾ ਹਰ ਕਦਮ ਪੰਜਾਬ ਵਿਰੋਧੀ ਰਿਹਾ ਹੈ। ਸਰਕਾਰ ਦੇ ਅਜਿਹੇ ਕਦਮਾਂ ਵਿਰੁੱਧ ਪੰਜਾਬ ਦੇ ਸੁਹਿਰਦ ਭਾਈਚਾਰੇ, ਬੁੱਧੀਜੀਵੀਆਂ, ਕਲਮਕਾਰਾਂ, ਜਥੇਬੰਦੀਆਂ, ਸਿਆਸਤਦਾਨਾਂ ਅਤੇ ਲੋਕਾਂ ਨੂੰ ਇੱਕ ਮੰਚ 'ਤੇ ਇਕੱਠੇ ਹੋਣਾ ਚਾਹੀਦਾ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾ ਕੇ ਚੰਡੀਗੜ ਪੰਜਾਬ ਹਵਾਲੇ ਕਰਨ ਦੀ ਮੰਗ ਕਰ ਚੁੱਕੇ ਹਨ। ਹੁਣ ਪੰਜਾਬ ਯੂਨੀਵਰਸਿਟੀ ਦੇ ਕੇਂਦਰੀਕਰਨ ਖ਼ਿਲਾਫ਼ ਵੀ ਉਨਾਂ ਨੂੰ ਪੰਜਾਬ ਦੇ ਭਲੇ ਵਾਸਤੇ ਆਪਣਾ ਪੱਖ ਮਜ਼ਬੂਤੀ ਨਾਲ ਰੱਖਣਾ ਚਾਹੀਦਾ ਹੈ।

**ਹਰਨੰਦ ਸਿੰਘ ਬੱਲਿਆਂਵਾਲਾ**

### ਭਾਰਤ ਲਈ ਜ਼ਹਿਰੀ ਚੈਨਲਾਂ ਦੀਆਂ ਬਹਿਸਾਂ

ਭਾਰਤ ਵਿਚ ਮੀਡੀਆ ਦਾ ਮਿਆਰ ਪਿਛਲੇ ਲਗਭਗ ਅੱਠ-ਦਸ ਸਾਲਾਂ ਤੋਂ ਲਗਾਤਾਰ ਡਿਗਦਾ ਜਾ ਰਿਹਾ ਹੈ। ਜਿਸ ਦੀ ਊਲ-ਜਲੂਲ ਰਿਪੋਰਟਿੰਗ ਦੇ ਚਲਦਿਆਂ ਭਾਰਤ ਨੂੰ ਕਈ ਵਾਰ ਅੰਤਰਰਾਸ਼ਟਰੀ ਪੱਧਰ 'ਤੇ ਨਮੋਸ਼ੀ ਝੱਲਣੀ ਪੈਂਦੀ ਹੈ। ਜਿਵੇਂ ਕਿ ਅਸੀਂ ਪਿਛਲੇ ਲਗਭਗ ਇਕ ਦਹਾਕੇ ਤੋਂ ਵੇਖਦੇ ਆ ਰਹੇ ਹਾਂ ਕਿ ਦੇਸ਼ ਦੇ ਵਧੇਰੇ ਨਿਊਜ਼ ਚੈਨਲ ਸਾਰਥਕ ਖ਼ਬਰਾਂ ਦੀ ਥਾਂ ਆਪਣੀਆਂ ਫਜ਼ੂਲ ਕਿਸਮ ਦੀਆਂ ਬਹਿਸਾਂ ਰਾਹੀਂ ਇਕ ਵਿਸ਼ੇਸ਼ ਧਰਮ ਦੇ ਲੋਕਾਂ ਖ਼ਿਲਾਫ਼ ਬਹੁਗਿਣਤੀ ਦੇ ਦਿਲਾਂ ਵਿਚ ਨਫ਼ਰਤ ਭਰਦੇ ਆ ਰਹੇ ਹਨ। ਦਰਅਸਲ ਉਕਤ ਚੈਨਲਾਂ ਦੁਆਰਾ ਜਾਣਬੁੱਝ ਕੇ ਦੇਸ਼ ਦੇ ਲੋਕਾਂ ਦਾ ਅਸਲ ਮੁੱਦਿਆਂ ਤੋਂ ਧਿਆਨ ਹਟਾਉਣ ਲਈ ਉਕਤ ਧਾਰਮਿਕ ਕਿਸਮ ਦੀਆਂ ਬਹਿਸਾਂ ਕਰਵਾਈਆਂ ਜਾਂਦੀਆਂ ਹਨ। ਇਨਾਂ ਬਹਿਸਾਂ ਦੌਰਾਨ ਵੱਖ-ਵੱਖ ਬੁਲਾਰਿਆਂ ਦੁਆਰਾ ਜਿਸ ਤਰਾਂ ਦੀ ਬਾਜ਼ਾਰੂ ਭਾਸ਼ਾ ਦੀ ਵਰਤੋਂ ਕੀਤੀ ਜਾਂਦੀ ਹੈ, ਉਸ ਨੂੰ ਕੋਈ ਸੱਭਿਅਕ ਸਮਾਜ ਜਾਂ ਦੇਸ਼ ਹਰਗਿਜ਼ ਪਸੰਦ ਨਹੀਂ ਕਰ ਸਕਦਾ। ਦਰਅਸਲ ਜਦੋਂ ਇਨਸਾਨ ਨਫ਼ਰਤ ਦੀ ਅੱਗ ਵਿਚਕਾਰ ਘਿਰ ਜਾਂਦਾ ਹੈ ਤਾਂ ਉਸ ਦੀ ਸਮਝ- ਬੂਝ ਤੇ ਜਹਾਲਤ ਦਾ ਧੂੰਆਂ ਛਾ ਜਾਂਦਾ ਹੈ, ਜਿਸ ਦੇ ਚਲਦਿਆਂ ਫਿਰ ਉਹ ਚੰਗੇ-ਬੁਰੇ ਵਿਚਕਾਰ ਫ਼ਰਕ ਕਰਨੋਂ ਅਸਮਰੱਥ ਹੋ ਜਾਂਦਾ ਹੈ।

ਜਿਵੇਂ ਕਿ ਅਸੀਂ ਵੇਖਿਆ ਹੈ ਕਿ ਪਿਛਲੇ ਦਿਨੀਂ ਜਾਣਬੁੱਝ ਕੇ ਵਾਰਾਨਸੀ ਦੀ ਗਿਆਨਵਾਪੀ ਮਸਜਿਦ ਦੇ ਮਸਲੇ ਨੂੰ ਗੋਦੀ ਮੀਡੀਆ ਨੇ ਬੇਵਜ੍ਹਾ ਤੂਲ ਦੇ ਕੇ ਉਛਾਲਿਆ ਤੇ ਵੱਖ-ਵੱਖ ਚੈਨਲਾਂ ਵਲੋਂ ਇਸ ਮਾਮਲੇ 'ਤੇ ਬਹਿਸ ਕਰ ਕੇ ਆਮ ਦਰਸ਼ਕਾਂ ਦਾ ਦਿਮਾਗੀ ਸ਼ੋਸ਼ਣ ਕੀਤਾ ਗਿਆ। ਅਜਿਹੇ ਹੀ ਇਕ ਪ੍ਰੋਗਰਾਮ ਦੌਰਾਨ ਭਾਜਪਾ ਦੀ ਰਾਸ਼ਟਰੀ ਬੁਲਾਰੀ ਨੂਪੁਰ ਸ਼ਰਮਾ ਨੇ ਇਕ ਟੈਲੀਵਿਜ਼ਨ ਸ਼ੋਅ ਵਿਚ ਪੈਗੰਬਰ ਮੁਹੰਮਦ (ਸ) ਅਤੇ ਉਨਾਂ ਦੀ ਪਤਨੀ ਬਾਰੇ ਵਿਵਾਦਿਤ ਟਿੱਪਣੀਆਂ ਕੀਤੀਆਂ। ਸੋਸ਼ਲ ਮੀਡੀਆ ਦੇ ਇਸ ਯੁੱਗ ਵਿਚ ਉਕਤ ਟਿੱਪਣੀਆਂ ਅਰਬ ਦੇਸ਼ਾਂ ਵਿਚ ਪਹੁੰਚ ਗਈਆਂ ਤੇ ਵੇਖਦੇ ਹੀ ਵੇਖਦੇ ਜੰਗਲ ਦੀ ਅੱਗ ਵਾਂਗ ਆਮ ਲੋਕਾਂ ਵਿਚ ਫੈਲ ਗਈਆਂ ਨਤੀਜੇ ਵਜੋਂ ਵੱਖ-ਵੱਖ ਖਾੜੀ ਦੇਸ਼ਾਂ ਵਿਚ ਇਸ ਦਾ ਤਿੱਖਾ ਵਿਰੋਧ ਹੋਇਆ ਤੇ ਉਥੇ ਭਾਰਤੀ ਸਾਮਾਨ ਦੇ ਬਾਈਕਾਟ ਕਰਨ ਦੀਆਂ ਮੁਹਿੰਮਾਂ ਚੱਲੀਆਂ। ਏਨਾ ਹੀ ਨਹੀਂ ਇਸ ਦੌਰਾਨ ਖਾੜੀ ਦੇਸ਼ਾਂ ਜਿਵੇਂ ਕਤਰ, ਕੁਵੈਤ, ਸਾਊਦੀ ਅਰਬ ਈਰਾਨ, ਇਰਾਕ ਅਫ਼ਗਾਨਿਸਤਾਨ ਤੇ ਬਹਿਰੀਨ ਆਦਿ ਕੁਝ ਦੇਸ਼ਾਂ ਨੇ ਤਾਂ ਭਾਰਤੀ ਰਾਜਦੂਤਾਂ ਨੂੰ ਬੁਲਾ ਕੇ ਆਪਣਾ ਸਖ਼ਤ ਵਿਰੋਧ ਦਰਜ ਕਰਵਾਇਆ। ਖਾੜੀ ਦੇਸ਼ਾਂ ਵਿਚ ਹੋ ਰਹੇ ਉਕਤ ਵਿਰੋਧ ਪ੍ਰਦਰਸ਼ਨ ਦੇ ਚਲਦਿਆਂ ਭਾਰਤੀ ਜਨਤਾ ਪਾਰਟੀ ਨੇ ਨੂਪੁਰ ਸ਼ਰਮਾ ਤੇ ਭਾਜਪਾ ਦੇ ਦਿੱਲੀ ਇਕਾਈ ਦੇ ਇਕ ਹੋਰ ਆਗੂ ਨਵੀਨ ਕੁਮਾਰ ਜਿੰਦਲ ਨੂੰ ਪਾਰਟੀ ਦੀ ਮੁਢਲੀ ਮੈਂਬਰਸ਼ਿਪ ਤੋਂ ਮੁਅੱਤਲ ਕਰ ਦਿੱਤਾ ਹੈ ਤੇ ਭਾਰਤ ਵਲੋਂ ਆਖਿਆ ਗਿਆ ਹੈ ਕਿ ਇਹ ਵਿਚਾਰ ਭਾਰਤ ਸਰਕਾਰ ਦੇ ਨਹੀਂ ਹਨ ਬਲਕਿ ਕੁਝ ਸ਼ਰਾਰਤੀ ਤੱਤਾਂ ਦੇ ਹਨ। ਭਾਰਤ ਵਲੋਂ ਇਹ ਵੀ ਆਖਿਆ ਗਿਆ ਕਿ ਸੱਤਾਧਾਰੀ ਪਾਰਟੀ ਭਾਜਪਾ ਵਲੋਂ ਇਨਾਂ ਲੋਕਾਂ ਖ਼ਿਲਾਫ਼ ਕਾਰਵਾਈ ਕੀਤੀ ਗਈ ਹੈ। ਉਧਰ ਅਰਬ ਦੇਸ਼ਾਂ ਵਿਚ ਨੂਪੁਰ ਸ਼ਰਮਾ ਅਤੇ ਨਵੀਨ ਕੁਮਾਰ ਜਿੰਦਲ ਖ਼ਿਲਾਫ਼ ਅਭਿਆਨ ਦੀ ਸ਼ੁਰੂਆਤ ਓਮਾਨ ਦੇ ਮੁਫ਼ਤੀ ਸ਼ੇਖ ਅਹਿਮਦ ਬਿਨ ਹਮਾਦ ਅਲ ਖਾਲਿਦੀ ਵਲੋਂ ਕੀਤੀ ਗਈ ਸੀ। ਉਨਾਂ ਨੇ ਟਵੀਟ ਕਰਦੇ ਹੋਏ ਲਿਖਿਆ ਸੀ ਕਿ ਭਾਰਤ ਦੀ ਸੱਤਾਧਾਰੀ ਪਾਰਟੀ ਦੀ ਆਗੂ ਵਲੋਂ ਇਸਲਾਮ ਦੇ ਦੂਤ ਖ਼ਿਲਾਫ਼ ਅਸ਼ਲੀਲ ਟਿੱਪਣੀ ਕੀਤੀ ਗਈ ਹੈ। ਉਨਾਂ ਨੇ ਸਾਰੇ ਇਸਲਾਮਿਕ ਦੇਸ਼ਾਂ ਨੂੰ ਇਸ ਵਿਰੁੱਧ ਇਕੱਠੇ ਹੋਣ ਲਈ ਕਿਹਾ ਸੀ।

ਉਕਤ ਬਿਆਨ ਤੋਂ ਬਾਅਦ ਮੱਧ ਪੂਰਬ ਦੇ ਦੇਸ਼ ਕਤਰ, ਓਮਾਨ, ਸਾਊਦੀ ਅਰਬ ਅਤੇ ਮਿਸਰ ਵਿਚ ਵੀ ਟਵਿੱਟਰ ਰਾਹੀਂ ਵੱਡੇ ਪੱਧਰ ਵਿਰੋਧ ਜਤਾਇਆ ਗਿਆ ਤੇ ਇਸ ਦੇ ਨਾਲ ਹੀ ਭਾਰਤ ਤੋਂ ਆਉਣ ਵਾਲੀਆਂ ਵਸਤੂਆਂ ਦੇ ਬਾਈਕਾਟ ਦੀ ਗੱਲ ਵੀ ਸੋਸ਼ਲ ਮੀਡੀਆ ਉੱਪਰ ਛਾਈ ਰਹੀ। ਸਾਊਦੀ ਅਰਬ ਦੇ ਵਿਦੇਸ਼ ਮੰਤਰਾਲੇ ਵਲੋਂ ਸਖ਼ਤ ਸ਼ਬਦਾਂ ਵਿਚ ਨੂਪੁਰ ਸ਼ਰਮਾ ਦੇ ਬਿਆਨ ਦੀ ਨਿਖੇਧੀ ਕੀਤੀ ਗਈ ਹੈ। ਮੰਤਰਾਲੇ ਵਲੋਂ ਇਸ ਸੰਬੰਧੀ ਇਕ ਅਧਿਕਾਰਿਕ ਬਿਆਨ ਵੀ ਜਾਰੀ ਕੀਤਾ ਗਿਆ ਹੈ।

ਅਸੀਂ ਪਿਛਲੇ ਲੰਮੇ ਸਮੇਂ ਤੋਂ ਇਹ ਮੁੱਦਾ ਉਠਾਉਂਦੇ ਰਹੇ ਹਾਂ ਕਿ ਸੱਤਾਧਾਰੀਆਂ ਦੀ ਇਸ ਨੀਤੀ ਦੇ ਸਿੱਟੇ ਸਹੀ ਨਹੀਂ ਨਿਕਲਣਗੇ। ਭਾਰਤ ਅੰਦਰ ਗ੍ਰਹਿ ਯੁੱਧ ਵਾਲੇ ਹਾਲਾਤ ਬਣ ਜਾਣਗੇ। ਜੇ ਇਹ ਸਿਲਸਿਲਾ ਨਾ ਰੁਕਿਆ ਤਾਂ ਦੇਸ਼ ਦੀ ਇਕ ਹੋਰ ਵੰਡ ਵੀ ਹੋ ਸਕਦੀ ਹੈ।

**ਮੁਹੰਮਦ ਅਬਾਸ ਧਾਲੀਵਾਲ ਮਲੇਰਕੋਟਲਾ**

# ਸੁਪਰੀਮ ਕੋਰਟ ਵੱਲੋਂ ਭਗਵੇਂ ਫਾਸ਼ੀਵਾਦੀ ਵਿਰੁੱਧ ਟਿੱਪਣੀਆਂ ਦੇ ਕੀ ਅਰਥ ਹਨ ?

## ✪ ਫਿਟਕਾਰਾਂ ਅਤੇ ਲਾਅਨਤਾਂ ਨੂਪੁਰ ਸ਼ਰਮਾ ਨੂੰ, ਪਰ ਗੁੱਝੇ ਇਸ਼ਾਰੇ ਹੋਰ ਕਿਤੇ ਵੀ ? ✪ ਗੱਲ ਧੀ ਨੂੰ ਕਹੇ ਪਰ ਸੁਣਾਵੇ ਨੂੰਹ ਨੂੰ ?

## ✪ ਇਤਿਹਾਸਕ ਮੋੜ ਸਿੱਧ ਹੋਣਗੀਆਂ ਇਹ ਟਿੱਪਣੀਆਂ ✪ ਕੀ ਨਿਆਂਪਾਲਿਕਾ ਜੁਡੀਸ਼ੀਅਲ ਐਕਟੀਵਿਜ਼ਮ ਵੱਲ ਵਧ ਰਹੀ ਹੈ ?



**ਕਰਮਜੀਤ ਸਿੰਘ ਚੰਡੀਗੜ੍ਹ**

**ਮੋ. ੯੯੧੫੦-੯੧੦੬੩**

ਸੁਪਰੀਮ ਕੋਰਟ ਵੱਲੋਂ ਨੂਪੁਰ ਸ਼ਰਮਾ ਦੀ ਪਟੀਸ਼ਨ ਉੱਤੇ ਨੂਪੁਰ ਸ਼ਰਮਾ ਬਾਰੇ ਕੀਤੀਆਂ ਹੈਰਾਨਕੁਨ, ਸਿੱਧੀਆਂ, ਸਪੱਸ਼ਟ ਅਤੇ ਬਿਨਾਂ ਕਿਸੇ ਵਲ਼ ਫੇਰ ਤੋਂ ਕੀਤੀਆਂ ਟਿੱਪਣੀਆਂ ਨਾਲ ਸੋਸ਼ਲ ਮੀਡੀਏ ਉੱਤੇ ਹਨੇਰੀ ਝੁੱਲ ਰਹੀ ਹੈ।ਰਾਜਨੀਤਿਕ ਹਲਕਿਆਂ ਵਿੱਚ ਤਰਥਲੀ ਮੱਚੀ ਹੋਈ ਹੈ।ਬੜੇ ਚਿਰ ਪਿੱਛੋਂ ਸਰਬ ਉੱਚ ਅਦਾਲਤ ਵੱਲੋਂ ਕੁਝ ਅਜਿਹਾ ਸੁਣਨ ਨੂੰ ਮਿਲਿਆ ਹੈ ਜਿਸ ਵਿੱਚ ਟਿੱਪਣੀਆਂ ਹਨ ਤਾਂ ਨੂਪੁਰ ਸ਼ਰਮਾ ਬਾਰੇ ਪਰ ਚੋਟੀ ਦੀਆਂ ਕੁਰਸੀਆਂ ਤੇ ਬੈਠੇ ਆਗੂ ਇਹੋ ਸਮਝ ਰਹੇ ਹਨ ਕਿ ਸੁਪਰੀਮ ਕੋਰਟ ਅਸਲ ਵਿੱਚ ਇਸ਼ਾਰੇ ਉਨਾਂ ਵੱਲ ਵੀ ਕਰ ਰਹੀ ਹੈ।

ਤੁਹਾਨੂੰ ਪਤਾ ਹੀ ਹੈ ਕਿ ਪਿਛਲੇ ਇੱਕ ਦਹਾਕੇ ਤੋਂ ਇਕ ਪਾਰਟੀ ਦੇ ਪਹਿਲੀ, ਦੂਜੀ ਤੇ ਤੀਜੀ ਕਤਾਰ ਦੇ ਆਗੂਆਂ ਨੇ ਵਿਸ਼ੇਸ਼ ਕਰਕੇ ਇੱਕ ਧਰਮ ਦੇ ਲੋਕਾਂ ਵਿਰੁੱਧ ਜਹਾਦ ਸ਼ੁਰੂ ਕੀਤਾ ਹੋਇਆ ਹੈ। 'ਸਭ ਕਾ ਵਿਕਾਸ, ਸਭ ਕਾ ਸਾਥ' ਦੇ ਨਾਅਰੇ ਵਿਚ ਇਸ ਧਰਮ ਦੇ ਲੋਕ ਇਕ ਤਰਾਂ ਨਾਲ ਮਿਥ ਕੇ ਪੂਰੀ ਤਰਾਂ ਬਾਹਰ ਕੱਢ ਦਿੱਤੇ ਗਏ ਹਨ।ਜਿੱਥੋਂ ਤਕ ਕ੍ਰਿਸਚਨ ਬਰਾਦਰੀ ਦਾ ਸਬੰਧ ਹੈ, ਉਨਾਂ ਨਾਲ ਹਾਲਤਾਂ ਮੁਤਾਬਿਕ 'ਕਦੇ ਨਰਮੀ ਕਦੇ ਸਖ਼ਤੀ' ਵਾਲਾ ਰੁਖ਼ ਅਪਣਾਇਆ ਜਾ ਰਿਹਾ ਹੈ।

ਸਿੱਖਾਂ ਨੂੰ ਇਹ ਭੁਲੇਖਾ ਦਿੱਤਾ ਜਾ ਰਿਹਾ ਹੈ ਕਿ ਤੁਸੀਂ ਸਾਡੇ ਛੋਟੇ ਭਰਾ ਹੋ, ਇਸ ਲਈ ਤੁਹਾਡੇ ਨਾਲ ਨਜਿੱਠਣ ਲਈ ਅਸੀਂ ਆਪਣਾ ਏਜੰਡਾ ਮੁਲਤਵੀ ਕੀਤਾ ਹੋਇਆ ਹੈ। ਦੂਜੇ ਸ਼ਬਦਾਂ ਵਿੱਚ ਬੁਲਡੋਜ਼ਰ-ਕਲਚਰ ਨੂੰ ਫੈਲਣ ਲਈ ਅਜੇ ਤੁਹਾਡੇ ਵੱਲ ਜਾਣ ਤੋਂ ਰੋਕਿਆ ਹੋਇਆ ਹੈ।

ਇਸ ਸਮੇਂ ਚਾਣਕਿਆ ਨੀਤੀ, ਕੂਟਨੀਤਕ ਦੁਨੀਆਂ ਦੇ ਮਾਹਰ, ਗੋਦੀ ਮੀਡੀਆ, ਸਰਕਾਰ, ਭਾਜਪਾ, ਸਰਕਾਰ ਵੱਲੋਂ ਘੱਟਗਿਣਤੀਆਂ ਦੇ ਸਤਾਏ ਹੋਏ ਵਿਦਵਾਨ ਅਤੇ ਰਾਜਨੀਤਕ ਮਾਹਿਰ ਆਪਣੀ ਆਪਣੀ ਸੋਚ ਤੇ ਸੀਮਾ ਮੁਤਾਬਕ ਇਸ ਨੁਕਤੇ ਉੱਤੇ ਵਿਚਾਰ ਕਰ ਰਹੇ ਹਨ ਕਿ ਸੁਪਰੀਮ ਕੋਰਟ ਨੂਪੁਰ ਸ਼ਰਮਾ ਨੂੰ ਫਿਟਕਾਰ ਅਤੇ ਲਾਅਨਤਾਂ ਪਾਉਣ ਲਈ ਸਭ ਹੱਦ ਬੰਨੇ ਜਿਵੇਂ ਟੱਪ ਗਈ ਜਾਪਦੀ ਹੈ ਉਸ ਦਾ ਅਸਲ ਮਕਸਦ ਕੀ ਹੈ ? ਡੂੰਘੇ ਅਰਥ ਕੀ ਕਹਿੰਦੇ ਹਨ ?

ਕੀ ਨਿਆਂਪਾਲਕਾ ਉਸ ਦੌਰ ਵਿੱਚ ਦਾਖ਼ਲ ਹੋ ਗਈ ਹੈ ਜਿਸ ਨੂੰ 'ਨਿਆਂਪਾਲਿਕਾ ਦੀ ਸਰਗਰਮੀ' ਕਹਿੰਦੇ ਹਨ ? ਦੂਜੇ ਲਫ਼ਜ਼ਾਂ ਵਿੱਚ ਨਿਆਂਪਾਲਿਕਾ ਸਰਕਾਰ ਦੀਆਂ ਕੁਝ ਗਲਤ ਕਿਸਮ ਦੀਆਂ ਕਾਰਵਾਈਆਂ ਨੂੰ ਰੱਦ ਕਰਨ ਦਾ ਅਧਿਕਾਰ ਆਪਣੇ ਹੱਥ ਵਿੱਚ ਲੈਣ ਦਾ ਅਭਿਆਸ ਕਰ ਰਹੀ ਹੈ ?

ਜਾਂ ਇਉਂ ਕਹਿ ਲਓ ਕਿ ਨਿਆਂਪਾਲਿਕਾ ਹੀ ਕਾਨੂੰਨ ਬਣ ਰਹੀ ਹੈ ?

ਜਾਂ ਲਿਖਤੀ ਕਾਨੂੰਨਾਂ ਨੂੰ ਪਰੇ ਰੱਖ ਕੇ ਕੁਝ ਫ਼ੈਸਲੇ ਕਰਨ ਦੀ ਲੋੜ ਸਮਝਦੀ ਹੈ ?

ਜਾਂ ਨਿਆਂਪਾਲਿਕਾ 'ਹਾਲਤਾਂ' ਨੂੰ ਧਿਆਨ ਵਿੱਚ ਰੱਖਦਿਆਂ ਕਾਨੂੰਨ ਦੇ ਨਿਰਮਲ ਜਾਂ ਸ਼ੁੱਧ ਸਰੂਪ ਉੱਤੇ ਪਹਿਰਾ ਦੇਣ ਜਾ ਰਹੀ ਹੈ ?

ਜਾਂ ਨਿਆਂਪਾਲਿਕਾ ਕਾਰਜਪਾਲਿਕਾ ਅਤੇ ਲੈਜਿਸਲੇਚਰ ਨੂੰ ਚਿਤਾਵਨੀ ਵਰਗਾ ਇਹ ਸੰਦੇਸ਼ ਦੇਣਾ ਚਾਹੁੰਦੀ ਹੈ ਕਿ ਉਹ ਆਪਣੇ ਅਧਿਕਾਰਾਂ ਦੀ ਠੀਕ ਵਰਤੋਂ ਨਹੀਂ ਕਰ ਰਹੀ ?

ਤੁਹਾਨੂੰ ਪਤਾ ਹੋਵੇਗਾ ਕਿ ਨੂਪੁਰ ਸ਼ਰਮਾ ਨੇ ਸੁਪਰੀਮ ਕੋਰਟ ਵਿਚ ਉੱਘੇ ਸਿੱਖ ਵਕੀਲ ਮਨਿੰਦਰ ਸਿੰਘ ਰਾਹੀਂ ਇਹ ਅਰਜ਼ੀ ਦਾਖ਼ਲ ਕੀਤੀ ਅਤੇ ਆਖਿਆ ਕਿ ਕਿਉਂਕਿ ਪੈਗੰਬਰ ਮੁਹੰਮਦ ਸਾਹਿਬ ਬਾਰੇ ਕੀਤੀਆਂ ਟਿੱਪਣੀਆਂ ਤੋਂ ਪਿੱਛੋਂ ਉਸ ਵਿਰੁੱਧ ਕਈ ਥਾਂਵਾਂ 'ਤੇ ਮੁਕੱਦਮੇ ਦਰਜ ਹੋਏ ਹਨ ਅਤੇ ਉਸ ਨੂੰ ਮਿਲ ਰਹੀਆਂ ਧਮਕੀਆਂ ਤੋਂ ਉਸ ਦੀ ਜਾਨ ਨੂੰ ਗੰਭੀਰ ਖ਼ਤਰਾ ਹੈ, ਇਸ ਲਈ ਸਾਰੇ ਕੇਸ ਇੱਕ ਥਾਂ ਤੇ ਹੀ ਤਬਦੀਲ ਕਰ ਦਿੱਤੇ ਜਾਣ। ਪਰ ਇਹ ਅਰਜ਼ੀ ਰੱਦ ਕਰ ਦਿੱਤੀ ਗਈ ਲੇਕਿਨ ਸੁਣਵਾਈ ਦੌਰਾਨ ਜੱਜ ਸਾਹਿਬਾਨ ਨੇ ਨੂਪੁਰ ਸ਼ਰਮਾ ਬਾਰੇ ਜੋ ਟਿੱਪਣੀਆਂ ਕੀਤੀਆਂ, ਉਨਾਂ ਟਿੱਪਣੀਆਂ ਤੋਂ ਸਾਰੇ ਦੇਸ਼ ਵਿਚ ਵੱਡੀ ਬਹਿਸ ਛਿੜੀ ਹੋਈ ਹੈ-ਹੱਕ ਵਿਚ ਵੀ ਤੇ ਵਿਰੋਧ ਵਿਚ ਵੀ। ਜੱਜਾਂ ਦੇ ਫ਼ੈਸਲਿਆਂ ਬਾਰੇ ਆਮ ਤੋਂ ਖ਼ਾਸ ਹਰ ਬੰਦਾ ਇਹ ਜਾਣਦਾ ਹੈ ਕਿ ਇਨਾਂ ਫੈਸਲਿਆਂ ਦੀ ਆਲੋਚਨਾ ਕਰਨ ਸਮੇਂ ਭਾਸ਼ਾ ਦੇ ਪੱਖ ਤੋਂ ਕਾਫ਼ੀ ਸੰਜਮ ਅਤੇ ਸਾਵਧਾਨੀ ਤੋਂ ਕੰਮ ਲੈਣਾ ਪੈਂਦਾ ਹੈ। ਦਿਮਾਗ ਉੱਤੇ ਪੂਰਾ ਬੋਝ ਪਾਉਣਾ ਪੈਂਦਾ ਹੈ, ਢੁੱਕਵੇਂ ਅਤੇ ਸਤਿਕਾਰ ਵਾਲੇ ਸ਼ਬਦਾਂ ਦੀ ਭਾਲ ਕੀਤੀ ਜਾਂਦੀ ਹੈ।

ਆਮ ਤੌਰ ਤੇ ਜਿਨਾਂ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ ਉਹ ਇਸ ਤਰਾਂ ਹਨ: ਇਹ ਫ਼ੈਸਲਾ ਅਫ਼ਸੋਸਨਾਕ ਫ਼ੈਸਲਾ ਹੈ, ਫ਼ੈਸਲਾ ਸੁਣ ਕੇ ਨਿਰਾਸ਼ਾ ਹੋਈ, ਫ਼ੈਸਲਾ ਠੀਕ ਨਹੀਂ ਜਾਪਦਾ, ਅਦਾਲਤ ਵੱਲੋਂ ਇਹੋ ਜਿਹੀ ਉਮੀਦ ਨਹੀਂ ਸੀ ਆਦਿਕ ਆਦਿਕ।

ਆਓ ਇੱਕ ਵਾਰ ਮੁੜ ਉਨਾਂ ਅਚੰਭਾਜਨਕ ਅਤੇ ਅਸਾਧਾਰਨ ਟਿੱਪਣੀਆਂ ਨੂੰ ਯਾਦ ਕਰੀਏ ਜਿਨਾਂ ਦੇ ਅਰਥ ਨੂਪੁਰ ਸ਼ਰਮਾ ਰਾਹੀਂ ਸਫ਼ਰ ਕਰਦੇ ਕਰਦੇ ਦੂਰ-ਦੂਰ ਤੱਕ ਕਾਰਜਪਾਲਿਕਾ ਦੇ ਵਿਹੜੇ ਵਿੱਚ ਵੀ ਪਹੁੰਚ ਗਏ ਹਨ :

ਜੋ ਕੁਝ ਦੇਸ਼ ਵਿੱਚ ਵਾਪਰ ਰਿਹਾ ਹੈ ਉਸ ਲਈ ਇਹ ਇਕੱਲੀ ਔਰਤ ਜ਼ਿੰਮੇਵਾਰ ਹੈ। ਇੱਥੋਂ ਤਕ ਉਦੈਪੁਰ ਦੀ ਮੰਦਭਾਗੀ ਘਟਨਾ ਲਈ ਵੀ ਇਸੇ ਔਰਤ ਦੇ ਬਿਆਨਾਂ ਦਾ ਨਤੀਜਾ ਹੈ।

ਇਸ ਦੀ ਬੇਲਗਾਮ ਜ਼ਬਾਨ ਨੇ ਦੇਸ਼ ਨੂੰ ਅੱਗ ਵਿੱਚ ਝੋਕ ਦਿੱਤਾ ਹੈ।

ਇਹ ਕਹਿੰਦੀ ਹੈ ਕਿ ਮੈਨੂੰ ਖਤਰਾ ਹੈ। ਇਸ ਨੂੰ ਖਤਰਾ ਹੈ ਜਾਂ ਸਮਾਜ ਨੂੰ ਇਸ ਤੋਂ ਖ਼ਤਰਾ ਹੈ ?

ਇਸ ਨੇ ਮੁਆਫੀ ਤਾਂ ਮੰਗੀ ਹੈ ਪਰ ਬਹੁਤ ਦੇਰ ਨਾਲ ਅਤੇ ਉਹ ਵੀ ਸ਼ਰਤਾਂ ਨਾਲ। ਇਸ ਕੋਰਟ ਦੀ ਅੰਤਰ ਆਤਮਾ ਨੂੰ ਜੇ ਤਸੱਲੀ ਨਹੀਂ ਹੁੰਦੀ ਤਾਂ ਕਾਨੂੰਨ ਆਪਣਾ ਕੰਮ ਕਰੇਗਾ। ਇਸ ਦੀ ਦਾਇਰ ਕੀਤੀ ਅਰਜ਼ੀ ਵਿਚ ਇਸ ਦਾ ਹੰਕਾਰ ਅਤੇ ਜ਼ਿੱਦੀ ਕਿਸਮ ਦਾ ਵਿਵਹਾਰ ਝਲਕਦਾ ਹੈ।

ਇਹ ਆਪਣੀ ਅਰਜ਼ੀ ਹੇਠਲੀਆਂ ਅਦਾਲਤਾਂ ਵਿੱਚ ਇਸ ਲਈ ਦਾਖਲ ਨਹੀਂ ਕਰਦੀ, ਕਿਉਂਕਿ ਇਹ ਸਮਝਦੀ ਹੈ ਕਿ ਦੇਸ਼ ਦੇ ਮੈਜਿਸਟ੍ਰੇਟ ਉਸ ਦੇ ਕੱਦ ਤੋਂ ਬਹੁਤ ਛੋਟੇ ਦਰਜੇ ਦੇ ਹਨ।

ਕੀ ਹੋਇਆ ਜੇ ਉਹ ਕਿਸੇ ਪਾਰਟੀ ਦੀ ਤਰਜਮਾਨ ਹੈ ? ਕਿਸੇ ਕੌਮੀ ਪਾਰਟੀ ਦਾ ਤਰਜਮਾਨ ਹੋਣ ਨਾਲ ਉਸ ਨੂੰ ਇਹ ਲਾਇਸੈਂਸ ਤਾਂ ਨਹੀਂ ਮਿਲ ਜਾਂਦਾ ਕਿ ਉਹ ਜੋ ਮਰਜ਼ੀ ਬੋਲੀ ਜਾਵੇ।

ਇਸ ਕਿਸਮ ਦੇ ਲੋਕ ਕਦਾਚਿੱਤ ਧਾਰਮਿਕ ਨਹੀਂ ਹੁੰਦੇ ਕਿਉਂਕਿ ਧਾਰਮਿਕ ਲੋਕ ਤਾਂ ਦੂਜੇ ਧਰਮ ਨੂੰ ਸਤਿਕਾਰ ਨਾਲ ਵੇਖਦੇ ਹਨ।

ਉਹ ਸਮਝਦੀ ਹੈ ਕਿ ਉਸ ਦੇ ਪਿੱਛੇ ਸੱਤਾ ਦੀ ਤਾਕਤ ਹੈ ਅਤੇ ਉਹ ਕਾਨੂੰਨ ਨੂੰ ਛਿੱਕੇ ਤੇ ਟੰਗ ਕੇ ਕੋਈ ਵੀ ਬਿਆਨ ਦੇ ਸਕਦੀ ਹੈ।

**ਦਿੱਲੀ ਪੁਲਿਸ ਦੇ ਰੋਲ ਬਾਰੇ ਟਿੱਪਣੀ :**

ਇਹ ਦਿੱਲੀ ਪੁਲਿਸ ਕੀ ਕਰ ਰਹੀ ਹੈ ? ਸਾਡਾ ਮੂੰਹ ਨਾ ਖੁਲਾਓ। ਜਦੋਂ ਉਸ ਵਿਰੁੱਧ ਸ਼ਿਕਾਇਤ ਦਰਜ ਹੋ ਗਈ ਹੈ ਤਾਂ ਉਸ ਨੂੰ ਤੁਰੰਤ ਗ੍ਰਿਫਤਾਰ ਕਰਨਾ ਚਾਹੀਦਾ ਹੈ। ਪਰ ਕੋਈ ਵੀ ਉਸ ਦੇ ਨੇੜੇ ਜਾਣ ਦਾ ਹੌਸਲਾ ਨਹੀਂ ਕਰਦਾ।

ਜਦੋਂ ਵਕੀਲ ਨੇ ਇਹ ਦਲੀਲ ਦਿੱਤੀ ਕਿ ਅਸੀਂ ਜਾਂਚ ਦੇ ਅਮਲ ਵਿੱਚ ਸ਼ਾਮਿਲ ਹੋਏ ਤਾਂ ਸੀ ਤਾਂ ਅਦਾਲਤ ਨੇ ਕਿਹਾ ਕਿ ਜੇ ਸ਼ਾਮਲ ਹੋਏ ਵੀ ਸੀ ਤਾਂ ਤੁਹਾਡੇ ਲਈ 'ਸ਼ਾਹੀ ਸਵਾਗਤ' ਕੀਤਾ ਗਿਆ। ਜੱਜ ਸਾਹਿਬਾਨ ਦੇ ਸ਼ਬਦਾਂ ਵਿੱਚ ਰੈਡ ਕਾਰਪੈੱਟ ਵਿਛਾਈ ਗਈ।

ਜੇ ਉਹ ਸਮਝਦੀ ਸੀ ਕਿ ਟੀ ਵੀ ਚੈਨਲ ਉੱਤੇ ਚੱਲੀ ਬਹਿਸ ਵਿਚ ਹੀ ਉਸ ਨੂੰ ਭੜਕਾਇਆ ਗਿਆ ਤਾਂ ਫਿਰ ਉਸ ਨੇ ਸਬੰਧਤ ਐਂਕਰ ਵਿਰੁਧ ਸ਼ਿਕਾਇਤ ਕਿਉਂ ਨਹੀਂ ਦਰਜ ਕਰਵਾਈ ?

ਨਿਆਂਪਾਲਿਕਾ ਵੱਲੋਂ 'ਇਹੋ ਜਿਹੇ ਲੋਕ ਧਾਰਮਿਕ ਨਹੀਂ ਹੁੰਦੇ' ਦੀ ਟਿੱਪਣੀ ਕੀ ਉਨਾਂ ਲੋਕਾਂ ਵੱਲ ਇਸ਼ਾਰਾ ਨਹੀਂ ਕਰਦੀ ਜੋ ਇੱਕ ਧਰਮ ਦੇ ਵਿਰੁੱਧ ਲਗਾਤਾਰ ਬੋਲਦੇ ਜਾ ਰਹੇ ਹਨ ? ਪੁਲਿਸ ਦੇ ਰੋਲ ਬਾਰੇ ਟਿੱਪਣੀ ਕੀ ਸੱਤਾ ਦੇ ਬਰਾਂਡਿਆਂ ਵੱਲ ਸੰਕੇਤ ਨਹੀਂ ਕਰਦੀ ਜੋ ਨੂਪੁਰ ਸ਼ਰਮਾ ਦੇ ਪਿੱਛੇ ਖਲੋਤੇ ਹਨ ਅਤੇ ਉਸ ਦੀ ਗ੍ਰਿਫਤਾਰੀ ਨਹੀਂ ਹੋਣ ਦਿੰਦੇ ?

ਹਾਲਾਂਕਿ ਜੱਜਾਂ ਦੀਆਂ ਟਿੱਪਣੀਆਂ ਨੂੰ ਕਾਨੂੰਨੀ ਮਾਨਤਾ ਹਾਸਲ ਨਹੀਂ ਹੁੰਦੀ, ਇਹ ਟਿੱਪਣੀਆਂ ਕੋਈ 'ਫ਼ੈਸਲਾ' ਨਹੀਂ ਹੁੰਦਾ ਅਤੇ ਚੱਲਦੀ ਸੁਣਵਾਈ ਵਿਚ ਇਹੋ ਜਿਹੀਆਂ ਟਿੱਪਣੀਆਂ ਨੂੰ ਇਕ ਤਰਾਂ ਨਾਲ ਜੱਜ ਦਾ 'ਵਿਚਾਰ' ਹੀ ਸਮਝਿਆ ਜਾਂਦਾ ਹੈ। ਕੋਈ 'ਫ਼ੈਸਲਾ' ਨਹੀਂ, ਪਰ ਫਿਰ ਵੀ ਇਹੋ ਜਿਹੀਆਂ ਟਿੱਪਣੀਆਂ ਨੂੰ ਦੇਸ਼ ਦੀਆਂ ਮੌਜੂਦਾ ਹਾਲਤਾਂ ਉਤੇ ਕੋਈ 'ਨੈਤਿਕ ਟਿੱਪਣੀ' ਤਾਂ ਆਖੀ ਹੀ ਜਾ ਸਕਦੀ ਹੈ। ਆਉਣ ਵਾਲੇ ਦਿਨਾਂ ਵਿੱਚ ਇਨਾਂ ਟਿੱਪਣੀਆਂ ਉੱਤੇ ਭਰਵੀਂ ਬਹਿਸ ਹੋਣ ਦੀ ਸੰਭਾਵਨਾ ਹੈ ਅਤੇ ਹੋ ਵੀ ਰਹੀ ਹੈ। ਜੱਜਾਂ ਦੀਆਂ ਟਿੱਪਣੀਆਂ ਉੱਤੇ ਆਲੋਚਨਾ ਸੰਜਮ ਅਤੇ ਮਰਿਆਦਾ ਦੀਆਂ ਹੱਦਾਂ ਪਾਰ ਵੀ ਕਰ ਸਕਦੀ ਹੈ। ਇਹ ਵੀ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ ਕਿ ਇਹ ਟਿੱਪਣੀਆਂ ਇਕ ਖਾਸ ਪਾਰਟੀ ਦੀਆਂ ਸਰਗਰਮੀਆਂ ਵਿਰੁੱਧ ਇਕ ਹਲਕਾ ਰੋਸ ਹੈ, ਇਕ ਹਲਕੀ ਚਿਤਾਵਨੀ ਹੈ, ਇਕ ਲੁਕਵਾਂ ਸੰਦੇਸ਼ ਹੈ।

ਵੈਸੇ ਇਕ ਸਾਬਕਾ ਜੱਜ ਨੇ ਇੱਥੋਂ ਤੱਕ ਕਹਿ ਦਿੱਤਾ ਹੈ ਕਿ ਇਹ ਟਿੱਪਣੀਆਂ 'ਰਾਜਨੀਤਕ ਭਾਸ਼ਣ' ਹੀ ਹਨ। ਕਿਸੇ ਹੋਰ ਨੇ ਜੱਜਾਂ ਦੀਆਂ ਟਿੱਪਣੀਆਂ ਖ਼ਿਲਾਫ਼ ਸੁਪਰੀਮ ਕੋਰਟ ਵਿੱਚ ਸ਼ਿਕਾਇਤ ਵੀ ਦਰਜ ਕਰਵਾ ਦਿੱਤੀ ਹੈ ਤੇ ਮੰਗ ਕੀਤੀ ਹੈ ਕਿ ਇਹ ਟਿੱਪਣੀਆਂ ਵਾਪਸ ਲਈਆਂ ਜਾਣ।

ਕੀ ਵਕਤ ਬਦਲ ਰਿਹਾ ਹੈ ਜਾਂ ਇਹ ਭਰਮ ਹੈ ? ਘਾਹ ਹਰ ਵਕਤ ਹਰਿਆ ਨਹੀਂ ਰਹਿੰਦਾ।ਕੀ ਇਹ ਟਿੱਪਣੀਆਂ ਚੰਗੇ ਪਾਸੇ ਵੱਲ ਇੱਕ ਇਤਿਹਾਸਕ ਮੋੜ ਵੀ ਬਣ ਸਕਦੀਆਂ ਹਨ ? ਇਤਿਹਾਸਕ ਮੋੜ ਇੱਕ ਅਜਿਹੀ ਸਥਿਤੀ, ਇਕ ਅਜਿਹੀ ਹਾਂ ਪੱਖੀ ਹਾਲਤ ਹੁੰਦੀ ਹੈ, ਇੱਕ ਅਜਿਹਾ ਮੋੜ ਹੁੰਦਾ ਹੈ ਜਦੋਂ ਮਾੜੀਆਂ ਹਾਲਤਾਂ ਖ਼ਤਮ ਹੋ ਰਹੀਆਂ ਹੁੰਦੀਆਂ ਹਨ ਤੇ ਸਮਾਜ ਚੰਗੀਆਂ ਹਾਲਤਾਂ ਵੱਲ ਵਧ ਰਿਹਾ ਹੁੰਦਾ ਹੈ।



## ਅੱਖੀਂ ਦੇਖਿਆ ਤੇ...

ਗੁਰੂ ਸਾਹਿਬ ਦੇ ਖਾਲਸੇ ਸਿੰਘਾਂ ਨੇ ਉਸ ਸਾਇਡ ਤੇ ਪੂਰਾ ਮੁਕਾਬਲਾ ਕੀਤਾ। ਫੌਜ ਵੱਲੋਂ ਟੈਂਕਾਂ ਤੋਪਾਂ, ਬਖਤਰ ਬੰਦ ਗੱਡੀਆਂ, ਐਮ.ਐਮ.ਜੀ.ਅਤੇ ਐਲ.ਐਮ.ਜੀ., ਹੈਂਡ ਗਰਨੇਡ, ਜਹਿਰੀਲੀ ਗੈਸ ਦੇ ਗੋਲੇ ਚਲਾਏ ਗਏ ਅਤੇ ਸਮੁੰਦਰੀ ਫੌਜ ਦੇ ਡਾਈਵਰਜ਼ (ਗੋਤਾਖੋਰ) ਪਾਵਨ ਸਰੋਵਰ ਵਿੱਚ ਵੀ ਉਤਾਰੇ ਸਨ, ਜੋ ਸਾਰੇ ਹੀ ਸਿੰਘਾਂ ਨੇ ਗੋਲੀਆਂ ਨਾਲ ਉਡਾ ਦਿੱਤੇ। ਪ੍ਰਕਰਮਾ ਵਿੱਚ ਤੇਜ਼ ਲਾਈਟਾਂ ਦੇ ਗੋਲੇ ਫੌਜ ਵੱਲੋਂ ਵਾਰ ਵਾਰ ਛੱਡੇ ਜਾ ਰਹੇ ਸਨ। ਲਾਈਟਾਂ ਦੇ ਚਾਨਣੇ ਪਿੱਛੋਂ ਫੇਰ ਤੋਪਾਂ, ਟੈਂਕਾਂ ਦੇ ਗੋਲੇ ਅਤੇ ਹੈਂਡ ਗਰਨੇਡ ਸਿੱਟੇ ਜਾ ਰਹੇ ਸਨ ਅਤੇ ਬਹੁਤ ਹੀ ਭਿਆਨਕ ਯੁੱਧ ਚਲ ਰਿਹਾ ਸੀ। ਦੂਜੇ ਪਾਸੇ ਸ੍ਰੀ ਅਕਾਲ ਤਖਤ ਸਾਹਿਬ ਦੇ ਚਾਰੇ ਪਾਸਿਆਂ ਤੋਂ ਫੌਜ ਨੇ ਪੂਰਾ ਜ਼ੋਰ ਲਾ ਕੇ ਹਮਲਾ ਕੀਤਾ ਇਹ ਹਮਲਾ ਫੌਜ ਦੇ ਕਮਾਡੋਆਂ ਵੱਲੋਂ ਅੰਦਰ ਆਉਣ ਲਈ ਪਹਿਲਾ ਹਮਲਾ ਰਾਤ ਦੇ 9 ਵਜੇ ਕੀਤਾ ਗਿਆ ਜਿੰਨੇ ਵੀ ਫ਼ੌਜੀ ਅੰਦਰ ਆਏ ਉਹ ਸਾਰੇ ਕਮਾਡੋਆਂ ਨੂੰ ਗੁਰ ਸਾਹਿਬ ਦੇ ਸਿੰਘਾਂ ਨੇ ਗੱਡੀ ਚੜ੍ਹਾ ਦਿੱਤਾ। ਦੁਬਾਰੇ ਫੇਰ ਜਦੋਂ ਦੋ ਵਾਰੀ ਕਮਾਂਡੋਆਂ ਦਾ ਹਮਲਾ ਕੀਤਾ ਗਿਆ ਉਨਾਂ ਵਿੱਚੋਂ ਵੀ ਜਦੋਂ ਕੋਈ ਕਮਾਂਡੋ ਵਾਪਸ ਨਾ ਮੁੜਿਆ ਤਾਂ ਫੌਜ ਦੇ ਜਰਨੈਲ ਕੁਰਲਾ ਉਠੇ। ਰਾਤ ਨੂੰ 11 ਕੁ ਵਜੇ ਫੌਜ ਨੇ ਟੈਂਕ ਅਤੇ ਬਖਤਰਬੰਦ ਗੱਡੀਆਂ ਸ੍ਰੀ ਦਰਬਾਰ ਸਾਹਿਬ ਦੀਆਂ ਪ੍ਰਕਰਮਾ ਵਿੱਚ ਦੁੱਖ ਭੰਜਨੀ ਬੇਰ ਕੋਲੇ ਲਿਆ ਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਅੰਦਰ ਸਿੱਧੇ ਗੋਲੇ ਮਾਰਨੇ ਸ਼ੁਰੂ ਕਰ ਦਿੱਤੇ। ਉਸੇ ਵੇਲੇ ਸੰਤਾਂ ਕੋਲੋਂ ਜਨਰਲ ਸੁਬੇਗ ਸਿੰਘ ਜੀ ਨੇ ਵੱਡਾ ਹਥਿਆਰ (ਰਾਕਟ ਲੈਂਚਰ) ਪਰਾਪਤ ਕਰਕੇ ਟੈਂਕਾਂ ਅਤੇ ਬਖਤਰਬੰਦ ਗੱਡੀਆਂ ਦੇ ਮੂੰਹ ਮੋੜ ਦਿੱਤੇ ਸਨ। ਸ੍ਰੀ ਦਰਬਾਰ ਸਾਹਿਬ ਦੇ ਅਟੈਕ ਵਿੱਚ ਫੌਜ ਨੇ ਹਰ ਵੱਡੇ ਤੋਂ ਵੱਡਾ ਹਥਿਆਰ ਵਰਤਿਆ ਸੀ। ਜਨਰਲ ਸੁਬੇਗ ਸਿੰਘ ਜੀ ਆਪ ਸ੍ਰੀ ਅਕਾਲ ਤਖਤ ਸਾਹਿਬ ਦੇ ਨੇੜੇ ਮੋਰਚਿਆਂ ਵਿੱਚ ਰਾਤ ਨੂੰ ਪ੍ਰਕਰਮਾਂ ਵਿੱਚ ਦੀ ਆ ਜਾ ਰਹੇ ਸਨ, ਤਕਰੀਬਨ ਰਾਤ ਨੂੰ ਇਕ ਵਜੇ ਦੇ ਕਰੀਬ ਦੋ ਨਿਸ਼ਾਨ ਸਾਹਿਬਾਂ ਦੇ ਨੇੜੇ ਕਮਰੇ ਵਿੱਚ ਕਮਾਂਡੋ ਲੁਕੇ ਹੋਏ ਸਨ ਜਿਨਾਂ ਨੇ ਜਨਰਲ ਸੁਬੇਗ ਸਿੰਘ ਜੀ ਨੂੰ ਪ੍ਰਕਰਮਾ ਵਿੱਚ ਮੋਰਚਿਆਂ ਵੱਲ ਆਉਂਦੇ ਜਾਂਦਿਆਂ ਨੂੰ ਗੋਲੀਆਂ ਦਾ ਬ੍ਰਸਟ ਮਾਰ ਦਿੱਤਾ। ਜਨਰਲ ਸੁਬੇਗ ਸਿੰਘ ਜੀ ਨੇ ਸਿੰਘਾਂ ਨੂੰ ਅਵਾਜ਼ ਮਾਰੀ ਤਾਂ ਉਸ ਸਮੇਂ ਸ਼ਾਇਦ ਭਾਈ ਬਖ਼ਸ਼ੀਸ਼ ਸਿੰਘ ਫ਼ੌਜੀ ਸੀ ਜੋ ਜਨਰਲ ਸੁਬੇਗ ਸਿੰਘ ਜੀ ਨੂੰ ਆਪਣੀ ਪਿੱਠ ਤੇ ਚੁੱਕ ਕੇ ਥੱਲੇ ਭੋਰੇ ਵਿੱਚ ਸੰਤਾਂ ਦੇ ਕੋਲੇ ਲੈ ਆਇਆ। ਦਾਸ ਸੁਮੇਤ ਕੁੱਝ ਸਿੰਘ ਉਸ ਵੇਲੇ ਸੰਤਾਂ ਦੇ ਕੋਲੇ ਹੀ ਬੈਠੇ ਸੀ। ਜਨਰਲ ਸੁਬੇਗ ਸਿੰਘ ਜੀ ਨੇ ਮਹਾਂਪੁਰਖਾਂ ਨੂੰ ਕਿਹਾ ਕਿ ਬਾਬਾ ਜੀ ਮੈਂ ਤੁਹਾਡਾ ਬਚਨ ਪੂਰਾ ਕਰ ਆਇਆ ਹਾਂ ਅਤੇ ਹਥਿਆਰ ਵੀ ਨਹੀਂ ਛੱਡ ਕੇ ਆਇਆ। ਏਨੀ ਹੀ ਗੱਲ ਹੋਈ ਸੀ ਜਨਰਲ ਸਾਹਿਬ ਜੀ ਤੋਂ ਅੱਗੇ ਹੋਰ ਨਾਂ ਬੋਲਿਆ ਗਿਆ, ਸੰਤਾਂ ਨੇ ਉਸੇ ਟਾਇਮ ਕਿਹਾ ਜਨਰਲ ਸਾਹਿਬ ਜੀ ਅਸੀਂ ਤੁਹਾਡੇ ਮਗਰੇ ਆਏ, ਸਮਾਂ ਥੋੜ੍ਹਾ ਜਿਹਾ ਅੱਗੇ ਪਿੱਛੇ ਹੋ ਸਕਦਾ ਹੈ। ਜਨਰਲ ਸਾਹਿਬ ਉਸੇ ਸਮੇਂ ਸ਼ਹਾਦਤ ਦਾ ਜਾਮ ਪੀ ਗਏ। ਫੇਰ ਮਹਾਂਪੁਰਖਾਂ ਨੇ ਸਾਰੇ ਸਿੰਘਾਂ ਨੂੰ ਮੁਖਾਤਿਬ ਹੁੰਦਿਆਂ ਕਿਹਾ ਕਿ ਸਿੰਘੋ ਜਿਸ ਦੇਸ਼ ਲਈ ਜਨਰਲ ਸੁਬੇਗ ਸਿੰਘ ਜੀ ਲੜਦੇ ਮਰਦੇ ਰਿਹੇ ਹਨ ਅੱਜ ਉਸੇ ਦੇਸ਼ ਦੀ ਫੌਜ ਨੇ ਜਨਰਲ ਸਾਹਿਬ ਨੂੰ ਸ਼ਹੀਦ ਕਰ ਦਿੱਤਾ ਹੈ। ਭਾਈ ਗੁਰਮੁਖ ਸਿੰਘ ਗੜਬਈ ਨੂੰ ਕਿਹਾ ਕਿ ਜਨਰਲ ਸਾਹਿਬ ਦੇ ਸਰੀਰ 'ਤੇ ਚਾਦਰ ਪਾ ਦਿਓ। ਦੂਜੇ ਪਾਸੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੀਆਂ ਪ੍ਰਕਰਮਾ ਵਿੱਚ ਫੌਜ ਦੀਆਂ ਤੋਪਾਂ, ਟੈਂਕਾਂ ਅਤੇ ਬਖਤਰਬੰਦ ਗੱਡੀਆਂ ਅਤੇ ਫੌਜ ਨਾਲ ਸਿੰਘਾਂ ਦਾ ਬਹੁਤ ਹੀ ਘਮਸਾਨ ਦਾ ਪੂਰਾ ਭਿਆਨਕ ਯੁੱਧ ਹੋ ਰਿਹਾ ਸੀ।

ਚੱਲਦਾ....

## ਕੀ 50 ਸਾਲਾਂ ਦੀ...

ਇੰਜ ਹੀ ਗੋਲਫ਼, ਘੁੜਸਵਾਰੀ, ਤੈਰਨਾ ਆਦਿ ਕੁੱਝ ਵੀ ਕਰਨ ਜਾਂ ਕਿਸੇ ਨੂੰ ਸਿਖਾਉਣ ਨਾਲ ਦਿਮਾਗ਼ ਰਵਾਂ ਕੀਤਾ ਜਾ ਸਕਦਾ ਹੈ। ਸਿਤਾਰ, ਗਿਟਾਰ, ਢੋਲ, ਪਿਆਨੋ, ਵਾਜਾ ਜਾਂ ਬੰਸਰੀ ਵਜਾਉਣੀ ਏਨੀ ਫ਼ਾਇਦੇਮੰਦ ਸਾਬਤ ਹੋ ਚੁੱਕੀ ਹੈ ਕਿ ਸੰਨ 2017 ਵਿਚ ਕੀਤੀ ਖੋਜ ਅਨੁਸਾਰ ਜਿਹੜੇ ਸੰਗੀਤ ਨਾਲ ਜੁੜੇ ਰਹੇ, ਉਨਾਂ ਵਿਚ ਢਹਿੰਦੀ ਕਲਾ ਕਾਫ਼ੂਰ ਹੋ ਗਈ ਤੇ ਦਿਮਾਗ਼ ਬਾਕੀਆਂ ਨਾਲੋਂ ਵੱਧ ਚੁਸਤ ਹੋ ਗਏ।

ਜੇ ਹਰ ਰੋਜ਼ ਸੈਰ ਕਰਨ ਲੱਗਿਆਂ ਵੱਖ ਰਾਹ ਲੈ ਲਿਆ ਜਾਵੇ ਤਾਂ ਏਨੇ ਨਾਲ ਹੀ ਮਾਨਸਿਕ ਅਤੇ ਸਰੀਰਕ ਤਬਦੀਲੀ ਵੇਖੀ ਜਾ ਸਕਦੀ ਹੈ। ਹਰ ਰੋਜ਼ ਕੁੱਝ ਚਿਰ ਲਈ ਧਿਆਨ ਲਾਉਣਾ, ਯੋਗ ਕਰਨਾ ਜਾਂ ਭਗਤੀ ਕਰਨ ਨਾਲ ਵੀ ਇਕਾਗਰਤਾ ਵਿਚ ਵਾਧਾ ਹੋ ਜਾਂਦਾ ਹੈ।

ਜਿਹੜੇ ਬਜ਼ੁਰਗ ਦੋ ਜਾਂ ਤਿੰਨ ਜ਼ੁਬਾਨਾਂ ਬੋਲ ਸਕਦੇ ਹੋਣ, ਉਨਾਂ ਦੇ ਦਿਮਾਗ਼ ਨੂੰ ਬੁਢੇਪਾ ਛੇਤੀ ਚੰਬੜਦਾ ਨਹੀਂ, ਯਾਦਾਸ਼ਤ ਦੇਰ ਤਕ ਦਰੁਸਤ ਰਹਿੰਦੀ ਹੈ ਅਤੇ ਚੀਜ਼ਾਂ ਵੀ ਛੇਤੀ ਭੁੱਲਦੇ ਨਹੀਂ।

ਹਲਕਾ ਭਾਰ ਚੁੱਕ ਕੇ ਤੁਰਨ ਨਾਲ ਪੱਠਿਆਂ ਦੀ ਮਜ਼ਬੂਤੀ ਬਣੀ ਰਹਿੰਦੀ ਹੈ ਅਤੇ ਕਮਜ਼ੋਰੀ ਘੱਟ ਮਹਿਸੂਸ ਹੁੰਦੀ ਹੈ। ਇੰਜ ਪੱਠੇ ਅਤੇ ਮਾਸ ਲਟਕਿਆ ਨਹੀਂ ਦਿਸਦਾ।

ਜਦੋਂ ਬਜ਼ੁਰਗ ਬਾਹਰ ਸੈਰ ਕਰਨ ਨਿਕਲਣ ਤਾਂ ਸਿਰ ਝੁਕਾ ਕੇ ਤੁਰਨ ਨਾਲੋਂ ਸਾਹਮਣੇ ਲੰਘਦੇ ਬੰਦਿਆਂ ਅਤੇ ਤੀਵੀਆਂ ਦੇ ਕਪੜਿਆਂ ਦੇ ਰੰਗ, ਜੁੱਤੀਆਂ, ਵਾਲ, ਐਨਕ, ਟੋਪੀ, ਦਾੜ੍ਹੀ, ਮੁੱਛਾਂ ਆਦਿ ਵੱਲ ਗਹੁ ਨਾਲ ਤੱਕਦੇ ਰਹਿਣ ਤਾਂ ਦਿਮਾਗ਼ ਨੂੰ ਵੰਨ ਸੁਵੰਨੇ ਸੁਨੇਹੇ ਪਹੁੰਚਦੇ ਹਨ ਜਿਸ ਨਾਲ ਯਾਦਾਸ਼ਤ ਦਾ ਸੈਂਟਰ ਰਵਾਂ ਹੁੰਦਾ ਰਹਿੰਦਾ ਹੈ ਅਤੇ ਨਵੀਆਂ ਚੀਜ਼ਾਂ ਦੇ ਨਾਵਾਂ ਵਿਚ ਵਾਧਾ ਹੁੰਦਾ ਰਹਿੰਦਾ ਹੈ।

ਲੰਮੀ ਉਮਰ ਦਰਅਸਲ ਜ਼ਿਆਦਾਤਰ ਜੀਨ ਆਧਾਰਿਤ ਹੁੰਦੀ ਹੈ ਕਿ ਮਾਪੇ ਜਾਂ ਵੱਡੇ ਵਡੇਰੇ ਕਿੰਨੀ ਲੰਮੀ ਉਮਰ ਭੋਗ ਕੇ ਗਏ। ਇਸ ਦੇ ਨਾਲ ਹੀ ਜੀਨ ਆਧਾਰਿਤ ਬੀਮਾਰੀਆਂ ਉਮਰ ਉੱਤੇ ਅਸਰ ਪਾਉਂਦੀਆਂ ਹਨ। ਜੇ 60 ਵਰਿਆਂ ਦੀ ਉਮਰ ਟੱਪ ਚੁੱਕੇ ਹੋਵੇ ਤਾਂ ਰੂਟੀਨ ਬੰਨਣਾ ਬਹੁਤ ਜ਼ਰੂਰੀ ਹੁੰਦਾ ਹੈ। ਸਵੇਰ ਦੇ ਨਾਸ਼ਤੇ ਦਾ, ਦੁਪਹਿਰ ਦੇ ਖਾਣੇ ਦਾ, ਸ਼ਾਮ ਦੀ ਚਾਹ ਦਾ, ਰਾਤ ਦੇ ਖਾਣੇ ਦਾ, ਸੌਣ ਦਾ ਅਤੇ ਸਵਖ਼ਤੇ ਉੱਠਣ ਦਾ। ਜੇ ਰਾਤ ਨੀਂਦਰ ਨਾ ਵੀ ਆਈ ਹੋਵੇ, ਤਾਂ ਵੀ ਸਵੇਰ ਵੇਲੇ ਉੱਠ ਕੇ, ਨਹਾ ਧੋ ਕੇ, ਤਿਆਰ ਹੋ ਕੇ, ਨਾਸ਼ਤਾ ਕਰ ਕੇ, ਬਾਅਦ ਵਿਚ ਕੁੱਝ ਚਿਰ ਸੁੱਤਾ ਜਾ ਸਕਦਾ ਹੈ।

ਖ਼ੁਰਾਕ ਵਿਚ ਤਬਦੀਲੀ ਕੀ ਹੋਵੇ ?

50 ਸਾਲਾਂ ਦੀ ਉਮਰ ਤੋਂ ਬਾਅਦ ਰੈਗੂਲਰ ਤਗੜੀ ਕਸਰਤ ਦੇ ਨਾਲੋ ਨਾਲ ਖ਼ੁਰਾਕ ਦੀ ਬਹੁਤ ਅਹਿਮੀਅਤ ਹੈ। ਘੱਟ ਥਿੰਦਾ, ਵੱਧ ਸਬਜ਼ੀਆਂ, ਦਾਲਾਂ ਤੇ ਪ੍ਰੋਟੀਨ ਭਰਪੂਰ ਖ਼ਰਾਕ ਜ਼ਰੂਰੀ ਹੈ। ਜੇ 50 ਸਾਲਾਂ ਤੋਂ ਬਾਅਦ ਖ਼ੁਰਾਕ ਦਾ ਸਹੀ ਖ਼ਿਆਲ ਰੱਖ ਲਿਆ ਜਾਵੇ ਤਾਂ ਘੱਟੋ ਘੱਟ 10 ਤੋਂ 15 ਸਾਲ ਦੀ ਉਮਰ ਵੱਧ ਜਾਂਦੀ ਹੈ। ਇਸ ਵਿਚ ਸਿਗਰਟ ਬੀੜੀ ਤੋਂ ਪੂਰਨ ਰੂਪ ਵਿਚ ਤੌਬਾ ਕਰਨੀ ਪੈਂਦੀ ਹੈ। ਕਦੇ ਕਦਾਈਂ ਬਹੁਤ ਘੱਟ ਸ਼ਰਾਬ ਲਈ ਜਾ ਸਕਦੀ ਹੈ, ਯਾਨੀ ਬਸ ਵਾਈਨ ਦੇ ਇੱਕ ਜਾਂ ਦੋ ਗਿਲਾਸ!

ਬ੍ਰਿਟਿਸ਼ ਮੈਡੀਕਲ ਜਰਨਲ ਵਿਚ ਛਪੀ ਖੋਜ ਅਨੁਸਾਰ ਜਿਹੜੇ ਜਣੇ 50 ਸਾਲ ਦੀ ਉਮਰ ਤੋਂ ਬਾਅਦ ਸਹੀ ਖ਼ੁਰਾਕ ਖਾਂਦੇ ਰਹੇ ਉਨਾਂ ਵਿਚ ਸ਼ੱਕਰ ਰੋਗ, ਕੈਂਸਰ ਜਾਂ ਦਿਲ ਦੇ ਰੋਗ ਘੱਟ ਹੋਏ ਅਤੇ ਉਹ ਬਾਕੀਆਂ ਨਾਲੋਂ ਲਗਭਗ 8 ਜਾਂ 10 ਸਾਲ ਵੱਧ ਜੀਅ ਸਕੇ। ਇਸ ਖੋਜ ਵਿਚ 73,196 ਔਰਤਾਂ ਅਤੇ 38,366 ਆਦਮੀ ਸ਼ਾਮਲ ਕੀਤੇ ਗਏ ਸਨ। ਸਭ ਨੂੰ ਰੋਜ਼ 40 ਮਿੰਟ ਤਗੜੀ ਕਸਰਤ ਵੀ ਕਰਵਾਈ ਗਈ ਸੀ।

ਕਿਹੜੀ ਚੀਜ਼ ਖਾਧੀ ਜਾਵੇ :-

ਭਾਰ ਕਾਬੂ ਵਿਚ ਰੱਖਣ ਅਤੇ ਸਾਰੇ ਅੰਗਾਂ ਦਾ ਕੰਮ ਕਾਰ ਸਹੀ ਰੱਖਣ ਲਈ ਢੇਰ ਸਾਰੀਆਂ ਵੰਨ ਸੁਵੰਨੀਆਂ ਸਬਜ਼ੀਆਂ, ਫਲ, ਛਾਣਬੂਰੇ ਵਾਲਾ ਆਟਾ, ਘਟ ਥਿੰਦੇ ਵਾਲਾ ਦੁੱਧ, ਦਹੀਂ ਪਨੀਰ, ਚਿਕਨ, ਮੱਛੀ, ਅੰਡੇ ਅਤੇ ਸੁੱਕੇ ਮੇਵੇ ਰੋਜ਼ ਜ਼ਰੂਰ ਖਾਂਦੇ ਰਹਿਣਾ ਚਾਹੀਦਾ ਹੈ।

ਇਨਾਂ ਰਾਹੀਂ ਲੋੜੀਂਦੇ ਕੈਲਸ਼ੀਅਮ, ਪ੍ਰੋਟੀਨ, ਮਿਨਰਲ ਤੱਤ ਅਤੇ ਵਿਟਾਮਿਨ ਬੀ 12 ਸਰੀਰ ਅੰਦਰ ਪਹੁੰਚ ਜਾਂਦੇ ਹਨ।

ਕਿੰਨੀ ਨੀਂਦਰ ਹੋਵੇ ?

ਰੋਜ਼ 7 ਤੋਂ 8 ਘੰਟੇ ਦੀ ਨੀਂਦਰ ਲੈਣੀ ਜ਼ਰੂਰੀ ਹੈ।

ਫ਼ਿਕਰ ਕਰਨਾ ਕਿਵੇਂ ਛੱਡਿਆ ਜਾਵੇ ?

ਮੰਨੀ ਪ੍ਰਮੰਨੀ ਗੱਲ ਹੈ ਕਿ ਲੋਕ ਮਰ ਮੁੱਕ ਜਾਂਦੇ ਹਨ ਪਰ ਕੰਮ ਨਹੀਂ ਮੁੱਕਦੇ। ਇਸ ਲਈ ਬਚੇ ਹੋਏ ਕੰਮਾਂ ਦੀ ਫ਼ਿਕਰ ਛੱਡ ਦੇਣੀ ਚਾਹੀਦੀ ਹੈ।

ਇੰਜ ਹੀ ਅੱਜ ਤੱਕ ਕਿਸੇ ਨੂੰ ਕਦੇ ਮੁਕੰਮਲ ਜਹਾਨ ਹਾਸਲ ਨਹੀਂ ਹੋਇਆ। ਸਾਨੂੰ ਤਾਂ ਜ਼ਿੰਦਗੀ ਨਾਲ ਸ਼ਿਕਾਇਤਾਂ ਕਰਨ ਦੀ ਥਾਂ ਉਦਾਸੀਆਂ ਦੇ ਓਹਲੇ ਲੁਕੀਆਂ ਖ਼ੁਸ਼ੀਆਂ ਲੱਭਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਜ਼ਿੰਦਗੀ ਅਤੇ ਸਮੇਂ ਨੂੰ ਬੰਨਿਆ ਜਾ ਹੀ ਨਹੀਂ ਸਕਦਾ। ਇਸੇ ਲਈ ਹੋਰਨਾਂ ਨੂੰ ਠੀਕ ਕਰਨ ਦੀ ਥਾਂ ਆਪਣੇ ਆਪ ਨੂੰ ਤਬਦੀਲ ਕਰਨਾ ਹੀ ਠੀਕ ਰਹਿੰਦਾ ਹੈ।

ਹੱਸਣਾ ਅਤੇ ਗਾਣਾ ਜਾਂ ਗੁਣਗੁਣਾਉਣਾ ਤਣਾਓ ਘਟਾਉਣ ਵਿਚ ਬਹੁਤ ਫ਼ਾਇਦੇਮੰਦ ਸਾਬਤ ਹੋ ਚੁੱਕਿਆ ਹੈ।

ਪਿਛਾਂਹ ਲੰਘ ਚੁੱਕੀ ਜ਼ਿੰਦਗੀ ਵਿਚ ਵਾਰ-ਵਾਰ ਝਾਤ ਮਾਰ ਕੇ ਕਿਸੇ ਹੋਰ ਨਾਲ ਮੇਚ ਕੇ ਸਿਵਾਏ ਢਹਿੰਦੀ ਕਲਾ ਦੇ, ਕੁੱਝ ਵੀ ਹਾਸਲ ਨਹੀਂ ਹੁੰਦਾ। ਇਸੇ ਲਈ ਅੱਗੋਂ ਆਉਣ ਵਾਲੇ ਸਮੇਂ ਬਾਰੇ ਵਿਚਾਰ ਕਰਨ ਦੀ ਲੋੜ ਹੁੰਦੀ ਹੈ ਕਿ ਹੁਣ ਕਿਵੇਂ ਇਹ ਸਮਾਂ ਵਧੀਆ ਗੁਜ਼ਾਰਿਆ ਜਾਵੇ।

ਜਿਹੜੀਆਂ ਤਮੰਨਾਵਾਂ ਪਹਿਲਾਂ ਘਰੇਲੂ ਕੰਮਾਂ ਦੇ ਪੂਰਾ ਕਰਨ ਵਿਚ ਦਫਨ ਹੋ ਚੁੱਕੀਆਂ ਹੋਣ, ਉਨਾਂ ਨੂੰ ਪੂਰਾ ਕਰਨ ਦਾ ਇਸ ਤੋਂ ਬਿਹਤਰ ਸਮਾਂ ਹੋਰ ਹੋ ਹੀ ਨਹੀਂ ਸਕਦਾ।

ਨਵੀਆਂ ਦੋਸਤੀਆਂ ਗੰਢਣ, ਨਵੀਂ ਖੇਡ ਸਿੱਖਣ, ਨਵੀਂ ਕਸਰਤ ਸਿੱਖਣ, ਨਵੀਂ ਚੀਜ਼ ਬਣਾਉਣ ਜਾਂ ਖਾਣ ਦੀ ਨਵੀਂ ਚੀਜ਼ ਤਿਆਰ ਕਰਨ ਵਰਗੇ ਨਿੱਕੇ-ਨਿੱਕੇ ਕੰਮ ਤਣਾਓ ਨੂੰ ਝੱਟ ਕਾਫ਼ੂਰ ਕਰ ਦਿੰਦੇ ਹਨ।

ਮੌਤ ਦਾ ਭੈਅ ਅਤੇ ਇਕੱਲੇ ਰਹਿ ਜਾਣ ਦਾ ਡਰ ਇਸ ਉਮਰ ਵਿਚ ਹਰ ਕਿਸੇ ਨੂੰ ਹੁੰਦਾ ਹੈ। ਇਸੇ ਲਈ ਦੋ ਗੱਲਾਂ ਜ਼ਰੂਰ ਚੇਤੇ ਰੱਖਣੀਆਂ ਚਾਹੀਦੀਆਂ ਹਨ। ਪਹਿਲੀ, ਇਸ ਦੁਨੀਆ ਦਾ ਭਾਰ ਸਿਰਫ਼ ਮੇਰੇ ਸਿਰ ਉੱਤੇ ਨਹੀਂ ਹੈ। ਦੂਜੀ, ਇਸ ਸੰਸਾਰ ਵਿਚ ਕਿਸੇ ਧਰਮ ਦਾ ਰੱਬ, ਕੋਈ ਜਾਨਵਰ, ਪੰਛੀ, ਕੀੜਾ, ਮਕੌੜਾ ਜਾਂ ਬੂਟਾ ਤੱਕ ਵੀ ਸਦੀਵੀ ਨਹੀਂ ਹੈ। ਸਭ ਨੇ ਮਰ ਮੁੱਕ ਜਾਣਾ ਹੁੰਦਾ ਹੈ। ਇਸੇ ਲਈ ਅੰਤ ਬਾਰੇ ਸੋਚਦੇ ਰਹਿਣ ਨਾਲੋਂ ਇਸ ਜ਼ਿੰਦਗੀ ਦੇ ਆਖ਼ਰੀ ਸਫ਼ਰ ਵਿਚਲਾ ਰਸਤਾ ਜ਼ਰੂਰ ਰੱਜ ਕੇ ਜੀਅ ਲੈਣਾ ਚਾਹੀਦਾ ਹੈ। ਅਖ਼ੀਰ ਵਿਚ ਸਿਰਫ਼ ਇਹੋ ਕਹਿਣਾ ਹੈ ਕਿ ਪੈਸਾ ਕਈ ਕਿਸਮਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਜ਼ਰੂਰੀ ਹੁੰਦਾ ਹੈ ਪਰ ਇਹ ਜ਼ਰੂਰੀ ਨਹੀਂ ਕਿ ਪੈਸਾ ਹੀ ਵਧੀਆ ਜ਼ਿੰਦਗੀ ਜਿਊਣ ਦਾ ਆਧਾਰ ਹੋਵੇ। ਸੋ ਇਹ ਉਮਰ ਫ਼ਿਕਰਾਂ ਨੂੰ ਛੰਡ ਕੇ ਜ਼ਿੰਦਗੀ ਦੀ ਹਰ ਖ਼ੁਸ਼ੀ ਦਾ ਇਹਸਾਸ ਕਰਨ ਦੀ ਹੁੰਦੀ ਹੈ। ਜ਼ਿੰਦਗੀ ਇੱਕੋ ਮਿਲਣੀ ਹੈ, ਰੱਜ ਕੇ ਜੀਅ ਲੈਣੀ ਚਾਹੀਦੀ ਹੈ। ਕੋਈ ਸਧਰ ਅਧੂਰੀ ਨਹੀਂ ਰਹਿਣ ਦੇਣੀ ਚਾਹੀਦੀ।

## ਭਾਰਤ ਵਿਚ ਲੋਕਤੰਤਰ...

ਸਮਾਜਿਕ ਲੋਕਤੰਤਰ ਦਾ ਵਾਅਦਾ ਟੁਕੜਿਆਂ ਵਿਚ ਹੀ ਬਿਖਰਿਆ ਹੋਇਆ ਹੈ। ਇਸ ਦਾ ਲੋਕਤੰਤਰੀ ਰਾਜਨੀਤੀ ਉੱਪਰ ਵੀ ਬੁਰਾ ਪ੍ਰਭਾਵ ਪਿਆ ਹੈ। ਭਾਰਤੀ ਲੋਕਤੰਤਰ ਦੀ ਸਭ ਤੋਂ ਵੱਡੀ ਅਸਫਲਤਾ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਵਫਾ ਨਾ ਕਰਨਾ ਹੈ। ਸਾਰੇ ਲੋਕਾਂ ਨੂੰ ਬਰਾਬਰੀ ਅਤੇ ਅਰਾਮ ਦੇਣ ਦੀ ਬਜਾਇ ਇਹ ਲੋਕਾਂ ਦੀ ਘੱਟ ਤੋਂ ਘੱਟ ਲੋੜਾਂ ਨੂੰ ਵੀ ਪੂਰਾ ਨਹੀਂ ਕਰ ਪਾਈ ਹੈ।ਇਸ ਤਰਾਂ ਦੀ ਬੌਧਿਕ ਨਿਰਬਲਤਾ ਹੀ ਭਾਰਤ ਲਈ ਅੱਜ ਬਹੁਤ ਵੱਡੀ ਚੁਣੌਤੀ ਹੈ।

## ਪੰਜਾਬ ਵਿੱਚ ਦਿੱਲੀ...

ਪੁਰਾਣੀਆਂ ਸਰਕਾਰਾਂ ਤੋਂ ਅੱਕੇ ਲੋਕ ਚੰਗੇ ਨਤੀਜੇ ਵੇਖਣ ਲਈ ਬਹੁਤ ਕਾਹਲੇ ਹਨ, ਇਹ ਠੀਕ ਨਹੀਂ। ਉਸ ਨੂੰ ਚੰਗਾ-ਮਾੜਾ ਕਹਿਣ ਤੋਂ ਪਹਿਲਾਂ ਦੋ ਕੁ ਸਾਲ ਦੀ ਉਡੀਕ ਤਾਂ ਕਰਨੀ ਬਣਦੀ ਹੀ ਹੈ। ਉਂਝ ਲੋਕਾਂ ਨੇ ਉਸ ਨੂੰ ਪੰਜ ਸਾਲ ਲਈ ਫਤਵਾ ਦਿੱਤਾ ਹੈ। ਉਸ ਬਾਅਦ ਹੀ ਉਸ ਦੀ ਕਾਰਗੁਜਾਰੀ ਨੂੰ ਕਾਂਗਰਸੀ ਅਤੇ ਅਕਾਲੀ ਸਰਕਾਰਾਂ ਨਾਲ ਤੁਲਨਾ ਕੀਤੀ ਜਾ ਸਕੇਗੀ। ਉਸਾਰੂ ਸੁਝਾਉ ਅਤੇ ਉਸਾਰੂ ਅਲੋਚਨਾ ਮਾਨ ਸਰਕਾਰ ਨੂੰ ਹੋਰ ਸ਼ਕਤੀ ਤੇ ਹੌਂਸਲਾ ਦੇ ਸਕਦੇ ਹਨ। ਸਿਰਫ ਆਲੋਚਨਾ ਲਈ ਆਲੋਚਨਾ ਦਾ ਪੰਜਾਬ ਨੂੰ ਕੋਈ ਲਾਭ ਨਹੀਂ ਹੋਣਾ।

## ਉਮਰ ਖਾਲਿਦ ਦੀ ਰਿਹਾਈ..

ਜਮਹੂਰੀ ਹੱਕਾਂ ਦੇ ਝੰਡਾਬਰਦਾਰ ਨੂੰ ਚਿਤਾਵਨੀ ਦੇਣ ਲਈ ਤੀਸਤਾ ਨੂੰ ਜੇਲ ਦੀਆਂ ਸਲਾਖਾਂ ਪਿੱਛੇ ਡੱਕਿਆ ਗਿਆ।

ਪਲਸ ਮੰਚ ਦੇ ਸੂਬਾਈ ਪ੍ਰਧਾਨ ਅਮੋਲਕ ਸਿੰਘ ਨੇ ਕਿਹਾ ਕਿ ਫਿਰਕੂ ਫਾਸ਼ੀ ਹੱਲੇ ਨੂੰ ਲੱਕ ਤੋੜਵੀਂ ਹਾਰ ਦੇਣ ਲਈ ਲੋਕ ਮੁੱਦਿਆਂ 'ਤੇ ਲਾਮਬੰਦੀ ਅਤੇ ਲੋਕ ਸੰਘਰਸ਼ ਲਾਜ਼ਮੀ ਹੈ। ਇਸ ਮੌਕੇ ਮਤਾ ਪਾਸ ਕਰਦਿਆਂ ਮੰਗ ਕੀਤੀ ਗਈ ਕਿ ਤੀਸਤਾ ਸੀਤਲਵਾੜ, ਆਰ ਬੀ ਸ੍ਰੀ ਕੁਮਾਰ, ਮੁਹੰਮਦ ਜ਼ੁਬੈਰ ਸਮੇਤ ਬੀਤੇ ਸਾਲਾਂ ਤੋਂ ਜੇਲਾਂ ਅੰਦਰ ਡੱਕੇ ਬੁੱਧੀਜੀਵੀਆਂ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ।

## ਜਹਿਰੀਲੀ ਫਿਰਕੂ ਭਾਸ਼ਾ...

ਇਸ ਸਮੂਹ ਵਿੱਚ ਹਾਈ ਕੋਰਟਾਂ ਦੇ 15 ਸਾਬਕਾ ਜੱਜ, ਆਲ ਇੰਡੀਆ ਸਰਵਿਸਿਜ਼ ਦੇ 77 ਸਾਬਕਾ ਅਧਿਕਾਰੀ ਅਤੇ 25 ਹੋਰ ਸੀਨੀਅਰ ਵਿਅਕਤੀ ਸ਼ਾਮਲ ਹਨ। ਇਸ ਬਿਆਨ 'ਤੇ ਬੰਬਈ ਹਾਈ ਕੋਰਟ ਦੇ ਸਾਬਕਾ ਚੀਫ਼ ਜਸਟਿਸ ਸ਼ਿਤਿਜ ਵਿਆਸ, ਗੁਜਰਾਤ ਹਾਈ ਕੋਰਟ ਦੇ ਸਾਬਕਾ ਜੱਜ ਐੱਸ.ਐੱਮ. ਸੋਨੀ, ਰਾਜਸਥਾਨ ਹਾਈ ਕੋਰਟ ਦੇ ਸਾਬਕਾ ਜੱਜਾਂ ਜਸਟਿਸ ਆਰ. ਐੱਸ. ਰਾਠੌਰ ਤੇ ਜਸਟਿਸ ਪ੍ਰਸ਼ਾਂਤ ਅਗਰਵਾਲ ਅਤੇ ਦਿੱਲੀ ਹਾਈ ਕੋਰਟ ਦੇ ਸਾਬਕਾ ਜੱਜ ਐੱਸ.ਐੱਨ. ਢੀਂਗਰਾ ਨੇ ਹਸਤਾਖ਼ਰ ਕੀਤੇ ਹਨ। ਸਾਬਕਾ ਆਈਏਐੱਸ ਅਧਿਕਾਰੀ ਆਰ.ਐੱਸ. ਗੋਪਾਲਨ ਤੇ ਐੱਸ ਕ੍ਰਿਸ਼ਨ ਕੁਮਾਰ, ਰਾਜਦੂਤ (ਸੇਵਾਮੁਕਤ) ਨਿਰੰਜਣ ਦੇਸਾਈ, ਸਾਬਕਾ ਪੁਲੀਸ ਮੁਖੀਆਂ ਐੱਸ.ਪੀ. ਵੈਦ ਤੇ ਬੀ.ਐੱਲ. ਵੋਹਰਾ, ਲੈਫ਼ਟੀਨੈਂਟ ਜਨਰਲ (ਰਿਟਾਇਰਡ) ਵੀ.ਕੇ. ਚਤੁਰਵੇਦੀ ਅਤੇ ਏਅਰ ਮਾਰਸ਼ਲ (ਰਿਟਾਇਰਡ) ਐੱਸ.ਪੀ. ਸਿੰਘ ਨੇ ਵੀ ਬਿਆਨ 'ਤੇ ਦਸਤਖ਼ਤ ਕੀਤੇ ਹਨ। ਬਿਆਨ ਵਿੱਚ ਕਿਹਾ ਗਿਆ ਹੈ ਕਿ ਨੂਪੁਰ ਨੂੰ ਨਿਆਂਪਾਲਿਕਾ ਤੱਕ ਪਹੁੰਚ ਤੋਂ ਵਾਂਝਾ ਕੀਤਾ ਗਿਆ ਅਤੇ ਇਸ ਪ੍ਰਕਿਰਿਆ ਵਿੱਚ ਭਾਰਤ ਦੇ ਸੰਵਿਧਾਨ ਦੀ ਪ੍ਰਸਤਾਵਨਾ, ਭਾਵਨਾ ਅਤੇ ਸਾਰ ਦੀ ਉਲੰਘਣਾ ਕੀਤੀ ਗਈ ਹੈ। ਬਿਆਨ ਵਿੱਚ ਦਾਅਵਾ ਕੀਤਾ ਗਿਆ ਹੈ, 'ਇਨਾਂ ਟਿੱਪਣੀਆਂ ਨੇ ਉਦੈਪੁਰ ਵਿੱਚ ਦਿਨ-ਦਿਹਾੜੇ ਸਿਰ ਕਲਮ ਕਰਨ ਵਰਗੀਆਂ ਘਟਨਾਵਾਂ ਨੂੰ ਅਸਿੱਧੇ ਤਰੀਕੇ ਨਾਲ ਛੋਟ ਦੇ ਦਿੱਤੀ ਹੈ। ਕਾਨੂੰਨ ਨਾਲ ਜੁੜੇ ਭਾਈਚਾਰੇ ਦਾ ਇਸ ਟਿੱਪਣੀ 'ਤੇ ਹੈਰਾਨ ਹੋਣਾ ਨਿਸ਼ਚਿਤ ਹੈ ਕਿ ਐੱਫਆਈਆਰ ਕਾਰਨ ਗ੍ਰਿਫ਼ਤਾਰੀ ਹੋਣੀ ਚਾਹੀਦੀ ਹੈ।'

**ਹਾਈ ਕੋਰਟ ਦੇ ਸਾਬਕਾ ਜੱਜ ਖ਼ਿਲਾਫ਼ ਕਾਰਵਾਈ ਲਈ ਅਟਾਰਨੀ ਜਨਰਲ ਦੀ ਸਹਿਮਤੀ ਮੰਗੀ**

ਐਡਵੋਕੇਟ ਸੀ.ਆਰ. ਜਯਾ ਸੁਕਿਨ ਨੇ ਅਟਾਰਨੀ ਜਨਰਲ ਕੇ.ਕੇ. ਵੈਣੂਗੋਪਾਲ ਕੋਲ ਇਕ ਅਰਜ਼ੀ ਦਾਇਰ ਕਰ ਕੇ ਨੂਪੁਰ ਸ਼ਰਮਾ ਮਾਮਲੇ ਵਿੱਚ ਸਿਖ਼ਰਲੀ ਅਦਾਲਤ ਦੀ ਕਾਰਵਾਈ ਖ਼ਿਲਾਫ਼ ਟਿੱਪਣੀਆਂ ਕਰਨ 'ਤੇ ਦਿੱਲੀ ਹਾਈ ਕੋਰਟ ਦੇ ਸਾਬਕਾ ਜੱਜ ਜਸਟਿਸ ਐੱਸ.ਐੱਨ. ਢੀਂਗਰਾ ਵਿਰੁੱਧ ਅਦਾਲਤੀ ਮਾਣਹਾਨੀ ਤਹਿਤ ਅਪਰਾਧਿਕ ਕਾਰਵਾਈ ਕਰਨ ਲਈ ਅਟਾਰਨੀ ਜਨਰਲ ਦੀ ਸਹਿਮਤੀ ਮੰਗੀ ਹੈ। ਸ੍ਰੀ ਸੁਕਿਨ ਨੇ ਸਾਬਕਾ ਐਡੀਸ਼ਨਲ ਸੌਲੀਸਿਟਰ ਜਨਰਲ ਅਮਨ ਲੇਖੀ ਅਤੇ ਸੀਨੀਅਰ ਵਕੀਲ ਕੇ ਰਾਮਾ ਕੁਮਾਰ ਖ਼ਿਲਾਫ਼ ਵੀ ਅਜਿਹੀ ਹੀ ਕਾਰਵਾਈ ਦੀ ਮੰਗ ਕੀਤੀ ਹੈ।

**ਅਜਮੇਰ ਦਰਗਾਹ ਦੇ ਮੌਲਵੀ ਵੱਲੋਂ ਨੂਪੁਰ ਦਾ 'ਸਿਰ ਕਲਮ ਕਰਨ' ਦੀ ਧਮਕੀ**

ਭਾਜਪਾ ਦੀ ਮੁਅੱਤਲ ਤਰਜਮਾਨ ਨੂਪੁਰ ਸ਼ਰਮਾ ਨੂੰ ਕਥਿਤ ਤੌਰ 'ਤੇ ਵੀਡੀਓ ਬਣਾ ਕੇ ਸੋਸ਼ਲ ਮੀਡੀਆ ਉਤੇ ਧਮਕਾਉਣ ਦੇ ਮਾਮਲੇ ਵਿਚ ਪੁਲਿਸ ਨੇ ਅਜਮੇਰ ਦਰਗਾਹ ਦੇ ਇਕ ਖਾਦਿਮ (ਮੌਲਵੀ) ਖ਼ਿਲਾਫ਼ ਐਫਆਈਆਰ ਦਰਜ ਕੀਤੀ ਹੈ। ਪੁਲਿਸ ਮੁਲਜ਼ਮ ਦੀ ਤਲਾਸ਼ ਕਰ ਰਹੀ ਹੈ। ਦਰਗਾਹ ਪੁਲਿਸ ਥਾਣੇ ਵਿਚ ਇਕ ਵਿਅਕਤੀ ਨੇ ਸਲਮਾਨ ਚਿਸ਼ਤੀ ਖ਼ਿਲਾਫ਼ ਸ਼ਿਕਾਇਤ ਦਰਜ ਕਰਵਾਈ ਹੈ। ਵੀਡੀਓ ਵਿਚ ਚਿਸ਼ਤੀ ਕਹਿ ਰਿਹਾ ਹੈ ਕਿ, 'ਨੂਪੁਰ ਸ਼ਰਮਾ ਦਾ ਸਿਰ ਲਿਆਉਣ ਵਾਲੇ ਨੂੰ ਉਹ ਆਪਣਾ ਘਰ ਦੇ ਦੇਵੇਗਾ।' ਵੀਡੀਓ ਵਿਚ ਚਿਸ਼ਤੀ ਨੇ ਕਿਹਾ, 'ਉਹ ਪੈਗ਼ੰਬਰ ਮੁਹੰਮਦ ਦਾ ਅਪਮਾਨ ਕਰਨ ਉਤੇ ਉਸ ਨੂੰ ਸ਼ਰੇਆਮ ਗੋਲੀ ਮਾਰ ਦਿੰਦਾ।' ਚਿਸ਼ਤੀ ਨੇ ਕਿਹਾ, 'ਜੋ ਕੋਈ ਵੀ ਉਸ ਨੂਪੁਰ ਸ਼ਰਮਾ ਦਾ ਸਿਰ ਲਿਆ ਕੇ ਦੇਵੇਗਾ, ਉਹ ਉਸ ਨੂੰ ਆਪਣਾ ਘਰ ਸੌਂਪ ਦੇਣਗੇ।' ਉਸ ਨੇ ਵੀਡੀਓ ਵਿਚ ਕਿਹਾ, 'ਤੁਹਾਨੂੰ ਸਾਰੇ ਮੁਸਲਿਮ ਦੇਸ਼ਾਂ ਨੂੰ ਜਵਾਬ ਦੇਣਾ ਪਵੇਗਾ। ਇਹ ਮੈਂ ਅਜਮੇਰ ਰਾਜਸਥਾਨ ਤੋਂ ਕਹਿ ਰਿਹਾ ਹਾਂ ਤੇ ਇਹ ਪੈਗਾਮ ਹਜ਼ੂਰ ਖ਼ਵਾਜ਼ਾ ਬਾਬਾ ਦੇ ਦਰਬਾਰ ਤੋਂ ਹੈ।' ਦਰਗਾਹ ਦੇ ਥਾਣਾ ਅਫ਼ਸਰ ਦਲਵੀਰ ਸਿੰਘ ਫ਼ੌਜਦਾਰ ਨੇ ਦੱਸਿਆ ਕਿ ਕੇਸ ਦਰਜ ਕਰ ਲਿਆ ਗਿਆ ਹੈ ਤੇ ਗ੍ਰਿਫ਼ਤਾਰੀ ਲਈ ਯਤਨ ਕੀਤੇ ਜਾ ਰਹੇ ਹਨ।

ਇਥੇ ਇਸ਼ਤਿਹਾਰ ਲਗਾਉਣ ਲਈ ਕਾਲ ਕਰੋ:
510-240-5949
Email:asrtimes@gmail.com

## ਸੁਹਾਗ

ਪਿਉ ਨੂੰ ਏਸ ਗੱਲੋਂ ਗੱਚ ਚੜ੍ਹਿਆ ਤੇ ਉਹ ਹੁਣ ਜਿਦੇ ਚੜ ਕੇ ਵਿਆਹ ਕਰਾਉਣ ਲੱਗਾ ਏ ਪਈ ਛੇਤੀ ਨਾਲ ਸਾਰੀ ਤੇ ਨਾ ਸਾਂਭ ਲੈਣਗੇ। ਇਹ ਤਾਂ ਸਾਰੀ ਗਲ ਜਿਦ ਦੀ ਏ।

ਕੌਰਾਂ-(ਉਂਗਲ ਮੂੰਹ ਵਿਚ ਪਾਕੇ ਤੇ ਸਿਰ ਹਲਾ ਕੇ) ਹਾਏ! ਹਾਏ! ਬੁੱਢੇ ਵਾਰੇ ਮਤ ਮਾਰੀ ਗਈ, ਧੌਲਾ ਝਾਟਾ ਤੇ ਆਟਾ ਖਰਾਬ! ਪਰ ਰਾਣੀ, ਇਹ ਗੱਲ ਹੈ ਸੱਚੀ।

ਨੈਣ-ਬੇਬੇ, ਕੀ ਕਹਿਵਾਂ, ਸਚ ਏ ਕਿ ਝੂਠ? ਸੁਨਣੇ ਵਿਚ ਏਸੇ ਤਰਾਂ ਆਈ ਏ।

ਕੌਰਾਂ-ਠੀਕ ਹੋਣਾ ਏਂ, ਠੀਕ ਹੋਣਾ ਏਂ। ਖਲਕਤ ਏਵੇਂ ਨਹੀਂ ਲੈ ਉੱਠਦੀ।

ਨੈਣ-ਬੇਬੇ, ਸਭ ਕੁਝ ਸੰਜੋਗਾਂ ਦੇ ਵੱਸ ਏ। ਬੰਦਾ ਕੀ ਕਰ ਸਕਦਾ ਏ? ਹੱਛਾ, ਮੈਂ ਹੁਣ ਚਲਨੀ ਆਂ, ਅਜੇ ਮੈਂ ਬਹੁਤੀਂ ਘਰੀ ਜਾਣਾ ਏਂ।

ਕੌਰਾਂ-ਹਾਏ, ਜਾਨ ਬੜੀ ਦੁਖ ਦੇ ਮੂੰਹ ਆਈ ਏ!

ਨੈਣ-ਨਹੀਂ ਬੇਬੇ, ਏਡੀ ਘਾਬਰਨ ਦੀ ਕੀ ਲੋੜ ਏ? ਵਰ ਹੋਰ ਬਥੇਰੇ। ਕੁੜੀਆਂ ਵੀ ਕਦੀ ਕਵਾਰੀਆਂ ਰਹੀਆਂ ਨੇ?

(ਤੁਰਨ ਲਈ ਉੱਠਦੀ ਹੈ)

ਕੌਰਾਂ-(ਉੱਠ ਕੇ ਤੇ ਨੈਣ ਦੇ ਕੋਲ ਜਾ ਕੇ) ਵੇਖੇਂ ਨਾ ਰਾਣੀ, ਸਾਡੇ ਤੁਹਾਡੇ ਲੋਕਾਂ ਦੇ ਪੜਦੇ ਇਕ ਹੁੰਦੇ ਨੇ। ਵੇਖੀਂ, ਅੱਗੇ ਨਾ ਗੱਲ ਕਰੀਂ ਕਿਤੇ, ਨਹੀਂ ਤਾਂ ਸਾਰੇ ਉਡ ਜਾਏਗੀ ਅਤੇ ਇੱਜਤ ਲੱਖੀਂ ਤੇ ਹਜ਼ਾਰੀਂ ਹੱਥ ਨਹੀਂ ਆਉਂਦੀ।

ਨੈਣ-ਨਹੀਂ ਬੇਬੇ, ਤੂੰ ਤਸੱਲੀ ਰੱਖ। ਅਸੀਂ ਇਹੋ ਜਿਹੇ ਲੋਕੀ ਨਹੀਂ। ਸਾਨੂੰ ਸਾਰਿਆਂ ਦੀਆਂ ਗੱਲਾਂ ਦਾ ਪਤਾ ਏ। ਜੇ ਏਦਾਂ ਅਸੀਂ ਦਸਦੇ ਫਿਰੀਏ ਤਾਂ ਗੁਜ਼ਾਰਾ ਕਿੱਦਾਂ ਚੱਲੇ?

ਕੌਰਾਂ-ਹੱਛਾ ਰਾਣੀ, ਚੇਤਾ ਰੱਖੀਂ, ਭੁੱਲੀਂ ਨਾ।

ਨੈਣ-ਤੂੰ ਜਰਾ ਵੀ ਤੌਂਖਲਾ ਨਾ ਕਰ।

(ਨੈਣ ਚਲੀ ਜਾਂਦੀ ਹੈ)

ਕੌਰਾਂ-ਵੇਖੋ, ਕੋਈ ਕਰਮਾਂ ਦੀ ਗਲ ਜੇ! ਜਿਹੜਾ ਢੋ ਬਣਾਉਣੇ ਆਂ ਉਹਦੇ ਵਿਚ ਈ ਕੋਈ ਵਿਘਨ ਪੈ ਜਾਂਦਾ ਏ। ਬੜੇ ਵਖਤਾਂ ਨਾਲ ਕੁਝ ਸਬਬ ਬਣਿਆ ਸੀ, ਸੋ ਇਹਦੇ ਤੋਂ ਵੀ ਜੀ ਖੱਟਾ ਹੋ ਗਿਆ। ਸਗੋਂ ਉਲਟੀ ਚਿੰਤਾ ਚੰਬੜ ਗਈ ਏ ਪਈ ਜੇ ਨੈਣ ਨੇ ਕਿਤੇ ਅੱਗੇ ਗੱਲ ਕਰ ਦਿੱਤੀ ਤਾਂ ਸਾਰੇ ਉੱਡ ਜਾਊ। ਘਰੋਂ ਖਾਲੀ ਨਹੀਂ ਸੀ ਜਾਣ ਦੇਣਾ ਚਾਹੀਦਾ।ਹੱਛਾ, ਹੁਣ ਜਾ ਕੇ ਕੁਝ ਦੇ ਆਉਨੀ ਆਂ। (ਸੰਦੂਕ ਖੋਲ ਕੇ ਉਹਦੇ ਵਿਚੋਂ ਇਕ ਚੁੰਨੀ ਕੱਢਦੀ ਏ ਤੇ ਥੋੜੇ ਜਿਹੇ ਚੌਲ ਉਹਦੇ ਲੜ ਬੰਨ ਲੈਂਦੀ ਹੈ) ਲਾਜੋ, ਤੂੰ ਇਥੇ ਰਹੋ। ਜਦੋਂ ਤੇਰਾ ਭਾਈਆ ਆਵੇ ਤਾਂ ਉਹਨੂੰ ਕਹੀਂ ਪਈ ਮੈਂ ਹੁਣੇ ਈ ਆਉਨੀ ਆਂ।

ਲਾਜੋ-ਨਾ, ਨਾ, ਮੈਂ ਵੀ ਨਾਲ ਚੱਲੂੰ, ਮੈਂ ਕੱਲੀ ਨਹੀਂ ਬੈਹਣਾ ਏਥੇ।

ਕੌਰਾਂ-ਮੈਂ ਆਈ ਕਿ ਆਈ, ਤੂੰ ਬੈਠ ਇਥੇ। ਚੱਲ ਉੱਥੋਂ ਚੀਜੀ ਲੈ ਲੈ ਤੇ ਨਾਲੇ ਗੁੱਡੀਆਂ ਨਾਲ ਖੇਡ।

ਲਾਜੋ-(ਚੀਜੀ ਵਲੋਂ ਖੁਸ਼ ਹੋ ਕੇ) ਹੱਛਾ, ਹੱਛਾ, ਛੇਤੀ ਆਵੀਂ

(ਆਪਣੀਆਂ ਗੁੱਡੀਆਂ ਵੱਲ ਦੌੜ ਜਾਂਦੀ ਹੈ)

(ਕੌਰਾਂ ਚਲੀ ਜਾਂਦੀ ਹੈ)

ਲਾਜੋ-ਆਹਾ ਜੀ, ਅਸੀਂ ਗੁੱਡੀਆਂ ਨੂੰ ਨਵੇਂ ਕਪੜੇ ਪਾਵਾਂਗੇ (ਗੁੱਡੀਆਂ ਨੂੰ ਪੱਛੀ ਵਿਚੋਂ ਕੱਢਦੀ ਹੈ) ਬੈਹ ਜਾ (ਗੁੱਡੀ ਡਿੱਗ ਪੈਂਦੀ ਹੈ) ਕਿਉਂ ਨੀ, ਰੁਸ ਗਈ ਏ? (ਉਹਨੂੰ ਫੇਰ ਚੁੱਕ ਕੇ ਬਿਠਾਲਦੀ ਹੈ) ਬੈਹ ਜਾ, ਬੈਹ ਜਾ, ਮੈਂ ਤੈਨੂੰ ਚੀਜੀ ਦਵਾਂਗੀ। (ਗੁੱਡੀ ਫੇਰ ਡਿੱਗ ਪੈਂਦੀ ਹੈ) ਨੀ ਅਜੇ ਵੀ ਰੁੱਸੀ ਪਈ ਏਂ? ਜਾਂ ਫੇਰ ਸਿੱਧਾ ਕਹੁ ਪਈ ਨੀਂਦਰ ਆਈ ਏ। (ਗੁੱਡੀ ਨੂੰ ਜ਼ਮੀਨ ਉਤੇ ਲਿਟਾ ਕੇ ਦੋਹਾਂ ਹੱਥਾਂ ਨਾਲ ਥਾਪੜਦੀ ਹੈ) ਚੰਗਾ, ਸੌਂ ਜਾ ਭਲਾ। (ਇਕ ਹੋਰ ਗੁੱਡੀ ਨੂੰ ਕੱਢ ਕੇ ਬਿਠਾਲਦੀ ਹੈ। ਉਹ ਵੀ ਡਿੱਗ ਪੈਂਦੀ ਹੈ) ਨੀ ਤੂੰ ਵੀ ਰੁੱਸ ਗਈ ? ਚੰਗਾ, ਮੈਂ ਤੇਰਾ ਵਿਆਹ ਕਰ ਦੇਨੀ ਆਂ। (ਦੋ ਹੋਰ ਗੁੱਡੀਆਂ ਕੱਢ ਕੇ, ਇਕ ਵੱਡੀ ਹੈ ਤੇ ਇੱਕ ਛੋਟੀ, ਦੋਹਾਂ ਨੂੰ ਚੰਗੀ ਤਰਾਂ ਵੇਖ ਕੇ) ਇਹਦੇ ਨਾਲ ਕਿ ਇਹਦੇ ਨਾਲ ? ਇਹਦੇ ਨਾਲ। (ਦੋਹਾਂ ਨੂੰ ਜ਼ਮੀਨ ਤੇ ਬਿਠਾਲ ਕੇ) ਉਂ ਹੂੰ, ਇਹ ਨਿੱਕੀ ਏ, ਉਹਦੇ ਨਾਲ ਸਹੀ, ਉਹ ਵੱਡੀ ਏ। (ਗੁੱਡੀਆਂ ਨੂੰ ਬਦਲ ਦੇਂਦੀ ਹੈ)

(ਹੁਸ਼ਿਆਰ ਚੰਦ ਆਉਂਦਾ ਹੈ)

ਹੁਸ਼ਿਆਰ ਚੰਦ-ਮੁੰਨੀ, ਮਾਂ ਕਿੱਥੇ ਈ?

ਲਾਜੋ-(ਹੈਰਾਨ ਹੋ ਕੇ ਸਿਰ ਚੁੱਕ ਕੇ ਪਿਓ ਵੱਲ ਵੇਖਦੀ ਹੈ) ਕਹਿੰਦੀ ਸੀ, ਹੁਣੇ ਆਉਨੀ ਆਂ।

ਹੁਸ਼ਿਆਰ ਚੰਦ-ਮੈਂ ਪੁੱਛਨਾ ਆਂ ਉਹ ਹੈ ਕਿੱਥੇ?

ਲਾਜੋ-ਉਹ ਕਹਿੰਦੀ ਸੀ ਮੈਂ ਛੇਤੀ ਆਵਾਂਗੀ। ਭਾਈਆ ਆਵੇ ਤੇ ਉਹਨੂੰ ਕਹਿ ਦਈਂ ਮੈਂ ਛੇਤੀ ਆਵਾਂਗੀ।

ਹੁਸ਼ਿਆਰ ਚੰਦ-ਕੇਡੀ ਕਮਲੀ ਏ। ਜਾ, ਸੱਦ ਲਿਆ, ਉਹਨੂੰ ਕਹੁ ਛੇਤੀ ਆਵੇ।

ਲਾਜੋ-ਠਹਿਰ ਜਾ, ਮੈਂ ਗੁੱਡੀਆਂ ਨੂੰ ਰੱਖ ਕੇ ਜਾਊਂ।

ਹੁਸ਼ਿਆਰ ਚੰਦ-ਭੱਜ ਕੇ ਜਾ, ਛੇਤੀ।

ਲਾਜੋ-(ਦੌੜੀ ਜਾਂਦੀ ਹੈ) ਬੇਬੇ..!

ਹੁਸ਼ਿਆਰ ਚੰਦ-ਜਦੋਂ ਵੇਖੋ ਓਦੋਂ ਬਾਹਰ, ਪਤਾ ਨਹੀਂ ਬੁੱਢੀਆਂ ਦੇ ਘਰ ਪੈਰ ਕਿਉਂ ਨਹੀਂ ਲਗਦੇ।

(ਲਾਜੋ ਤੇ ਕੌਰਾਂ ਆਉਂਦੀਆਂ ਹਨ)

ਲਾਜੋ-(ਮਾਂ ਨੂੰ ਦੁਪੱਟੇ ਤੋਂ ਫੜੀ ਆਉਂਦੀ ਹੈ) ਲੈ, ਭਾਈਆ, ਆ ਗਈ ਉ। ਇਹ ਅੱਗੇ ਈ ਹੌਲੀ ਹੌਲੀ ਆਉਂਦੀ ਸੀ ਪਈ। (ਆਪਣੀਆਂ ਗੁੱਡੀਆਂ ਵੱਲ ਚਲੀ ਜਾਂਦੀ ਹੈ)

ਹੁਸ਼ਿਆਰ ਚੰਦ-ਤੂੰ ਕਿੱਥੇ ਜਾ ਕੇ ਬੈਹ ਗਈ ਸੈਂ?

ਕੌਰਾਂ-ਤੇਰੇ ਕਾਰੇ ਮੈਨੂੰ ਜਹਿਰ ਲਗਦੇ ਨੇ। ਤੂੰ ਮੈਨੂੰ ਕੋਈ ਗੱਲ ਠੀਕ ਨਹੀਂ ਦਸਦਾ, ਜਦੋਂ ਦਸਨਾ ਏਂ, ਝੂਠ ਦਸਨਾ ਏਂ। ਮੈਂ ਤੇਰੇ ਹੱਥੋਂ ਸਤ ਗਈ ਆਂ।

ਹੁਸ਼ਿਆਰ ਚੰਦ-ਕੀ ਹੋ ਗਿਆ ਏ ਤੈਨੂੰ? ਭੰਗ ਪੀਤੀ ਊ ਕਿ ਕੁਝ ਚੰਬੜ ਗਿਆ ਈ ਕਿਤੇ? ਕਿਉਂ ਏਡਾ ਰੌਲਾ ਪਾਉਣ ਡਈ ਹੋਈ ਏਂ ਐਵੇਂ?

ਕੌਰਾਂ-ਜੇ ਉਹ ਮੈਨੂੰ ਨਾ ਦੱਸਦੀ ਤਾਂ ਖਬਰੇ ਕੀ ਹੋ ਜਾਣਾ ਸੀ ? ਤੂੰ ਮੇਰਾ ਜੀ ਸਾੜ ਸੁੱਟਿਆ ਏ।

ਹੁਸ਼ਿਆਰ ਚੰਦ-ਪਰ ਤੂੰ ਗੱਲ ਤਾਂ ਦੱਸ ਹੋਇਆ ਕੀ ਏ?

ਕੌਰਾਂ-ਸੁਣ ਲੈ ਮੇਰੀ ਇੱਕੋ ਗੱਲ, ਏਧਰ ਦਾ ਸੂਰਜ ਓਧਰ ਹੋ ਜਾਏ ਪਰ ਮੈਂ ਤੈਨੂੰ ਆਪਣੀ ਮੋਰਨੀ ਵਰਗੀ ਧੀ ਦਾ ਗਲ ਨਹੀਂ ਵੱਢਣ ਦੇਣਾ। ਅਸੀਂ ਜੰਡਪੁਰੇ ਵਾਲਾ ਸਾਕ ਨਹੀਂ ਕਰਨਾ। ਮੈ ਸਬੇ ਕੁਝ ਸੁਣ ਬੈਠੀ ਆਂ।

ਹੁਸ਼ਿਆਰ ਚੰਦ-ਕਿਹੜੀ ਖਸਮਖਾਣੀ ਤੇਰੇ ਕੰਨ ਭਰ ਗਈ ਏ ? ਦਸ ਖਾਂ ਮੈਂ ਉਹਨੂੰ ਗੁੱਤੋਂ ਫੜਾਂ।

ਕੌਰਾਂ-ਬਸ, ਮੈਂ ਤੈਨੂੰ ਕਹਿ ਦਿੱਤਾ ਈ। ਮੈਂ ਬੁੱਢੇ ਦੇ ਲੜ ਧੀ ਨਹੀਂ ਲਾਉਣੀ।ਮੈਂ ਲੋਕਾਂ ਨੂੰ ਕੀ ਮੂੰਹ ਵਖਾਵਾਂਗੀ।

ਹੁਸ਼ਿਆਰ ਚੰਦ-ਹੈਂ ਵੇਖੋ, ਬਕਰੀ ਜਾਣੋ ਗਈ ਤੇ ਖਾਣ ਵਾਲਿਆਂ ਸਵਾਦ ਨਾ ਪਾਇਆ। ਰੋਜ ਕਹਿੰਦੀ ਸੀ ਤੇ ਮੈਂ ਢੂੰਡ ਤਲਾਸ਼ ਵਿਚ ਖਪ ਗਿਆ ਆਂ, ਤੇ ਜੇ ਹੁਣ ਮਰ ਮਰ ਕੇ ਸਾਕ ਲੱਭਿਆ ਏ ਤਾਂ ਉਲਟਾ ਮੇਰੇ ਸਿਰ ਹੋਣ ਡਈ ਏ।

ਕੌਰਾਂ-ਮੈਥੋਂ ਇਹ ਨਮੋਸ਼ੀ ਨਹੀਂ ਜਰੀ ਜਾਂਦੀ। ਕਿੱਦਾਂ ਮੂੰਹ ਵਖਾਵਾਂਗੇ ਅਸੀਂ ਕਿਤੇ? ਤੂੰ ਮੈਨੂੰ ਪਹਿਲੋਂ ਈ ਕਿਉਂ ਨਹੀਂ ਠੀਕ ਦਸਿਆ? ਮੈਂ ਇਹ ਸਾਕ ਕਦੀ ਨਹੀਂ ਮੰਨਣਾ।

ਹੁਸ਼ਿਆਰ ਚੰਦ-ਚੰਗਾ, ਨਹੀਂ ਮੰਨਣਾ ਤਾਂ ਨਾਂ ਮੰਨ। ਗੱਲ ਤੇਰੇ ਉੱਤੇ ਨਹੀਂ ਅੜੀ ਬੈਠੀ। ਮੈਂ ਆਪਣਾ ਫਾਇਦਾ ਵੇਖਾਂ ਕਿ ਤੈਨੂੰ ਮਨਾਉਂਦਾ ਫਿਰਾਂ। ਮੈਨੂੰ ਪਤਾ ਸੀ ਤੂੰ ਇਵੇਂ ਕਰਨਾ ਏਂ ਤੇ ਇਹਦਾ ਬੰਦੋਬਸਤ ਮੈਂ ਪਹਿਲੇ ਈ ਕਰ ਲਿਆ ਹੋਇਆ ਏ। ਹੁਣ ਮੰਨ ਭਾਵੇ ਨਾ ਮੰਨ, ਮੈਂ ਸ਼ਗਨ ਅੱਗੇ ਈ ਭੇਜ ਛਡਿਆ ਹੋਇਆ ਏ ਤੇ ਵਿਆਹ ਦੀਆਂ ਤਿਆਰੀਆਂ ਵੀ ਸਾਰੀਆਂ ਠੀਕ ਠਾਕ ਨੇ। ਮਰਦ ਜਨਾਨੀਆਂ ਦੀਆਂ ਸਲਾਹਾਂ ਲੈਣ ਲੱਗਣ ਤਾਂ ਢੇਰ ਪੂਰੀਆਂ ਪਾਉਣ।

ਕੌਰਾਂ-ਵਿਆਹ ਦੇ ਫੇਰ ਜਿਹੜੀ ਮਾਂ ਨੂੰ ਵਿਆਹੁਣਾ ਈ। ਮੈਂ ਮੇਲੋ ਨੂੰ ਲੈ ਕੇ ਕੱਲ ਪੇਕੇ ਚਲੀ ਜਾਵਾਂਗੀ। ਤੇ ਮੁੜ ਤੇਰਾ ਕਦੀ ਮੂੰਹ ਨਾ ਵੇਖਾਂਗੀ।

ਹੁਸ਼ਿਆਰ ਚੰਦ-ਵਾਹ, ਵਾਹ, ਕੱਲ ਜਾਂਦੀ ਤੂੰ ਮੇਰੀ ਵੱਲੋਂ ਅੱਜ ਈ ਚਲੀ ਜਾ, ਸਗੋਂ ਚੰਗਾ। ਜੰਞ ਆਉਣ ਵਾਲੀ ਏ ਤੇ ਲਾਵਾਂ ਅੱਜ ਰਾਤ ਈ ਹੋ ਜਾਣੀਆਂ ਨੇ। ਜਾ, ਸੌ ਵਾਰੀ ਜਾ, ਹੁਣ ਤੈਨੂੰ ਜਣਦਿਆਂ ਦੀ ਸੁਗੰਧ ਈ ਜੇ ਅਟਕੇਂ ਤਾਂ। ਜਾ, ਜਾ, ਹੁਣ ਪਾਂਧਾ ਨਾ ਪੁਛੇ

ਕੌਰਾਂ-ਹਾਏ ਵੇ, ਮੈਂ ਤਾਂ ਜੀਉਂਦੀ ਮਰ ਗਈ, ਨਿਜ ਤੇਰੇ ਲੜ ਲਗਦੀ, ਮੈਂ ਫਾਹ ਲੈ ਲਊਂ, ਤੇਰੇ ਸਿਰ ਚੜ ਕੇ ਮਰ ਜਾਊਂ (ਏਸ ਵੇਲੇ ਮੇਲੋ ਆਉਂਦੀ ਹੈ ਤੇ ਦਰਵਾਜ਼ੇ ਪਿੱਛੇ ਲੁਕ ਕੇ ਇਹ ਗੱਲਾਂ ਸੁਣਦੀ ਹੈ) ਤੂੰ ਵੀ ਆਪਣੀ ਆਈ ਕਰ ਲੈ, ਹਾਏ ਵੇ, ਹਨੇਰ ਜੇ।

ਹੁਸ਼ਿਆਰ ਚੰਦ-ਵੇਖੋ ਜੀ, ਨਿਹਕ ਛਾੜਾ ਪਾਇਆ ਹੋਇਆ ਜੇ। ਕਿੱਥੋਂ ਜਾਨਵਰਾਂ ਨਾਲ ਵਾਹ ਪੈ ਗਿਆ ਏ।

ਕੌਰਾਂ-ਬਸ, ਇਕ ਤੂੰ ਈ ਚਤਰਾ ਰਹਿ ਗਿਆ ਏਂ। ਖ਼ਬਰੇ ਤੇਰੀਆਂ ਚਤਰਾਈਆਂ ਕੀ ਚੰਦ ਚਾੜਨਾ ਏਂ? ਲੋਕ ਲਜ ਤੈਨੂੰ ਨਾ, ਸ਼ਰਮ ਹਯਾ ਤੈਨੂੰ ਨਾ। ਤੈਨੂੰ ਤਾਂ ਆਪਣੇ ਸਾਕਾਂ ਅੰਗਾਂ ਦੀ ਵੀ ਸ਼ਰਮ ਨਹੀਂ।

ਹੁਸ਼ਿਆਰ ਚੰਦ-ਐਵੇਂ ਬਕੜਵਾਹ ਨਾ ਕਰੀ ਜਾ, ਸੁਣ ਧਿਆਨ ਨਾਲ ਮੇਰੀ ਗੱਲ ਸੁਣ। ਮੈਂ ਜੋ ਕੁਝ ਕੀਤਾ ਏ ਆਪਣੇ ਫਾਇਦੇ ਲਈ ਕੀਤਾ ਏ।

ਕੌਰਾਂ-ਸਵਾਹ ਤੇ ਮਿੱਟੀ,

ਹੁਸ਼ਿਆਰ ਚੰਦ-ਪਾਗਲ ਹੋ ਗਈ ਏਂ ਤੂੰ? ਸਿਰ ਫਿਰ ਗਿਆ ਈ ਤੇਰਾ? ਸੁਣ, ਸੁਖ ਨਾਲ ਦੋ ਕੁੜੀਆਂ ਵਿਆਹੁਣ ਵਾਲੀਆਂ ਬੂਹੇ ਬੈਠੀਆਂ ਨੀਂ।

ਕੌਰਾਂ-ਫੇਰ?

ਹੁਸ਼ਿਆਰ ਚੰਦ-ਤੇ ਸਾਰੀ ਉਮਰ ਖਾਣ ਲਈ ਪਈ ਊ।

ਕੌਰਾਂ-ਫੇਰ?

ਹੁਸ਼ਿਆਰ ਚੰਦ- ਤੇ ਕਰਜੇ ਵਾਲਿਆਂ ਨੇ ਗਲ ਗੂਠਾ ਦਿੱਤਾ ਹੋਇਆ ਈ।

ਕੌਰਾਂ-ਫੇਰ ?

ਹੁਸ਼ਿਆਰ ਚੰਦ-ਰਹਿੰਦੀ ਖੂੰਹਦੀ ਰਿਣੀ ਚੁਣੀ ਵੀ ਕੁਰਕ ਕਰਾ ਲੈਣਗੇ।

ਕੌਰਾਂ-ਫੇਰ ?

ਹੁਸ਼ਿਆਰ ਚੰਦ-ਤੇ ਤੇਰੇ ਘਰ ਤਾਂ ਰਾਤ ਦੇ ਖਾਣ ਜੋਗਾ ਵੀ ਨਹੀਂ ਹੈਗਾ।

ਕੌਰਾਂ-ਫੇਰ?

ਹੁਸ਼ਿਆਰ ਚੰਦ-ਫੇਰ ਕੀ, ਮੈ ਤਾਂ ਉਹ ਹੀਲਾ ਸੋਚਿਆ ਸੀ ਜੀਹਦੇ ਨਾਲ ਸੱਪ ਵੀ ਮਰ ਜਾਏ ਤੇ ਸੋਟਾ ਵੀ ਨਾ ਟੁੱਟੇ।

ਕੌਰਾਂ-ਮੈਂ ਤੇਰੀ ਗੱਲ ਨਹੀਂ ਸਮਝੀ।

ਹੁਸ਼ਿਆਰ ਚੰਦ-ਤੱਦੇ ਤਾਂ ਮੈਂ ਕਹਿਨਾ ਆਂ ਪਈ ਤੂੰ ਬੇਵਕੂਫ ਏਂ ਹੋਰ ਬੇਵਕੂਫਾਂ ਦੇ ਸਿਰ ਕੋਈ ਸਿੰਗ ਹੁੰਦੇ ਨੇ?

ਕੌਰਾਂ-ਫੇਰ ਵੱਲ ਕਿਉਂ ਪਾਉਨਾ ਏਂ, ਸਿੱਧੀ ਗੱਲ ਕਿਉਂ ਨਹੀਂ ਕਰਦਾ?

ਹੁਸ਼ਿਆਰ ਚੰਦ-ਮੈਂ ਪੁੱਛਨਾ ਆਂ ਇਹ ਸਾਰਾ ਖਰਚ ਕਿਥੋਂ ਕਰਨਾ ਈਂ ?

ਕੌਰਾਂ-ਮੈਂ ਕੀ ਜਾਣਾ, ਕਿੱਥੋਂ ?

ਹੁਸ਼ਿਆਰ ਚੰਦ-ਤੱਦੇ ਐਡਾ ਰੌਲਾ ਪਾਉਣ ਡਈ ਹੋਈ ਏਂ। ਠਹਿਰ (ਕੋਠੜੀ ਦੇ ਅੰਦਰ ਜਾਂਦਾ ਹੈ ਤੇ ਰੁਪਇਆਂ ਦੀ ਥੈਲੀ ਲਿਆ ਕੇ ਉਹਦੇ ਪੈਰਾਂ ਕੋਲ ਸੁਟਦਾ ਹੈ) ਵੇਖ, ਫਾਹ ਨਾ ਲੈ, ਇਹ ਲੈ।

ਕੌਰਾਂ-(ਥੈਲੀ ਨੂੰ ਟਿਕਟਿਕੀ ਬੰਨੀ ਵੇਖਦੀ ਹੈ) ਰੁਪੈਈਏ !

ਹੁਸ਼ਿਆਰ ਚੰਦ-ਹਾਂ, ਰੁਪੈਈਏ।

ਕੌਰਾਂ-ਕਿੱਥੋਂ ?

ਹੁਸ਼ਿਆਰ ਚੰਦ-ਜੰਡਪੁਰਿਓਂ !

ਕੌਰਾਂ-(ਚੌਂਕ ਕੇ) ਜੰਡਪੁਰਿਓਂ !

ਹੁਸ਼ਿਆਰ ਚੰਦ-(ਥੈਲੀ ਨੂੰ ਚੁੱਕ ਕੇ) ਲੈ, ਫੜ ਇਹਨੂੰ, ਟੋਹ ਕੇ ਵੇਖ।

ਕੌਰਾਂ-(ਹੌਲੀ ਹੌਲੀ ਹੱਥ ਕੱਢਦੀ ਹੈ ਤੇ ਹੁਸ਼ਿਆਰ ਚੰਦ ਰੁਪੈਇਆਂ ਦੀ ਥੈਲੀ ਉਹਦੇ ਹਥਾਂ ਤੇ ਰੱਖ ਦਿੰਦਾ ਹੈ) ਹੈਂ, ਹੈਂ, ਏਨਾਂ, (ਜ਼ਮੀਨ ਤੇ ਬੈਠ ਜਾਂਦੀ ਹੈ ਤੇ ਥੈਲੀ ਖੋਲ ਕੇ ਦੋਵੇਂ ਮੁੱਠਾਂ ਰੁਪਇਆਂ ਦੀਆਂ ਭਰ ਭਰ ਕੱਢਦੀ ਹੈ) ਆਹਾ! ਆਹਾ!! ਪਰ, ਪਰ ਲੋਕੀਂ ਕੀ ਕਹਿਣਗੇ, ਸਾਡੇ ਸਾਕ ਅੰਗ ਕੀ ਆਖਣਗੇ। (ਮੇਲੋ ਇਸ ਵੇਲੇ ਫੇਰ ਦਰਵਾਜੇ ਵਿਚ ਖੜੀ ਸੁਣਦੀ ਦਿਖਾਈ ਦੇਂਦੀ ਹੈ)

ਹੁਸ਼ਿਆਰ ਚੰਦ-ਗੋਲੀ ਮਾਰ ਸਾਕਾਂ ਅੰਗਾਂ ਨੂੰ, ਖਾਣ ਨੂੰ ਦੇ ਜਾਂਦੇ ਨੇ ਸਾਨੂੰ ਕੋਈ? (ਫੇਰ ਰੁਪਇਆਂ ਵੱਲ ਇਸ਼ਾਰਾ ਕਰਕੇ) ਅਸੀਂ ਕੋਈ ਏਡੀ ਅਨੋਖੀ ਗੱਲ ਕੀਤੀ ਏ? ਲੱਭੂ ਸ਼ਾਹ ਨੇ ਵਹੁਟੀ ਲਿਆਂਦੀ ਸੀ ਤੇ ਰੁਪਇਆ ਤੋਲ ਕੇ ਦੇ ਕੇ ਆਇਆ ਸੀ।

ਕੌਰਾਂ-(ਸਿਰ ਹਿਲਾ ਕੇ) ਹਾਂ, ਇਹ ਤਾਂ ਠੀਕ ਏ ਤੇ ਨਾਲੇ ਲੋਕਾਂ ਤਾਂ ਗੱਲਾਂ ਕਰਨੀਆਂ ਈ ਹੋਈਆਂ। ਪਰ ਤੂੰ ਤਾਂ ਕਿਹਾ ਸੀ ਪਈ ਸ਼ਾਦੀ ਅੱਜ ਰਾਤੀਂ ਕਰ ਦੇਣੀ ਏਂ ਤੇ ਅਸਾਂ ਤਾਂ ਤਿਆਰੀ ਕੋਈ ਨਹੀਂ ਕੀਤੀ।

ਹੁਸ਼ਿਆਰ ਚੰਦ-ਤਸੱਲੀ ਰੱਖ, ਮੈਂ ਰਾਜੇ ਦੀ ਰਾਹੀਂ ਸਬ ਤਿਆਰੀਆਂ ਕੀਤੀਆਂ ਹੋਈਆਂ ਨੇ ਦੂਜੇ ਘਰ। ਬਸ ਹੁਣ ਫੇਰਿਆਂ ਦੀ ਡੇਰ ਏ। ਪਾਂਧਾ ਦਸਦਾ ਸੀ ਪਈ ਅੱਜ ਰਾਤ ਈ ਸ਼ੁਭ ਲਗਨ ਏ, ਕੱਲ ਤੋਂ ਸਿੰਘਤ ਪੈ ਜਾਣੀ ਏਂ। (ਰੁਪਿਆਂ ਵੱਲ ਇਸ਼ਾਰਾ ਕਰਕੇ) ਇਨਾਂ ਨੂੰ ਸਾਂਭ ਕੇ ਰੱਖ ਲੈ। ਮੈਂ ਜਰਾ ਜੰਞ ਵਲੋਂ ਹੋ ਆਵਾਂ। ਘਰ ਛੱਡ ਕੇ ਨਾ ਜਾਈਂ।

(ਹੁਸ਼ਿਆਰ ਚੰਦ ਚਲਿਆ ਜਾਂਦਾ ਹੈ)

ਕੌਰਾਂ-(ਹੱਥ ਰੁਪਇਆਂ ਵਾਲੀ ਥੈਲੀ ਵਿੱਚ ਪਾਈ) ਚੰਗਾ ਹੋਇਆ, ਸ਼ੁਕਰ ਏ ਰਬ ਦਾ। ਕੁੜੀ ਸਾਡੇ ਘਰੋਂ ਨਿਕਲੂ ਤੇ ਸਾਡੀ ਚਿੰਤਾ ਮੁੱਕੂ। ਰਬ ਕੁੜੀਆਂ ਕਿਸੇ ਨੂੰ ਨਾ ਦਏ, ਧੀਆਂ ਬਿਗਾਨਾ ਮਾਲ, ਇਨਾਂ ਦੇ ਬੜੇ ਫਿਕਰ ਹੁੰਦੇ ਨੇ। ਇੱਜਤ ਨਾਲ ਆਪਣੇ ਘਰ ਜਾਣ ਤਾਂ ਲਖ ਵੱਟੀ ਦਾ। ਹੁਣ ਮੈਂ ਰਾਣੀ ਨੂੰ ਮਿਲ ਆਵਾਂ, ਪਲ ਪਲਾਂ ਵਿੱਚ ਸੌ ਕੰਮ ਪੈ ਜਾਣੇ ਨੇ, (ਲਾਜੋ ਨੂੰ) ਤੂੰ ਮੇਰੇ ਨਾਲ ਚੱਲੇਂਗੀ ਜਾਂ ਇੱਥੇ ਬੈਠਣਾ ਈ?

ਲਾਜੋ-ਮੈਂ ਤਾਂ ਨਾਲ ਈ ਚੱਲਾਂਗੀ।

(ਕੌਰਾਂ ਤੇ ਲਾਜੋ ਚਲੀਆਂ ਜਾਂਦੀਆਂ ਹਨ)

(ਉਸੇ ਵੇਲੇ ਮੇਲੋ ਅੱਖ ਬਚਾ ਕੇ ਅੰਦਰ ਆਉਂਦੀ ਹੈ)

ਮੇਲੋ-ਸਮਝ ਨਹੀਂ ਕੁਝ ਆਉਂਦੀ। ਅੱਜ ਰਾਤੀਂ ਸ਼ਾਦੀ? ਕੀਹਦੀ ਸ਼ਾਦੀ? ਜੰਞ ਢੁਕਣ ਵਾਲੀ ਏ? ਕੀਹਦੀਆਂ ਗੱਲਾਂ ਕਰਦੇ ਸਨ? ਆਪਣੀਆਂ? ਨਹੀਂ, ਨਹੀਂ। ਰੁਪਈਏ? ਕਿੱਥੋਂ? ਭਾਈਆ ਏਡਾ ਗੁੱਸੇ ਕਿਉਂ ਹੁੰਦਾ ਸੀ? ਹੱਛਾ, ਬੇਬੇ ਨੂੰ ਆ ਲੈਣ ਦਿਓ, ਆਪੇ ਸਾਰਾ ਪਤਾ ਲੱਗ ਜਾਊ। ਬੜੀ ਹੈਰਾਨੀ ਵਾਲੀ ਗੱਲ ਏ, ਹੱਛਾ।

ਇਕ ਆਵਾਜ਼-(ਬਾਹਰੋਂ ਈ) ਨੀ ਮੇਲੋ, ਨੀ ਮੇਲੋ,

ਮੇਲੋ-(ਆਵਾਜ਼ ਪਛਾਣ ਕੇ) ਬਸੰਤੋ ਏਂ? ਨੀ ਬਾਹਰੋਂ ਕਿਉਂ ਟਾਹਰਾਂ ਮਾਰਨੀ ਏਂ, ਅੰਦਰ ਕਿਉਂ ਨਹੀਂ ਆਉਂਦੀ ? (ਬਸੰਤੋ ਆਉਂਦੀ ਹੈ)

ਬਸੰਤੋ-(ਮਸ਼ਕਰੀ ਨਾਲ) ਨੀ ਕੁੜੇ ਵਧਾਈਆਂ।

ਮੇਲੋ-ਕਿਉਂ ਨੀ, ਹਰ ਵੇਲੇ ਨਾ ਛੇੜਦੀ ਰਿਹਾ ਕਰ

ਬਸੰਤੋ-ਹੱਛਾ, ਤੂੰ ਸਮਝਨੀ ਏਂ ਪਈ ਮੈਂ ਤੈਨੂੰ ਛੇੜਨੀ ਆਂ। ਜਿੱਦਾਂ ਮੈਨੂੰ ਪਤਾ ਨਹੀਂ ਪਈ ਤੇਰਾ ਵਿਆਹ ਹੋਣ ਵਾਲਾ ਏ। ਕੁੜੇ ਸੌਹਰੇ ਜਾ ਕੇ ਤਾਂ ਉੱਕਾ ਈ ਵਸਾਰ ਦਏਂਗੀ।

ਮੇਲੋ-ਵਿਆਹ ਕਿਸੇ ਦਾ ਭਾਵੇਂ ਹੋਣਾ ਹੋਵੇ ਭਾਵੇਂ ਨਾ, ਤੂੰ ਛੇੜਨਾ ਜੁ ਹੋਇਆ।

ਬਸੰਤੋ-ਭਲਾ ਇਹੋ ਜਹੀਆਂ ਗੱਲਾਂ ਵੀ ਕਦੀ ਲੁਕੀਆਂ ਰਹਿੰਦੀਆਂ ਨੇ? ਤੂੰ ਮੈਨੂੰ ਦਸ ਨਾ ਦਸ, ਮੈਨੂੰ ਅੱਗੇ ਈ ਪਤਾ ਏ।

ਮੇਲੋ-ਹੈਂ, ਤੂੰ ਕੀ ਪਈ ਗੱਲਾਂ ਕਰਨੀ ਏਂ?

ਬਸੰਤੋ-ਜਿਕੂੰ ਤੈਨੂੰ ਪਤਾ ਨਹੀਂ ਹੁੰਦਾ, ਹੇਖਾਂ, ਭੁੱਲੀ ਨੈਣ ਹੁਣੇ ਈ ਤੁਹਾਡੇ ਘਰੋਂ ਗਈ ਏ। ਮੈਂ ਉਹਦੇ ਮੂੰਹੋਂ ਸਬ ਕੁਝ ਸੁਣ ਲਿਆ ਏ। ਕਹਿੰਦੀ ਏ ਤੇਰੇ ਸੌਹਰੇ ਉਹਦੇ ਪੇਕਿਆਂ ਦੇ ਲਾਗੇ ਈ ਹਨ।

ਮੇਲੋ-ਮੈਨੂੰ ਭੁਚਲਾਣ ਲਈ ਸਾਰੀਆਂ ਗੱਲਾਂ ਤੂੰ ਆਪਣੇ ਮਣੋਂ ਪਈ ਬਨਾਉਨੀ ਏਂ।

ਬਸੰਤੋ-ਨਹੀਂ ਨੀ, ਸੱਚ ਕਹਿਨੀ ਆਂ, ਸੌਹਰੇ ਤੇਰੇ ਬੜੇ ਅਮੀਰ ਨੇ। ਤੂੰ ਬੜੀ ਭਾਗਾਂ ਵਾਲੀ ਏਂ, ਤੇਰੀ ਸੱਸ ਵੀ ਨਹੀਂ, ਸਗੋ ਚੰਗਾ, ਲੜਿਆ ਨਾ ਕਰੂ।

ਮੇਲੋ-ਤੂੰ ਛੇੜਨਾ ਜੁ ਹੋਇਆ। ਜਦੋਂ ਵੇਖੋ ਓਦੋਂ ਈ ਠੱਠਾ ਮਸ਼ਕਰੀ, ਆਹੋ ਜੀ ਵਿਆਹੀ ਹੋਈ ਜੁ ਹੋਈ,ਦੂਜਿਆਂ ਨੂੰ ਛੇੜਨਾ ਤਾਂ ਹੋਇਆ ਫੇਰ ਆਪੇ।

ਬਸੰਤੋ-ਘਾਬਰ ਨਾ ਨੀ, ਤੂੰ ਵੀ ਹੁਣੇ ਛੇਤੀ ਈ ਵਿਆਹੀ ਜਾਏਂਗੀ। ਤੇਰਾ ਘਰ ਵਾਲਾ ਸੁਖ ਨਾਲ ਬਾਬਿਆਂ ਵਰਗਾ ਏ। ਤੇਰੇ ਭਾਈਏ ਕੋਲੋਂ ਵੀ ਦਸ ਵਰੇ ਵੱਡਾ ਦਸਦੇ ਨੇ।

ਮੇਲੋ-ਚੁਪ ਨੀ, ਬਹੁਤਾ ਨਾ ਬੋਲ। ਰਬ ਕਰੇ, ਤੈਨੂੰ ਇਹੋ ਜਿਹਾ ਜਵਾਈ ਜੁੜੇ।

ਬਸੰਤੋ-ਪਰ ਮੈਂ ਤਾਂ ਮੇਲੋ, ਸੱਚ ਕਹਿ ਰਹੀ ਆਂ, ਮਖੌਲ ਨਹੀਂ ਕਰਦੀ। ਪੁੱਤਾਂ ਪੋਤਰਿਆਂ ਵਾਲਾ ਏ ਤੇ ਨਾਲੇ ਨੈਣ ਪਈ ਕਹਿੰਦੀ ਸੀ ਪਈ ਅਜੇ ਪਿਛਲੇ ਵਰੇ ਉਹਨੇ ਤੇਰੀ ਜੇਡੀ ਧੀ ਵਿਆਹੀ ਏ।

ਮੇਲੋ-ਬਸ, ਬਹੁਤਾ ਠੱਠਾ ਨਾ ਕਰ।

ਬਸੰਤੋ-ਠੱਠਾ ਨਹੀਂ ਅੜੀਏ, ਮੈ ਸੱਚ ਕਹਿਨੀ ਆਂ ਪਈ।

ਮੇਲੋ-ਮੈਨੂੰ ਤੇਰਾ ਯਕੀਨ ਨਹੀਂ।

ਬਸੰਤੋ-(ਗੰਭੀਰ ਹੋ ਕੇ) ਦੇਵੀ ਦੀ ਸੌਂਹ, ਮੈਂ ਮਖੌਲ ਨਹੀਂ ਕਰਦੀ। ਮੈਂ ਝੂਠ ਆਖ ਕੇ ਕੀ ਲੈਣਾ ਏਂ? ਮੈਨੂੰ ਸਗੋਂ ਸੁਣ ਕੇ ਬੜਾ ਅਮਸੋਸ ਲੱਗਾ।

ਮੇਲੋ-ਹੈਂ, ਹੈਂ, (ਵੱਡਾ ਸਾਰਾ ਹੌਕਾ ਲੈ ਕੇ ਜ਼ਮੀਨ ਉੱਤੇ ਬੈਠ ਜਾਂਦੀ ਹੈ ਤੇ ਚੁੰਨੀ ਦੇ ਪੱਲੂ ਨਾਲ ਮੂੰਹ ਢੱਕਕੇ) ਹਾਏ, ਹੁਣ ਸਾਰੀ ਸਮਝ ਆ ਗਈ ਏ। (ਸਿਰ ਨੂੰ ਫੜ ਕੇ ਦੁਖ ਨਾਲ ਅੱਗੇ ਪਿੱਛੇ ਝੂਲਦੀ ਹੈ ਤੇ ਉਭੇ ਸਾਹ ਲੈ ਲੈ ਕੇ) ਮੇਰੀ ਕਿਸਮਤ ਸੜ ਗਈ, ਮੇਰੇ ਨਸੀਬ ਫੁਟ ਗਏ, ਮੈਂ ਕੀ ਕਰਾਂ?

ਬਸੰਤੋ-(ਹਮਦਰਦੀ ਨਾਲ ਮੇਲੋ ਨੂੰ ਬਾਂਹ ਪਾ ਕੇ) ਨਾ, ਨਾ, ਮੇਰੀ ਭੈਣ, ਏਦਾਂ ਨਹੀ ਰੋਈਦਾ, ਚੁੱਪ।

ਮੇਲੋ-(ਰੋਂਦੀ ਰੋਂਦੀ) ਮੈਨੂੰ ਛੱਡ ਦੇ, ਮੈਨੂੰ ਕੱਲੀ ਰਹਿਣ ਦੇ। ਹਾਏ, ਮੈਂ ਨਾ ਜੰਮਦੀ, ਮੈਂ ਕੀ ਕਰਾਂ, ਮਾਪੇ ਈ ਮੇਰੇ ਵੈਰੀ ਹੋ ਗਏ। ਮੈਂ ਮਰ ਜਾਵਾਂਗੀ, ਮੈਂ ਜੀਊਂ ਕੇ ਕੀ ਬਨਾਉਣਾ ਏਂ?

ਬਸੰਤੋ-ਕਿਉਂ, ਕਿਉਂ, ਮਰਨ ਤੇਰੇ ਵੈਰੀ, ਸੁੱਖੀ ਸਾਂਦੀ ਤੂੰ ਕਿਉਂ ਮਰੇਂ।

ਮੇਲੋ-ਮੈਂ ਫੀਮ ਖਾ ਲਵਾਂਗੀ, ਫਾਹ ਲੈ ਲਵਾਂਗੀ, ਖੂਹ ਵਿਚ ਛਾਲ ਮਾਰ ਦਵਾਂਗੀ। ਉਮਰ ਦੇ ਦੁੱਖ ਨਾਲੋਂ ਘੜੀ ਦਾ ਦੁੱਖ ਚੰਗਾ। ਤੂੰ ਜਾ, ਮੈਨੂੰ ਕੱਲੀ ਰਹਿਣ ਦੇ।

ਬਸੰਤੋ-ਧੀਰਜ ਕਰ ਮੇਲੋ, ਤੈਨੂੰ ਮੈਂ ਦੱਸਾਂ?

ਮੇਲੋ-ਤੂੰ ਕੀ ਦੱਸਣਾ ਏਂ ਭੈਣ। ਜੋ ਲੇਖੀਂ ਲਿਖਿਆ ਏ, ਹੋ ਕੇ ਰਹਿਣਾ ਏਂ। ਘੜੀਓ ਘੜੀ ਨੂੰ ਮੇਰੇ ਨਸੀਬ ਸੜ ਜਾਣੇ ਨੇ।

ਬਸੰਤੋ-ਸੁਣ ਮੇਰੀ ਗੱਲ ਮੇਲੋ, ਉੱਠ ਤੂੰ ਨਸ ਜਾ ਆਪਣੀ ਮਾਸੀ ਦੇ ਪਿੰਡ ਨੂੰ। ਚੁੰਨੀ ਮੂੰਹ ਤੇ ਕਰ ਲੈ, ਕੋਈ ਨਹੀਂ ਜਾਣੇਗਾ। ਏਸ ਵੇਲੇ ਚਲੀ ਜਾ, ਪਿੱਛੋਂ ਸਭ ਵੇਖੀ ਜਾਏਗੀ। ਚਲੀ ਜਾ, ਨਸ ਜਾ, ਛੇਤੀ।

ਮੇਲੋ-ਨਹੀਂ,, ਨਹੀਂ, ਇਹ ਨਹੀਂ ਹੋ ਸਕਦਾ। ਮੈਨੂੰ ਮਰਨ ਈ ਦੇ, ਤਦੇ ਮੇਰੀ ਖਲਾਸੀ ਹੋਊ।

ਬਸੰਤੋ-(ਮੇਲੋ ਦੀ ਬਾਂਹ ਫੜ ਕੇ) ਮੇਲੋ, ਉੱਠ (ਉਹਨੂੰ ਜੋਰ ਨਾਲ ਉਠਾਲਦੀ ਹੈ)

ਮੇਲੋ-ਛੱਡ ਦੇ, ਮੈਨੂੰ ਮਰਨ ਈ ਦੇ।

ਇਕ ਆਵਾਜ਼-(ਬਾਹਰ ਸਟੇਜ ਤੋਂ ਪਰੇ) ਮੇਲੋ ਦੀ ਮਾਂ।

ਬਸੰਤੋ-ਮੇਲੋ, ਮੇਲੋ, ਉੱਠ ਛੇਤੀ ਹੋ, ਵੇਲਾ ਨਾ ਗਵਾ। (ਉਹਨੂੰ ਖਿੱਚਦੀ ਹੈ)।

ਮੇਲੋ-(ਹੌਕੇ ਲੈ ਲੈ ਕੇ) ਮੈਂ ਖੂਹ ਵਿੱਚ ਛਾਲ ਮਾਰ ਦਊਂ, ਮੈਂ ਖੂਹ ਵਿੱਚ ਛਾਲ ਮਾਰ ਦਊਂ, ਮੈਂ ਨਹੀਂ, ਮੈਂ ਨਹੀਂ....।

(ਬਸੰਤੋ ਉਹਨੂੰ ਬਦੋ ਬਦੀ ਖਿੱਚ ਕੇ ਲੈ ਜਾਂਦੀ ਹੈ)

ਮੇਲੋ-(ਬਾਹਰੋਂ ਮੇਲੋ ਦੀ ਆਵਾਜ਼ ਆਉਂਦੀ ਹੈ) ਮੈਂ ਮਰ ਜਾਵਾਂਗੀ, ਮੈ ਮਰ ਜਾਵਾਂਗੀ।

ਆਵਾਜ਼-(ਬਾਹਰੋਂ ਸਟੇਜ ਦੇ ਕੋਲੋਂ) ਮੇਲੋ ਦੀ ਮਾਂ, ਮੇਲੋ ਦੀ ਮਾਂ।

(ਹੁਸ਼ਿਆਰ ਚੰਦ ਆਉਂਦਾ ਹੈ)

ਹੁਸ਼ਿਆਰ ਚੰਦ-ਮੇਲੋ ਦੀ ਮਾਂ, (ਕੋਠੜੀ ਦੇ ਅੰਦਰ ਝਾਕਦਾ ਹੈ) ਮੇਲੋ ਦੀ ਮਾਂ, ਬਾਹਰ ਚਲੀ ਗਈ ਹੋਣੀ ਏ। ਸਿਆਣਿਆਂ ਠੀਕ ਕਿਹਾ ਏ ਬੁਢੀਆਂ ਦੀ ਮਤ ਖੁਰੀ ਪਿੱਛੇ ਹੁੰਦੀ ਏ। ਸੌ ਕੰਮ ਕਰਨ ਵਾਲੇ ਪਏ ਜੇ, ਉਹਨੂੰ ਘਰ ਛੱਡ ਕੇ ਜਾਣਾ ਨਹੀਂ ਚਾਹੀਦਾ ਸੀ। ਪਰ ਬੁੱਢੀਆਂ ਕੋਲੋਂ ਘਰ ਬੈਠ ਨਹੀਂ ਹੁੰਦਾ। ਜਦ ਤੀਕ ਸੱਤ ਘਰ ਬਿੱਲੀ ਵਾਂਗ ਫਿਰ ਨਾ ਲੈਣ, ਇਨਾਂ ਨੂੰ ਚੈਂ ਨਹੀਂ ਆਉਂਦੀ।

(ਚਲਦਾ...)


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com